# ........ਤੇ ਪ੍ਰੀਖਿਆ ਚਲਦੀ ਰਹੀ

(ਨਾਵਲ)

**ਲੇਖਕ ਦੀਆਂ ਹੋਰ ਰਚਨਾਵਾਂ :**

1. ਅੰਗ੍ਰੇਜ਼ੀ ਦੀਆਂ 12 ਕਹਾਣੀਆਂ ਦੋ ਪੇਪਰ ਬੈਕ ਜਿਲਦਾਂ
   **"Storm in a Tea Cup & other Stories"** (1982)
   **"Harmonies"** (1988)
2. **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ)
3. **ਦਿਲਹੁ ਮੁਹਬਤਿ ਜਿਨ੍** (ਨਾਵਲ) (2011)
4. **ਬਿਲੌਰੀ ਅੱਖਾਂ** (ਕਹਾਣੀ ਸੰਗ੍ਰਿਹਿ) (2013)
5. **ਘੋੜਾ ਡਾਕਟਰ** (ਕਹਾਣੀ ਸੰਗ੍ਰਿਹਿ) (2019)

# .....ਤੇ ਪ੍ਰੀਖਿਆ ਚਲਦੀ ਰਹੀ

(ਨਾਵਲ)

**ਅਵਤਾਰ ਐੱਸ ਸੰਘਾ (ਡਾ.)**

**ਆਜ਼ਾਦ ਬੁੱਕ ਡੀਪੂ**
ਹਾਲ ਬਾਜ਼ਾਰ, ਅੰਮ੍ਰਿਤਸਰ।

# ...te Prikhya Chaldi Rahi

*by*

**Avtar S. Sangha (Dr.)**
75, Noel Street, Blacktown,
(Sydney) NSW, 2148
Email : sangha_avtar@hotmail.com
Phone : +61 0437641033

**© Avtar S. Sangha (Dr.)**

All rights reserved.
No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.

ISBN : 978-81-947569-1-0

E dition : 2021

Rs : 300/-

***Published in India by :***

**Azad Book Depot**

**Hall Bazar, Amritsar**
**0183-2292513, 94631-70369, 93562-92513**
**E-mail : KD_Singh180@hotmail.com**

**Printed in India by :**
PRINTWELL, ASR.

# ਸਮਰਪਣ

**ਨਾਵਲ ਦੇ ਮੁੱਖ ਪਾਤਰ**
**ਡਾ. ਪਤਵੰਤ ਸਿੰਘ ਦੇ**
**ਨਾਂ**

# ਮੁੱਖ ਬੰਧ

ਹੱਥਲੀ ਰਚਨਾ ਭਾਵੇਂ 2013 ਵਿਚ ਲਿਖੀ ਗਈ ਏ ਇਸ ਦੇ ਵਾਪਰਣ ਦਾ ਅਸਲੀ ਸਮਾਂ ਅਤੇ ਸਥਾਨ 1990 ਦਾ ਪੰਜਾਬ ਏ। ਦੂਸਰੇ ਸ਼ਬਦਾਂ ਵਿਚ ਇੰਝ ਵੀ ਕਿਹਾ ਜਾ ਸਕਦਾ ਏ, ਇਹ ਨਾਵਲ 1932 ਤੋਂ ਲੈ ਕੇ 1990 ਤੱਕ ਸਿੱਖਾਂ ਦੀ ਉੱਤਰੀ ਭਾਰਤ ਵਿਚ ਤਰਾਸਦੀ ਨੂੰ ਬਿਆਨ ਕਰਨ ਵਲ ਇਕ ਨਿਗੂਣੀ ਜਿਹੀ ਕੋਸ਼ਿਸ਼ ਹੈ। ਇਸ ਤਰਾਸਦੀ ਨੂੰ ਉਘਾੜਨ ਲਈ ਇਤਿਹਾਸ ਵਿਚੋਂ ਕਈ ਤੁਲਨਾਤਮਕ ਹਵਾਲੇ ਦੇਣ ਦੀ ਵੀ ਕੋਸ਼ਿਸ਼ ਕੀਤੀ ਗਈ ਏ।

ਨਾਵਲ ਵਿਚ ਕਈ ਪ੍ਰੀਖਿਆਵਾਂ ਚਲ ਰਹੀਆਂ ਹਨ (1) ਕਿਸੇ ਕਾਲਜ ਵਿਚ ਚਲ ਰਿਹਾ ਸਾਲਾਨਾ ਇਮਤਿਹਾਨ, (2) ਕਾਲਜ ਵਿਚ ਚਲ ਰਹੇ ਇਸ ਇਮਤਿਹਾਨ ਤੇ ਕਿਸੇ ਦੀ ਨਜ਼ਰ, (3) ਸੰਨ 1990 ਤੋਂ ਪਹਿਲਾਂ ਦੇ ਪੰਜਾਬ ਵਿਚ ਸਿੱਖ ਸਿਆਸਤ ਵਲੋਂ ਭਾਰਤ ਦੀ ਕੇਂਦਰ ਸਰਕਾਰ ਦੀ ਪ੍ਰੀਖਿਆ, (4) ਸੰਤਾਲੀ ਤੋਂ ਪਹਿਲਾਂ ਭਾਰਤ ਦੀ ਗੋਰੀ ਸਰਕਾਰ ਵਲੋਂ ਸਿੱਖ ਸਿਆਸਤਦਾਨਾਂ ਦੀ ਪ੍ਰੀਖਿਆ ਅਤੇ (5) ਕਾਲਜ ਦੀ ਇਕ ਅਧਿਆਪਕਾ ਵਲੋਂ ਆਪਣੇ ਇਕ ਸਾਥੀ ਅਧਿਆਪਕ ਨਾਲ ਸ਼ਾਦੀ ਕਰਨ ਦੀ ਇੱਛਾ ਨਾਲ ਪਰਖ ਤੇ ਪੁੱਛ-ਪੜਤਾਲ। ਭਾਵ ਕਿ ਸਾਰੀ ਰਚਨਾ ਕਿਸੇ ਨ ਕਿਸੇ ਦੀ ਪਰਖ ਅਤੇ ਪ੍ਰੀਖਿਆ ਕਰਨ ਨੂੰ ਮੁੱਖ ਰਖ ਕੇ ਲਿਖੀ ਗਈ ਏ। ਮਨੁੱਖੀ ਜੀਵਨ ਦਾ ਕਾਫੀ ਹਿੱਸਾ ਵੀ ਪਰਖ ਅਤੇ ਪ੍ਰੀਖਿਆ ਵਿਚੋਂ ਹੀ ਗੁਜ਼ਰਦਾ ਏ।

ਪਾਠਕ ਲੇਖਕ ਤੋਂ ਵੱਧ ਸੂਝਵਾਨ ਹੁੰਦੇ ਹਨ। ਉਮੀਦ ਕਰਦਾ ਹਾਂ ਕਿ ਨਾਵਲ ਵਿਚਲੀਆਂ ਘਟਨਾਵਾਂ ਤੇ ਪਾਤਰ ਪਾਠਕਾਂ ਦੇ ਦਿਲੋ ਦਿਮਾਗ਼ ਵਿਚ ਚਲ ਰਹੀਆਂ ਪਰਖਾਂ ਤੇ ਪ੍ਰੀਖਿਆਵਾਂ ਦੀ ਬਣਦੀ ਸਰਦੀ ਤਰਜ਼ਮਾਨੀ ਕਰਦੀਆਂ ਪ੍ਰਤੀਤ ਹੁੰਦੀਆਂ ਹੋਣਗੀਆਂ। ਨਾਵਲ ਨੂੰ ਪੂਰਾ ਕਰਨ ਲਈ ਮੈਨੂੰ ਕੁਝ ਵਿਦਵਾਨਾਂ ਦੀਆਂ ਕ੍ਰਿਤਾਂ ਨੂੰ ਵਿਚਾਰਨਾ ਅਤੇ ਪਰਖਣਾ ਪਿਆ। ਇਸ ਕਾਰਜ ਹਿੱਤ ਮੈਂ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ (ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ), ਡਾ. ਹਰਜਿੰਦਰ ਸਿੰਘ ਦਿਲਗੀਰ (ਮਹਾਨ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ), ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. (ਸਾਚੀ ਸਾਖੀ) ਆਦਿ

ਦਾ ਤਹਿ ਦਿਲੋਂ ਧੰਨਵਾਦੀ ਹਾਂ। ਇਥੇ ਅੰਮ੍ਰਿਤਸਰ ਤੋਂ ਬਤੌਰ ਵਿਜ਼ਟਰ ਪੁੱਜੇ ਸੁਖਵਿੰਦਰ ਸਿੰਘ ਨਰੂਲਾ ਦਾ ਵੀ ਧੰਨਵਾਦ ਜਿਨ੍ਹਾਂ ਨੇ ਆਪਣੇ ਸੰਪਰਕ ਸਦਕਾ ਇਥੇ ਰਹਿ ਕੇ ਅੰਮ੍ਰਿਤਸਰ ਤੋਂ ਇਹ ਨਾਵਲ ਛਪਵਾਉਣ ਦਾ ਹੀਲਾ ਵਸੀਲਾ ਕੀਤਾ।

ਪਾਠਕਾਂ ਦੇ ਹੁੰਗਾਰੇ ਦਾ ਉਡੀਕਵਾਨ,

**ਅਵਤਾਰ ਐੱਸ ਸੰਘਾ**

(ਸਿਡਨੀ)



# ਕਾਂਡ ਇਕ

ਇਹ ਵਾਕਿਆ ਅੱਸੀਵਿਆਂ ਦਾ ਹੈ। ਨਿਗਰਾਨ ਸਟਾਫ਼ ਲਈ ਉਸ ਸਮੇਂ ਪੰਜਾਬ ਵਿੱਚ ਕਾਲਜਾਂ ਦੀਆਂ ਪ੍ਰੀਖਿਆਵਾਂ ਅਗਨੀ ਤੋਂ ਵੀ ਵੱਧ ਮੁਸ਼ਕਲ ਬਣੀਆਂ ਹੋਈਆਂ ਸਨ। ਏ. ਕੇ ਸੰਤਾਲੀ ਦਾ ਸਾਇਆ ਪੰਜਾਬ ਦੇ ਕੋਨੇ ਕੋਨੇ ਤੇ ਮੰਡਲਾ ਰਿਹਾ ਸੀ। ਪ੍ਰੋਫ਼ੈਸਰ ਉਜਾਗਰ ਮੱਲ ਸੌਂਧ ਦੀ ਡਿਊਟੀ ਪੰਜਾਬ ਦੇ ਇੱਕ ਕਾਲਜ ਦੇ ਪ੍ਰੀਖਿਆ ਕੇਂਦਰ ਵਿੱਚ ਬਤੌਰ ਸੁਪਰਡੈਂਟ ਲੱਗ ਗਈ। ਉਦੋਂ ਕੋਈ ਘੱਟ ਹੀ ਸੁਪਰਡੈਂਟ ਬਣਨਾ ਪਸੰਦ ਕਰਦਾ ਹੁੰਦਾ ਸੀ। ਜਿਹਨਾਂ ਪ੍ਰੋਫ਼ੈਸਰਾਂ ਦੀ ਆਪਣੇ ਕਾਲਜ ਦੇ ਪ੍ਰਿੰਸੀਪਲਾਂ ਨਾਲ ਬਹੁਤੀ ਨਹੀਂ ਬਣਦੀ ਹੁੰਦੀ ਸੀ ਉਹਨਾਂ ਨੂੰ ਅਕਸਰ ਇਸ ਪ੍ਰਕਾਰ ਦੀਆਂ ਡਿਊਟੀਆਂ ਕਰਨ ਲਈ ਠੋਕਿਆਂ ਜਾਂਦਾ ਸੀ। ਕੋਈ ਡਾਕਟਰ ਪਾਸੋਂ ਝੂਠਾ ਮੈਡੀਕਲ ਸਰਟੀਫਿਕੇਟ ਲੈ ਕੇ ਪੇਸ਼ ਕਰੇ ਤੇ ਡਿਊਟੀ ਤੋਂ ਇਨਕਾਰ ਕਰਨ ਦੀ ਕੋਸ਼ਿਸ਼ ਕਰੇ ਤਾਂ ਕਾਲਜ ਵਾਲੇ ਤੇ ਯੂਨੀਵਰਸਿਟੀ ਵਾਲੇ ਇਸ ਗੱਲ ਦੀ ਘੋਖ ਵੀ ਕਰਦੇ ਸਨ। ਇਸ ਲਈ ਜਿਹੜੇ ਸਟਾਫ ਮੈਂਬਰ ਚਮਚਾਗਿਰੀ ਵਿੱਚ ਬਹੁਤੇ ਮਾਹਰ ਨਹੀਂ ਸਨ ਉਹ ਸੋਚਦੇ ਸਨ ਚਲੋ ਪ੍ਰੀਖਿਆ ਕੇਂਦਰ ਜਾ ਕੇ ਡੰਗ ਟਪਾਈ ਕਰ ਹੀ ਆਉਂਦੇ ਹਾਂ। ਪ੍ਰੀਖਿਆ ਸ਼ੁਰੂ ਹੋਣ ਤੋਂ ਦੋ ਚਾਰ ਦਿਨ ਪਹਿਲਾਂ ਪ੍ਰੀਖਿਆਰਥੀਆਂ ਨੂੰ ਅਕਸਰ ਪਤਾ ਲੱਗ ਹੀ ਜਾਂਦਾ ਹੈ ਕਿ ਕੌਣ ਕਿਸ ਸੈਂਟਰ ਦੀ ਸੁਪਰਡੈਂਟੀ ਕਰਨ ਜਾ ਰਿਹਾ ਹੈ।

ਉਜਾਗਰ ਮੱਲ ਆਪਣੇ ਘਰ ਚੋਬਾਰੇ ਤੇ ਬੈਠਾ ਸੀ ਕਿ ਦੁਪਹਿਰ ਵੇਲੇ ਉਹਦੇ ਘਰ ਅੱਗੇ ਇੱਕ ਭੂੰਡ (ਟੈਂਪੂ) ਰੁਕਿਆ। ਗੇਟ ਖੜਕਿਆ। ਧੱਕਾ ਮਾਰਨ ਤੇ ਖੁੱਲ੍ਹ ਗਿਆ ਕਿਉਂਕਿ ਅੰਦਰੋਂ ਬੰਦ ਨਹੀਂ ਸੀ। ਦੋ ਲੜਕੇ ਅੰਦਰ ਦਾਖ਼ਲ ਹੋਏ। ਇੰਨੇ ਚਿਰ ਵਿੱਚ ਉਜਾਗਰ ਮੱਲ ਵੀ ਚੋਬਾਰੇ ਤੋਂ ਹੇਠਾਂ ਆ ਗਿਆ ਸੀ।

"ਆਓ, ਕਿਵੇਂ ਆਉਣਾ ਹੋਇਆ, ਬੱਲਿਓ? ਪਰਚੇ ਦੇਣ ਵਾਲੇ ਲਗਦੇ ਹੋ?"

ਵੈਸੇ ਉਜਾਗਰ ਮੱਲ ਦੇ ਹੋਸ਼ ਹਵਾਸ਼ ਕੁਝ ਉੱਡ ਗਏ।

"ਸਰ, ਅਸੀਂ ਤਾਂ ਪਹਿਲਾਂ ਤੁਹਾਡੇ ਘਰ ਦਾ ਅੰਦਾਜ਼ਾ ਹੀ ਨਾ ਲਾ ਸਕੇ। ਔਹ ਪਰੇ ਇੱਕ ਕੋਠੀ ਏ ਜਿਸ ਉਪਰ 'ਸੌਂਧ ਕਾਟੇਜ' ਲਿਖਿਆ ਹੋਇਆ ਏ। ਅਸੀਂ ਸੋਚਿਆ, ਉਹ ਕੋਠੀ ਹੀ ਤੁਹਾਡਾ ਘਰ ਹੋਵੇਗੀ। ਜਦ ਕੋਠੀ ਮੂਹਰੇ ਜਾ ਕੇ ਪਤਾ ਕੀਤਾ ਅੰਦਰੋਂ ਇੱਕ ਅਧੋਰਾਣੇ ਜਿਹੇ ਕੱਪੜਿਆਂ ਵਾਲਾ ਬੰਦਾ ਨਿਕਲਿਆ ਤੇ ਪੁੱਛਣ ਲੱਗਾ ਕਿ ਅਸੀਂ ਕਿਸ

ਨੂੰ ਮਿਲਣਾ ਹੈ। ਅਸੀਂ ਤੁਹਾਡੇ ਬਾਰੇ ਦੱਸਿਆ ਤਾਂ ਕਹਿਣ ਲੱਗਾ, "ਇਹ ਕੋਠੀ ਤਾਂ ਇਕ ਕੈਨੇਡਾ ਵਿੱਚ ਵਸਦੇ ਅਮੀਰਜ਼ਾਦੇ ਦੀ ਏ। ਅਸੀਂ ਉਸਦੇ ਕੰਮੀ ਹਾਂ। ਇਸਦੀ ਦੇਖ ਰੇਖ ਲਈ ਉਸਨੇ ਸਾਨੂੰ ਇਹ ਕੋਠੀ ਸੰਭਾਲੀ ਹੋਈ ਹੈ। ਜਿਸ ਆਦਮੀ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ ਉਹ ਔਹ ਸਾਹਮਣੇ ਦੋ ਮੰਜ਼ਿਲੇ ਮਕਾਨ ਵਿੱਚ ਰਹਿੰਦਾ ਏ। ਇਸ ਪਿੰਡ ਵਿੱਚ ਸੌਂਧਾਂ ਦੇ ਕਈ ਘਰ ਹਨ। ਇਸ ਪ੍ਰਕਾਰ ਪਤਾ ਕਰਕੇ ਅਸੀਂ ਤੁਹਾਡਾ ਘਰ ਲੱਭਣ ਵਿੱਚ ਕਾਮਯਾਬ ਹੋਏ।"

"ਕੋਈ ਗੱਲ ਨਹੀਂ, ਬਰਖੁਰਦਾਰੋ। ਸਾਰਾ ਪਿੰਡ ਆਪਣਾ ਹੀ ਏ। ਇਹ ਦੱਸੋ ਤੁਹਾਡਾ ਆਉਣਾ ਕਿਵੇਂ ਹੋਇਆ?"

"ਸਰ, ਅਸੀਂ ਬਸ ਕੰਡਕਟਰ ਹਾਂ ਤੇ ਅਸੀਂ ਗੁਰਦਾਸਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਹਾਂ। ਸਾਨੂੰ ਪਤਾ ਲੱਗਾ ਏ ਤੁਹਾਡੀ ਉਸ ਕਾਲਜ ਵਿੱਚ ਡਿਊਟੀ ਏ ਜਿੱਥੇ ਅਸੀਂ ਪਰਚਾ ਦੇਣਾ ਏ। ਅਸੀਂ ਸਾਰੇ ਪਰਚੇ ਨਹੀਂ ਦੇਣੇ, ਸਿਰਫ ਬੀ. ਏ. ਦਾ ਆਖਰੀ ਸਾਲ ਦਾ ਅੰਗਰੇਜ਼ੀ ਦਾ ਪਰਚਾ ਦੇਣਾ ਏ ਕਿਉਂਕਿ ਇਸ ਵਿੱਚ ਸਾਡੀ ਕੰਪਾਰਟਮੈਂਟ ਏ। ਅਗਰ ਅਸੀਂ ਇਹ ਕੰਪਾਰਟਮੈਂਟ ਕਲੀਅਰ ਕਰਕੇ ਆਪਣੀ ਬੀ. ਏ ਪੂਰੀ ਕਰ ਲੈਂਦੇ ਹਾਂ ਤਾਂ ਅਸੀਂ ਕੰਡਕਟਰਾਂ ਤੋਂ ਬੱਸ ਚੈਕਰ ਬਣ ਜਾਵਾਂਗੇ। ਬਸ ਤੁਹਾਡੀ ਥੋੜ੍ਹੀ ਜਿਹੀ ਮਿਹਨਤ ਦੀ ਲੋੜ ਏ।"

"ਬੱਚਿਓ, ਅਗਰ ਤੁਸੀਂ ਥੋੜ੍ਹੀ ਜਿਹੀ ਮਿਹਨਤ ਕਰ ਲੈਂਦੇ ਤਾਂ ਤੁਹਾਨੂੰ ਐਡੀ ਦੂਰ ਤੱਕ ਟੱਕਰਾਂ ਮਾਰਨ ਦੀ ਜ਼ਰੂਰਤ ਨਹੀਂ ਸੀ ਪੈਣੀ। ਤੁਹਾਨੂੰ ਪਤਾ ਹੈ ਕਿ ਇਮਤਿਹਾਨ ਸਾਰੇ ਦਾ ਸਾਰਾ ਮੇਰੇ ਇਕੱਲੇ ਦੇ ਹੱਥ ਵਿੱਚ ਨਹੀਂ। ਉਥੇ ਹੋਰ ਵੀ ਬਹੁਤ ਸਾਰਾ ਸਟਾਫ਼ ਹੁੰਦਾ ਏ। ਕਾਲਜ ਦਾ ਪ੍ਰਿੰਸੀਪਲ ਵੀ ਅਕਸਰ ਸੈਂਟਰ ਵਿੱਚ ਚੱਕਰ ਮਾਰਦਾ ਰਹਿੰਦਾ ਸੀ।

ਫਿਰ ਤੁਹਾਨੂੰ ਪਤਾ ਏ ਕਿ ਯੂਨੀਵਰਸਿਟੀ ਦਾ ਉਡਨ ਦਸਤਾ ਵੀ ਅੰਗਰੇਜ਼ੀ ਦੇ ਪਰਚੇ ਵਾਲੇ ਦਿਨ ਅਕਸਰ ਆਉਂਦਾ ਹੀ ਹੁੰਦਾ ਏ। ਅਗਰ ਤੁਹਾਨੂੰ ਕਿਸੇ ਨੇ ਵੀ ਨਕਲ ਕਰਦੇ ਦੇਖ ਲਿਆ ਤਾਂ ਮੈਨੂੰ ਤਾਂ ਉਨ੍ਹਾਂ ਦੇ ਬਣਾਏ ਕੇਸ 'ਤੇ ਆਪਣੀ ਸਹੀ ਪਾਉਣੀ ਹੀ ਪਵੇਗੀ। ਤੁਸੀਂ ਕਿਹਨੂੰ ਕਿਹਨੂੰ ਮਿਲੋਗੇ?

"ਸਰ, ਤੁਸੀਂ ਬਾਕੀਆਂ ਦੀ ਗੱਲ ਛੱਡੋ। ਪੰਜਾਬ ਵਿੱਚ ਹਾਲਾਤ ਇੰਨੇ ਮਾੜੇ ਚੱਲ ਰਹੇ ਹਨ ਕਿ ਸਾਰਾ ਅਮਲਾ ਫੈਲਾ ਡਰਿਆ ਪਿਆ ਏ। ਇੰਜ ਹੀ ਪਿਛਲੇ ਦੋ-ਤਿੰਨ ਸਾਲਾਂ ਤੋਂ ਹੋ ਰਿਹਾ ਏ। ਸਾਡੇ ਇਲਾਕੇ ਵਿੱਚ ਤਾਂ ਵਿਦਿਆਰਥੀ ਕਿਤਾਬਾਂ ਖੋਲ੍ਹ ਕੇ ਸ਼ਰੇਆਮ ਨਕਲ ਕਰਦੇ ਰਹੇ ਹਨ। ਅਸੀਂ ਤਾਂ ਤੁਹਾਡੇ ਪਾਸ ਆਉਣਾ ਹੀ ਨਹੀਂ ਸੀ। ਸਿਰਫ ਇਸ ਕਰਕੇ ਆਏ ਤਾਂ ਕਿ ਸਾਡਾ ਕੰਪਾਰਟਮੈਂਟ ਪਾਸ ਕਰਨ ਦਾ ਆਖ਼ਰੀ ਚਾਂਸ ਏ। ਅਗਰ ਅਸੀਂ ਇਸ ਵਾਰ ਵੀ ਰਹਿ ਗਏ ਤਾਂ ਸਾਨੂੰ ਬੀ. ਏ. ਦਾ ਆਖ਼ਰੀ ਸਾਲ ਸਾਰੇ ਵਿਸ਼ਿਆਂ ਨਾਲ ਪਾਸ ਕਰਨਾ ਪਵੇਗਾ। ਪਿੱਛਿਓਂ ਅਸੀਂ ਸਟਾਫ ਮੈਂਬਰ ਹੁੰਦੇ ਹੋਏ ਬੱਸਾਂ ਤੇ ਮੁਫ਼ਤ ਆ ਗਏ ਹਾਂ। ਬਸ ਆਹ ਭੂੰਡ ਦਾ ਹੀ ਕਿਰਾਇਆ ਖ਼ਰਚ ਕੀਤਾ ਹੈ। ਇਸ ਵਾਰ ਅਸੀਂ ਮਾੜਾ ਮੋਟਾ ਵੀ



ਰਿਸਕ ਨਹੀਂ ਲੈਣਾ ਚਾਹੁੰਦੇ। ਪਰਚਾ ਪਾਸ ਕਰਨਾ ਹੀ ਕਰਨਾ ਏ।

ਬਾਕੀ ਤੁਸੀਂ ਆਪ ਬੜੇ ਸਿਆਣੇ ਹੋ।"

"ਕਾਕਾ ਜੀ, ਤੁਸੀਂ ਜਾਓ ਤੇ ਜਾ ਕੇ ਮਿਹਨਤ ਕਰੋ। ਪਰਸੋਂ ਨੂੰ ਪਰਚਾ ਏ। ਪ੍ਰਮਾਤਮਾ ਸਭ ਠੀਕ ਕਰੇਗਾ।" "ਸਰ, ਤੁਸਾਂ ਸਾਨੂੰ ਸ਼ਕਲ ਤੋਂ ਤਾਂ ਦੇਖ ਹੀ ਲਿਆ ਏ। ਸਾਡੇ ਰੋਲ ਨੰ: ਵੀ ਲੈ ਲਵੋ।"

"ਤੁਹਾਡੀ ਮਰਜ਼ੀ।" ਦੋਹਾਂ ਲੜਕਿਆਂ ਨੇ ਇੱਕ ਚਿਟ ਲਿਖ ਕੇ ਆਪਣੇ ਰੋਲ ਨੰਬਰ ਉਜਾਗਰ ਮੱਲ ਨੂੰ ਫੜਾਏ ਤੇ ਬਾਅਦ ਵਿੱਚ ਉਸ ਭੂੰਡ ਤੇ ਚੜ੍ਹ ਕੇ ਉਹ ਸ਼ਹਿਰ ਵੱਲ ਨੂੰ ਚਲੇ ਗਏ।

ਗੁਰਦਾਸਪੁਰ ਨੂੰ ਵਾਪਸ ਜਾਂਦੇ ਸਮੇਂ ਉਹਨਾਂ ਨੇ ਬੱਸ ਦਾ ਸਫ਼ਰ ਫਿਰ ਮੁਫ਼ਤ ਹੀ ਕਰਨਾ ਸੀ ਕਿਉਂਕਿ ਉਹ ਸਟਾਫ ਮੈਂਬਰ ਸਨ।

ਸੈਂਟਰ ਸੁਪਰਡੈਂਟ ਨੂੰ ਯੂਨੀਵਰਸਿਟੀ ਵੱਲੋਂ ਇਜਾਜ਼ਤ ਹੁੰਦੀ ਸੀ ਕਿ ਉਹ ਆਪਣੇ ਨਾਲ ਆਪਣੀ ਮਰਜ਼ੀ ਦਾ ਕੋਈ ਲੈਕਚਰਾਰ ਬਤੌਰ ਸੁਪਰਵਾਈਜ਼ਰ ਲਿਜਾ ਸਕਦਾ ਹੁੰਦਾ ਸੀ। ਉਜਾਗਰ ਮੱਲ ਨੇ ਕਾਲਜ ਦੇ ਇੱਕ ਲੈਕਚਰਾਰ ਪ੍ਰਸ਼ੋਤਮ ਲਾਲ ਨੇ ਉਸਨੂੰ ਬੇਨਤੀ ਕੀਤੀ ਕਿ ਉਹ ਉਸਨੂੰ ਆਪਣੇ ਨਾਲ ਲੈ ਜਾਵੇ ਕਿਉਂਕਿ ਉਸਦਾ ਪਿੰਡ ਵੀ ਉਸ ਪਾਸੇ ਪੈਂਦਾ ਸੀ। ਪ੍ਰਸ਼ੋਤਮ ਨੇ ਸੋਚਿਆ ਕਿ ਉਹ ਕੁਝ ਦਿਨ ਉਧਰੋਂ ਆਪਣੇ ਘਰੋਂ ਜਾ ਕੇ ਡਿਊਟੀ ਦਿੰਦਾ ਰਹੇਗਾ ਤੇ ਇਸ ਪ੍ਰਕਾਰ ਉਸਦਾ ਆਪਣੇ ਕਾਲਜ ਆਉਣਾ ਬਚ ਜਾਵੇਗਾ। ਉਜਾਗਰ ਮੱਲ ਉਸ ਨੂੰ ਆਪਣੇ ਨਾਲ ਖੜ੍ਹਨ ਲਈ ਮੰਨ ਗਿਆ।

ਨਿਯਮ ਮੁਤਾਬਕ ਜਦ ਉਜਾਗਰ ਮੱਲ ਪ੍ਰੀਖਿਆ ਕੇਂਦਰ ਤੇ ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਪਹੁੰਚਿਆ ਤਾਂ ਕਾਲਜ ਦੀ ਮੈਨੇਜਿੰਗ ਕਮੇਟੀ ਦਾ ਮੈਨੇਜਰ ਪਹਿਲਾਂ ਹੀ ਦਫ਼ਤਰ ਵਿੱਚ ਬੈਠਾ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਕਾਲਜ ਦੀ ਕਮੇਟੀ ਦਾ ਇਹ ਮੈਨੇਜਰ ਹੀ ਕਾਲਜ ਵਿੱਚ ਸਭ ਕੁਝ ਸੀ। ਪ੍ਰਿੰਸੀਪਲ ਕਾਰਜਕਾਰੀ ਸੀ ਤੇ ਸੀ ਵੀ ਮੈਨੇਜਰ ਦਾ ਪੱਕਾ ਚਮਚਾ। ਸੁਪਰਡੈਂਟ ਦੀ ਰਿਹਾਇਸ਼ ਦਾ ਪ੍ਰਬੰਧ ਵੀ ਮੈਨੇਜਰ ਦੇ ਘਰ ਹੀ ਸੀ। ਸਾਰੇ ਕਾਗਜ਼ ਪੱਤਰ ਚੈੱਕ ਕਰਨ ਤੋਂ ਬਾਅਦ ਉਹ ਮੈਨੇਜਰ ਦੇ ਨਾਲ ਹੀ ਉਸਦੇ ਘਰ ਚਲਾ ਗਿਆ। ਰਾਤ ਕੱਟਣ ਤੋਂ ਬਾਅਦ ਸਵੇਰੇ ਸੈਂਟਰ ਵਿੱਚ ਜਾਣ ਦੀ ਤਿਆਰੀ ਕੀਤੀ। ਉਸਨੇ ਮੈਨੇਜਰ ਦੀ ਕਾਰ ਵਿੱਚ ਹੀ ਸੈਂਟਰ ਪਹੁੰਚਣਾ ਸੀ। ਨਿਯਮ ਮੁਤਾਬਕ ਉਸਦਾ ਸੈਂਟਰ ਵਿੱਚ ਘੰਟਾ ਕੁ ਪਹਿਲਾਂ ਪਹੁੰਚਣਾ ਸੀ ਤਾਂ ਕਿ ਉਹ ਜਾ ਕੇ ਸਾਰੇ ਪ੍ਰਬੰਧ ਦਾ ਜਾਇਜ਼ਾ ਲੈ ਸਕੇ। ਸਵੇਰੇ ਉਹ ਮੈਨੇਜਰ ਸਾਹਿਬ ਨੂੰ ਸਮੇਂ ਸਿਰ ਤੁਰਨ ਲਈ ਜ਼ੋਰ ਪਾਈ ਜਾਵੇ ਲੇਕਿਨ ਮੈਨੇਜਰ ਸਾਹਿਬ ਨੂੰ ਕਦੀ ਕੋਈ ਫ਼ੋਨ ਆਈ ਜਾਵੇ ਤੇ ਕਦੀ ਕੋਈ ਮਿਲਣ ਲਈ ਆਈ ਜਾਵੇ। ਜਦ ਉਸਨੇ ਜ਼ੋਰ ਪਾਇਆ ਕਿ ਉਸਦਾ ਸਮੇਂ ਸਿਰ ਪ੍ਰੀਖਿਆ ਕੇਂਦਰ ਤੇ ਪਹੁੰਚਣਾ ਬਹੁਤ ਜ਼ਰੂਰੀ ਏ ਤਾਂ ਮੈਨੇਜਰ ਕਹਿਣ ਲੱਗਾ, "ਪ੍ਰਿੰਸੀਪਲ ਉਥੇ ਦਾ ਸਾਰਾ ਪ੍ਰਬੰਧ ਕਰ ਚੁੱਕਾ ਏ।

ਉਹ ਮੇਰੀ ਕ੍ਰਿਪਾ ਦ੍ਰਿਸ਼ੀ ’ਤੇ ਹੀ ਉਸ ਕੁਰਸੀ ’ਤੇ ਬੈਠਾ ਏ। ਸਮਝੋ ਉਹ ਤਾਂ ਮੇਰਾ ਨਿੱਜੀ ਸੈਕਟਰੀ ਜਾਂ ਕਲਰਕ ਏ। ਆਪਾਂ ਭਾਵੇਂ 10-20 ਮਿੰਟ ਲੇਟ ਵੀ ਹੋ ਜਾਈਏ ਪਰਚਾ ਸ਼ੁਰੂ ਹੋ ਚੁੱਕਾ ਹੋਵੇਗਾ। ਤੁਸੀਂ ਤਾਂ ਬਸ ਜਾ ਕੇ ਕੁਰਸੀ ’ਤੇ ਬੈਠਣਾ ਏ। ਤੁਹਾਨੂੰ ਕਿਸੇ ਪ੍ਰਕਾਰ ਦੀ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ।”

“ਮੈਨੇਜਰ ਸਾਹਿਬ, ਸਾਨੂੰ ਨਿਯਮਾਂ ਨੂੰ ਇੰਨਾ ਜ਼ਿਆਦਾ ਛਿੱਕੇ ਨਹੀਂ ਟੰਗਣਾ ਚਾਹੀਦਾ। ਠੀਕ ਹੈ, ਤੁਸੀਂ ਕਾਲਜ ਦੀ ਕਮੇਟੀ ਦੇ ਮੈਨੇਜਰ ਹੋ ਪ੍ਰੰਤੂ ਯੂਨੀਵਰਸਿਟੀ ਦੇ ਨਿਯਮ ਵੀ ਤਾਂ ਕੋਈ ਚੀਜ਼ ਹਨ। ਕਾਲਜਾਂ ਵਿੱਚ ਕਈ ਪ੍ਰਕਾਰ ਦੀਆਂ ਸਿਆਸਤਾਂ ਵੀ ਚਲ ਜਾਂਦੀਆਂ ਹਨ। ਹਰ ਕਾਲਜ ਵਿੱਚ ਵਿਰੋਧੀ ਧੜਾ ਵੀ ਤਾਂ ਹੁੰਦਾ ਏ।” ਵਿਰੋਧੀ ਧੜੇ ਦੀ ਐਸੀ ਕੀ ਤੈਸੀ। ਪਹਿਲਾ ਪ੍ਰਿੰਸੀਪਲ ਵਿਰੋਧ ਕਰਦਾ ਹੁੰਦਾ ਸੀ। ਹੁਣ ਸਾਲਾ ਬਾਹਰ ਬੈਠਾ ਏ। ਅਦਾਲਤਾਂ ਦੇ ਚੱਕਰ ਕੱਢ ਰਿਹਾ ਏ। ਸਾਡੇ ਪਾਸ ਬਥੇਰੇ ਤਰੀਕੇ ਹੁੰਦੇ ਨੇ ਬੰਦੇ ਨੂੰ ਖੁੱਡੇ ਲਾਈਨ ਲਾਉਣ ਦੇ। ਤੁਸੀਂ ਚਿੰਤਾ ਬਿਲਕੁਲ ਨਾ ਕਰੋ।

ਇੱਕ ਪਾਸੇ ਪੰਜਾਬ ਦੇ ਹਾਲਾਤ ਅੰਤਾਂ ਦੇ ਖ਼ਰਾਬ ਤੇ ਦੂਜੇ ਪਾਸੇ ਮੈਨੇਜਰ ਦਾ ਮਨਮਰਜੀ ਵਾਲਾ ਰਵੱਈਆ। ਉਜਾਗਰ ਮੱਲ ਨੇ ਸੋਚਾਂ ਵਿੱਚ ਪਏ ਹੋਏ ਨੇ ਡੋਰ ਰੱਬ ਤੇ ਹੀ ਛੱਡ ਦਿੱਤੀ।

ਆਖਰ ਮੈਨੇਜਰ ਸਾਹਿਬ ਨੇ ਕਾਰ ਬਾਹਰ ਕੱਢੀ ਤੇ ਉਹ ਦੋਵੇਂ ਪ੍ਰੀਖਿਆਂ ਕੇਂਦਰ ਵੱਲ ਚੱਲ ਪਏ । ਕੇਂਦਰ ਇਸ ਪਿੰਡ ਤੋਂ ਪੰਜ ਕੁ ਕਿਲੋਮੀਟਰ ਦੀ ਦੂਰੀ ’ਤੇ ਸੀ। ਦੋ ਕੁ ਕਿਲੋਮੀਟਰ ਗਏ ਸਨ ਕਿ ਕਾਰ ਨੂੰ ਦੋ ਬੰਦਿਆਂ ਨੇ ਹੱਥ ਦੇ ਦਿੱਤਾ। ਉਹਨਾਂ ਨੇ ਇੱਕ ਪ੍ਰੀਖਿਆਰਥੀ ਦੀ ਰੋਲ ਨੰਬਰ ਸਲਿੱਪ ਉਹਨਾਂ ਨੂੰ ਫੜਾਈ। ਉਹ ਫਿਰ ਪ੍ਰੀਖਿਆ ਕੇਂਦਰ ਤੋਂ ਮਸਾਂ ਇੱਕ ਕਿਲੋਮੀਟਰ ਪਿੱਛੇ ਸਨ ਕਿ ਇਕ ਹੋਰ ਨੇ ਹੱਥ ਦੇ ਦਿੱਤਾ। ਹੱਥ ਦੇਣ ਵਾਲਾ ਕੋਈ ਖ਼ਾਸ ਹੀ ਮੂੰਹ ਮੁਲਾਹਜ਼ੇਦਾਰ ਸੀ। ਮੈਨੇਜਰ ਨੇ ਉਤਰ ਕੇ ਸੁਪਰਡੈਂਟ ਦੀ ਉਸ ਨਾਲ ਮੁਲਾਕਾਤ ਕਰਵਾਈ। ਦੋ ਕੁ ਮਿੰਟ ਖੜ੍ਹੇ ਗੱਲਾਂ ਕਰਦੇ ਰਹੇ। ਪਰਚਾ ਸ਼ੁਰੂ ਕਰਨ ਦਾ ਸਮਾਂ ਹੋ ਚੁੱਕਾ ਸੀ। ਸੁਪਰਡੈਂਟ ਦਾ ਦਿਲ ਧੁੜਕੂੰ ਧੁੜਕੂੰ ਕਰ ਰਿਹਾ ਸੀ। ਪ੍ਰੀਖਿਆ ਕੇਂਦਰ ਨੂੰ ਠੀਕ ਠਾਕ ਚਲਉਣ ਲਈ ਉਹ ਯੂਨੀਵਰਸਿਟੀ ਵੱਲੋਂ ਸੌ ਫੀਸਦੀ ਜ਼ਿੰਮੇਵਾਰ ਸੀ। ਉਹ ਫਿਰ ਚੱਲ ਪਏ।

ਮੈਨੇਜਰ ਬਸਾਹਿਬ, ਪਰਚਾ ਸ਼ੁਰੂ ਕਰਵਾਉਣ ਦਾ ਸਮਾਂ ਤਾਂ ਪਹਿਲਾਂ ਹੀ ਹੋ ਚੁੱਕਾ ਏ। ਅਸੀਂ ਅਜੇ ਅੱਧ ਵਿਚਾਲੇ ਹੀ ਹਾਂ, ਸੁਪਰਡੈਂਟ ਨੇ ਆਪਣੀ ਚਿੰਤਾ ਜ਼ਾਹਰ ਕੀਤੀ।

“ਫਿਰ ਕੀ ਹੋਇਆ, ਸੁਪਰਡੈਂਟ ਸਾਹਿਬ। ਮੈਨੂੰ ਪਤਾ ਏ ਕਿ ਸਭ ਕੰਮ ਠੀਕ ਠਾਕ ਹੋ ਰਿਹਾ ਹੋਵੇਗਾ। ਤੁਹਾਨੂੰ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ । ਉੱਥੇ ਮੇਰਾ ਕੜਛਾ ਬੈਠਾ ਏ, ਤੁਹਾਨੂੰ ਪਤਾ ਏ। ਅਗਰ ਕੰਮ ਸ਼ੁਰੂ ਨਾ ਕਰਵਾਇਆ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਵੇਗਾ।” ਅਸੀਂ ਜਿੱਥੇ ਪੈਰ ਧਰੀਏ ਪੈੜ ਕਰ ਦਈਏ, ਸੁਪਰਡੈਂਟ ਸਾਹਿਬ, “ਮੈਨੇਜਰ



ਪਰਜਾ ’ਚ ਬੈਠੇ ਰਾਜੇ ਵਾਂਗ ਆਕੜ ਕੇ ਬੋਲਿਆ।”

ਮੈਨੇਜਰ ਤੇ ਸੁਪਰਡੈਂਟ ਕਾਲਜ ਮੂਹਰੇ ਪਹੁੰਚੇ ਤਾਂ ਦੇਖਿਆ ਲੋਕਾਂ ਦਾ ਤਾਂਤਾ ਲੱਗਿਆ ਹੋਇਆ ਸੀ।

“ਲੱਗਦਾ ਤਾਂ ਭਲਾ ਆਦਮੀ ਏ, ਇੱਕ ਸੁਪਰਡੈਂਟ ਵੱਲ ਸ਼ਿਸ਼ਤ ਲਾਉਂਦਾ ਹੋਇਆ ਬੋਲਿਆ। ਚੁੱਪ ਜਿਹਾ ਲਗਦੈ। ਸਿਆਣੇ ਕਹਿੰਦੇ, ਚੁੱਪ ਵਰਗੇ ਪਾਣੀ ਡੂੰਘੇ ਹੁੰਦੇ, ਇੱਕ ਅਮਲੀ ਜਿਹੇ ਨੇ ਸਿਗਰਟ ਦੀ ਕੱਸ਼ ਹਵਾ ’ਚ ਉਲਾਰਦੇ ਕਿਹਾ।”

“ਮੈਨੇਜਰ ਸਾਹਿਬ ਨੇ ਆਉਂਦਾ ਹੀ ਕਾਬੂ ਕਰ ਲਿਐ। ਉਹਦੇ ਨਾਲ ਤੁਰਿਆ ਜਾਂਦਾ ਇਵੇਂ ਲਗਦੈ ਜਿਵੇਂ ਬੋਤੇ ਨਾਲ ਬੱਕਰੀ ਤੁਰੀ ਜਾਂਦੀ ਹੋਵੇ। ਮੈਨੇਜਰ ਬੜੀ ਚੀਜ਼ ਐ। ਉਸ ਤੋਂ ਆਮ ਜਿਹੇ ਲੋਕ ਤਾਂ ਐਵੇ ਹੀ ਡਰ ਜਾਂਦੈ। ਉਸਨੇ ਮੁੰਡਿਆਂ ਨਾਲ ਹੀ ਬਣਾ ਕੇ ਰੱਖੀ ਹੋਈ ਏ। ਅੱਜ ਤਾਂ ਰਾਜ ਵੀ ਮੁੰਡਿਆਂ ਦਾ ਚੱਲਦਾ ਏ", ਇੱਕ ਹੋਰ ਰਿੱਛ ਵਾਂਗ ਲਾਚੜ ਕੇ ਬੋਲਦਾ ਹੋਇਆ ਸਕੂਟਰ ਨੂੰ ਕਿੱਕ ਮਾਰ ਕੇ ਤਿੱਤਰ ਹੋ ਗਿਆ ਜਿਵੇਂ ਹੁਣ ਉਸਦੇ ਅੰਦਰ ਪਰਚਾ ਦੇਣ ਗਏ ਸਾਥੀ ਦੀਆਂ ਪੌਂ ਬਾਰਾਂ ਹੀ ਹੋਣ।

“ਤੁਰਦਾ ਤਾਂ ਸਰਕਾਰੀ ਸਾਹਣ ਵਾਂਗਰ ਫੈਲਰ-ਫੈਲਰ ਕੇ ਏ। ਪਤਾ ਨੀਂ ਕੀ ਚੰਦ ਚਾੜੂ।” ਇੱਕ ਹੋਰ ਦਾ ਮੂੰਹ ਟੱਡਿਆ ਹੋਇਆ ਹੀ ਰਹਿ ਗਿਐ। “ਕਹਿੰਦੇ, ਟਾਂਡਿਓ ਆਇਆ ਏ”, ਇੱਕ ਮਾੜਕੂ ਜਿਹਾ ਸਾਈਕਲ ਤੇ ਲੱਤ ਲਾਈ ਖੜ੍ਹਾ ਦੇਖਦਾ ਹੀ ਰਹਿ ਗਿਐ, “ਪਹਿਲਾਂ ਵੀ ਜਿਹੜੇ ਟਾਡਿਓਂ ਆਉਂਦੇ ਹੁੰਦੇ ਸੀ ਬੜੇ ਚੰਗੇ ਹੁੰਦੇ ਸੀ।”

“ਜਦ ਪ੍ਰਿੰਸੀਪਲ ਤੇ ਸੁਪਰਡੈਂਟ ਹੀ ਕਾਬੂ ’ਚ ਹਨ ਤਾਂ ਸੈਂਟਰ ਤਾਂ ਵਧੀਆ ਚੱਲਣਾ ਹੀ ਏ", ਇੱਕ ਤੇਜ਼ ਤਰਾਰ ਛੋਕਰੇ ਨੇ ਚੁਟਕੀ ਵਜਾਈ। ਹਜੂਮ 'ਚੋਂ ਨਿਕਲ ਕੇ ਦੋਨੋਂ ਮੁਅਜਜ਼ ਸ਼ਖ਼ਸੀਅਤਾਂ ਕਾਲਜ ਅੰਦਰ ਚਲੀਆਂ ਗਈਆਂ। ਉਹਨਾਂ ਦੇ ਪਹੁੰਚਦੇ ਸਾਰ ਹੀ ਪ੍ਰਿੰਸੀਪਲ ਨੇ ਕੇਂਦਰ ਪਾਸ ਦੋੜੇ ਫਿਰਦੇ ਨੇ ਦੋਵੇਂ ਹੱਥ ਜੋੜ ਦਿੱਤੇ।

“ਥੋੜ੍ਹੇ ਲੇਟ ਹੋ ਗਏ, ਸੈਂਟਰ ਤਾਂ ਠੀਕ ਹੀ ਚੱਲ ਪਿਆ ਹੋਵੇਗਾ?" ਮੈਨੇਜਰ ਨੇ ਇਵੇਂ ਤੇਵਰ ਦਿਖਾਏ ਜਿਵੇਂ ਕਾਲਜ ਦੇ ਕਿਸੇ ਚੌਥਾ ਦਰਜਾ ਕਰਮਚਾਰੀ ਨਾਲ ਗੱਲ ਕਰ ਰਿਹਾ ਹੋਵੇ। "ਮੈਨੇਜਰ ਸਾਹਿਬ, ਪਰਚਾ ਠੀਕ ਠਾਕ ਸ਼ੁਰੂ ਕਰਵਾ ਦਿੱਤਾ ਸੀ। ਕੋਈ ਦਿੱਕਤ ਨਹੀਂ ਆਈ। ਸਾਰਾ ਸਟਾਫ਼ ਸਮੇਂ ਸਿਰ ਪਹੁੰਚ ਗਿਆ ਸੀ। ਸੁਪਰਡੈਂਟ ਸਾਹਿਬ ਬਸ ਅੰਦਰ ਜਾਣ ਤੇ ਕਾਗਜ਼ਾਂ ਤੇ ਘੁੱਗੀ ਮਾਰ ਆਉਣ। ਚਾਹ ਆ ਰਹੀ ਏ । ਜਲਦੀ ਹੀ ਵਾਪਸ ਆ ਜਾਣ। ਸੁਪਰਡੈਂਟ ਸਾਹਿਬ, ਚਲੋ, ਮੈਂ ਤੁਹਾਡੇ ਨਾਲ ਹੀ ਚਲਦਾ ਹਾਂ। ਛੇਤੀ ਦੇਣੀ ਵਾਪਸ ਆ ਕੇ ਚਾਹ ਪੀਈਏ", ਪ੍ਰਿੰਸੀਪਲ, ਮੈਨੇਜਰ ਤੇ ਸੁਪਰਡੈਂਟ ਦੀ ਹਰ ਖਿਦਮਤ ਲਈ ਤੱਤਪਰ ਸੀ।

ਜਦ ਪ੍ਰਿੰਸੀਪਲ ਤੇ ਉਜਾਗਰ ਮੱਲ ਹੌਲੀ-ਹੌਲੀ ਸੈਂਟਰ ਵਲ ਵਧ ਰਹੇ ਸੀ ਤਾਂ ਡਿਊਟੀ ਸਟਾਫ ਨੇ ਘੜੀ ਕੁ ਲਈ ਸਭ ਨੂੰ ਚੁਕੰਨੇ ਕਰ ਦਿੱਤਾ ਮਤਾਂ ਉਹ ਰਾਊਂਡ ਲੈਣ ਹੀ ਨਾ

ਆ ਜਾਣ। ਉਹ ਅੰਦਰ ਗਏ। ਕਲਰਕ ਨੇ ਕਾਗਜ਼ ਪੱਤਰ ਅੱਗੇ ਰੱਖੇ। ਸੁਪਰਡੈਂਟ ਨੇ ਘੁੱਗੀ ਮਾਰੀ। ਦੋਨੋ ਵਾਪਸ ਬਾਹਰ ਆ ਗਏ ਤੇ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਪਹੁੰਚ ਗਏ। ਕਾਰਜਕਾਰੀ ਪ੍ਰਿੰਸੀਪਲ ਨੇ ਮੈਨੇਜਰ ਦੇ ਆਉਣ ਕਰਕੇ ਆਪਣੀ ਕੁਰਸੀ ਪਹਿਲਾਂ ਹੀ ਛੱਡੀ ਹੋਈ ਸੀ। ਤਿੰਨੇ ਸੋਫੇ ਤੇ ਹੀ ਬੈਠ ਗਏ ਤੇ ਚਾਹ ਪੀਣ ਲੱਗ ਪਏ।

ਮੈਨੇਜਰ ਸਾਹਿਬ ਨੇ ਸੁਪਰਡੈਂਟ ਤੇ ਆਪਣਾ ਰੋਅਬ ਪਾਉਣ ਲਈ ਪ੍ਰਿੰਸੀਪਲ ਨੂੰ ਸਾਰਟ ਆਊਟ (sort out) ਕਰਨਾ ਸ਼ੁਰੂ ਕਰ ਦਿੱਤਾ, “ਤੁਸੀਂ ਜਾਣਦੇ ਹੀ ਹੋ ਕਿ ਕਾਲਜ ਦੇ ਕਈ ਮਸਲੇ ਪੈਂਡਿੰਗ ਪਏ ਨੇ। ਵਰਕਿੰਗ ਕਮੇਟੀ ਦੀ ਤੁਸੀਂ ਮੀਟਿੰਗ ਬੁਲਾਉਣੀ ਸੀ। ਕੀ ਪ੍ਰਾਗਰੈੱਸ ਏ?”

“ਸਰ, ਦਫ਼ਤਰ ਸੁਪਰਡੈਂਟ ਤਿੰਨ ਦਿਨ ਲਈ ਛੁੱਟੀ ’ਤੇ ਚਲਾ ਗਿਆ ਸੀ। ਇਸ ਕਰਕੇ ਮੀਟਿੰਗ ਦਾ ਏਜੰਡਾ ਤਿਆਰ ਕਰਨ ਵਿੱਚ ਕੁਝ ਦੇਰੀ ਹੋ ਗਈ। ਅਗਲੇ ਹਫ਼ਤੇ ਤੱਕ ਮੈਂਬਰਾਂ ਦੇ ਘਰੀਂ ਚਿੱਠੀਆਂ ਪਹੁੰਚ ਜਾਣਗੀਆਂ।”

“ਤਹਾਨੂੰ ਪਤਾ ਹੈ ਕਿ ਵਿੱਚ ਦੋ ਨਵੇਂ ਆਰਜੀ ਲੈਕਚਰਾਰ ਵੀ ਰੱਖਣੇ ਹਨ। ਇਹ ਕੰਮ ਵੀ ਨਵੇਂ ਸੈਸ਼ਨ ਤੋਂ ਪਹਿਲਾਂ-ਪਹਿਲਾਂ ਹੀ ਕਰਨਾ ਹੋਵੇਗਾ। ਪਹਿਲਾਂ ਅਖ਼ਬਾਰ ਵਿੱਚ ਇਸ਼ਤਿਹਾਰ ਦੇਣਾ ਹੋਵੇਗਾ। ਅਰਜ਼ੀਆਂ ਭੇਜਣ ਲਈ ਉਮੀਦਵਾਰਾਂ ਨੂੰ ਕੁਝ ਸਮਾਂ ਵੀ ਦੇਣਾ ਹੋਵੇਗਾ। ਇਸ ਤੋਂ ਪਿੱਛੋਂ ਇੰਟਰਵਿਊ ਰੱਖੀ ਜਾਵੇਗੀ।”

“ਇਸ ਸਬੰਧ ਵਿੱਚ ਵੀ ਕਾਰਵਾਈ ਸ਼ੁਰੂ ਕਰ ਦਿੰਦੇ ਹਾਂ, ਸਰ। ਮੈਂ ਤੁਹਾਡੇ ਨਾਲ ਇਸ ਬਾਰੇ ਸਲਾਹ ਕਰਨ ਹੀ ਵਾਲਾ ਸੀ।”

“ਡੀ. ਪੀ. ਆਈ. ਤੋਂ ਗਰਾਂਟ ਆਉਣ ਵਾਲੀ ਸੀ। ਆਈ ਕਿ ਨਹੀਂ? ਅਗਰ ਦਫ਼ਤਰ ਸਮੇਂ ਸਿਰ ਕਾਗਜ਼ ਤਿਆਰ ਕਰਕੇ ਡੀ. ਪੀ. ਆਈ. ਦੇ ਦਫ਼ਤਰ ਭੇਜੇਗਾ ਤਾਂ ਹੀ ਗਰਾਂਟ ਸਮੇਂ ਸਿਰ ਆਵੇਗੀ। ਮੈਨੂੰ ਲੱਗਦਾ ਏ ਕਿ ਤੁਹਾਡਾ ਦਫ਼ਤਰ ਢਿੱਲਾ ਚਲਦਾ ਏ।

ਇਹਨੂੰ ਜ਼ਰਾ ਕੱਸ ਕੇ ਰੱਖਿਆ ਕਰੋ। ਪਿਛਲੇ ਪ੍ਰਿੰਸੀਪਲ ਨੇ ਇਸ ਸਾਰੇ ਅਮਲੇ ਫੈਲੇ ਨੂੰ ਢਿੱਲਾ ਕੀਤਾ ਹੋਇਆ ਸੀ। ਤੁਹਾਨੂੰ ਪਤਾ ਏ ਗੰਦਿਆਂ ਭਾਡਿਆਂ 'ਚੋਂ ਥੰਧਿਆਈਆਂ ਬੜੀ ਮੁਸ਼ਕਲ ਨਾਲ ਜਾਂਦੀਆਂ ਹੁੰਦੀਆਂ, ਮੈਨੇਜਰ ਨੇ ਆਪਣੇ ਤੇਵਰ ਤਿੱਖੇ ਕਰ ਲਏ।

“ਜੀ ਸਰ, ਦਫ਼ਤਰ ਸੁਪਰਡੈਂਟ ਛੁੱਟੀਆਂ ਕੱਟ ਕੇ ਆ ਗਿਆ ਏ। ਅਸੀਂ ਦੋ ਦਿਨ ਵਿੱਚ ਹੀ ਕਾਗਜ਼ ਤਿਆਰ ਕਰਵਾ ਕੇ ਚੰਡੀਗੜ੍ਹ ਭੇਜ ਦਿਆਂਗੇ।” ਇੰਨੇ ਚਿਰ ਵਿੱਚ ਸੁਪਰਡੈਂਟ ਸਾਹਿਬ ਚਾਹ ਪੀ ਚੁੱਕੇ ਸਨ। ਪ੍ਰਿੰਸੀਪਲ ਸਾਹਿਬ ਨੇ ਅੰਦਰ ਸੁਨੇਹਾ ਪਹਿਲਾਂ ਹੀ ਭੇਜ ਦਿੱਤਾ ਸੀ ਕਿ ਕੁਝ ਮਿੰਟਾਂ ਵਿੱਚ ਸੁਪਰਡੈਂਟ ਸਾਹਿਬ ਸੈਂਟਰ ਦਾ ਰਾਊਂਡ ਲੈਣਗੇ। “ਸੁਪਰਡੈਂਟ ਸਾਹਿਬ, ਆਓ ਸੈਂਟਰ ਦਾ ਰਾਊਂਡ ਲੈ ਆਈਏ। ਆਓ, ਤੁਹਾਨੂੰ ਦਿਖਾ ਦਈਏ ਕਿ ਸੈਂਟਰ ਕਿੰਨਾ ਸਾਵਾਂ ਤੇ ਸੁਚੱਜਾ ਚੱਲ ਰਿਹਾ ਏ।”

“ਚਲੋ”



ਪ੍ਰਿੰਸੀਪਲ ਤੇ ਸੁਪਰਡੈਂਟ ਇੰਨੇ ਮੀਜਾਜ਼ ਨਾਲ ਹੌਲੀ-ਹੌਲੀ ਪੈਰ ਪੁੱਟ ਕੇ ਦਫ਼ਤਰ ’ਚੋਂ ਬਾਹਰ ਨਿਕਲੇ ਕਿ ਅੰਨ੍ਹਿਆਂ ਨੂੰ ਵੀ ਚੁਕੰਨੇ ਹੋਣ ਲਈ ਸਮਾਂ ਮਿਲ ਜਾਵੇ। ਜਾਂਦੇ-ਜਾਂਦੇ ਪ੍ਰਿੰਸੀਪਲ ਸੁਪਰਡੈਂਟ ਨੂੰ ਨਵੀਆਂ ਬਣੀਆਂ ਭੌਤਿਕ ਤੇ ਰਸਾਇਣ ਵਿਗਿਆਨ ਦੀਆਂ ਪ੍ਰਯੋਗਸ਼ਾਲਾਵਾਂ ਦਿਖਾਉਣ ਲੱਗ ਪਿਆ।

ਫਿਰ ਦੋਹਾਂ ਨੇ ਸੈਂਟਰ ਦੇ ਮੂਹਰੇ ਬਣੇ ਵਰਾਂਡੇ ਦਾ ਚੱਕਰ ਲਾਇਆ। ਕਮਰਿਆਂ ਅੰਦਰ ਜਾਣ ਦੀ ਲੋੜ ਮਹਿਸੂਸ ਨਹੀਂ ਕੀਤੀ ਕਿਉਂਕਿ ਇਸ ਗੱਲ ਦਾ ਯਕੀਨ ਹੀ ਸੀ ਕਿ ਸੈਂਟਰ ਬੜਾ ਸਮੂਥ ਚਲ ਰਿਹਾ ਸੀ।

ਉਹ ਅਜੇ ਸੈਂਟਰ ਵਿਚੋਂ ਵਾਪਸ ਪਰਤ ਹੀ ਰਹੇ ਸਨ ਕਿ ਯੂਨੀਵਰਸਿਟੀ ਦਾ ਉਡਨ ਦਸਤਾ ਆ ਗਿਆ। ਪ੍ਰਿੰਸੀਪਲ ਨੇ ਉਡਨ ਦਸਤੇ ਨੂੰ ਕਾਲਜ ਅੰਦਰ ਦਾਖ਼ਲ ਹੁੰਦੇ ਸਾਰ ਹੀ ਰੋਕ ਲਿਆ ਤੇ ਆਪਣੇ ਦਫ਼ਤਰ ਵਿੱਚ ਬਿਠਾ ਲਿਆ।

“ਸੁਨਾ ਹੈ, ਸੈਂਟਰ ਬਹੁਤ ਅੱਛਾ ਚਲ ਰਹਾ ਹੈ”, ਉਡਨ ਦਸਤੇ ਦੇ ਬੌਸ ਵਰਮਾ ਸਾਹਿਬ ਨੇ ਖ਼ੁਦ ਹੀ ਸੈਂਟਰ ਨੂੰ ਵਧੀਆ ਕਰਾਰ ਦੇ ਦਿੱਤਾ।

“ਤੁਸੀਂ ਠੀਕ ਫਰਮਾਇਆ ਏ, ਸਰ। ਕਿਸੇ ਕਿਸਮ ਦੀ ਕੋਈ ਪ੍ਰਾਬਲਮ ਨਹੀਂ”,

ਪ੍ਰਿੰਸੀਪਲ ਨੇ ਵਰਮਾ ਸਾਹਿਬ ਦੀ ਗੱਲ ਝੱਟ ਫੜ ਲਈ, “ਸਿੱਧੇ ਚੰਡੀਗੜ੍ਹ ਤੋਂ ਹੀ ਆ ਰਹੇ ਹੋ ਜਾਂ ਕੁਝ ਹੋਰ ਸੈਂਟਰ ਚੈੱਕ ਕਰਕੇ ਆਏ ਹੋ?”

“ਅਭੀ ਤੋਂ ਸੀਧੇ ਚੰਡੀਗੜ੍ਹ ਸੇ ਹੀ ਆ ਰਹੇ ਹੈਂ। ਕੁਛ ਔਰ ਸੈਂਟਰੋਂ ਮੇਂ ਸ਼ਾਇਦ ਅਬ ਜਾਏਂਗੇ। ਮਾਲੂਮ ਹੈ ਸਭੀ ਸੈਂਟਰ ਠੀਕ ਚਲ ਰਹੇ ਹੈਂ। ਪਿਛਲੇ ਸਾਲ ਵੀ ਐਸੇ ਹੀ ਚਲਤੇ ਰਹੇ ਥੇ। ਲਗਤਾ ਹੈ ਆਨੇ ਵਾਲੇ ਸਾਲੋਂ ਮੇਂ ਵੀ ਐਸੇ ਹੀ ਚਲਤੇ ਰਹੇਂਗੇ। ਵੈਸੇ ਵੀ ਹਮ ਸਾਰਾ ਸਮਾਂ ਏਕ ਸੈਂਟਰ ਮੈਂ ਥੋੜ੍ਹਾ ਬੈਠੇ ਰਹਿਨਾ ਹੈ। ਅਗਰ ਹਮ ਕੋਈ ਪਰਚਾ ਕੈਂਸਲ ਵੀ ਕਰਦੇ ਤੋਂ ਦੂਸਰੀ ਵਾਰ ਰਖਾ ਯੇਹ ਪਰਚਾ ਕੋਈ ਦੇਵਤੇ ਤੋਂ ਲੇਂਗੇ ਨਹੀਂ। ਇਸ ਲੀਏ ਕੋਈ ਪ੍ਰੀਖਿਆ ਕੈਂਸਲ ਕਰਨੇ ਕਾ ਕਯਾ ਫਾਇਦਾ? ਲਾਓ ਮੈ ਰਿਪੋਰਟ ਲਿਖ ਦੂੰ-ਗੋਇੰਗ ਆਨ ਵੈਲ (going on well)। ਹਮ ਅਪਨੇ ਟੀ. ਏ., ਡੀ. ਏ. ਕੇ ਫਾਰਮ ਭਰ ਲੇਂ। ਚਾਏ ਹਮ ਨੇ ਪੀ ਹੀ ਲੀ ਹੈ। ਸ਼ਾਇਦ ਕੁਛ ਔਰ ਸੈਂਟਰੋਂ ਮੇਂ ਵੀ ਹਮ ਜਾਏਂ।”

ਉਡਨ ਦਸਤਾ ਛੂ ਮੰਤਰ ਹੋ ਗਿਆ। ਕੁਝ ਸਮੇਂ ਲਈ ਪ੍ਰਿੰਸੀਪਲ ਆਪਣੇ ਦਫ਼ਤਰ ਵਿੱਚ ਇਕੱਲਾ ਹੀ ਰਹਿ ਗਿਆ ਕਿਉਂਕਿ ਮੈਨੇਜਰ ਸਾਹਿਬ ਅਜੇ ਕਾਲਜ ਵਿੱਚ ਹੀ ਬਣੇ ਕਮੇਟੀ ਦੇ ਦਫ਼ਤਰ ਵਿੱਚ ਸਨ। ਪ੍ਰਿੰਸੀਪਲ ਨੂੰ ਆਪਣਾ ਪਿਛਲਾ ਸਾਰਾ ਕੈਰੀਅਰ ਯਾਦ ਆਉਣਾ ਸ਼ੁਰੂ ਹੋ ਗਿਆ। ਉਹ ਖਿਆਲਾਂ ਵਿੱਚ ਗੁਆਚ ਗਿਆ।

ਉਸਨੇ ਵੀ ਤਾਂ ਅਕਸਰ ਦੋ ਮਜ਼ਮੂਨਾਂ ਦੀਆਂ ਐਮ. ਏ. ਦੀਆਂ ਡਿਗਰੀਆਂ ਪਾਸ ਕੀਤੀਆਂ ਹੀ ਹੋਈਆਂ ਸਨ-ਪੰਜਾਬੀ ਤੇ ਰਾਜਨੀਤੀ ਸ਼ਾਸਤਰ। ਭਾਵੇਂ ਉਸਨੂੰ ਹਾਲਾਤ ਨੇ ਕਠਪੁਤਲੀ ਬਣਾਇਆ ਹੋਇਆ ਸੀ ਪਰ ਕਿਸੇ ਵੇਲੇ ਦੇ ਦਿਮਾਗ ਵਿੱਚ ਪਏ ਹੋਏ ਅੱਖਰ

ਬੰਦੇ ਨੂੰ ਸੋਚਾਂ ਵਿੱਚ ਵੀ ਪਾ ਸਕਦੇ ਹਨ :

ਮੈਨੇਜਰ ਜਿਹੇ ਲਾਲ ਭਬੱਕੜ ਵਿੱਦਿਅਕ ਢਾਂਚੇ ਦੇ ਥੰਮ੍ਹ ਹਨ, ਕਿੰਨੀ ਸ਼ਰਮ ਦੀ ਗੱਲ ਏ। ਇਹ ਸਾਡੀਆਂ ਪ੍ਰੀਖਿਆਵਾਂ ਲੈਂਦੇ ਹਨ, ਆਪਣੀ ਪੀੜ੍ਹੀ ਹੇਠ ਕਦੀ ਸੋਟਾ ਨਹੀਂ ਫੇਰਦੇ ਆਹ ਕਿਹੋ ਜਿਹੀ ਪ੍ਰੀਖਿਆ ਮੇਰੀਆਂ ਅੱਖਾਂ ਮੂਹਰੇ ਹੋ ਰਹੀ ਏਮੇਰੇ ਕਾਲਜ ਵਿੱਚ ਵੀ ਤੇ ਮੇਰੇ ਦੇਸ਼ ਵਿੱਚ ਵੀਚੰਗਾ ਹੋਵੇ ਜੇ ਇਸ ਪ੍ਰਕਾਰ ਦੇ ਇਮਤਿਹਾਨ ਨਾ ਹੀ ਹੋਣਇਹਨਾਂ ਪ੍ਰੀਖਿਆਰਥੀਆਂ ਨੇ ਕੱਲ੍ਹ ਨੂੰ ਬੀ. ਏ., ਐਮ. ਏ, ਕਰਕੇ ਦੇਸ਼ ਦੇ ਵੱਖ-ਵੱਖ ਮਹਿਕਮਿਆਂ ਵਿੱਚ ਬਿਰਾਜਮਾਨ ਹੋਣਾ ਏ ਦੇਸ਼ ਵੀ ਅਨੋਖੀ ਪ੍ਰੀਖਿਆ ’ਚੋਂ ਗੁਜ਼ਰ ਰਿਹਾ ਏਸਿਆਸਤ ਦੇ ਧੁਨੰਤਰਾਂ ਤੇ ਘਣਚੱਕਰਾਂ ਦੀ ਵੀ ਪਰਖ ਤੇ ਪ੍ਰੀਖਿਆ ਹੋ ਰਹੀ ਏਦੇਸ਼ ਦੇ ਵਿਧਾਨ ਦੀ ਸਾਰਥਕਤਾ ਵੀ ਸਾਣ ’ਤੇ ਲੱਗੀ ਹੋਈ ਏਰਾਜਨੀਤੀ ਸਿਖਰਾਂ ਛੂਹ ਰਹੀ ਏਕੂੜ ਫਿਰੇ ਪ੍ਰਧਾਨ ਵੇ ਲਾਲੋ ਦੇਸ਼ ਵਿੱਚ ਘੱਟ ਗਿਣਤੀ ਫਿਰਕਿਆਂ ਦਾ ਕੀ ਬਣੇਗਾ?...ਅੰਤਰ

ਸ਼ਾਕਤੋ ਬਹਿਰ ਸ਼ੇਵੋ, ਸਭਾ ਮਧਯੋ ਵੈਸ਼ਣਵ (ਪ੍ਰਾਚੀਨ ਹਿੰਦੂ ਗ੍ਰੰਥ ਵਿੱਚੋਂ-ਅਰਥ-ਮਨ ਵਿੱਚ ਹੋਰ ਤੇ ਬੁੱਲ੍ਹਾਂ ਤੇ ਹੋਰ, ਕਹਿਣੀ ਹੋਰ ਤੇ ਕਰਨੀ ਹੋਰ) ਸੰਤਾਲੀ...ਪੰਜਾਹਅਠੱਤਰ...

ਚੌਰਾਸੀ !!!... ਹੁਣ ਸਤਾਸੀ ਚਲ ਰਿਹਾ ਏਪਤਾ ਨਹੀਂ ਹੋਰ ਕਦੋਂ ਤੱਕ ਪ੍ਰੀਖਿਆ ਚਲਦੀ ਰਹੇਗੀ !!! ਥਿਰ ਨਰਾਯਣ ਥਿਰ ਗੁਰੁ ਥਿਰ ਸਚਾ ਵੀਚਾਰੁ !!

ਪ੍ਰਿੰਸੀਪਲ ਆਪਣੇ ਖਿਆਲਾਂ ਵਿੱਚ ਗੁਆਚਿਆ ਹੋਇਆ ਸੀ ਕਿ ਡਾ. ਪਤਵੰਤ ਸਿੰਘ ਦਫ਼ਤਰ ਵਿੱਚ ਆ ਵੜਿਆ।

“ਸਾਹਿਬ ਜੀ, ਚੁੱਪ ਚਾਪ ਬੈਠੇ ਕਿਨ੍ਹਾਂ ਖਿਆਲਾਂ ਵਿੱਚ ਗੁਆਚੇ ਹੋਏ ਸੋ। ਮੇਰੇ ਅੰਦਰ ਆਉਣ ਤੇ ਵੀ ਤੁਸੀਂ ਇੱਕੋਂ ਪਾਸੇ ਨੂੰ ਟਿਕਟਿਕੀ ਲਗਾ ਕੇ ਦੇਖ ਰਹੇ ਸੌਂ। ਕਿਤੇ ਮੈਂ ਦਫ਼ਤਰ ਵਿੱਚ ਆ ਕੇ ਤੁਹਾਨੂੰ ਡਿਸਟਰਬ ਤਾਂ ਨਹੀਂ ਕੀਤਾ?” ਪਤਵੰਤ ਸਿੰਘ ਨੇ ਪੈਰ ਵਾਪਸ ਮੋੜਦੇ ਨੇ ਪ੍ਰਿੰਸੀਪਲ ਨੂੰ ਪੁੱਛ ਹੀ ਲਿਆ।

“ਨਹੀਂ, ਨਹੀਂ, ਪ੍ਰੋਫ਼ੈਸਰ ਸਾਹਿਬ ਐਸੀ ਤਾਂ ਕੋਈ ਗੱਲ ਨਹੀਂ। ਆ ਜਾਓ, ਆ ਜਾਓ, ਵਾਪਸ ਮੁੜਨ ਦੀ ਕਿਉਂ ਕਾਹਲੀ ਕਰ ਰਹੇ ਹੋ ? ਆ ਜਾਓ, ਬੈਠੋ। ਚਾਹ ਪੀਂਦੇ ਆਂ। ਤੁਸੀਂ ਇਤਿਹਾਸ ਪੜ੍ਹਾਉਂਦੇ ਹੋ ਉਹ ਵੀ ਸੀਨੀਅਰ ਜਮਾਤਾਂ ਨੂੰ। ਨਾਲੇ ਪੰਜਾਬ ਦੇ ਆਧੁਨਿਕ ਇਤਿਹਾਸ ਵਿੱਚ ਤਾਂ ਤੁਹਾਡੀ ਪੂਰੀ ਮੁਹਾਰਤ ਏ। ਮੈਂ ਰਾਜਨੀਤੀ ਸ਼ਾਸਤਰ ਵਿੱਚ ਤਾਂ ਆਧੁਨਿਕ ਇਤਿਹਾਸ ਦਾ ਕੁਝ ਹਿੱਸਾ ਪੜ੍ਹਿਆ ਸੀ ਪਰ ਇਸ ਪ੍ਰਕਾਰ ਦੇ ਇਤਿਹਾਸ ਤੇ ਰਾਜਨੀਤੀ ਦਾ ਰੰਗ ਜ਼ਿਆਦਾ ਚੜ੍ਹਿਆ ਹੁੰਦਾ ਏ। ਤੁਹਾਡੇ ਆਉਣ ਸਮੇਂ ਸਿਆਸਤ ਤੇ ਇਤਿਹਾਸ ਦੀ ਕਿਸੇ ਸਾਂਝੀ ਗੁੰਝਲ ਵਿੱਚ ਫਸਿਆ ਹੋਇਆ ਸੀ। ਅੱਜ ਜੋ ਪੰਜਾਬ ਵਿੱਚ ਹੋ ਰਿਹਾ ਏ ਮੈਂ ਇਹਦੇ ਮੁੱਢ ਬਾਰੇ ਜਾਨਣਾ ਚਾਹੁੰਦਾ ਹਾਂ। ਮੈਨੂੰ ਲੱਗਦਾ ਏ, ਤੁਸੀਂ ਮੇਰੀ ਗੁੰਝਲ ਬੜੀ ਅਸਾਨੀ ਨਾਲ ਹੱਲ ਕਰ ਸਕਦੇ ਹੋ। ਸਿੱਖ ਕੌਮ ਦੀਆਂ ਸਮੱਸਿਆਵਾਂ ਦਾ ਇਤਿਹਾਸ ਕਿੰਨਾ ਕੁ ਪੁਰਾਣਾ ਏ? ਸਿੱਖਾਂ ਨੂੰ ਇਤਿਹਾਸ ਵਿੱਚ ਕਿੰਨੀ



ਕੁ ਵਾਰੀ ਪ੍ਰੀਖਿਆਵਾਂ ਵਿੱਚੋਂ ਲੰਘਣਾ ਪਿਆ? ਮੁਗਲਾਂ ਵੇਲੇ ਸਿੱਖਾਂ ਨਾਲ ਕੀ ਕੁਝ ਹੁੰਦਾ ਰਿਹਾ, ਇਹ ਤਾਂ ਅਸੀਂ ਜਾਣਦੇ ਹੀ ਹਾਂ। ਰਾਗੀ ਢਾਡੀ ਹੀ ਇਸ ਤੇ ਬਥੇਰਾ ਚਾਨਣਾ ਪਾਉਂਦੇ ਰਹਿੰਦੇ ਹਨ। ਸਿੱਖ ਰਾਜ ਬਾਰੇ ਵੀ ਆਪਾਂ ਨੂੰ ਪਤਾ ਹੀ ਹੈ। ਅੱਜ ਜੋ ਪੰਜਾਬ ਵਿੱਚ ਹੋ ਰਿਹਾ ਏ ਇਸਦਾ ਜ਼ਿਆਂਦਾ ਸੰਬੰਧ ਅੱਜ ਤੋਂ ਪਿਛਲੇ ਪੰਜਾਹ ਕੁ ਸਾਲਾਂ ਨਾਲ ਜ਼ਿਆਦਾ ਲੱਗਦਾ ਏ। ਅਜੇ ਪਰਚਾ ਖ਼ਤਮ ਹੋਣ ਨੂੰ ਘੰਟਾ ਕੁ ਰਹਿੰਦਾ ਏ। ਤੁਸੀਂ ਮੈਨੂੰ ਕੁਝ ਵਿਹਲੇ ਵਿਹਲੇ ਵੀ ਲੱਗਦੇ ਹੋ। ਜਮਾਤਾਂ ਤਾਂ ਅੱਜ ਕੱਲ੍ਹ ਲੱਗਦੀਆਂ ਨਹੀਂ।

“ਥੋੜ੍ਹਾ ਜਿਹਾ ਮੇਰੀ ਦਿਮਾਗੀ ਗੁੰਝਲ ਨੂੰ ਹੀ ਸੁਲਝਾ ਦਿਓ।”

ਡਾ. ਪਤਵੰਤ ਸਿੰਘ ਮਿੰਟ ਕੁ ਸੋਚਣ ਲੱਗ ਗਿਆ, ਫਿਰ ਬੋਲਿਆ, “ਮੈਨੂੰ ਪਤਾ ਏ, ਤੁਸੀਂ ਇਤਿਹਾਸ ਦੀ ਤੰਦ ਕਿੱਥੋਂ ਕੁ ਫੜਨੀ ਚਾਹੁੰਦੇ ਹੋ। ਆਧੁਨਿਕ ਪੰਜਾਬ ਦੀ ਦਰਦ ਕਹਾਣੀ ਅਸਲ ਵਿੱਚ 1932 ਤੋਂ ਸ਼ੁਰੂ ਹੁੰਦੀ ਏ।”

“ਇਹ ਸੰਨ ਤਾਂ ਮੇਰੇ ਬਹੁਤਾ ਮਨਚਿਤ ਵੀ ਨਹੀਂ ਏ। ਕਿਉਂ, ਇਸ ਸੰਨ ਵਿੱਚ ਕੀ ਖ਼ਾਸ ਵਾਪਰ ਗਿਐ?”

“ਪ੍ਰਿੰਸੀਪਲ ਸਾਹਿਬ, ਇਹੀ ਸੰਨ ਤਾਂ ਸਾਰੇ ਮਸਲੇ ਦੀ ਜੜ੍ਹ ਏ। 1932 ਵਿੱਚ ਬਰਤਾਨੀਆ ਸਰਕਾਰ ਨੇ ਭਾਰਤ ਦੇ ਰਾਜਸੀ ਹੱਲ ਲਈ ਇੱਕ ਨੁਕਤਾ ਦਿੱਤਾ ਸੀ, ਜਿਸ ਨੂੰ ਕਮਿਊਨਲ ਐਵਾਰਡ (Communal Award) ਕਿਹਾ ਜਾਂਦਾ ਏ।” “ਹਾਂ, ਕਮਿਊਨਲ ਅਵਾਰਡ ਬਾਰੇ ਮੈਂ ਕਿਤੇ ਪੜ੍ਹਿਆ ਤਾਂ ਸੀ ਪਰੰਤੂ ਮੈਨੂੰ ਇਸ ਦੀਆਂ ਧਰਾਵਾਂ ਬਾਰੇ ਬਹੁਤਾ ਯਾਦ ਨਹੀਂ।”

ਸਾਹਿਬ ਜੀ, ਕਮਿਊਨਲ ਐਵਾਰਡ ਤੋਂ ਲੈ ਕੇ ਅੱਜ ਤੱਕ ਦੀ ਇੱਕ ਬੜੀ ਲੰਬੀ ਕਹਾਣੀ ਏ। ਇਸ ਨੂੰ ਬਰੀਕੀ ਨਾਲ ਬਿਆਨ ਕਰਨ ਲਈ ਚੋਖਾ ਸਮਾਂ ਚਾਹੀਦਾ ਏ। ਇਸ ਸਮੇਂ ਮੈਂ ਤੁਹਾਨੂੰ ਇਸ ਬਾਰੇ ਸੰਖੇਪ ਜਿਹਾ ਚਾਨਣਾ ਹੀ ਪਾ ਸਕਦਾ ਹਾਂ। ਆਹ, ਮੇਰੇ ਹੱਥ ਵਿੱਚ ਇੱਕ ਪੁਸਤਕ ਏ। ਇਹ ਪੁਸਤਕ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦੀ ਲਿਖੀ ਹੋਈ ਏ। ਇਸਦੇ ਵਰਕੇ ਪਲਟ ਕੇ ਮੈਂ ਤੁਹਾਨੂੰ ਇੱਕ ਅਬਾਰਤ ਪੜ੍ਹ ਕੇ ਸੁਣਾਉਂਦਾ ਹਾਂ। ਆਹ ਲਿਖਿਆ ਹੈ :-

ਜਦ 16 ਅਗਸਤ 1932 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਮਿਸਟਰ ਰੈਮਜ਼ੇ ਮੈਕਡਾਨਲਡ ਵੱਲੋਂ ਕਮਿਊਨਲ ਅਵਾਰਡ ਦਾ ਐਲਾਨ ਕੀਤਾ ਗਿਆ ਸੀ ਤਾਂ ਮੁਸਲਮਾਨ ਆਗੂਆਂ ਨੇ ਨਾਂਹ-ਨਾਂਹ ਕਰਦਿਆਂ ਇਸ ਨੂੰ ਪ੍ਰਵਾਨ ਕਰ ਲਿਆ। ਮਹਾਤਮਾ ਗਾਂਧੀ ਜੀ ਨੇ ਭੁੱਖ ਹੜਤਾਲ ਦੇ ਹਥਿਆਰ ਨਾਲ ਅਛੂਤਾਂ ਨੂੰ ਹਿੰਦੂਆਂ ਦਾ ਅਟੁੱਟ ਹਿੱਸਾ ਮੰਨਵਾ ਲਿਆ ਅਤੇ ਇਹ ਸੂਝਵਾਨ ਨੀਤੀ ਅਪਣਾਈ ਰੱਖੀ ਕਿ ਜੋ ਮਿਲਦਾ ਹੈ ਉਸ ਤੋਂ ਨਾਂਹ ਨਾ ਕਰੋ ਅਤੇ ਹੋਰ ਮੰਗਾਂ ਲਈ ਧਮਕੀਆਂ ਅਤੇ ਡਰਾਵੇ ਦੇਈ ਜਾਓ ਅਤੇ ਦੂਸਰਾ ਗੱਲਬਾਤ ਨਾਲ ਸਮਝੌਤੇ ਦਾ ਰਾਹ ਵੀ ਨਾ ਛੱਡੋ। ਪਰ ਸਿੱਖਾਂ ਦੇ ਗਰਮ ਅਕਾਲੀ ਧੜੇ ਨੇ ਫੋਕੇ

ਦਮਗਜ਼ਿਆਂ ਅਤੇ ਜੈਕਾਰਿਆਂ ਤੋਂ ਵੱਧ ਕੁਝ ਨਾ ਕੀਤਾ ਅਤੇ ਸਾਰਾ ਜ਼ੋਰ ਠੰਢੇ ਵਿਚਾਰਵਾਨ ਨੀਤੱਗਾਂ ਨੂੰ, ਜੋ ਕੁਝ ਕਰਨ ਯੋਗ ਸਨ, ਭੰਡਣ ਤੇ ਨਿਰਬਲ ਕਰਨ ਪਰ ਲਾ ਦਿੱਤਾ ਅਤੇ ਕੁਝ ਕਰਨ ਜੋਗੇ ਨਾ ਛੱਡਿਆ। ਇਹ ਇੱਕ ਐਸੀ ਹਿਰਦੇ ਵੇਧਕ ਗੱਲ ਹੈ ਜੋ ਪਿਛਲੇ ਪੰਜਾਹ ਵਰ੍ਹਿਆਂ ਤੋਂ ਮੁੜ ਮੁੜ ਦੁਹਰਾਈ ਜਾ ਰਹੀ ਹੈ ਅਤੇ ਸਿੱਖ ਆਗੂ, ਗੁਰੂ ਤੇ ਸੰਗਤ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਵੀ ਪੂਰੇ ਨਹੀਂ ਉਤਰ ਸਕੇ। ਆਹ ਇੱਕ ਹੋਰ ਥਾਂ ਤੇ ਲਿਖਿਆ ਹੈ : ਭੋਲੇ ਸਿੱਖਾਂ ਨੂੰ ਖਿਆਲ ਸੀ ਕਿ ਜੋ ਵਾਇਦੇ ਉਹਨਾਂ ਨੂੰ ਕਾਂਗਰਸੀ ਹਿੰਦੂ ਲੀਡਰ ਦੇ ਰਹੇ ਹਨ ਉਹ ਬਹੁਤ ਕੁੱਝ ਪੂਰੇ ਕਰ ਦਿੱਤੇ ਜਾਣਗੇ। ਉਹਨਾਂ ਨੂੰ ਇਹ ਗੱਲ ਭੁੱਲ ਗਈ ਕਿ ਪੌਲਿਟੀਸ਼ੀਅਨ ਕਿਸੇ ਇੱਕ ਅਸੂਲ, ਵਾਇਦੇ ਅਤੇ ਬਚਨ ਨਾਲ ਬੱਧੇ ਹੋਏ ਨਹੀਂ ਰਹਿੰਦੇ। ਪਾਲਿਟਿਕਸ ਨਾਂਅ ਹੀ ਬਹੁਤੇ ਟਿਕਾਂ ਦਾ ਹੈ ਜਿਵੇਂ ਕਿ ਖੂਹ ਵਿੱਚ ਡਿੱਗਿਆ ਡੋਲ, ਬਾਲਟੀਆਂ ਆਦਿ ਚੀਜ਼ਾਂ ਨੂੰ ਕੱਢਣ ਵਾਲਾ ਕੁੰਡਿਆਂ ਦਾ ਜਾਲ ਹੁੰਦਾ ਹੈ ਜਿਸ ਦਾ ਜਿਹੜਾ ਵੀ ਕੁੰਡਾ ਕੰਮ ਆ ਜਾਏ ਉਹ ਹੀ ਪੌਲਿਟੀਸ਼ੀਅਨ ਲੋਕ ਵਰਤ ਲੈਂਦੇ ਹਨ। "ਪ੍ਰਿੰਸੀਪਲ ਸਾਹਿਬ, ਮੈਂ ਉਸ ਸਮੇਂ ਦੇ ਲੀਡਰਾਂ ਦੇ ਬਹੁਤੇ ਨਾਮ ਹੀ ਨਹੀਂ ਲੈਣਾ ਚਾਹੁੰਦਾ। ਕੁੱਕੜ ਭਾਵੇਂ ਰੰਗ ਬਰੰਗੇ ਸਨ ਪਰ ਬਾਂਗ਼ਾਂ ਸਭ ਦੀਆਂ ਇੱਕੋ ਜਿਹੀਆਂ ਹੀ ਸਨ। ਫਿਰ ਕਿਤੇ ਬੈਠ ਕੇ ਇਸ ਪ੍ਰਕਾਰ ਦੀਆਂ ਲੰਬੀਆਂ ਵਿਚਾਰਾਂ ਕਰਾਂਗੇ। ਸੰਖੇਪ ਗੱਲ ਇਹੀ ਕਹੀ ਜਾ ਸਕਦੀ ਏ ਕਿ ਉਪਰੋਕਤ ਪ੍ਰਕੋਪ ਦੀ ਸਥਿਤੀ ਸੰਨ ਸੰਤਾਲੀ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਵੀ ਬਣੀ ਰਹੀ। ਇਸ ਸੰਬੰਧ ਵਿੱਚ ਭਾਰਤੀ ਇਤਿਹਾਸ ਦੇ ਸੰਮਤ 1600, 1661, 1757, 1773, 1861, 1885, 1906, 1909, 1932 ਆਦਿ ਦੇ ਵਿਚਾਰ ਕਰਨ ਦੀ ਜ਼ਰੂਰਤ ਹੈ। ਸਾਡਾ ਇਹ ਖਿੱਤਾ ਵੱਖ ਵੱਖ ਪ੍ਰਸਥਿਤੀਆਂ ਵਿੱਚੋਂ ਗੁਜ਼ਰਦਾ ਰਿਹਾ ਹੈ। ਅੱਜ ਦੇ ਹਾਲਾਤ ਵੀ ਇਹਨਾਂ ਪ੍ਰਸਥਿਤੀਆਂ ਦੀ ਹੀ ਉਪਜ ਹਨ। ਤੁਹਾਨੂੰ ਪਤਾ ਹੀ ਹੈ ਕਿ ਇੰਜ ਇਤਿਹਾਸ ਵਿੱਚ ਹੁੰਦਾ ਹੀ ਰਿਹਾ ਹੈ। ਤੁਹਾਡੇ ਪਾਸ ਹੁਣ ਬਹੁਤਾ ਵਕਤ ਨਹੀਂ। ਸੁਪਰਡੈਂਟ ਪਰਚੇ ਸਮੇਟ ਕੇ ਆ ਹੀ ਰਿਹਾ ਹੋਵੇਗਾ। ਤੁਸੀਂ ਉਹਦੇ ਨਾਲ ਕੱਲ੍ਹ ਦਾ ਪ੍ਰੋਗਰਾਮ ਵੀ ਉਲੀਕਣਾ ਹੋਵੇਗਾ। ਚੰਗਾ ਮੈਂ ਚੱਲਦਾ ਹਾਂ।" "ਚੰਗਾ ਡਾਕਟਰ ਸਾਹਿਬ ਤੁਹਾਡਾ ਬਹੁਤ ਬਹੁਤ ਧੰਨਵਾਦ।"

ਪਰਚਾ ਕੁਝ ਦੇਰ ਬਾਅਦ ਖਤਮ ਹੋ ਗਿਆ। ਧਕਮਧੱਕਾ ਹੋਏ ਪ੍ਰੀਖਿਆਰਥੀ ਸੈਂਟਰ ਤੋਂ ਬਾਹਰ ਨਿਕਲ ਰਹੇ ਸਨ। ਕਾਵਾਂ ਰੌਲੀ ਮਚੀ ਹੋਈ ਸੀ। ਤਾਇਨਾਤ ਪੁਲਿਸ ਦੇ ਕੁੱਝ ਕਰਮਚਾਰੀ ਹੁੱਲੜਬਾਜੀ ਹੋਣ ਤੇ ਸਖਤ ਨਜ਼ਰ ਰੱਖ ਰਹੇ ਸਨ। "ਪਰਚਾ ਤਾਂ ਗੱਡ ਕੇ ਰੱਖ ਦਿੱਤਾ। ਸਾਰੇ ਸਵਾਲ ਸ਼ਰੇਆਮ ਕਿਤਾਬ ਖੋਲ੍ਹ ਕੇ ਲਿਖੇ। ਸੁਪਰਵਾਈਜ਼ਰ ਨੇ ਅੱਖਾਂ ਮੀਚ ਛੱਡੀਆਂ। ਮਜ਼ਾ ਆ ਗਿਐ ਪਰਚਾ ਦੇਣ ਦਾ", ਇੱਕ ਬੋਲਿਆ।

"ਦੋ ਕੁ ਸਾਲ ਹੋਰ ਇਵੇਂ ਚਲਦਾ ਰਿਹਾ ਤਾਂ ਆਪਣੀ ਬੀ. ਏ ਹੋਈ ਕਿ ਹੋਈ।

ਸ਼ਾਇਦ ਐਮ. ਏ ਵੀ ਇਵੇਂ ਹੀ ਹੋ ਜਾਵੇ। ਰੱਬ ਕਰੇ, ਪੰਜਾਬ 'ਚ ਹੋਰ ਦੋ ਚਾਰ ਸਾਲ



ਗੋਲੀਆਂ ਚਲਦੀਆਂ ਰਹਿਣ। ਇਹ ਸਾਲੇ ਪੜ੍ਹੇ ਲਿਖੇ ਤਾਂ ਗੋਲੀਆਂ ਚਲਦੀਆਂ ਦੀਆਂ ਖਬਰਾਂ ਪੜ੍ਹ ਕੇ ਇਵੇਂ ਡਰ ਜਾਂਦੇ ਐ ਜਿਵੇਂ ਕਾਂ ਗੁਲੇਲ ਤੋਂ ਡਰਦਾ ਏ, ਇਕ ਹੋਰ ਦੂਜੇ ਨੂੰ ਦੰਦੀਆਂ ਕੱਢਦਾ ਹੋਇਆ ਦੱਸ ਰਿਹਾ ਸੀ।

ਸੈਂਟਰ ਅੰਦਰ ਸੁਪਰਡੈਂਟ ਦਾ ਕੰਮ ਖ਼ਤਮ ਹੋ ਗਿਆ। ਜਿਓਂ ਹੀ ਉਹ ਬਾਹਰ ਨਿਕਲਿਆ, ਉਸਦਾ ਸਾਥੀ ਪ੍ਰੋਫ਼ੈਸਰ ਪ੍ਰਸ਼ੋਤਮ ਉਸਨੂੰ ਆ ਮਿਲਿਆ।

"ਸਰ, ਆਓ ਮੇਰੇ ਨਾਲ ਸਕੂਟਰ ਤੇ ਬੈਠੋ। ਕੁਝ ਸਮਾਨ ਤੁਹਾਡੀ ਭੇਟ ਕਰਨਾ ਏ।"

"ਕਿਹੜਾ ਸਮਾਨ? ਕਿੱਥੇ ਜਾਣਾ ਏ?"

"ਸਰ, ਜਿਹੜੇ ਦੋ ਲੜਕੇ ਤੁਹਾਨੂੰ ਪਰਸੋਂ ਤੁਹਾਡੇ ਘਰ ਭੂੰਡ ਤੇ ਮਿਲਣ ਗਏ ਸੀ।"

ਉਹਨਾਂ ਮੈਨੂੰ ਛੇ ਬੋਤਲਾਂ ਰੈੱਡ ਨਾਈਟ (Red Knight) ਦੀਆਂ ਦਿੱਤੀਆਂ ਸੀ। ਕਹਿੰਦੇ ਸੀ, ਸਾਹਿਬ ਨੂੰ ਦੇ ਦੇਣੀਆਂ। ਮੈਨੂੰ ਹੈਰਾਨੀ ਹੈ, ਜਦ ਸਭ ਕੰਮ ਮੁਫ਼ਤ ਵਿੱਚ ਹੀ ਠੀਕ ਚੱਲ ਰਿਹਾ ਸੀ, ਫਿਰ ਉਹਨਾਂ ਨੂੰ ਇੰਜ ਕਰਨ ਦੀ ਕੀ ਲੋੜ ਸੀ? ਮੈਨੂੰ ਲੱਗਦਾ ਏ, ਉਹ ਆਪਣਾ ਕੰਮ ਪੂਰਾ ਹੋਣ ਵਿੱਚ ਮਾੜੀ ਮੋਟੀ ਵੀ ਕਮਜ਼ੋਰੀ ਨਹੀਂ ਸੀ ਛੱਡਣੀ ਚਾਹੁੰਦੇ।

ਉਹਨਾਂ ਦਾ ਆਖਰੀ ਚਾਂਸ ਸੀ। ਇਸ ਕਰਕੇ ਉਹਨਾਂ ਨੇ ਇਹ ਪਤਾ ਨਹੀਂ ਕਿਵੇਂ ਪਤਾ ਲਗਾ ਲਿਆ ਕਿ ਮੈਂ ਵੀ ਤੁਹਾਡੇ ਨਾਲ ਕਿਸੇ ਸੈਂਟਰ ਵਿੱਚ ਆ ਰਿਹਾ ਹਾਂ।

"ਪ੍ਰੋਫ਼ੈਸਰ ਸਾਹਿਬ, ਹੋਰ ਤੁਸੀਂ ਜੋ ਮਰਜ਼ੀ ਕਰਦੇ ਪਰ ਤੁਹਾਨੂੰ ਉਹਨਾਂ ਪਾਸੋਂ ਇਹ ਸ਼ਰਾਬ ਨਹੀਂ ਸੀ ਲੈਣੀ ਚਾਹਦਿੀ।"

"ਸਰ, ਸਾਰੇ ਲੈਂਦੇ ਈ ਐ। ਅਸੀਂ ਲੈ ਲਈ ਫਿਰ ਕੀ ਹੋਇਆ? ਮੈਂ ਤਾਂ ਅਜੇ ਨਵਾਂ ਨਵਾਂ ਇਸ ਕਿੱਤੇ ਵਿੱਚ ਆਇਆ ਹਾਂ। ਪਹਿਲਾਂ ਮੈਂ ਇੱਕ ਸਕੂਲ ਵਿੱਚ ਦੋ ਸਾਲ ਪੜ੍ਹਾਇਆ ਸੀ। ਉਥੇ ਤਾਂ ਟੀਚਰ ਮੰਗ ਕੇ ਲੈ ਲਿਆ ਕਰਦੇ ਸਨ। ਮੈਂ ਤਾਂ ਫਿਰ ਵੀ ਪਰਦੇ ਨਾਲ ਹੀ ਲਈਆਂ ਨੇ। ਨਾਲੇ ਉਹ ਮੇਰੇ ਮੱਲੋਮੱਲੀ ਗਲ ਹੀ ਪਾ ਗਏ ਕਹਿੰਦੇ, ਸਾਹਿਬ ਦੀ ਸੇਵਾ ਜ਼ਰੂਰ ਕਰਨੀ ਏ?"

"ਪ੍ਰੋਫ਼ੈਸਰ ਸਾਹਿਬ, ਹਾਲਾਤ ਬੜੇ ਖ਼ਰਾਬ ਨੇ। ਤੁਹਾਨੂੰ ਪਤਾ ਹੀ ਏ, ਖਾੜਕੂਆਂ ਦੀ ਲਹਿਰ ਸ਼ਰਾਬ ਦੇ ਵੀ ਬੜੀ ਖ਼ਿਲਾਫ਼ ਏ। ਉਹਨਾਂ ਸਿਗਰਟ ਅਤੇ ਮੀਟ ਦੇ ਖੋਖਿਆਂ ਦੇ ਨਾਲ ਸ਼ਰਾਬ ਦੇ ਠੇਕੇ ਵੀ ਬੰਦ ਕਰਵਾਏ ਨੇ।" ਉਜਾਗਰ ਮੱਲ ਧੁਣਕੀ ਤੋਂ ਡਰੇ ਕਾਂ ਵਾਂਗ ਸਿਰ ਨੀਵਾਂ ਕਰੀ ਪ੍ਰੋਫ਼ੈਸਰ ਪ੍ਰਸ਼ੋਤਮ ਦੇ ਕੰਨਾਂ ਵਿੱਚ ਘੁਸਰ-ਮੁਸਰ ਕਰ ਰਿਹਾ ਸੀ।

"ਇਹ ਕਿਹੜੇ ਖਾੜਕੂ ਨੇ ? ਇਹ ਤਾਂ ਆਮ ਸਾਧਾਰਨ ਮੁੰਡੇ ਨੇ। ਵਿਚਾਰੇ ਬੀ. ਏ. ਦੇ ਆਖਰੀ ਸਾਲ ਦੀ ਅੰਗਰੇਜ਼ੀ ਦੀ ਕੰਪਾਰਟਮੈਂਟ ਕਲੀਅਰ ਕਰਕੇ ਬੱਸਾਂ ਵਿੱਚ ਕੰਡਕਟਰਾਂ ਤੋਂ ਚੈੱਕਰ ਬਣਨਾ ਚਾਹੁੰਦੇ ਨੇ। ਕਿਸੇ ਦਾ ਭਲਾ ਹੋ ਜਾਵੇ ਤਾਂ ਸਾਡਾ ਕੀ ਜਾਂਦਾ ਏ।

ਖੁਹਾਨੂੰ ਪਤਾ ਏ, ਹੁਣ ਤਾਂ ਹਰ ਕੋਈ ਵਗਦੀ ਗੰਗਾ ਵਿੱਚ ਹੱਥ ਧੋਈ ਜਾ ਰਿਹਾ ਏ।

ਸ਼ਾਲੇ ਕੰਡਕਟਰ ਹੁੰਦੇ ਹੋਏ ਸਵਾਰੀਆਂ ਨਾਲ ਟਿੱਚਰਾਂ ਕਰਦੇ ਨੇ। ਜੇਕਰ ਚੈੱਕਰ ਬਣ

ਗਏ ਤਾਂ ਕੁਝ ਤਾਂ ਸਮਝਦਾਰੀ ਨਾਲ ਬੋਲਿਆ ਕਰਨਗੇ। ਇੰਜ ਉਹਨਾਂ ਦਾ ਸਵਾਰੀਆਂ ਨਾਲ ਸਿੱਧਾ ਵਾਸਤਾ ਖ਼ਤਮ ਹੋ ਜਾਊ। ਆਮ ਜਨਤਾ ਦਾ ਤਾਂ ਭਲਾ ਹੀ ਕੀਤਾ ਅਸੀਂ।

ਸਾਨੂੰ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਅਸੀਂ ਦੋ ਅਵਾ ਤਵਾ ਬੋਲਣ ਵਾਲਿਆਂ ਨੂੰ ਪ੍ਰਮੋਟ ਕਰਵਾ ਕੇ ਚੈੱਕਰ ਬਣਵਾ ਦਿੱਤਾ ਤੇ ਆਮ ਭੋਲੀਆਂ ਭਾਲੀਆਂ ਸਵਾਰੀਆਂ ਨਾਲੋਂ ਉਹਨਾਂ ਦਾ ਨਾਤਾ ਤੋੜ ਦਿੱਤਾ। ਮੈਂ ਰੋਜ਼ ਬੱਸ ਵਿੱਚ ਦੇਖਦਾ ਹੀ ਹਾਂ ਕਿ ਕੰਡਕਟਰ ਸਵਾਰੀਆਂ ਨੂੰ ਕਿਵੇਂ ਟਿੱਚਰਾਂ ਕਰਦੇ ਨੇ। ਪਰਸੋਂ ਬੱਸ ਵਿੱਚ ਮੇਰੇ ਪਾਸ ਇੱਕ ਲੜਕੀ ਬੈਠੀ ਸੀ। ਜਦ ਮੈਨੂੰ ਕੰਡਕਟਰ ਟਿਕਟ ਦੇਣ ਲੱਗਾ ਤਾਂ ਕਹਿੰਦਾ ਤੁਹਾਡੇ ਲਈ ਹੀ ਕੱਟਾਂ ਕਿ ਭਰਜਾਈ ਲਈ ਵੀ ? ਇੰਜ ਟਿੱਚਰ ਕਰਦੇ ਨੇ ਇੱਕ ਅਜਨਬੀ ਜਨਾਨਾ ਸਵਾਰੀ ਨੂੰ ਮੇਰੀ ਪਤਨੀ ਬਣਾ ਕੇ ਹੀ ਪੇਸ਼ ਕਰ ਦਿੱਤਾ। ਸੁਪਰਡੈਂਟ ਸਾਹਿਬ, ਘਬਰਾਓ ਨਾ, ਅਸੀਂ ਲੋਕ ਭਲਾਈ ਦਾ ਕੰਮ ਹੀ ਕੀਤਾ ਏ।

ਉਜਾਗਰ ਮੱਲ ਨੇ ਆਪਣੇ ਸਾਥੀ ਪ੍ਰੋਫ਼ੈਸਰ ਨਾਲ ਬਹੁਤੀ ਬਹਿਸ ਨਾ ਕੀਤੀ।

ਪਰਚਾ ਖ਼ਤਮ ਹੋਣ ਤੋਂ ਬਾਅਦ ਉਹ ਫਿਰ ਮੈਨੇਜਰ ਸਾਹਿਬ ਦੇ ਨਾਲ ਉਹਦੇ ਘਰ ਚਲੇ ਗਿਆ। ਸ਼ਰਾਬ ਦੀਆਂ ਬੋਤਲਾਂ ਵਿੱਚੋਂ ਪੰਜ ਉਹਨੇ ਮੈਨੇਜਰ ਦੀ ਕਾਰ ਵਿੱਚ ਰਖਵਾ ਲਈਆਂ ਤੇ ਇੱਕ ਉਸ ਦੇ ਸਾਥੀ ਪ੍ਰੋਫ਼ੈਸਰ ਨੂੰ ਦੇ ਦਿੱਤੀ।

ਇੰਜ ਕਈ ਸਾਲ ਯੂਨੀਵਰਸਿਟੀਆਂ ਦੇ ਲੱਗਪੱਗ ਸਾਰੇ ਪ੍ਰੀਖਿਆ ਕੇਂਦਰਾਂ ਦੇ ਅਤੇ ਉਡਨ ਦਸਤਿਆਂ ਦੇ ਉਜਾਗਰ ਮੱਲਾਂ ਨੇ ਸਿਖਿਆਰਥੀਆਂ ਦੇ ਦਿਮਾਗਾਂ ਨੂੰ ਉਜਾਗਰ ਕਰੀ ਰੱਖਿਆ। ਪ੍ਰੀਖਿਆ ਚਲਦੀ ਰਹੀ ਤੇ ਉਜਾਗਰ ਮੱਲ ਨਵੀਂ ਪੀੜ੍ਹੀ ਦੇ ਦਿਮਾਗਾਂ ਨੂੰ ਉਜਾਗਰ ਕਰਦੇ ਰਹੇ। ਇੱਕ ਪੰਜਾਬ ਦਾ ਭਵਿੱਖ ਰੌਸ਼ਨ ਹੁੰਦਾ ਰਿਹਾ।



# ਕਾਂਡ ਦੋ

ਉਜਾਗਰ ਮੱਲ ਢਿੱਲਾ ਢੱਗਾ ਸੀ, ਪ੍ਰਸ਼ੋਤਮ ਅਲਕ ਵੱਛਾ। ਹਾਲਾਤ ਇਸ ਪ੍ਰਕਾਰ ਦੇ ਚੱਲ ਰਹੇ ਸਨ ਕਿ ਉਜਾਗਰ ਮੱਲ ਜਿਹੇ ਬੰਦੇ ਕਾਲਜਾਂ ਵਿੱਚ ਪ੍ਰੀਖਿਆਵਾਂ ਲੈਣ ਲਈ ਬੜੇ ਅਨੁਕੂਲ ਬੈਠ ਰਹੇ ਸਨ। ਵੈਸੇ ਤਾਂ ਉਸ ਵੇਲੇ ਉਹ ਲੋਕ ਵੀ ਢਿੱਲੇ ਢੱਗੇ ਹੀ ਬਣ ਗਏ ਸਨ ਜਿਹੜੇ ਆਪਣੇ ਆਪਨੂੰ ਬੜੇ ਤੇਜ਼ ਤਰਾਰ ਸਮਝਿਆ ਕਰਦੇ ਸਨ। ਏ ਕੇ ਸੰਤਾਲੀ ਦਾ ਸਾਇਆ ਪੰਜਾਬ ਦੇ ਹਰ ਖਿੱਤੇ 'ਤੇ ਘਣੇ ਬੱਦਲਾਂ ਵਾਂਗ ਮੰਡਰਾ ਰਿਹਾ ਸੀ। ਅਖ਼ਬਾਰਾਂ ਦੀਆਂ ਸੁਰਖੀਆਂ ਹਰ ਰੋਜ਼ ਮੌਤ ਦੇ ਅੰਕੜਿਆਂ ਨਾਲ ਭਰੀਆਂ ਹੁੰਦੀਆਂ ਸਨ। ਕੁਝ ਲੋਕ ਸੋਚਦੇ ਸਨ ਕਿ ਪੰਜਾਬ ਵਿਚ ਗਵਰਨਰੀ ਰਾਜ ਖ਼ਤਮ ਹੋ ਜਾਣ ਤੋਂ ਬਾਅਦ ਸ਼ਾਇਦ ਇਹ ਅੰਕੜੇ ਕੁਝ ਨੀਵੇਂ ਹੋ ਜਾਣਗੇ ਪਰੰਤੂ ਬਰਨਾਲੇ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਇਹ ਅੰਕੜੇ ਜਾਂ ਤਾਂ ਉਨੇ ਹੀ ਰਹੇ ਤੇ ਜਾਂ ਕਦੀ ਕਦੀ ਹੋਰ ਉੱਚੇ ਹੁੰਦੇ ਗਏ।

ਉਜਾਗਰ ਮੱਲ ਦੇ ਪ੍ਰੀਖਿਆ ਕੇਂਦਰ ਦੇ ਪਹਿਲੇ ਦਿਨ ਦਾ ਪਰਚਾ ਖ਼ਤਮ ਹੋ ਹੀ ਗਿਆ ਸੀ। ਸਾਰੇ ਨਿਗਰਾਨ ਸ਼ੁਕਰ ਮਨਾ ਰਹੇ ਸਨ ਕਿ ਪ੍ਰੀਖਿਆ ਭਲੀ ਭਾਂਤ ਸ਼ੁਰੂ ਹੋ ਗਈ ਸੀ। ਪਹਿਲੇ ਦਿਨ ਦੇ ਨਿਗਰਾਨਾਂ ਵਿਚ ਬਹੁਤੇ ਉਸੇ ਕਾਲਜ ਦੇ ਅਧਿਆਪਕ ਹੀ ਸਨ, ਸਿਰਫ ਦੋ ਕੁ ਅਧਿਆਪਕ ਬਾਹਰਲੇ ਕਾਲਜਾਂ ਵਿਚੋਂ ਆਏ ਸਨ। ਦੂਜੇ ਦਿਨ ਦੇ ਪ੍ਰੀਖਿਆਰਥੀਆਂ ਵਿਚ ਬਹੁਤੇ ਸਾਇੰਸ ਦੇ ਵਿਦਿਆਰਥੀ ਸਨ। ਹਿਊਮੈਨਟੀਜ਼ ਦਾ ਇਕ ਅੱਧ ਜਮਾਤ ਦਾ ਹੀ ਪਰਚਾ ਸੀ। ਦੂਸਰੇ ਦਿਨ ਨਾਲ ਦੇ ਕਾਲਜ 'ਚੋਂ ਇਕ ਇਸਤਰੀ ਅਧਿਆਪਕ ਵੀ ਆਈ ਸੀ। ਇਹ ਅਧਿਆਪਕ ਉਸ ਕਾਲਜ ਵਿਚ ਇਤਿਹਾਸ ਪੜ੍ਹਾਉਂਦੀ ਸੀ। ਇਸਦੀ ਨਿਯੁਕਤੀ ਵੀ ਅਜੇ ਦੋ ਕੁ ਸਾਲ ਪਹਿਲਾਂ ਹੀ ਹੋਈ ਸੀ। ਇਕ ਕਮਰੇ ਵਿਚ ਇਸਦੀ ਅਤੇ ਇਕ ਹੋਰ ਪ੍ਰੋ. ਪ੍ਰਸ਼ੋਤਮ ਦੀ ਡਿਊਟੀ ਸੀ। ਪਰਚਾ ਸ਼ੁਰੂ ਹੋਣ ਤੋਂ ਬਾਅਦ ਪ੍ਰਸ਼ੋਤਮ ਤੇ ਇਹ ਮੈਡਮ ਕਦੀ ਕਦੀ ਆਪਸ ਵਿੱਚ ਗੱਲਾਂ ਕਰਨ ਦਾ ਸਮਾ ਕੱਢ ਹੀ ਲਿਆ ਕਰਦੇ ਸਨ।

"ਮੈਡਮ, ਤੁਸੀਂ ਕੱਲ੍ਹ ਤਾਂ ਸੈਂਟਰ ਵਿੱਚ ਆਏ ਨਹੀਂ", ਪ੍ਰਸ਼ੋਤਮ ਨੇ ਗੱਲ ਤੋਰਨ ਦਾ ਬਹਾਨਾ ਲੱਭਿਆ।

"ਮੈਂ ਪਹਿਲੇ ਦਿਨ ਡਿਊਟੀ ਨਹੀਂ ਲਗਵਾਈ ਸੀ। ਮੈਨੂੰ ਘਰੇਲੂ ਕੰਮ ਵੀ ਸੀ। ਵੈਸੇ ਵੀ ਪਹਿਲੇ ਦਿਨ ਕੁਝ ਡਰ ਜਿਹਾ ਲੱਗਦਾ ਸੀ। ਸੋਚਦੀ ਸਾਂ, ਸ਼ਾਇਦ ਪ੍ਰੀਖਿਆਵਾਂ ਕੈਂਸਲ ਹੀ ਹੋਣ ਜਾਣ। ਹਾਲਾਤ ਤਾਂ ਤੁਹਾਨੂੰ ਦਿਸਦੇ ਹੀ ਹਨ। ਸੁਣਿਐ, ਕੱਲ੍ਹ ਸਭ ਕੁਝ ਠੀਕ

ਠਾਕ ਹੀ ਰਿਹੈ?" ਕਾਂਤਾ ਮੈਡਮ ਨੇ ਸਫਾਈ ਜਿਹੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

"ਮੈਡਮ, ਹੋਣਾ ਹਾਣਾ ਕੀ ਸੀ। ਪਿਛਲੇ ਕਈ ਸਾਲਾਂ ਤੋਂ ਵੀ ਇਵੇਂ ਹੀ ਚੱਲਦਾ ਆ ਰਿਹਾ ਏ। ਭਾਵੇਂ ਕਿੰਨਾ ਵੀ ਡਰ ਭਰਿਆ ਮਾਹੌਲ ਹੋਵੇ ਸਾਰੇ ਕੰਮ ਹੁੰਦੇ ਹੀ ਰਹਿੰਦੇ ਨੇ। ਨਾਲੇ ਵਿਦਿਆਰਥੀ ਤਾਂ ਖ਼ੁਸ਼ ਹਨ ਕਿ ਬੜਾ ਵਧੀਆ ਚਲ ਰਿਹਾ ਏ। ਉਹ ਲੋਕ ਵੀ ਡਿਗਰੀਆਂ ਪਾਸ ਕਰੀ ਜਾ ਰਹੇ ਹਨ ਜਿਹਨਾਂ ਨੇ ਨਾਰਮਲ ਹਾਲਾਤ ਵਿੱਚ ਫੇਲ੍ਹ ਹੋ ਜਾਣਾ ਸੀ। ਤੁਸੀਂ ਐਂਵੇ ਹੀ ਡਰ ਗਏ।"

"ਸਫਰ ਕਰਦਿਆਂ ਵੀ ਤਾਂ ਡਰ ਲੱਗਦਾ ਰਹਿੰਦਾ ਏ। ਪਤਾ ਨੀਂ ਕਿਹੜੇ ਵੇਲੇ ਕੋਈ ਬਸ ਰੋਕ ਲਵੇ ਤੇ ਠਾਹ ਠਾਹ ਹੋਣੀ ਸ਼ੁਰੂ ਹੋ ਜਾਵੇ। ਅਜੇ ਪਰਸੋ ਹੀ ਤਾਂ 30 ਮੁਸਾਫਿਰ ਬੱਸ ਵਿਚੋਂ ਕੱਢ ਕੇ ਗੋਲੀਆਂ ਨਾਲ ਭੁੰਨੇ ਗਏ ਨੇ।"

"ਮੈਡਮ ਐਵੇਂ ਡਰਿਆ ਨਾ ਕਰੋ। ਇਸਤਰੀਆਂ ਤੇ ਬੱਚਿਆਂ ਨੂੰ ਕੋਈ ਨਹੀਂ ਮਾਰਦਾ।"

"ਅਸਲੀਆਂ ਦੀ ਆੜ ਵਿੱਚ ਨਕਲੀ ਵੀ ਤਾਂ ਕੋਈ ਕਾਰਵਾਈ ਕਰ ਸਕਦੇ ਨੇ। ਲੁੱਟਾਂ ਖੋਹਾਂ ਵੀ ਬਥੇਰੀਆਂ ਹੋਈ ਜਾ ਰਹੀਆਂ ਨੇ।"

"ਲਗਦੈ, ਤੁਹਾਡਾ ਪਰਸ ਪੈਸਿਆਂ ਨਾਲ ਭਰਿਆ ਰਹਿੰਦਾ ਏ। ਤੁਸੀਂ ਤਾਂ ਗਹਿਣੇ ਵੀ ਕਈ ਪਾ ਕੇ ਰੱਖਦੇ ਹੋ।"

"ਤੁਸੀਂ ਤਾਂ ਐਵੇਂ ਮਜ਼ਾਕ ਕਰਦੇ ਹੋ। ਮੇਰੇ ਪਰਸ ਵਿਚ ਕਿਰਾਏ ਦੇ ਪੈਸਿਆਂ ਤੋਂ ਇਲਾਵਾ ਮਸਾਂ ਚਾਹ ਪਾਣੀ ਜੋਗੇ ਪੈਸੇ ਹੀ ਹੁੰਦੇ ਨੇ। ਤੁਸੀਂ ਮੈਨੂੰ ਸੁਨਿਆਰੇ ਲੱਗਦੇ ਹੋ, ਗਹਿਣਿਆਂ ਦੀ ਬੜੀ ਸ਼ਨਾਖ਼ਤ ਰੱਖਦੇ ਹੋ।"

"ਹਾਂ, ਹੈ ਤਾਂ ਮੈਂ ਸੁਨਿਆਰਾ ਹੀ।"

"ਤੁਹਾਡੀ ਸ਼ਨਾਖਤ ਬੜੀ ਤਕੜੀ ਏ।"

"ਕੋਈ ਸ਼ੱਕ?"

"ਸੁਨਿਆਰਾ ਬਰਾਦਰੀ 'ਚ ਜਨਮੇ ਲੱਗਦੇ ਹੋ, ਸੁਨਿਆਰਿਆਂ ਦਾ ਕੰਮ ਨਹੀਂ ਕੀਤਾ ਲੱਗਦਾ।"

"ਕਿਉਂ?"

"ਮੇਰੇ ਗਹਿਣੇ ਨਕਲੀ (ਆਰਟੀਫੀਸ਼ੀਅਲ) ਹਨ।"

"ਸੱਚੀ?"

"ਅੱਜ ਕੱਲ੍ਹ ਦੇ ਹਾਲਾਤਾਂ ਵਿਚ ਅਸਲੀ ਗਹਿਣੇ ਪਹਿਨ ਨੇ ਮਰਨਾ?"

"ਲੁਟੇਰੇ ਤਾਂ ਨਕਲੀ ਪਹਿਨਣ ਆਲਿਆਂ ਦੀ ਵੀ ਭੁਗਤ ਸੁਆਰ ਸਕਦੇ ਨੇ।"

ਕੁਝ ਦਿਨ ਪਹਿਲਾਂ ਸਾਡੇ ਪਿੰਡ ਕੋਲ ਇੱਕ ਬੁੱਢੀ ਤੋਂ ਦੋ ਮੋਟਰਸਾਈਕਲ ਸਵਾਰਾਂ ਨੇ ਚੇਨੀ ਖੋਹ ਲਈ। ਜਦ ਜਾ ਕੇ ਦੇਖਿਆਂ ਤਾਂ ਚੇਨੀ ਨਕਲੀ ਸੀ। ਅਜੇ ਪਰਸੋਂ ਹੀ ਉਹਨਾਂ



ਨੇ ਉਸ ਤੀਵੀਂ ਨੂੰ ਆਣ ਘੇਰਿਆ। ਨਾਲੇ ਉਸਦੇ ਦੋ ਚਪੇੜਾਂ ਮਾਰੀਆਂ ਤੇ ਨਾਲੇ ਕਹਿੰਦੇ ਬੁੜੀਏ, ਨਕਲੀ ਸੰਗਲੀਆਂ ਪਾ ਕੇ ਸਾਨੂੰ ਧੋਖਾ ਨਾ ਦਿਆ ਕਰ। ਹੁਣ ਉਸ ਬੁੱਢੀ ਨੇ ਸੋਨਾ ਪਹਿਨਣਾ ਹੀ ਬੰਦ ਕਰ ਦਿੱਤਾ ਏ।"

"ਇਸਦਾ ਮਤਲਬ ਇਹ ਕਿ ਅਸੀਂ ਵੀ ਬੰਦ ਕਰ ਦਈਏ?"

"ਤੁਹਾਡੀ ਮਰਜ਼ੀ। ਬਹੁਤਾ ਨਾ ਡਰਿਆ ਕਰੋ।" ਤੁਹਾਡੇ ਜਿਹੀਆਂ ਅਪ-ਟੂ-ਡੇਟ ਸਵਾਰੀਆਂ ਨੂੰ ਕੋਈ ਕੁਝ ਨਹੀਂ ਕਹਿ ਸਕਦਾ।

"ਮੈਂ ਤੁਹਾਨੂੰ ਆਪ ਟੂ ਡੇਟ ਲਗਦੀ ਹਾਂ?"

"ਬਿਨ੍ਹਾਂ ਸ਼ੱਕ ?"

"ਬਹੁਤ ਬਹੁਤ ਸ਼ੁਕਰੀਆ। ਗੱਲਾਂ ਛੱਡੀਏ। ਜ਼ਰਾ ਕਮਰੇ ਅੰਦਰ ਚੱਕਰ ਵੀ ਮਾਰ ਲਈਏ।"

"ਚੱਕਰ ਮਾਰ ਕੇ ਕੀ ਕਰਾਂਗੇ। ਅੱਖਾਂ ਹੀ ਬੰਦ ਕਰਨੀਆਂ ਪੈਣਗੀਆਂ। ਕਰ ਤਾਂ ਕੁਝ ਨਹੀਂ ਸਕਦੇ। ਇਹਦੇ ਨਾਲੋਂ ਬਿਹਤਰ ਇਹ ਏ ਕਿ ਕਮਰੇ ਦੇ ਇਕ ਪਾਸੇ ਹੀ ਖੜ੍ਹੇ ਰਹੀਏ। ਸਿਰਫ ਰੌਲਾ ਨਾ ਪੈਣ ਦਿਓ। ਬਾਕੀ ਜੇ ਕੋਈ ਕੁਝ ਕਰਦਾ ਏ ਕਰਨ ਦਿਓ।"

"ਗੱਲ ਤਾਂ ਤੁਹਾਡੀ ਠੀਕ ਏ। ਨਾਲੇ ਸੁਪਰਡੈਂਟ ਵੀ ਤਾਂ ਅਰਾਮ ਨਾਲ ਬੈਠਾ ਟਾਈਮ ਹੀ ਪਾਸ ਕਰ ਰਿਹਾ ਏ। ਕੋਈ ਚੱਕਰ ਵੀ ਨਹੀਂ ਲਗਾਉਂਦਾ।"

"ਜਿੱਦਾਂ ਦਾ ਉਹ ਫਸਿਆ ਹੋਇਆ ਏ, ਉਵੇਂ ਦੇ ਅਸੀਂ ਫਸੇ ਹਾਂ। ਸਾਰੇ ਪੈਸੇ ਤਾਂ ਬਣਾ ਹੀ ਰਹੇ ਨੇ।"

"ਤੇ ਯੂਨੀਵਰਸਿਟੀ ਵਾਲੇ ?"

"ਤੁਸੀਂ ਦੇਖ ਹੀ ਰਹੇ ਹੋ ਕਿ ਉਹ ਕਿੰਨੇ ਕੁ ਗੇੜੇ ਮਾਰ ਰਹੇ ਹਨ। ਸ਼ਾਇਦ ਕੱਲ੍ਹ ਪਹਿਲੇ ਦਿਨ ਕੋਈ ਕਿੱਧਰੇ ਆਇਆ ਹੋਵੇ। ਮੈਨੂੰ ਤਾਂ ਹੁਣ ਇੰਝ ਲਗਦੈ ਕਿਸੇ ਨੇ ਆਉਣਾ ਹੀ ਨਹੀਂ।"

"ਇੰਝ ਪੰਜਾਬ ਯੂਨੀਵਰਸਿਟੀ ਨਾਲ ਹੀ ਹੋ ਰਿਹਾ ਏ ਜਾਂ ਇਵੇਂ ਹੀ ਬਾਕੀਆਂ ਨਾਲ ਵੀ ਹੋਵੇਗਾ। ਪੰਜਾਬ ਯੂਨੀਵਰਸਿਟੀ ਨੇ ਇਮਤਿਹਾਨ ਪਹਿਲਾਂ ਸ਼ੁਰੂ ਕਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਦੇ ਪਰਚੇ ਅਜੇ 15 ਕੁ ਦਿਨ ਬਾਅਦ ਸ਼ੁਰੂ ਹੋਣਗੇ। ਕੀ ਉਥੇ ਵੀ ਉਵੇਂ ਹੀ ਹੋਵੇਗਾ। ਕੀ ਉਥੇ ਖਾਲਸੇ ਹਾਲਾਤ ਤੇ ਕਾਬੂ ਪਾ ਸਕਣਗੇ।"

"ਪ੍ਰੀਖਿਆਵਾਂ ਦੇ ਸਬੰਧ ਵਿਚ ਖ਼ਾਲਸਿਆਂ ਤੇ ਗ਼ੈਰ-ਖਾਲਸਿਆਂ ਦਾ ਕੋਈ ਫ਼ਰਕ ਨਹੀਂ। ਉਥੇ ਵਿਦਿਆਰਥੀ ਜ਼ਿਆਦਾ ਲਾਚੜੇ ਹੋਣਗੇ ਕਿ ਫਲਾਇੰਗ ਸਕੁਐਡ ਵਾਲੇ ਬਹੁਤੇ ਸਰਦਾਰ ਹੀ ਹਨ, ਆਪਣੇ ਬੰਦੇ ਹੀ ਹਨ। ਸਰਹੱਦੀ ਜ਼ਿਲ੍ਹਿਆਂ ਦਾ ਹਾਲ ਤੁਸੀਂ ਪੜ੍ਹਦੇ ਹੀ ਰਹਿੰਦੇ ਹੋ। ਕੱਲ੍ਹ ਦੋ ਸਿਖਿਆਰਥੀ ਐਸੇ ਵੀ ਪਰਚੇ ਦੇ ਰਹੇ ਸੀ ਜਿਹੜੇ ਕਹਿੰਦੇ ਸੀ ਅਸੀਂ ਗੁਰਦਾਸਪੁਰ ਜ਼ਿਲ੍ਹੇ ਦੇ ਹਾਂ, ਅਗਰ ਕੰਪਾਰਟਮੈਂਟ ਕਲੀਅਰ ਕਰ ਗਏ ਤਾਂ ਕੰਡਕਟਰਾਂ ਤੋਂ ਚੈਕਰ ਬਣ ਜਾਵਾਂਗੇ।"

"ਕਿਦਾਂ ਰਿਹਾ ਉਹਨਾਂ ਦਾ ਪਰਚਾ। ਕਾਂਤਾ ਨੇ ਉਤਸੁਕਤਾ ਜਿਤਾਈ।"

"ਇਹ ਸਵਾਲ ਤਾਂ ਅੱਜ-ਕੱਲ੍ਹ ਅਜੀਬ ਹੀ ਲਗਦਾ ਏ। ਹਰੇਕ ਨੂੰ ਪਤਾ ਏ ਕਿ ਪਰਚਾ ਠੀਕ ਹੀ ਰਹਿਣਾ ਏ। ਸਾਰੇ ਖ਼ੁਸ਼ੀਆਂ ਮਨਾ ਰਹੇ ਹਨ ਤੇ ਨਾਲੇ ਸੋਚਦੇ ਹਨ ਕਿ ਬੜੇ-ਬੜੇ ਖੱਬੀਖਾਨ ਖੂੰਜੇ ਲਾ ਕੇ ਰੱਖ ਤੇ। ਜਦ ਜਵਾਨ ਖ਼ੂਨ ਖੌਲਦਾ ਏ ਤਾਂ ਸਭ ਨੂੰ ਭੂਕਨੀਆਂ ਲੱਗ ਜਾਂਦੀਆਂ ਨੇ।"

"ਦੂਜੀਆਂ ਦੋਨੋਂ ਯੂਨੀਵਰਸਿਟੀਆਂ ਤਾਂ ਖ਼ਾਲਸਿਆਂ ਨਾਲ ਭਰੀਆਂ ਪਈਆਂ ਹਨ। ਕੀ ਕੱਲ੍ਹ ਨੂੰ ਉਹਨਾਂ ਨਾਲ ਵੀ ਇਵੇਂ ਹੀ ਹੋਵੇਗਾ ?"

"ਸਾਡੀ ਪੰਜਾਬ ਯੂਨੀਵਰਸਿਟੀ ਵਿੱਚ ਵੀ ਬਥੇਰੇ ਖ਼ਾਲਸੇ ਹਨ। ਇਥੇ ਖ਼ਾਲਸਿਆਂ ਨੇ ਕੀ ਕ੍ਰਿਸ਼ਮਾ ਕਰ ਦਿੱਤੈ। ਆਹ ਤੇਰੇ ਨਾਲ ਦੇ ਕਮਰੇ ਵਿੱਚ ਖ਼ਾਲਸੇ ਡਿਊਟੀ ਦੇ ਰਹੇ ਹਨ। ਜਾ ਕੇ ਦੇਖ ਲੈ ਉਥੇ ਵੀ ਇਹੀ ਕੁਝ ਹੋ ਰਿਹਾ ਏ।"

"ਗੱਲ ਤਾਂ ਤੁਹਾਡੀ ਠੀਕ ਏ। ਮੁੱਖ ਮੰਤਰੀ ਵੀ ਤਾਂ ਖ਼ਾਲਸਾ ਈ ਏ। ਜੋ ਕੁਝ ਰੀਬੈਰੋ ਵੇਲੇ ਹੋ ਰਿਹਾ ਸੀ ਉਹੀ ਕੁਝ ਹੁਣ ਹੋ ਰਿਹਾ ਏ। ਬਲਕਿ ਉਸਤੋਂ ਵੀ ਮਾੜਾ ਹਾਲ ਲੱਗਦਾ ਏ। 10 ਦਿਨ ਪਹਿਲਾਂ ਸਾਡੇ ਕਾਲਜ ਦਾ ਇਕ ਪ੍ਰੋਫ਼ੈਸਰ ਮਾਰ ਸੁੱਟਿਐ।" "ਹਾਂ, ਉਹ ਵੀ ਤਾਂ ਆਪਣੇ ਆਪ ਨੂੰ ਖ਼ਾਲਸਾ ਹੀ ਅਖਵਾਉਂਦਾ ਸੀ। ਮੈਡਮ, ਉਹ ਕਿਉਂ ਮਾਰਿਆ ਗਿਆ?"

ਜਿਹੜਾ ਮੁੰਡਿਆਂ ਨਾਲ ਪੰਗਾ ਲਵੇ ਉਹ ਉਹਨੂੰ ਛੱਡਦੇ ਐ? ਪਹਿਲਾਂ ਵਾਰੀ ਨਿਰੰਕਾਰੀਆਂ ਦੀ ਆਈ, ਫਿਰ ਕਾਂਗਰਸੀਆਂ ਦੀ, ਫਿਰ ਕਾਮਰੇਡਾਂ ਦੀ, ਫਿਰ ਪਾਖੰਡੀ ਸਾਧਾਂ ਦੀ, ਫਿਰ ਸਰਪੰਚਾਂ ਦੀ ਅਤੇ ਨਾਲ ਹੀ ਪੁਲਿਸ ਦੇ ਮੁਖ਼ਬਰਾਂ ਦੀ। ਉਹ ਪ੍ਰੋਫ਼ੈਸਰ ਪਿੰਡ ਦਾ ਸਰਪੰਚ ਸੀ। ਉੱਦਾਂ ਆਪਣੇ ਆਪ ਨੂੰ ਅਕਾਲੀ ਅਖਵਾਉਂਦਾ ਸੀ। ਇਕ ਮਸ਼ਹੂਰ ਖਾੜਕੂ ਦੇ ਉਸਦੇ ਪਿੰਡ ਨਾਨਕੇ ਸਨ। ਜਦ ਉਹ ਨਾਨਕੀਂ ਆਉਂਦਾ ਸੀ ਤਾਂ ਪ੍ਰੋਫ਼ੈਸਰ ਸਰਪੰਚ ਹੁੰਦੇ ਹੋਏ ਉਸਦੀ ਸੂਹ ਪੁਲਿਸ ਨੂੰ ਦੇਣ ਲੱਗ ਪਿਐ। ਇਕ ਵਾਰ ਉਸਦੇ ਪਿੱਛੇ ਪੁਲਿਸ ਪੁਆ ਦਿੱਤੀ। ਖਾੜਕੂ ਤੇ ਉਸਦੇ ਸਾਥੀ ਭੱਜਣ ਵਿਚ ਕਾਮਯਾਬ ਹੋ ਗਏ। ਗੋਲੀਆਂ ਵੀ ਚੱਲੀਆਂ ਪ੍ਰੰਤੂ ਜ਼ਖ਼ਮੀ ਕੋਈ ਨਾ ਹੋਇਆ। ਉਸੇ ਦਿਨ ਉਸ ਖਾੜਕੂ ਨੇ ਠਾਣ ਲਈ ਕਿ ਹੁਣ ਉਸ ਪੁਲਿਸ ਦੇ ਮੁਖ਼ਬਰ ਪ੍ਰੋਫ਼ੈਸਰ ਦਾ ਕੰਡਾ ਕੱਢਣਾ ਹੀ ਏ। ਬਸ ਦੋ ਕੁ ਮਹੀਨੇ ਮਸਾਂ ਨਿਕਲੇ। ਘਰ ਆ ਕੇ ਗੋਲੀਆਂ ਨਾਲ ਵਿੰਨ੍ਹ ਸੁਟਿਐ। ਬਾਕੀ ਤੁਸੀਂ ਅਖ਼ਬਾਰ ਵਿਚ ਪੜ੍ਹ ਹੀ ਲਿਆ ਹੋਵੇਗਾ।"

"ਹਾਂ, ਅਖ਼ਬਾਰ ਵਿਚ ਤਾਂ ਪੜ੍ਹਿਆ ਸੀ। ਅਖ਼ਬਾਰਾਂ ਵਿਚ ਗੋਲੀਆਂ ਵਿੰਨ੍ਹੀ ਲਾਸ਼ ਦੀ ਫੋਟੋ ਵੀ ਆਈ ਸੀ। ਪਰ ਤੁਹਾਡੇ ਪਾਸੋਂ ਸੁਣ ਕੇ ਘਟਨਾ ਜ਼ਿਆਦਾ ਖ਼ੌਫ਼ਨਾਕ ਮਹਿਸੂਸ ਹੋਈ ਏ।"

ਭਾਵੇਂ ਪ੍ਰਸ਼ੋਤਮ ਤੇ ਕਾਂਤਾ ਕਮਰੇ ਦੇ ਇਕ ਕੋਨੇ ਖੜ੍ਹੇ ਹੋ ਕੇ ਕਦੀ ਕਦੀ ਧੀਮੀਂ ਆਵਾਜ਼ ਵਿੱਚ ਗੱਲਾਂ ਵੀ ਕਰੀ ਜਾ ਰਹੇ ਸਨ ਫਿਰ ਵੀ ਇਹਨਾਂ ਗੱਲਾਂ ਦਾ ਪਰਚਾ ਦੇ ਰਹੇ ਸਿਖਿਆਰਥੀਆਂ ਤੇ ਬਹੁਤਾ ਅਸਰ ਨਹੀਂ ਸੀ ਪੈ ਰਿਹਾ। ਉਹ ਗੱਲਾਂ ਕਰਦੇ ਕਦੀ-ਕਦੀ



ਚੁੱਪ ਵੀ ਹੋ ਜਾਇਆ ਕਰਦੇ ਸਨ। ਨਾਲੇ ਹੁਣ ਤੱਕ ਅੱਧੇ ਕੁ ਵਿਦਿਆਰਥੀ ਪਰਚਾ ਰੱਖ ਕੇ ਚਲੇ ਗਏ ਸਨ। ਹਿਸਾਬ ਅਤੇ ਸਾਇੰਸ ਦਾ ਪਰਚਾ ਅਗਰ ਆਉਂਦਾ ਹੋਵੇ ਤਾਂ ਜਲਦੀ ਹੀ ਖ਼ਤਮ ਹੋ ਜਾਂਦਾ ਏ। ਅਗਰ ਨਕਲ ਵੀ ਮਾਰਨੀ ਹੋਵੇ ਤਾਂ ਇਹਨਾਂ ਮਜ਼ਮੂਨਾਂ ਦੇ ਪ੍ਰਸ਼ਨਾਂ ਦੇ ਜਵਾਬ ਲਿਖਣ ਵਿਚ ਉਨਾਂ ਸਮਾਂ ਨਹੀਂ ਲੱਗਦਾ ਜਿੰਨਾਂ ਇਤਿਹਾਸ, ਨਾਗਰਿਕ ਸ਼ਾਸਤਰ ਤੇ ਅਰਥ ਸ਼ਾਸਤਰ ਦੇ ਸਵਾਲਾਂ ਨੂੰ ਲੱਗਦਾ ਏ।

"ਕੱਲ੍ਹ ਸੁਪਰਡੈਂਟ ਨੇ 10-10 ਰੁਪਏ ਚਾਹ ਵਾਸਤੇ ਇੱਕਠੇ ਕੀਤੇ ਸਨ। ਕੀ ਤੁਸੀਂ ਦੇ ਦਿੱਤੇ? ਤੁਸੀਂ ਤਾਂ ਆਏ ਹੀ ਨਹੀਂ ਸੀ", ਪ੍ਰਸ਼ੋਤਮ ਨੇ ਗੱਲ ਅੱਗੇ ਤੋਰੀ।

"ਚਾਹ ਤਾਂ ਪੀ ਲਈ, ਪੈਸੇ ਅਜੇ ਨਹੀਂ ਦਿੱਤੇ। ਅਗਰ ਨਾ ਦਿਆਂ ਤਾਂ ਕੀ ਸੁਪਰਡੈਂਟ ਚਾਹ ਨਹੀਂ ਪਿਲਾਇਆ ਕਰੇਗਾ?" ਕਾਂਤਾ ਨੇ ਸ਼ੁਗਲ ਕੀਤਾ। "ਮੈਂ ਤਾਂ ਐਵੇਂ ਹੱਸ ਰਿਹਾ ਸੀ।"

"ਅੱਜ ਜਾਂਦੇ ਵਕਤ ਪੈਸੇ ਦੇ ਜਾਵਾਂਗੀ। ਵੈਸੇ ਤਾਂ ਚਾਹ ਕਾਲਜ ਵਾਲਿਆਂ ਨੂੰ ਮੁਫ਼ਤ ਹੀ ਪਿਆਉਣੀ ਚਾਹੀਦੀ ਏ। ਐਡੇ ਵੱਡੇ ਅਦਾਰੇ ਚਾਰ ਦਿਨ ਸਟਾਫ਼ ਨੂੰ ਚਾਹ ਪਿਲਾਉਣ ਨਾਲ ਮਰਨ ਤਾਂ ਨਹੀਂ ਲੱਗੇ। ਪ੍ਰਿੰਸੀਪਲ ਐਵੇਂ ਕੋਈ ਠਿਠਪੂੰਜੀਆ ਲੱਗਦਾ ਏ?" ਕਾਂਤਾ ਨੇ ਨੱਕ ਚੜ੍ਹਾਇਆ।

"ਪ੍ਰਾਈਵੇਟ ਕਾਲਜਾਂ ਵਿੱਚ ਪ੍ਰਿੰਸੀਪਲਾਂ ਨੂੰ ਕਮੇਟੀਆਂ ਦੀ ਮੰਨਣੀ ਹੀ ਪੈਂਦੀ ਏ। ਉਹ ਕਈ ਵਾਰ ਨਿੱਕੀਆਂ-ਨਿੱਕੀਆਂ ਗੱਲਾਂ ਤੇ ਵੀ ਆਪਣੀ ਮਨਮਾਨੀ ਨਹੀਂ ਕਰ ਸਕਦੇ। ਛੋਟੀਆਂ ਗੱਲਾਂ 'ਤੇ ਫ਼ਰਕ ਪੈਦਾ ਹੋ ਕੇ ਕਈ ਵਾਰ ਵੱਡੇ ਮਸਲੇ ਬਣ ਜਾਂਦੇ ਹਨ। ਪਿਛਲਾ ਪ੍ਰਿੰਸੀਪਲ ਕਮੇਟੀ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ ਸੀ ਤਾਂ ਕਾਲਜ ਵਿਚ ਹਮੇਸ਼ਾ ਬੇਯਕੀਨੀ ਦਾ ਮਾਹੌਲ ਬਣਿਆ ਰਹਿੰਦਾ ਸੀ। ਇਸ ਨਾਲ ਸੰਸਥਾ ਦੀ ਤਰੱਕੀ 'ਤੇ ਵੀ ਅਸਰ ਪੈਂਦਾ ਸੀ। ਮੌਜੂਦਾ ਪ੍ਰਿੰਸੀਪਲ ਕਮੇਟੀ ਨਾਲ ਪੂਰਾ ਤਾਲਮੇਲ ਰੱਖਦਾ ਏ, ਇਸੇ ਕਰਕੇ ਕਾਲਜ ਦੀ ਤਰੱਕੀ ਚੰਗੀ ਹੋ ਗਈ ਏ।"

"ਜੇ ਪ੍ਰਿੰਸੀਪਲ ਦਾ ਕਮੇਟੀ ਨਾਲ ਜ਼ਿਆਦਾ ਹੀ ਤਾਲਮੇਲ ਏ ਤਾਂ ਕੀ ਉਹ ਬਾਹਰੋਂ ਆਏ ਸਟਾਫ ਨੂੰ ਚਾਰ ਦਿਨ ਚਾਹ ਵੀ ਨਹੀਂ ਪਿਆ ਸਕਦਾ? ਪ੍ਰਿੰਸੀਪਲ ਪਾਸ ਕੁਝ ਸੰਡਰੀ ਫੰਡ ਵੀ ਤਾਂ ਹੁੰਦਾ ਏ। ਉੱਦਾਂ ਲੰਗਰ ਲਗਾਉਂਦੇ ਫਿਰਦੇ ਰਹਿੰਦੇ ਨੇ?"

"ਮੈਂ ਸਭ ਦਾ ਹੀ ਖ਼ੈਰਖੁਆਹ ਹਾਂ। ਕੋਈ ਸ਼ੱਕ?"

"ਅੱਜ-ਕੱਲ੍ਹ ਖਾਲਸਿਆਂ ਦੇ ਤਾਂ ਜ਼ਿਆਦਾ ਹੀ ਹੋ ? ਮਰਦਮਸ਼ੁਮਾਰੀ ਵਿਚ ਮਾਂ ਬੋਲੀ ਵੀ ਪੰਜਾਬੀ ਹੀ ਲਿਖਾਈ ਹੋਵੇਗੀ?"

ਭਾਵੇਂ ਮੈਂ ਹਿੰਦੂ ਹਾਂ, ਮਾਂ ਬੋਲੀ ਤਾਂ ਪੰਜਾਬੀ ਹੀ ਏ? ਹੁਣ ਅਸੀਂ ਕਿਹੜੀ ਬੋਲੀ ਵਿੱਚ ਗੱਲਾਂ ਕਰ ਰਹੇ ਹਾਂ?

"ਇੰਝ ਭਾਵੇਂ ਸੌ ਵਾਰੀ ਕਰੀ ਜਾਈਏ। ਲਿਖਣ ਵੇਲੇ ਤਾਂ ਸਾਨੂੰ ਆਪਣੀ ਮਾਂ ਬੋਲੀ ਹਿੰਦੀ ਹੀ ਲਿਖਾਉਣੀ ਚਾਹੀਦੀ ਏ। ਅਗਰ ਤੁਸੀਂ ਪੰਜਾਬੀ ਵੀ ਲਿਖਾਈ ਜਾਵੇ ਤਾਂ

ਕਿਹੜਾ ਸਿੱਖਾਂ ਨੇ ਤੁਹਾਡੇ ਬਣ ਜਾਣਾ ਏ। ਰੋਜ਼ ਹਿੰਦੂਆਂ ਦੀਆਂ ਲਾਸ਼ਾਂ ਦੇ ਢੇਰ ਲੱਗੀ ਜਾ ਰਹੇ ਨੇ।"

"ਤੁਸੀਂ ਇਤਿਹਾਸ ਪੜ੍ਹਾਉਂਦੇ ਹੋਏ ਵੀ ਕਿਸੇ ਸਮੱਸਿਆਂ ਦੇ ਮੁੱਢ ਦਾ ਅੰਦਾਜ਼ਾ ਨਹੀਂ ਲਗਾ ਰਹੇ। ਤੁਹਾਡੇ ਮਨ ਤੇ ਘਟੀਆ ਸਿਆਸਤ ਜ਼ਿਆਦਾ ਭਾਰੂ ਲੱਗਦੀ ਏ। ਸਾਨੂੰ ਮਾਂ ਬੋਲੀ ਨੂੰ ਕਦੀ ਵੀ ਨਹੀਂ ਦੁਰਕਾਰਨਾ ਚਾਹੀਦਾ। ਇਸ ਪ੍ਰਕਾਰ ਦੇ ਮਸਲੇ ਦੂਜੇ ਫਿਰਕੇ ਤੇ ਅੰਤਾਂ ਦਾ ਮਾੜਾ ਪ੍ਰਭਾਵ ਪਾਉਂਦੇ ਹਨ। ਮੈਂ ਹਿੰਦੂ ਹੁੰਦਾ ਹੋਇਆ ਵੀ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਇਤਿਹਾਸ ਵਿੱਚ ਸਿੱਖਾਂ ਨੇ ਹਿੰਦੂਆਂ ਨਾਲ ਕਦੇ ਵੀ ਮਾੜਾ ਨਹੀਂ ਕੀਤਾ। ਸਿੱਖਾਂ ਨੇ ਤਾਂ ਮੁਸਲਮਾਨਾਂ ਨਾਲ ਵੀ ਕਦੇ ਮਾੜਾ ਨਹੀਂ ਕੀਤਾ ਸੀ ਭਾਵੇਂ ਮੁਸਲਮਾਨਾਂ ਨੇ ਸਿੱਖਾਂ 'ਤੇ ਅੰਤਾਂ ਦੇ ਕਹਿਰ ਢਾਏ ਸਨ। ਇਸੇ ਕਰਕੇ ਮਦਨ ਮੋਹਨ ਮਾਲਵੀਆ ਨੇ ਕਿਹਾ ਸੀ ਕਿ ਹਰ ਹਿੰਦੂ ਆਪਣੇ ਬੱਚਿਆਂ ਵਿਚੋਂ ਸਭ ਤੋਂ ਵੱਡੇ ਇਕ ਬੱਚੇ ਨੂੰ ਜ਼ਰੂਰ ਸਿੰਘ ਸਜਾਵੇ। ਬਾਕੀ ਇਤਿਹਾਸ ਬਾਰੇ ਤੁਸੀਂ ਚਾਨਣਾ ਪਾ ਸਕਦੇ ਹੋ।"

"ਮੈਨੂੰ ਲੱਗਦਾ ਏ, ਤੁਹਾਨੂੰ ਮੇਰੇ ਨਾਲੋਂ ਵੱਧ ਇਤਿਹਾਸ ਆਉਂਦਾ ਏ। ਮੈਂ ਤਾਂ ਇੰਜ ਕਹਾਂਗੀ, ਜਦ ਹਿੰਦੂ ਮੱਤ ਐਨਾ ਖ਼ੂਬਸੂਰਤ ਤੇ ਅਮੀਰ ਮੱਤ ਏ ਤਾਂ ਸਿੱਖ ਮੱਤ ਦੀ ਲੋੜ ਹੀ ਕੀ ਸੀ? ਪਤਾ ਨਹੀਂ ਰੋਜ਼-ਰੋਜ਼ ਨਵੇਂ ਨਵੇਂ ਮੱਤ ਕਿਉਂ ਪੈਦਾ ਹੋਈ ਜਾ ਰਹੇ ਹਨ?"

"ਕਾਂਤਾ ਜੀ, ਮੈਂ ਤੁਹਾਡੀ ਵਿਚਾਰਧਾਰਾ ਤੇ ਹੈਰਾਨ ਹਾਂ। ਤੁਸੀਂ ਮੇਰੇ ਇਕ ਸਵਾਲ ਦਾ ਜਵਾਬ ਦਿਓ, ਜਦ ਦੇ ਮੁਸਲਮਾਨਾਂ ਨੇ ਭਾਰਤ ਵਿੱਚ ਪੈਰ ਪਾਏ ਹਨ, ਹਿੰਦੂਆਂ ਨੇ ਕਿੰਨਾ ਸਮਾਂ ਰਾਜ ਕੀਤਾ ਏ? ਅਸਾਂ ਹਿੰਦੂਆਂ ਨੇ ਮੁਸਲਮਾਨਾਂ ਦੇ ਜ਼ੁਲਮ ਦੇ ਖ਼ਿਲਾਫ਼ ਆਪਣੀ ਕਿੰਨੀ ਕੁ ਰਾਖੀ ਕੀਤੀ ਏ? ਖ਼ਾਸ ਕਰਕੇ ਉੱਤਰੀ ਭਾਰਤ ਵਿੱਚ ਜਿੱਥੇ ਮੁਸਲਮਾਨਾਂ ਦਾ ਅੰਤਾਂ ਦਾ ਬੋਲਬਾਲਾ ਰਿਹਾ ਏ ਕਿਉਂਕਿ ਉਹ ਭਾਰਤ ਵਿੱਚ ਦਾਖ਼ਲ ਇਧਰੋਂ ਹੋਇਆ ਕਰਦੇ ਸਨ। ਬਾਅਦ ਵਿਚ ਤਾਂ ਮਹੁੰਮਦ ਗੌਰੀ ਇਥੇ ਕਬਜਾ ਕਰਕੇ ਹੀ ਬੈਠ ਗਿਆ। ਸਦੀਆਂ ਤੱਕ ਮੁਸਲਮਾਨਾਂ ਨੂੰ ਕਿਸੇ ਨੇ ਲਲਕਾਰਿਆ ਹੀ ਨਹੀਂ ਸਿਵਾਏ ਸਿੱਖਾਂ ਤੋਂ।"

"ਭਾਵੇਂ ਤੁਸੀਂ ਸੁਨਿਆਰੇ ਹੋ, ਮੈਨੂੰ ਐਵੇਂ ਲੱਗਦਾ ਜਿਵੇਂ ਤੁਹਾਡੀ ਅੱਧੀ ਪਚੱਦੀ ਫੈਮਿਲੀ ਸਿੱਖ ਹੀ ਹੋਵੇ। ਤਾਂ ਹੀ ਸਿੱਖਾਂ ਦੇ ਜ਼ਿਆਦਾ ਹਮਾਇਤੀ ਬਣਦੇ ਹੋ।"

"ਮੈਡਮ ਜੀ ਸਵਾਲ ਹਮਾਇਤੀ ਜਾਂ ਵਿਰੋਧੀ ਬਣਨ ਦਾ ਨਹੀਂ ਹੈ। ਮੈਂ ਇਤਿਹਾਸਕ ਸੱਚਾਈ ਦੀ ਗੱਲ ਕਰ ਰਿਹਾ ਹਾਂ। ਤੁਸੀਂ ਹੀ ਦੱਸ ਦਿਓ ਹਰਸ਼ ਵਰਧਨ ਦੇ ਰਾਜ ਤੋਂ ਬਾਅਦ ਹਿੰਦੋਸਤਾਨ ਵਿਚ ਹਿੰਦੂਆਂ ਦਾ ਰਾਜ ਕਿੱਥੇ-ਕਿੱਥੇ ਤੇ ਕਿੰਨਾ ਸਮਾਂ ਰਿਹਾ। ਖ਼ਾਸ ਕਰਕੇ ਉੱਤਰੀ ਭਾਰਤ ਵਿੱਚ। ਮੈਂ ਉਸ ਸਮੇਂ ਦੇ ਭਾਰਤ ਦੀ ਗੱਲ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਅਸੀਂ ਸਿੱਖ ਧਰਮ ਦੇ ਸੰਧਰਭ ਵਿੱਚ ਵਿਚਾਰ ਵਟਾਂਦਰਾ ਕਰ ਰਹੇ ਹਾਂ। ਸਾਡਾ ਹਿੰਦੂਆਂ ਦਾ ਸੁਨਹਿਰੀ ਯੁੱਗ ਮੌਰੀਆਂ ਅਤੇ ਗੁਪਤਾਂ ਦੇ ਵੇਲੇ ਹੀ ਹੋ ਲਿਆ। ਰਮਾਇਣ, ਮਹਾਂਭਾਰਤ ਦਾ ਜ਼ਮਾਨਾ ਇਸ ਤੋਂ ਵੀ ਪਹਿਲਾਂ ਦਾ ਏ। ਜਦ ਤੋਂ ਭਾਰਤ ਵਿੱਚ



ਮੁਸਲਮਾਨਾਂ ਨੇ ਪੈਰ ਪਾਏ ਉਸ ਤੋਂ ਬਾਅਦ ਹਿੰਦੂਆਂ ਦੇ ਚੱਜ ਨਾਲ ਪੈਰ ਨਹੀਂ ਲੱਗੇ। ਤੁਸੀਂ ਹੀ ਦੱਸ ਦਿਓ ਭਾਰਤ ਵਿੱਚ ਮੁਸਲਮਾਨਾਂ ਨੇ ਕਦੋਂ ਪੈਰ ਪਾਉਣੇ ਸ਼ੁਰੂ ਕੀਤੇ?"

"ਮੁਹੰਮਦ ਬਿਨ ਕਾਸਿਮ ਦੇ 712 ਦੇ ਭਾਰਤ ਤੇ ਹਮਲੇ ਦੇ ਸਮੇਂ ਤੋਂ।"

"ਮੈਡਮ, ਨਵੇਂ ਨਵੇਂ ਲੈਕਚਰਾਰ ਹੋ ਕੇ ਇਤਿਹਾਸ ਦੇ ਚੰਗੇ ਮਾਹਿਰ ਲੱਗਦੇ ਹੋ। ਜਿਹਨਾਂ ਨੇ ਪਿਛਲੇ 4-5 ਸਾਲਾਂ 'ਚ ਐਮ. ਏ. ਕੀਤੀ ਏ ਉਹਨਾਂ ਨੂੰ ਤਾਂ ਇਤਿਹਾਸ ਦੀਆਂ ਤਾਰੀਖਾਂ ਦਾ ਚੱਜ ਨਾਲ ਪਤਾ ਹੀ ਨਹੀਂ। ਤੁਹਾਨੂੰ ਦਿਸਦਾ ਹੀ ਏ, ਇਮਤਿਹਾਨਾਂ ਦਾ ਹਾਲ। ਕੱਲ੍ਹ ਇਸ ਕਾਲਜ ਦੇ ਇੱਕ ਨਵੇਂ-ਨਵੇਂ ਹਿਸਾਬ ਦੇ ਅਧਿਆਪਕ ਤੋਂ ਬਾਹਰ ਕੋਈ ਪਰਚਾ ਹੱਲ ਕਰਵਾਉਣ ਲੱਗ ਪਿਆ। ਹੱਲ ਕੀਤਾ ਹੋਇਆ ਪਰਚਾ ਅੰਦਰ ਭੇਜਣਾ ਸੀ। ਉਸ ਲੈਕਚਰਾਰ ਤੋਂ 10 ਸਵਾਲਾਂ ਵਿਚੋਂ 6 ਸਵਾਲ ਹੀ ਹੱਲ ਹੋਏ, ਬਾਕੀ ਦੇ ਲੈ ਕੇ ਕਿੰਨਾ ਚਿਰ ਬੈਠਾ ਰਿਹਾ ਹੱਲ ਹੀ ਨਾ ਹੋਣ।"

"ਤੁਹਾਨੂੰ ਪਤਾ ਹੀ ਏ, ਅੱਜ ਕੱਲ੍ਹ ਮੌਡਰਨ ਮੈਥੇਮੈਟਿਕਸ ਸਿਲੇਬਸਾਂ ਦਾ ਹਿੱਸਾ ਬਣਾ ਦਿੱਤਾ ਗਿਆ ਏ। ਇਹ ਮੈਥ ਕਾਫੀ ਔਖਾ ਏ ਕਈ ਵਾਰ ਵੱਡਿਆਂ ਵੱਡਿਆਂ ਦੇ ਕੜਿੱਲ ਕੱਢ ਦਿੰਦਾ ਏ।"

"ਮੈਡਮ, ਤੁਸੀਂ ਤਾਂ ਨਲਾਇਕਾਂ ਦੀ ਵੀ ਬੜੀ ਸਾਈਡ ਲੈਂਦੇ ਹੋ। ਇਹ ਨਹੀਂ ਕਹਿੰਦੇ ਕਿ ਕਈ ਨਕਲਾਂ ਮਾਰ ਕੇ ਐਮ. ਏ., ਐਮ. ਐਸ. ਸੀ. ਕਰ ਗਏ। ਬਾਅਦ ਵਿੱਚ ਇਕਦਮ ਕਾਲਜਾਂ ਵਿੱਚ ਕੱਚੇ ਪੱਕੇ ਲੈਕਚਰਾਰ ਬਣ ਗਏ। ਇਥੇ ਕਿਹੜਾ ਐਮ. ਏ. ਤੋਂ ਬਾਅਦ ਕੁਝ ਕਰਨਾ ਪੈਂਦਾ ਏ। ਦੂਜੇ, ਕਮੇਟੀ ਦੇ ਬੰਦਿਆਂ ਨਾਲ ਕਈਆਂ ਦੀ ਵਾਕਫੀਅਤ ਹੁੰਦੀ ਏ। ਚੱਲੋ ਛੱਡੋ ਇਹਨਾਂ ਗੱਲਾਂ ਨੂੰ।"

ਹੁਣ ਤੱਕ ਕਮਰੇ ਵਿੱਚ ਸਿਰਫ ਪੰਜ ਕੁ ਉਮੀਦਵਾਰ ਹੀ ਰਹਿ ਗਏ ਸਨ। ਬਾਕੀ ਸਭ ਪਰਚਾ ਮੁਕਾ ਕੇ ਚਲੇ ਗਏ ਸਨ। ਪੂਰਾ ਸਮਾਂ ਹੋਣੇ ਨੂੰ ਅਜੇ ਚਾਲੀ ਕੁ ਮਿੰਟ ਰਹਿੰਦੇ ਸਨ।

"ਅੱਛਾ ਤੁਸੀਂ ਇਹ ਦੱਸੋ ਕਿ ਕੀ ਤੁਸੀਂ 10 ਤਾਰੀਖ ਨੂੰ ਡਿਊਟੀ ਤੇ ਹੋ ਜਾਂ ਨਹੀਂ?" ਮੈਡਮ ਨੇ ਪ੍ਰਸ਼ੋਤਮ ਨੂੰ ਪੁੱਛਿਆ।

"ਨਹੀਂ, ਮੇਰੀ ਤਾਂ 10 ਤਾਰੀਖ ਨੂੰ ਛੁੱਟੀ ਏ। ਮੇਰੀ ਡਿਊਟੀ ਨਹੀਂ ਏ", ਪ੍ਰਸ਼ੋਤਮ ਨੇ ਜੇਬ ਵਿੱਚੋਂ ਇਕ ਕਾਗਜ਼ ਕੱਢ ਕੇ ਉਸਤੇ ਆਪਣੀਆਂ ਡਿਊਟੀਆਂ ਦੀ ਲਿਸਟ ਦੇਖ ਕੇ ਆਖਿਆ।

"ਕੀ ਤੁਸੀਂ ਉਸ ਦਿਨ ਮੇਰੀ ਥਾਂ 'ਤੇ ਡਿਊਟੀ ਦੇ ਸਕਦੇ ਹੋ?"

"ਕਿਉਂ, ਤੁਹਾਨੂੰ ਛੁੱਟੀ ਕਰਨ ਦੀ ਕੀ ਜ਼ਰੂਰਤ ਪੈ ਗਈ ?"

"ਸਾਡੇ ਕਾਲਜ ਇਕ ਸੈਮੀਨਾਰ ਏ । ਮੇਰਾ ਉਸ ਵਿਚ ਹਾਜ਼ਰ ਹੋਣਾ ਬਹੁਤ ਜ਼ਰੂਰੀ ਏ। ਸ਼ਾਇਦ ਮੈਂ ਇਸ ਸੈਮੀਨਾਰ ਤੇ ਇਕ ਪਰਚਾ ਵੀ ਪੜ੍ਹਾਂ।"

"ਵਿਸ਼ਾ ਕੀ ਏ ?"

"ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬੀਆਂ ਦਾ ਯੋਗਦਾਨ।"

"ਬੜਾ ਖ਼ੂਬਸੂਰਤ ਤੇ ਵਜ਼ਨਦਾਰ ਵਿਸ਼ਾ ਏ। ਲਾਲਾ ਲਾਜਪਤ ਰਾਏ ਬਾਰੇ ਕੀ ਵਿਚਾਰ ਰੱਖਦੇ ਹੋ? ਅਲੋਚਕਾਂ ਨੇ ਤਾਂ ਪਿੱਛੇ ਜਿਹੇ ਬੜੀਆਂ ਠੋਸ ਦਲੀਲਾਂ ਪੇਸ਼ ਕੀਤੀਆਂ ਸਨ।"

"ਕਿਸ ਸੰਦਰਭ ਵਿੱਚ?"

"ਅਖੇ, ਲਾਲੇ ਦੀ ਮੌਤ ਲਾਠੀਆਂ ਨਾਲ ਨਹੀਂ ਹੋਈ ਸੀ।"

"ਅਲੋਚਕ ਬਥੇਰੀ ਖੱਪ ਪਾਉਂਦੇ ਰਹਿੰਦੇ ਨੇ। ਲਾਲਾ ਸੱਚਾ ਦੇਸ਼ ਭਗਤ ਸੀ ਤੇ ਉਸਦੀ ਮੌਤ ਲਾਠੀਆਂ ਨਾਲ ਹੀ ਹੋਈ ਸੀ।"

"ਅਲੋਚਕਾਂ ਨੇ ਤਾਂ ਹਵਾਲੇ ਦੇ ਕੇ ਸਿੱਧ ਕਰ ਦਿੱਤਾ ਕਿ ਲਾਲੇ ਦੇ ਕੋਈ ਲਾਠੀ ਚੱਜ ਨਾਲ ਵੱਜੀ ਹੀ ਨਹੀਂ ਸੀ। ਤੁਸੀਂ ਕੀ ਬੋਲੋਗੇ?"

"ਇਸ ਪ੍ਰਕਾਰ ਦੀਆਂ ਗੋਸ਼ਟੀਆਂ ਵਿਚ ਬਹੁਤੀਆਂ ਖੋਜਾਂ ਅਤੇ ਖੁਰੇ ਨਹੀਂ ਪੁੱਟੀਦੇ ਹੁੰਦੇ। ਇਸ ਤਰ੍ਹਾਂ ਦੇ ਪਲੇਟਫਾਰਮਾਂ 'ਤੇ ਉਹੀ ਕੁਝ ਬੋਲਣਾ ਹੁੰਦਾ ਏ ਜੋ ਇਤਿਹਾਸ ਵਿੱਚ ਆਮ ਲਿਖਿਆ ਮਿਲਦਾ ਰਿਹਾ ਏ, ਬਹੁਤੀ ਕੰਟਰੋਵਰਸੀ ਵਿੱਚ ਨਹੀਂ ਪੈਣਾ ਹੁੰਦਾ। ਮੈਂ ਕੋਈ ਇਕੱਲੇ ਲਾਲਾ ਲਾਜਪਤ ਰਾਏ ਬਾਰੇ ਥੋੜ੍ਹਾ ਪਰਚਾ ਪੜ੍ਹਨਾ ਏ। ਮੇਰੇ ਪਰਚੇ ਵਿਚ ਲਾਲੇ ਬਾਰੇ ਤਾਂ ਇਕ ਅੱਧਾ ਪੈਰ੍ਹਾ ਹੋਵੇਗਾ। ਮੈਂ ਤਾਂ ਬਾਕੀ ਸਾਰਿਆਂ ਨੂੰ ਕਵਰ ਕਰਨਾ ਏ।"

"ਫਿਰ ਵੀ ਪਰਚੇ ਵਿਚ ਖ਼ੋਜ ਅਤੇ ਮੌਲਿਕਤਾ ਤਾਂ ਹੋਣੀ ਹੀ ਚਾਹੀਦੀ ਏ। ਇਹ ਕਿਹੜਾ ਕਿਸੇ ਪ੍ਰੀਖਿਆ ਵਿੱਚ ਬੈਠ ਕੇ ਸਵਾਲ ਦਾ ਜੁਆਬ ਦੇਣ ਵਾਂਗ ਹੁੰਦਾ ਏ। ਇਸ ਪ੍ਰਕਾਰ ਦੇ ਪਲੇਟਫਾਰਮ ਤੇ ਬੁਲਾਰਿਆਂ ਨੇ ਬੁੱਧੀਜੀਵੀਆਂ ਨੂੰ ਪ੍ਰਭਾਵਿਤ ਕਰਨਾ ਹੁੰਦਾ ਏ। ਇਹ ਕਿਸੇ ਜਮਾਤ ਦੇ ਵਿਦਿਆਰਥੀ ਨੂੰ ਲੈਕਚਰ ਦੇਣ ਵਾਂਗ ਤਾਂ ਉੱਕਾ ਹੀ ਨਹੀਂ ਹੁੰਦੇ। ਪੜ੍ਹੇ ਜਾਣ ਵਾਲੇ ਪਰਚੇ ਵਿੱਚ ਕੁਝ ਨਾ ਕੁਝ ਨਵਾਂਪਣ ਅਤੇ ਖੋਜ ਜ਼ਰੂਰ ਹੋਣੀ ਚਾਹੀਦੀ ਏ। ਪਿੱਛੇ ਜਿਹੇ ਸਾਡੇ ਕਾਲਜ ਵਿੱਚ ਦੀਵਾਨ ਸਿੰਘ ਕਾਲੇਪਾਣੀ ਤੇ ਇਕ ਸੈਮੀਨਾਰ ਕਰਵਾਇਆ ਗਿਆ ਸੀ। ਇਸ ਗੋਸ਼ਟੀ ਤੇ ਦੀਵਾਨ ਸਿੰਘ ਦੇ ਲੜਕੇ ਨੂੰ ਵੀ ਸੱਦਿਆ ਹੋਇਆ ਸੀ। ਦੋ ਕੁ ਬੁਲਾਰਿਆ ਦੇ ਪਰਚੇ ਬੜੇ ਹੀ ਵਧੀਆ ਸਨ। ਦੂਜੇ ਇਕ ਦੋਹ ਨੇ ਤਾਂ ਨਿਰੀ ਲਿੱਦ ਹੀ ਕਰ ਦਿੱਤੀ। ਮੈਡਮ, ਅਗਰ ਤੁਹਾਡੇ ਪਾਸ ਵਧੀਆ ਸਮੱਗਰੀ ਹੈ ਤਾਂ ਚੰਗੀ ਗੱਲ ਏ। ਅਗਰ ਕੁਝ ਹੋਰ ਸਮੱਗਰੀ ਚਾਹੀਦੀ ਏ ਤਾਂ ਮੈਂ ਵੀ ਤੁਹਾਡੀ ਮਦਦ ਕਰ ਸਕਦਾ ਹਾਂ। ਗਣਤੰਤਰ ਦਿਵਸ ਦੇ ਮੌਕੇ ਤੇ ਮੈਂ ਟ੍ਰਿਬਿਊਨ ਵਿੱਚ ਡਾ. ਪ੍ਰਿਥੀਪਾਲ ਸਿੰਘ ਕਪੂਰ ਦਾ ਇਕ ਲੇਖ ਪੜ੍ਹਿਆ ਸੀ। ਕਾਫੀ ਚੰਗਾ ਸੀ। ਮੇਰੇ ਪਾਸ ਉਸ ਲੇਖ ਦੀ ਕਟਿੰਗ ਘਰ ਪਈ ਏ। ਮੈਂ ਉਹ ਵੀ ਤੁਹਾਨੂੰ ਲਿਆ ਕੇ ਦੇ ਸਕਦਾ ਹਾਂ। ਇਸ ਤੋਂ ਇਲਾਵਾ ਇਕ ਲੇਖ ਇਕ ਵਾਰ ਹਿੰਦੋਸਤਾਨ ਟਾਈਮਜ਼ ਵਿੱਚ ਵੀ ਛਪਿਆ ਸੀ। ਸ਼ਾਇਦ ਉਹ ਅਖ਼ਬਾਰ ਮੇਰੇ ਪਾਸ ਕਿਧਰੇ ਸੰਭਾਲੀ ਪਈ ਹੋਵੇ। ਸੋ ਮੈਂ ਉਹ ਵੀ ਢੂੰਡ ਸਕਦਾ ਹਾਂ। ਕੀ ਖਿਆਲ ਏ?

"ਸਮੱਗਰੀ ਤਾਂ ਕਾਫੀ ਇਕੱਠੀ ਕੀਤੀ ਹੋਈ ਏ। ਪਿਛਲੇ ਇਕ ਮਹੀਨੇ ਤੋਂ ਇਸੇ ਪ੍ਰੋਜੈਕਟ ਪਿੱਛੇ ਪਈ ਹੋਈ ਹਾਂ। ਕਈ ਇਤਿਹਾਸ ਦੀਆਂ ਕਿਤਾਬਾਂ ਵੀ ਪੜ੍ਹੀਆਂ ਹਨ।



ਅਗਰ ਤੁਸੀਂ ਆਪਣੇ ਵਾਲੇ ਲੇਖ ਵੀ ਦੇ ਦਿਉ ਤਾਂ ਚੰਗਾ ਹੋਵੇਗਾ।"

"ਮੈਡਮ ਇਸ ਪ੍ਰਕਾਰ ਦੇ ਵਿਸ਼ਿਆਂ ਲਈ ਸਮੱਗਰੀ ਲੱਭਣ ਲਈ ਪੁਸਤਕਾਂ ਦੇ ਨਾਲ-ਨਾਲ ਚਲੰਤ ਰਸਾਲੇ ਤੇ ਅਖ਼ਬਾਰਾਂ ਜ਼ਰੂਰ ਦੇਖਣੀਆਂ ਚਾਹੀਦੀਆਂ ਹਨ, ਖ਼ਾਸ ਕਰਕੇ ਉਹ ਅੰਕ ਜਿਹੜੇ 26 ਜਨਵਰੀ ਤੇ 15 ਅਗਸਤ ਦੇ ਨੇੜੇ ਤੇੜੇ ਛਪਦੇ ਹੋਣ। ਤੁਸੀਂ ਇਕ ਪੁਸਤਕ ਤੇ ਵੀ ਝਾਤ ਮਾਰ ਸਕਦੇ ਹੋ।"

"ਉਹ ਕਿਹੜੀ?"

"ਭਾਰਤ ਦੀ ਮੁੜ ਤੋਂ ਖੋਜ।"

"ਇਹ ਕਿਸਦੀ ਲਿਖੀ ਹੋਈ ਏ।"

"ਸ਼ਾਇਦ ਲੇਖਕ ਦਾ ਨਾਮ ਰਾਜਿੰਦਰ ਪੁਰੀ ਏ।"

"ਤੁਸੀਂ ਵੀ ਕਾਫੀ ਪੜ੍ਹਦੇ ਰਹਿੰਦੇ ਹੋ?"

"ਲੈਕਚਰਾਰ ਦਾ ਹੋਰ ਕੰਮ ਕੀ ਏ?"

"ਬੀਵੀ ਬੱਚਿਆਂ ਲਈ ਸਮਾਂ ਨਹੀਂ ਕੱਢਦੇ?"

"ਕੇਹੀ ਬੀਵੀ, ਕੇਹੇ ਬੱਚੇ?"

"ਅਜੇ ਸ਼ਾਦੀ ਨਹੀਂ ਕਰਵਾਈ?"

"ਨਾ ਜੀ ਨਾ, ਸ਼ਾਦੀ ਅਜੇ ਕਿੱਥੇ? ਅਜੇ ਤਿੰਨ ਸਾਲ ਤਾਂ ਮੈਨੂੰ ਲੈਕਚਰਾਰ ਲੱਗੇ ਨੂੰ ਹੋਏ ਨੇ।"

"ਐਮ. ਏ ਹੀ ਕੀਤੀ ਜਾਂ ਐਮ.ਫਿਲ ਵੀ?"

"ਐਮ. ਫਿਲ ਵੀ ਕੀਤੀ ਏ।"

"ਕੀ ਮਜ਼ਮੂਨ ਏ ਤੁਹਾਡਾ?"

"ਰਾਜਨੀਤੀ ਸ਼ਾਸਤਰ।"

"ਕਿਹੜੀ ਯੂਨੀਵਰਸਿਟੀ ਤੋਂ?"

"ਇਸੇ ਪੰਜਾਬ ਯੂਨੀਵਰਸਿਟੀ ਤੋਂ ਹੀ।"

"ਕੀ ਪੰਜਾਬ ਯੂਨੀਵਰਸਿਟੀ ਚੰਗੀ ਨਹੀਂ?"

"ਮੈਂ ਤਾਂ ਵੈਸੇ ਹੀ ਪੁੱਛਿਆ ਏ। ਮੈਨੂੰ ਤਾਂ ਪੰਜਾਬ ਯੂਨੀਵਰਸਿਟੀ ਬਹੁਤ ਹੀ ਪਸੰਦ ਏ। ਮੈਂ ਖੁਦ ਵੀ ਤਾਂ ਇਸੇ ਯੂਨੀਵਰਸਿਟੀ ਵਿੱਚ ਪੜ੍ਹੀ ਹਾਂ।"

"ਐਮ. ਏ ਕਿੱਥੋਂ ਕੀਤੀ ਸੀ?"

"ਚੰਡੀਗੜ੍ਹ ਕੈਂਪਸ ਤੋਂ।"

"ਬਹੁਤ ਖ਼ੂਬ।"

"ਛੱਡੋ ਖ਼ੂਬ ਖਾਬ ਨੂੰ। ਬੱਸ ਔਹ ਆਖਰੀ ਉਮੀਦਵਾਰ ਹੀ ਰਹਿ ਗਿਐ। ਪਤਾ ਨਹੀਂ ਕੀ ਲਿਖੀ ਜਾ ਰਿਹਾ ਏ। ਮੁਕਾਂਦਾ ਹੀ ਨਹੀਂ। ਮਿੰਟ ਤਾਂ ਹੁਣ ਪੰਜ ਹੀ ਰਹਿ ਗਏ ਨੇ। ਕਰੋ

ਕੁਝ। ਉੱਠੋ ਪਰ੍ਹੇ ਤੇ ਫਿਰ ਘਰ ਚੱਲੀਏ।"

"ਫਾਈਵ ਮਿਨਟਜ਼ ਲੈਫਟ, ਹਰੀ ਅੱਪ ਪਲੀਜ਼", ਅਜੇ ਪ੍ਰਸ਼ੋਤਮ ਨੇ ਬੋਲਿਆ ਹੀ ਨਹੀਂ ਸੀ ਕਿ ਉਮੀਦਵਾਰ ਉਠ ਕੇ ਆ ਗਿਆ।

ਦੋਹਾਂ ਹੀ ਨਿਗਰਾਨਾਂ ਨੇ ਉੱਤਰ ਪੱਤਰੀਆਂ ਇਕੱਠੀਆਂ ਕੀਤੀਆਂ ਤੇ ਸੁਪਰਡੈਂਟ ਦੇ ਕਮਰੇ ਵਿੱਚ ਚਲੇ ਗਏ।

ਸੁਪਰਡੈਂਟ ਦੇ ਕਮਰੇ ਵਿੱਚ ਹੋਰ ਈ ਝਮੇਲਾ ਖੜ੍ਹਾ ਹੋਇਆ ਪਿਆ ਸੀ। ਕਿਸੇ ਕਮਰੇ ਵਿੱਚ ਇਕ ਨਿਗਰਾਨ ਨੇ ਕਿਸੇ ਪ੍ਰੀਖਿਆਰਥੀ ਪਾਸੋਂ ਇੱਕ ਪਰਚੀ ਫੜਨ ਦੀ ਕੋਸ਼ਿਸ਼ ਕੀਤੀ ਸੀ। ਪ੍ਰੀਖਿਆਰਥੀ ਨੇ ਪਰਚੀ ਮੂੰਹ ਵਿੱਚ ਪਾ ਲਈ ਸੀ। ਨਿਗਰਾਨ ਨੇ ਗੁੱਸੇ ਵਿੱਚ ਆ ਕੇ ਉਸਦੀ ਉੱਤਰ ਪੱਤਰੀ ਫੜੀ ਤੇ ਉਹਨਾਂ ਦੋ ਸਫਿਆਂ ਤੇ ਆਪਣੇ ਪੈਨ ਨਾਲ ਚੀਹਟੇ ਮਾਰ ਦਿੱਤੇ ਜਿਹੜੇ ਕਿ ਉਹ ਪ੍ਰੀਖਿਆਰਥੀ ਪਰਚੀ ਫੜਨ ਵੇਲੇ ਨਕਲ ਮਾਰ ਕੇ ਲਿਖ ਰਿਹਾ ਸੀ।

"ਅਰੋੜਾ ਸਾਹਿਬ, ਤੁਹਾਨੂੰ ਪ੍ਰੀਖਿਆਰਥੀ ਦੀ ਉੱਤਰ-ਪੱਤਰੀ ਤੇ ਆਪਣੇ ਪੈੱਨ ਨਾਲ ਚੀਹਟੇ ਨਹੀਂ ਮਾਰਨੇ ਚਾਹੀਦੇ। ਇਸ ਪ੍ਰਕਾਰ ਦੇ ਚੀਹਟੇ ਮਾਰਨ ਦਾ ਸਾਨੂੰ ਕੋਈ ਅਧਿਕਾਰ ਨਹੀਂ। ਪਰਚੀ ਫੜੋ ਅਤੇ ਮੇਰੇ ਪਾਸ ਲਿਆਓ। ਮੈਂ ਕੇਸ ਬਣਾ ਦਿਆਂਗਾ। ਹੁਣ ਜਦ ਉਹ ਪ੍ਰੀਖਿਆਰਥੀ ਪਰਚੀ ਖਾ ਹੀ ਗਿਆ ਤਾਂ ਅਸੀਂ ਉਸਦਾ ਕੇਸ ਕਿਵੇਂ ਬਣਾ ਸਕਦੇ ਹਾਂ ?"

"ਸਰ ਜੀ, ਮੈਨੂੰ ਉਸਦੇ ਪਰਚੀ ਖਾ ਜਾਣ ਤੇ ਗੁੱਸਾ ਆ ਗਿਆ। ਮੈਂ ਉਸਦੀ ਉੱਤਰ ਪੱਤਰੀ ਫੜੀ ਤੇ ਉਹ ਸਵਾਲ ਕੱਟ ਦਿੱਤਾ ਜਿਹੜਾ ਉਸਨੇ ਇਸ ਪਰਚੀ ਤੋਂ ਨਕਲ ਕਰ ਕੇ ਲਿਖਿਆ ਸੀ।"

"ਅਰੋੜਾ ਸਾਹਿਬ, ਤੁਸੀਂ ਇੰਝ ਕਰਕੇ ਗ਼ਲਤ ਕੀਤਾ ਏ। ਸਬੂਤ ਦੀ ਘਾਟ ਕਰਕੇ ਕੇਸ ਅਸੀਂ ਬਣਾ ਨਹੀਂ ਸਕਦੇ। ਉਲਟਾ ਪ੍ਰੀਖਿਆਰਥੀ ਤੁਹਾਡੀ ਸ਼ਿਕਾਇਤ ਵੀ ਕਰ ਸਕਦਾ ਏ ਕਿ ਤੁਸੀਂ ਕਿਸੇ ਜਾਤੀ ਦੁਸ਼ਮਣੀ ਕਰਕੇ ਉਸਦੀ ਉੱਤਰ ਪੱਤਰੀ ਤੇ ਚੀਹਟੇ ਮਾਰੇ ਹਨ। ਹੁਣ ਤਾਂ ਇਕੋ ਇਹੀ ਤਰੀਕਾ ਏ ਕਿ ਤੁਹਾਡੇ ਮਾਰੇ ਹੋਏ ਚੀਹਟਿਆਂ ਤੇ ਵਾਈਟਨਰ ਲਾ ਕੇ ਇੰਝ ਜ਼ਾਹਰ ਕੀਤਾ ਜਾਵੇ ਕਿ ਚੀਹਟੇ ਗ਼ਲਤੀ ਨਾਲ ਵੱਜ ਗਏ ਹੋਣਗੇ। ਤੁਹਾਡਾ ਕੀ ਖਿਆਲ ਏ?"

"ਸਰ ਜੀ, ਤੁਸੀਂ ਜ਼ਿਆਦਾ ਜਾਣਦੇ ਹੋ। ਜਿਵੇਂ ਮਰਜ਼ੀ ਕਰ ਲਵੋ। ਇਹੀ ਸਮਝੋ ਕਿ ਮੈਥੋਂ ਗੁੱਸੇ ਵਿੱਚ ਆ ਕੇ ਜਲਦੀ-ਜਲਦੀ ਵਿੱਚ ਚੀਹਟੇ ਮਾਰ ਹੋ ਗਏ।"

"ਸੁਪਰਡੈਂਟ ਨੇ ਆਪਣੇ ਸੈਂਟਰ ਕਲਰਕ ਨੂੰ ਹਦਾਇਤ ਕੀਤੀ ਕਿ ਚੀਹਟਿਆਂ ਤੇ ਸਫ਼ੈਦ ਸਿਆਹੀ ਲਗਾ ਦਿੱਤੀ ਜਾਵੇ। ਕੇਸ ਬਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਲਰਕ ਨੇ ਇੰਝ ਹੀ ਕੀਤਾ।"

ਸੁਪਰਡੈਂਟ ਸੈਂਟਰ ਬੰਦ ਕਰ ਰਿਹਾ ਸੀ। ਪ੍ਰਸ਼ੋਤਮ ਤੇ ਕਾਂਤਾ ਆਪਣੀਆਂ ਉੱਤਰ ਪੱਤਰੀਆਂ ਉਸਨੂੰ ਸੰਭਾਲ ਕੇ ਜਾ ਚੁੱਕੇ ਸਨ ਤੇ ਉਹ ਉੱਤਰ ਪੱਤਰੀ ਵੀ ਬਾਕੀ ਬੰਡਲ ਵਿਚ ਮਿਲਾ ਦਿੱਤੀ ਗਈ ਸੀ।



# ਕਾਂਡ ਤਿੰਨ

ਪ੍ਰਿੰਸੀਪਲ ਅਤੇ ਡਾ. ਪਤਵੰਤ ਸਿੰਘ ਦੀ ਯੂਨੀਵਰਸਿਟੀ ਵਲੋਂ ਫਲਾਇੰਗ ਸਕੁਐਡ ਵਿੱਚ ਡਿਊਟੀ ਲੱਗੀ ਹੋਈ ਸੀ। ਹੁਣ ਪ੍ਰੀਖਿਆ ਚਲਦੀ ਨੂੰ ਪੰਜ ਦਿਨ ਹੋ ਗਏ ਸਨ। ਅੱਜ ਇਹਨਾਂ ਦੋਹਾਂ ਨੇ ਬਾਹਰਲੇ ਕਾਲਜਾਂ ਵਿੱਚ ਸੈਂਟਰ ਚੈੱਕ ਕਰਨ ਜਾਣਾ ਸੀ। ਪ੍ਰਿੰਸੀਪਲ ਨੇ ਆਪਣੀ ਥਾਂ ਤੇ ਵਾਇਸ ਪ੍ਰਿੰਸੀਪਲ ਨੂੰ ਅੱਜ ਦੇ ਦਿਨ ਵਾਸਤੇ ਇਮਤਿਹਾਨ ਦਾ ਕੰਟਰੋਲਰ ਬਣਾ ਦਿੱਤਾ ਸੀ।

ਕਾਰ ਆ ਕੇ ਕਾਲਜ ਵਿੱਚ ਖੜ੍ਹੀ ਹੋ ਗਈ ਸੀ। ਪ੍ਰਿੰਸੀਪਲ ਆਪਣੇ ਦਫ਼ਤਰ ਵਿੱਚ ਕੁਝ ਕਾਗਜ਼ਾਂ 'ਤੇ ਘੁੱਗੀ ਮਾਰ ਰਿਹਾ ਸੀ। ਪਤਵੰਤ ਸਿੰਘ ਬਾਹਰ ਫੁੱਲਾਂ ਦੀਆਂ ਕਿਆਰੀਆਂ ਨਾਲ ਘਿਰੀ ਘਾਹ ਦੀ ਟੁਕੜੀ ਵਿਚ ਬੈਠਾ ਉਸਦਾ ਇੰਤਜ਼ਾਰ ਕਰ ਰਿਹਾ ਸੀ। ਦਿਨ ਬੜਾ ਸਾਫ ਸੁਥਰਾ ਸੀ। ਅਪ੍ਰੈਲ ਮਹੀਨੇ ਦੇ ਸ਼ੁਰੂ ਵਿੱਚ ਥੋੜ੍ਹੀ ਥੋੜ੍ਹੀ ਗਰਮੀ ਹੋਣ ਲੱਗ ਪਈ ਸੀ। ਕਣਕਾਂ ਦੀਆਂ ਵਾਢੀਆਂ ਬਿਲਕੁਲ ਸਿਰ ਤੇ ਸਨ। ਲੋਕਾਂ ਦੇ ਤੁਰਨ ਫਿਰਨ ਅਤੇ ਪਹਿਰਾਵੇ ਤੋਂ ਬਸੰਤ ਰੁੱਤ ਦੇ ਖਾਤਮੇ ਦਾ ਅਸਰ ਵੀ ਨਜ਼ਰ ਆ ਰਿਹਾ ਸੀ। ਬਸੰਤ ਰੁੱਤ ਦੌਰਾਨ ਜਦ ਲੋਕ ਭਾਰੇ ਕੱਪੜੇ ਉਤਾਰਦੇ ਹਨ ਤੇ ਹਲਕੇ ਕੱਪੜੇ ਪਹਿਨਣੇ ਸ਼ੁਰੂ ਕਰਦੇ ਹਨ ਤਾਂ ਜ਼ਿਆਦਾ ਨਿੱਖਰੇ-ਨਿੱਖਰੇ ਲੱਗਣ ਲੱਗ ਪੈਂਦੇ ਹਨ। ਪ੍ਰਿੰਸੀਪਲ ਅਤੇ ਪਤਵੰਤ ਸਿੰਘ ਹੁਣ ਹਲਕੇ ਹਲਕੇ ਪਹਿਰਾਵੇ ਵਿੱਚ ਸਨ। ਦੋਹਾਂ ਦੇ ਡੀਲ ਡੌਲ ਨਿੱਖਰੇ ਨਿੱਖਰੇ ਲੱਗ ਰਹੇ ਸਨ। ਦੋਨੋਂ ਸਰਦਾਰ ਕਾਰ ਵਿੱਚ ਬੈਠ ਗਏ।

"ਸਾਹਿਬ ਜੀ, ਕਿਸ ਪਾਸੇ ਵੱਲ ਜਾਣਾ ਏ?" ਡਰਾਈਵਰ ਨੇ ਆਪਣੇ ਮੋਨੇ ਸਿਰ ਤੇ ਬੰਨ੍ਹਿਆ ਪੀਲਾ ਪਟਕਾ ਸੁਆਰਦੇ ਨੇ ਬੜੇ ਅਦਬ ਨਾਲ ਪੁੱਛਿਆ।

"ਬੱਲਿਆ, ਲੁਧਿਆਣੇ ਦੇ ਕੁੱਝ ਕਾਲਜਾਂ ਵਿੱਚ ਜਾਣਾ ਏ। ਪਹਿਲਾਂ ਤੂੰ ਟਾਂਡੇ ਵਿਚ ਦੀ ਹੁੰਦਾ ਹੋਇਆ ਲੁਧਿਆਣੇ ਵੱਲ ਨੂੰ ਚੱਲ। ਬਾਕੀ ਤੈਨੂੰ ਫਿਰ ਦੱਸਾਂਗੇ", ਪ੍ਰਿੰਸੀਪਲ ਬੋਲਿਆ।

"ਸਾਹਿਬ ਜੀ, ਅੱਜ ਦੀ ਅਖ਼ਬਾਰ ਦੇਖੀ ਏ?" ਪਤਵੰਤ ਸਿੰਘ ਬੋਲਿਆ "ਹਾਂ, ਸਰਸਰੀ ਜਿਹੀ ਨਜ਼ਰ ਮਾਰੀ ਸੀ ਸੁਰਖੀਆਂ ਤੇ। ਚੰਗੀ ਤਰ੍ਹਾਂ ਤਾਂ ਸ਼ਾਮ ਨੂੰ ਵਿਹਲੇ ਹੋ ਕੇ ਹੀ ਪੜ੍ਹੀਦੀ ਏ। ਕੀ ਕੋਈ ਖ਼ਾਸ ਖ਼ਬਰ ਏ।" "ਸਰ, ਖ਼ਬਰ ਤਾਂ ਹਰ ਰੋਜ਼ ਇੱਕੋ ਜਿਹੀ ਹੀ ਹੁੰਦੀ ਏ। ਪੰਜਾਬ ਵਿੱਚ ਪਿਛਲੇ 24 ਘੰਟਿਆਂ ਦੌਰਾਨ ਕਿੰਨੇ ਮਰੇ। ਅੱਜ ਦੀ ਗਿਣਤੀ 42 ਏ। 35 ਤਾਂ ਲੁਧਿਆਣੇ ਦੀ ਦਰੇਸੀ ਗਰਾਉਂਡ ਵਿੱਚ ਹੀ ਢੇਰੀ ਕਰ ਤੇ। ਬਾਕੀ ਇੱਕਾ ਦੁੱਕਾ

ਗੁਰਦਾਸਪੁਰ ਤੇ ਅੰਮ੍ਰਿਤਸਰ ਦੀਆਂ ਵਾਰਦਾਤਾਂ ਵਿੱਚ।"

"ਡਾ. ਸਾਹਿਬ, ਸਮਝ ਨਹੀਂ ਆਉਂਦੀ ਇਹ ਮੌਤ ਦਾ ਨੰਗਾ ਨਾਚ ਕਦੋਂ ਖ਼ਤਮ ਹੋਵੇਗਾ। ਤੁਸੀਂ ਤਾਂ ਇਤਿਹਾਸ ਬੜੀ ਬਾਰੀਕੀ ਨਾਲ ਪੜ੍ਹਿਆ ਏ। ਪਹਿਲਾਂ ਵੀ ਤੁਸੀਂ ਇਕ ਦਿਨ ਇਸ ਵਿਸ਼ੇ ਤੇ ਮੇਰੇ ਨਾਲ ਕੁੱਝ ਗੱਲਾਂ ਕੀਤੀਆਂ ਸਨ। ਅੱਜ ਤਾਂ ਅਸੀਂ ਲੱਗਪੱਗ ਵਿਹਲੇ ਹੀ ਹਾਂ ਪਰ ਕਾਲਜਾਂ ਨੂੰ ਚੈੱਕ ਕਰਨ ਦਾ ਕੋਈ ਖ਼ਾਸ ਕੰਮ ਨਹੀਂ। ਜੋ ਕੁੱਝ ਪ੍ਰੀਖਿਆ ਕੇਂਦਰਾਂ ਵਿੱਚ ਹੋ ਰਿਹਾ ਏ ਉਹ ਤਾਂ ਅਸੀਂ ਸਭ ਜਾਣਦੇ ਹੀ ਹਾਂ। ਫਾਰਮੈਲਿਟੀ ਤਾਂ ਕਰਨੀ ਹੀ ਏ। ਸੁਪਰਡੈਂਟ ਨੂੰ ਮਿਲੋ, ਥੋੜ੍ਹਾ ਜਿਹਾ ਵਰਾਂਡੇ ਆਦਿ ਵਿੱਚ ਗੇੜ੍ਹਾ ਜਿਹਾ ਮਾਰੋ, ਆ ਕੇ ਪ੍ਰਿੰਸੀਪਲ ਪਾਸ ਬੈਠ ਜਾਓ, ਚਾਹ ਪਾਣੀ ਪੀਓ, ਕਾਗਜ਼ਾਂ ਤੇ ਹਾਜ਼ਰੀ ਪਾਓ ਤੇ ਵਾਪਸ ਚਾਲੇ ਪਾ ਲਵੋ।"

"ਸਰ, ਗੱਲ ਤਾਂ ਤੁਹਾਡੀ ਠੀਕ ਏ। ਸ਼ਾਮ ਨੂੰ ਹਨੇਰਾ ਹੋਣ ਤੋਂ ਪਹਿਲਾਂ ਘਰ ਵਾਪਸ ਆ ਜਾਣਾ ਚਾਹੀਦਾ ਏ। ਤੁਹਾਨੂੰ ਪਤਾ ਹੀ ਏ, ਸੂਰਜ ਛਿਪਣ ਤੋਂ ਪਹਿਲਾਂ ਪਹਿਲਾਂ ਹੀ ਸਾਰੇ ਪਾਸੇ ਸੁੰਨ ਮਸਾਨ ਹੋ ਜਾਂਦਾ ਏ। ਸਭ ਲੋਕ ਡਰਦੇ ਘਰਾਂ ਵਿੱਚ ਵੜ ਜਾਂਦੇ ਹਨ। ਉਸ ਤੋਂ ਬਾਅਦ ਤਾਂ ਫਿਰ ਸੂਬੇ ਦੀ ਚੁਣੀ ਹੋਈ ਸਰਕਾਰ ਦਾ ਰਾਜ ਖ਼ਤਮ ਜਿਹਾ ਹੀ ਹੋ ਜਾਂਦਾ ਹੈ। ਅਨੇਕਾਂ ਕਮਾਂਡੋ ਫੋਰਸਾਂ ਬਣੀਆਂ ਹੋਈਆਂ ਹਨ। ਪੰਥਕ ਕਮੇਟੀ ਆਪਣੇ ਬਿਆਨ ਦਿੰਦੀ ਰਹਿੰਦੀ ਹੈ। ਕੱਲ ਪੰਥਕ ਕਮੇਟੀ ਦਾ ਵਾਇਸ ਚਾਂਸਲਰ ਦੇ ਖ਼ਿਲਾਫ਼ ਬਿਆਨ ਆ ਗਿਆ ਸੀ। ਵੀ. ਸੀ ਨੇ ਭਾਜੜਾਂ ਪਾਈਆਂ ਹੋਈਆਂ ਸਨ।"

"ਡਾ. ਸਾਹਿਬ, ਇਹ ਸਭ ਕੁੱਝ ਤਾਂ ਹੋਈ ਹੀ ਜਾ ਰਿਹਾ ਏ। ਮੈਨੂੰ ਤਾਂ ਇੰਝ ਲੱਗਦਾ ਏ, ਜੇ 78 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿੱਚ ਨਿਰੰਕਾਰੀਆਂ ਦਾ ਸਿੱਖਾਂ ਨਾਲ ਪੰਗਾ ਨਾ ਪੈਂਦਾ ਤਾਂ ਸ਼ਾਇਦ ਹਾਲਾਤ ਏਨੇ ਖ਼ਰਾਬ ਨਾ ਹੁੰਦੇ।"

ਸਰ, ਤੁਸੀਂ ਇਸ ਮਸਲੇ ਦੇ ਲੰਬੇ ਪਿਛੋਕੜ ਵੱਲ ਘੱਟ ਧਿਆਨ ਦਿੰਦੇ ਲਗਦੇ ਹੋ।

"ਮੈਂ ਇਤਿਹਾਸ ਨਹੀਂ ਪੜ੍ਹਾਉਂਦਾ ਵੈਸੇ ਮੈਂ ਆਪਣੀ ਕੌਮ ਦੇ ਇਤਿਹਾਸ ਬਾਰੇ ਸਾਧਾਰਨ ਜਿਹਾ ਤਾਂ ਜਾਣਦਾ ਹੀ ਹਾਂ।"

"ਸਾਧਾਰਨ ਤੋਂ ਤੁਹਾਡਾ ਕੀ ਭਾਵ ਏ?"

"ਮੈਂ ਤਾਂ ਸਿਰਫ਼ ਇਹੀ ਕਹਾਂਗਾ ਕਿ ਖ਼ਾਲਸਾ ਸਾਜਨਾ ਨੂੰ ਤਿੰਨ ਸੌ ਸਾਲ ਹੋਣ ਵਾਲੇ ਹਨ। ਇਸ 300 ਸਾਲ ਦੇ ਅਰਸੇ ਦੌਰਾਨ ਸਿੱਖਾਂ ਨੇ 70 ਕੁ ਸਾਲ ਤਾਂ ਰਾਜ ਕੀਤਾ ਹੀ ਏ। ਗੁਰੂ ਸਾਹਿਬਾਨ ਤੋਂ ਬਾਅਦ ਬੰਦਾ ਬਹਾਦਰ ਆਇਆ। ਫਿਰ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਜਿਹੇ ਸੂਰਮਿਆਂ ਨੇ ਮੁਸਲਮਾਨ ਧਾੜਵੀਆਂ ਨਾਲ ਆਢਾ ਲੈ ਛੱਡਿਆ। ਉਸਤੋਂ ਬਾਅਦ ਮਿਸਲਾਂ ਬਣੀਆਂ। ਇਹਨਾਂ ਮਿਸਲਾਂ ਵਿਚੋਂ ਰਣਜੀਤ ਸਿੰਘ ਨਿਕਲਿਆ। ਉਸਨੇ ਤਕਰੀਬਨ ਚਾਲੀ ਸਾਲ ਉਸ ਜਗ੍ਹਾ 'ਤੇ ਬੈਠ ਕੇ ਰਾਜ ਕੀਤਾ ਜਿਹੜੀ ਚਾਰੇ ਪਾਸਿਓਂ ਮੁਸਲਮਾਨਾਂ ਨਾਲ ਘਿਰੀ ਹੋਈ ਸੀ। ਇਹ ਰਾਜ ਰਣਜੀਤ ਸਿੰਘ ਤੋਂ ਬਾਅਦ



ਵੀ ਦਸ ਸਾਲ ਚਲਦਾ ਰਿਹਾ। ਅਗਰ ਉੱਤਰੀ ਭਾਰਤ ਦਾ ਸਾਰਾ ਇਤਿਹਾਸ ਦੇਖੀਏ ਤਾਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਹਰਸ਼ ਵਰਧਨ ਤੋਂ ਬਾਅਦ ਜਦ ਮੁਸਲਮਾਨਾਂ ਨੇ ਉੱਤਰੀ ਭਾਰਤ ਵਿੱਚ ਪੈਰ ਜਮਾਏ ਤਾਂ ਉਹਨਾਂ ਨੇ ਹਿੰਦੂਆਂ ਦੇ ਪੈਰ ਹੀ ਨਹੀਂ ਲੱਗਣ ਦਿੱਤੇ। ਅਗਰ ਮੁਸਲਮਾਨਾਂ ਨੂੰ ਇਸ ਖਿੱਤੇ ਵਿੱਚ ਕਿਸੇ ਨੇ ਲਲਕਾਰਿਆ ਤਾਂ ਉਹ ਸਿਰਫ ਸਿੱਖ ਹੀ ਸਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਸ ਖਿੱਤੇ ਵਿੱਚ ਲੰਬਾ ਸਮਾਂ ਸਿੱਖਾਂ ਦਾ ਬੋਲ ਬਾਲਾ ਹੀ ਰਿਹਾ ਏ। ਹੁਣ ਆਜ਼ਾਦੀ ਤੋਂ ਬਾਅਦ ਅਗਰ ਕੇਂਦਰ ਸਰਕਾਰ ਪੰਜਾਬ ਦੀਆਂ ਜਾਇਜ਼ ਮੰਗਾਂ ਮੰਨ ਲੈਂਦੀ ਤਾਂ ਹਾਲਾਤ ਇਸ ਕਦਰ ਖ਼ਰਾਬ ਨਹੀਂ ਹੋਣੇ ਸਨ।"

"ਇਹੀ ਤਾਂ ਮਸਲਾ ਏ, ਸਰ। ਸਿਆਸਤਦਾਨ ਆਪਣੀਆਂ ਘਟੀਆ ਚਾਲਾਂ ਤੋਂ ਬਾਜ ਨਹੀਂ ਆਉਂਦੇ। ਕੇਂਦਰ ਸਰਕਾਰ ਨੇ ਅੰਗਰੇਜ਼ਾਂ ਵਾਲੀ ਨੀਤੀ ਅਖਤਿਆਰ ਕਰਨੀ ਚਾਹੀ। ਸਿੱਖਾਂ ਨੂੰ ਆਪਸ ਵਿੱਚ ਲੜਾ ਕੇ ਕਮਜ਼ੋਰ ਕਰਨ ਦੀ ਪਰ ਉਹ ਕਾਮਯਾਬ ਨਹੀਂ ਹੋਈ। ਸਾਕਾ ਨੀਲਾ ਤਾਰਾ ਨੇ ਹਾਲਾਤ ਅੰਤਾਂ ਦੇ ਖ਼ਰਾਬ ਕਰ ਦਿੱਤੇ। ਬਿਹਤਰ ਹੁੰਦਾ ਜੇ ਇਹ ਸਾਕਾ ਨਾ ਵਾਪਰਦਾ। ਇਸ ਪ੍ਰਕਾਰ ਦੀਆਂ ਘਟਨਾਵਾਂ ਇਤਿਹਾਸ ਨੂੰ ਸਦੀਆਂ ਤੱਕ ਝੰਜੋੜਦੀਆਂ ਰਹਿੰਦੀਆਂ ਹਨ। ਅੰਗਰੇਜ਼ਾਂ ਦੇ ਸਮੇਂ ਤੋਂ ਹੀ ਸਿੱਖਾਂ ਦਾ ਇਮਤਿਹਾਨ ਚਲਦਾ ਆ ਰਿਹਾ ਏ। ਇਸ ਕਠਿਨ ਪ੍ਰੀਖਿਆ ਦੌਰਾਨ ਸਿੱਖਾਂ ਦੇ ਲੀਡਰਾਂ ਨੇ ਵੀ ਗ਼ਲਤੀਆਂ ਕੀਤੀਆਂ ਤੇ ਕੇਂਦਰ ਸਰਕਾਰ ਨੇ ਵੀ।

"ਸਿੱਖਾਂ ਦੀਆਂ ਗ਼ਲਤੀਆਂ ਤੋਂ ਤੁਹਾਡਾ ਕੀ ਭਾਵ ਏ?"

ਸੂਬੇ ਵਿੱਚ ਸਿੱਖਾਂ ਦੀ ਸਰਕਾਰ ਵੀ ਤਾਂ ਅਕਸਰ ਬਣ ਹੀ ਜਾਂਦੀ ਏ। ਹੋਰ ਸਿੱਖ ਕੀ ਚਾਹੁੰਦੇ ਹਨ?

"ਸਿੱਖਾਂ ਨਾਲ ਸੰਨ 87 ਵਿਚ ਕਾਂਗਰਸ ਦੇ ਲੀਡਰਾਂ ਨੇ ਕੁੱਝ ਵਾਅਦੇ ਕੀਤੇ ਸਨ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਕਾਂਗਰਸ ਇਹਨਾਂ ਵਾਅਦਿਆਂ ਨੂੰ ਭੁੱਲ ਹੀ ਗਈ।"

"ਕੀ ਚੰਗਾ ਨਾ ਹੁੰਦਾ ਜੇ ਸਿੱਖ ਸੰਨ 47 ਵਿੱਚ ਹੀ ਕੋਈ ਤਕੜਾ ਸਟੈਂਡ ਲੈ ਲੈਂਦੇ?"

"ਸਰ, ਸਿੱਖ ਅਸਲ ਵਿੱਚ ਪੰਜਾਬ ਵਿਚ ਆਪਣਾ ਬੋਲਬਾਲਾ ਚਾਹੁੰਦੇ ਰਹੇ ਹਨ। ਉਹ ਅਲੱਗ ਹੋਣ ਬਾਰੇ ਕਦੇ ਘੱਟ ਹੀ ਸੋਚਦੇ ਹਨ। ਜਦ ਕੋਈ ਜਾਇਜ਼ ਮੰਗਾਂ ਵੀ ਨਹੀਂ ਮੰਨਦਾ ਤਾਂ ਆਪਸੀ ਟਕਰਾ ਵਧ ਜਾਂਦਾ ਏ। ਫਿਰ ਅਗਲਾ ਗੁੱਸੇ ਵਿਚ ਆ ਕੇ ਵੱਡੀ ਤੋਂ ਵੱਡੀ ਮੰਗ ਰੱਖ ਦਿੰਦਾ ਹੈ। ਜਦ ਕੋਈ ਕਿਸੇ ਸਿੱਖ ਦੇ ਪਾਈ ਹੋਈ ਛੋਟੀ ਕ੍ਰਿਪਾਨ ਵੱਲ ਸ਼ੱਕ ਦੀ ਨਜ਼ਰ ਨਾਲ ਦੇਖੇਗਾ ਤਾਂ ਸਿੱਖ ਸੋਚੇਗਾ-"ਲੈ ਮੈਂ ਲੰਬੀ ਕਿਰਪਾਨ ਪਹਿਨਦਾ ਹਾਂ, ਤੂੰ ਜੋ ਕੁਝ ਕਰਨਾ ਏ ਕਰ ਲੈ। ਕ੍ਰਿਪਾਨ ਮੇਰਾ ਧਾਰਮਿਕ ਚਿੰਨ੍ਹ ਏ, ਮੈਨੂੰ ਇਸਨੂੰ ਪਹਿਨਣ ਤੋਂ ਕੋਈ ਨਹੀਂ ਰੋਕ ਸਕਦਾ।" ਸਰਕਾਰ ਨੂੰ ਚਾਹੀਦਾ ਏ ਮਸਲੇ ਨੂੰ ਜਲਦੀ ਹੱਲ ਕਰ ਦੇਵੇ, ਉਸਨੂੰ ਲਟਕਾਵੇ ਨਾ। ਕਸ਼ਮੀਰ ਨੂੰ ਵੀ ਤਾਂ ਸਪੈਸ਼ਲ ਰੁਤਬਾ ਦਿੱਤਾ ਹੀ ਹੋਇਆ ਏ। ਪੰਜਾਬ ਜਿਸਨੇ ਭਾਰਤ ਦੀ ਆਜ਼ਾਦੀ ਵਾਸਤੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਪੰਜਾਬ

ਜਿੱਥੋਂ ਭਾਰਤ ਦੇ ਅੰਨ ਭੰਡਾਰ ਨੂੰ ਅੰਤਾਂ ਦਾ ਲਾਭ ਹੁੰਦਾ ਏ, ਪੰਜਾਬ ਜਿੱਥੋਂ ਕੇਂਦਰ ਨੂੰ ਸਭ ਤੋਂ ਵੱਧ ਆਮਦਨ ਕਰ ਜਾਂਦਾ ਏ, ਅਗਰ ਉਸ ਪੰਜਾਬ ਦੀਆਂ ਕੁੱਝ ਜ਼ਰੂਰੀ ਮੰਗਾਂ ਮੰਨ ਵੀ ਲਈਆਂ ਜਾਣ ਤਾਂ ਕੀ ਲੋਹੜਾ ਆ ਜਾਊ? ਸਾਹਿਬ ਜੀ, ਆਹ ਮੇਰੇ ਪਾਸ ਹਰਬੀਰ ਸਿੰਘ ਭੰਵਰ ਦੀ 84 ਦੇ ਦੁਖਾਂਤ ਬਾਰੇ ਲਿਖੀ ਹੋਈ ਪੁਸਤਕ ਏ। ਉਸ ਨੇ ਬਿਲਕੁਲ ਠੀਕ ਲਿਖਿਆ ਏ।"

"ਭੰਵਰ ਨੇ ਕੀ ਲਿਖਿਆ ਏ।"

(ਪਤਵੰਤ ਸਿੰਘ ਪੁਸਤਕ ਖੋਲ੍ਹ ਕੇ ਵਿਚੋਂ ਇਕ ਪੈਰਾ ਪੜ੍ਹ ਕੇ ਸਣਾਉਂਦਾ ਏ)

"ਇਹ ਇਕ ਹਕੀਕਤ ਹੈ ਕਿ ਇਸ ਦੁਖਾਂਤ ਲਈ ਵਧੇਰੇ ਕਰਕੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜ਼ਿੰਮੇਵਾਰ ਸਨ। ਅਕਾਲੀ ਦਲ ਵੱਲੋਂ ਆਪਣੀਆਂ ਕੁੱਝ ਮੰਗਾਂ ਨੂੰ ਲੈ ਕੇ 'ਧਰਮ ਯੁੱਧ' ਮੋਰਚਾ ਚਲਾਇਆ ਜਾ ਰਿਹਾ ਸੀ। ਕੋਈ ਵੀ ਮੰਗ ਅਜਿਹੀ ਨਹੀਂ ਸੀ ਜੋ ਦੇਸ਼ ਦੇ ਸੰਵਿਧਾਨ ਤੋਂ ਬਾਹਰ ਹੋਵੇ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਹੋਵੇ। ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਸਰਕਾਰ ਅਤੇ ਕੁੱਝ ਵਿਰੋਧੀ ਪਾਰਟੀਆਂ ਵੱਖਵਾਦੀ ਕਰਾਰ ਦੇ ਰਹੀਆਂ ਸਨ। ਇਸ ਮਤੇ ਰਾਹੀਂ ਅਕਾਲੀ ਕੇਵਲ ਪੰਜਾਬ ਲਈ ਨਹੀਂ, ਸਗੋਂ ਦੇਸ਼ ਦੇ ਸਾਰੇ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਸਨ। ਫਿਰ ਸਰਕਾਰ ਨੇ ਇਸ ਮੰਗ 'ਤੇ ਵਿਚਾਰ ਕਰਨ ਲਈ ਸਰਕਾਰੀਆ ਕਮਿਸ਼ਨ ਦਾ ਗਠਨ ਵੀ ਕਰ ਦਿੱਤਾ ਸੀ। ਮੋਰਚੇ ਦੌਰਾਨ ਸਰਕਾਰ ਨੇ ਕਈ ਵਾਰੀ ਆਪਣੇ ਏਲਚੀਆਂ ਜਾਂ ਵਜ਼ੀਰਾਂ ਰਾਹੀਂ ਅਕਾਲੀ ਆਗੂਆਂ ਨਾਲ ਗੱਲਬਾਤ ਕੀਤੀ। ਜਦ ਗੱਲ ਸਮਝੌਤੇ ਨੇੜੇ ਅੱਪੜਦੀ ਤਾਂ ਇੰਦਰਾ ਗਾਂਧੀ ਆਪਣਾ ਰੂਪ ਬਦਲ ਲੈਂਦੀ। ਦਰਅਸਲ ਉਹ ਮੋਰਚਾ ਲਮਕਾ ਕੇ ਇਸਨੂੰ ਅਸਫਲ ਕਰਨਾ ਚਾਹੁੰਦੇ ਸਨ ਤੇ ਸਿੱਖਾਂ ਦਾ ਹਊਆ ਖੜ੍ਹਾ ਕਰਕੇ ਅਗਲੀਆਂ ਚੋਣਾਂ ਜਿੱਤਣਾ ਚਾਹੁੰਦੇ ਸਨ, ਜੋ ਪਿੱਛੋਂ ਉਨ੍ਹਾਂ ਦੇ ਪੁੱਤਰ ਸ੍ਰੀ ਰਾਜੀਵ ਗਾਂਧੀ ਨੇ ਜਿੱਤੀਆਂ। ਜੋ ਪੰਜਾਬ ਸਮਝੌਤਾ ਸ੍ਰੀ ਰਾਜੀਵ ਗਾਂਧੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਕੀਤਾ, ਉਹ ਇੰਦਰਾ ਗਾਂਧੀ ਵੀ ਕਰ ਸਕਦੀ ਸੀ। ਇਹ ਗੱਲ ਵੱਖਰੀ ਹੈ ਕਿ ਉਸ ਸਮਝੌਤੇ ਉੱਤੇ ਵੀ ਸਰਕਾਰ ਨੇ ਕੋਈ ਅਮਲ ਨਾ ਕੀਤਾ।"

"ਸਰ, ਬਾਕੀ ਰਹੀ ਗੱਲ ਅੰਗਰੇਜ਼ਾਂ ਦੀ ਤੇ ਸਿੱਖ ਕੌਮ ਦੇ ਗੋਰਿਆਂ ਵੇਲੇ ਦੇ ਲੀਡਰਾਂ ਦੀ।"

"ਸੰਨ ਸੰਤਾਲੀ ਸਮੇਂ ਤਾਂ ਸਿੱਖਾਂ ਦੇ ਲੀਡਰ ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਹੀ ਸਨ?"

"ਇਹਨਾਂ ਤੋਂ ਇਲਾਵਾ ਗਿਆਨੀ ਕਰਤਾਰ ਸਿੰਘ ਤੇ ਮਹਾਰਾਜਾ ਯਾਦਵਿੰਦਰ ਸਿੰਘ ਵੀ ਪੂਰਾ ਹਿੱਸਾ ਲੈਂਦੇ ਸਨ। ਗੋਰਿਆਂ ਨੇ ਸੰਨ 32 ਵਿਚ ਦੇਸ਼ ਨੂੰ ਇਕ ਅਵਾਰਡ ਦਿੱਤਾ ਸੀ। ਤੁਸੀਂ ਇਸ ਬਾਰੇ ਪੜ੍ਹਿਆ ਹੀ ਹੋਵੇਗਾ?"



"ਹਾਂ, ਮੈਂ ਏਨਾ ਕੁ ਜਾਣਦਾ ਹਾਂ ਕਿ ਇਸ ਐਵਾਰਡ ਦਾ ਨਾਮ ਕਮਿਊਨਲ ਐਵਾਰਡ ਸੀ। ਤੁਸੀਂ ਇਤਿਹਾਸ ਨੂੰ ਬਾਰੀਕੀ ਨਾਲ ਘੋਖਿਆ ਏ। ਅੱਜ ਤੁਸੀਂ ਇਸਤੇ ਕੁਝ ਚਾਨਣਾ ਪਾਉ। ਲੁਧਿਆਣੇ ਪਹੁੰਚਣ ਨੂੰ ਅਜੇ ਅੱਧਾ ਘੰਟਾ ਹੋਰ ਲੱਗ ਜਾਊ। ਰਾਹ ਵਿਚ ਤਾਂ ਚਾਹ ਕੀ ਪੀਣੀ ਏ। ਜਿਸ ਕਾਲਜ ਵਿਚ ਵੀ ਜਾਵਾਂਗੇ ਚਾਹ ਤਾਂ ਉੱਥੇ ਪੀਣੀ ਹੀ ਪਵੇਗੀ। ਪਹਿਲਾਂ ਸ਼ਾਇਦ ਆਪਾਂ ਡੀ. ਐੱਸ. ਕਾਲਜ ਹੀ ਜਾਈਏ। ਚਲੋ ਗੱਲ ਨੂੰ ਜਾਰੀ ਰੱਖੋ, "ਪ੍ਰਿੰਸੀਪਲ ਇਤਿਹਾਸ ਦੀ ਪਰਤ ਜਾਨਣ 'ਚ ਦਿਲਚਪਸੀ ਲੈ ਰਿਹਾ ਸੀ।" "ਸਾਹਿਬ ਜੀ, ਮੈਂ ਕਮਿਊਨਲ ਅਵਾਰਡ ਬਾਰੇ ਗੱਲ ਕਰਾਂ ਜਾਂ 47 ਵਿਚ ਸਿੱਖ ਲੀਡਰਾਂ ਦੇ ਰਵੱਈਏ ਬਾਰੇ? ਇਹਨਾਂ ਦੋਹਾਂ ਪ੍ਰੀਖਿਆਵਾਂ ਵਿੱਚ ਸਿੱਖ ਭੋਲੇ ਵੀ ਰਹੇ ਹਨ ਤੇ ਸਵਾਰਥੀ ਵੀ। ਗੋਰੇ ਭਾਵੇਂ ਦੁਨੀਆਂ ਵਿੱਚ ਚਾਲਾਕ ਤੇ ਨੀਤੀਵੇਤਾ ਰਹੇ ਸਨ ਪਰੰਤੂ ਕਮਿਊਨਲ ਐਵਾਰਡ ਅਤੇ ਸੰਨ 47 ਦੀ ਵੰਡ ਸਮੇਂ ਉਨ੍ਹਾਂ ਨੇ ਸਿੱਖਾਂ ਦੇ ਮਾਮਲੇ ਵਿੱਚ ਕੋਈ ਚਲਾਕੀ ਨਹੀਂ ਚੱਲੀ ਲੱਗਦੀ।"

"ਤੁਸੀਂ ਜਿਵੇਂ ਮਰਜ਼ੀ ਬਿਆਨ ਕਰੋ। ਦੋਹਾਂ ਵਿਸ਼ਿਆਂ ਦੀ ਪਿਛੋਕੜ ਤਾਂ ਸਿੱਖ ਕੌਮ ਦੇ ਰੁਤਬੇ ਨਾਲ ਹੀ ਜੁੜੀ ਹੋਈ ਏ। ਅੱਜ ਪੰਜਾਬ ਵਿਚ ਚੱਲ ਰਹੀ ਲਹਿਰ ਦੀ ਪਿੱਠਭੂਮੀ ਵੀ ਇਹੋ ਕੁੱਝ ਹੀ ਏ।"

"ਕਮਿਊਨਲ ਅਵਾਰਡ ਅਧੀਨ ਅੰਗਰੇਜ਼ਾਂ ਨੇ ਹਿੰਦੁਸਤਾਨ ਵਿੱਚ ਪ੍ਰਭੂਸੱਤਾ ਮਾਨਣ ਲਈ ਤਿੰਨ ਪ੍ਰਕਾਰ ਦੇ ਲੋਕਾਂ ਨੂੰ ਜਨਮ ਸਿੱਧ ਅਧਿਕਾਰੀ ਤਸਲੀਮ ਕੀਤਾ ਸੀ। ਇਹ ਤਿੰਨ ਅਧਿਕਾਰੀ ਸਨ -ਹਿੰਦੂ, ਮੁਸਲਮਾਨ ਤੇ ਸਿੱਖ।"

"ਇਹ ਤਾਂ ਮੈਨੂੰ ਵੀ ਪਤਾ ਏ। ਇਹ ਦੱਸੋ ਕਿ ਸਿੱਖ ਇਸ ਤੋਂ ਵਾਂਝੇ ਕਿਵੇਂ ਰਹੇ ਜਾਂ ਸਿੱਖਾਂ ਨੇ ਇਸਨੂੰ ਸਵੀਕਾਰ ਕਿਉਂ ਨਹੀਂ ਕੀਤਾ?"

"ਸਾਹਿਬ ਜੀ, ਗੁਰਬਾਣੀ ਵਿੱਚ ਪੰਜਵੀਂ ਪਾਤਸ਼ਾਹੀ ਦਾ ਫ਼ੁਰਮਾਨ ਏਃ ਮੁਸਲਮਾਣੁ ਮੋਮ ਦਿਲੁ ਹੋਵੈ ਅੰਤਰ ਕੀ ਮਲੁ ਦਿਲ ਤੇ ਧੋਵੈ ਦੁਨੀਆ ਰੰਗ ਨਾ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ॥" ਅਰਥਾਤ ਮੁਸਲਮਾਨ ਰਾਜਸੀ ਗਲਬੇ ਦੀ ਇੱਛਾ ਤਿਆਗ ਦੇਣ ਅਤੇ ਇਸਲਾਮ ਦੇ ਮੁੱਢਲੇ ਸਿਧਾਂਤ-ਮਿਤਰਤਾ ਕਰੁਣਾ ਤੇ ਭ੍ਰਾਤਰੀਭਾਵ ਨੂੰ ਗ੍ਰਹਿਣ ਕਰਨ ਤੇ ਹਿੰਦੂ ਆਪਣੀ ਛੂਆਛਾਤ, ਤੰਗਦਿਲੀ ਅਤੇ ਨਫ਼ਰਤ ਤਿਆਗ ਕੇ ਮੁਸਲਮਾਨਾਂ ਨੂੰ ਇਉਂ ਪਵਿੱਤਰ ਸਮਝਣ ਜਿਵੇਂ ਕਿ ਫੁੱਲ, ਪੱਟ, ਘਿਓ ਤੇ ਮਿਰਗਸ਼ਾਲਾ ਨੂੰ ਸਦਾ ਪਵਿੱਤਰ ਮੰਨਿਆ ਜਾਂਦਾ ਏ। ਇਸਦਾ ਅਰਥ ਇਹ ਹੋਇਆ ਕਿ ਸਿੱਖ ਬਾਕੀ ਦੋਹਾਂ ਫਿਰਕਿਆਂ ਨੂੰ ਵੀ ਓਵੇਂ ਹੀ ਸਰਵ ਉੱਤਮ ਮੰਨਦੇ ਰਹੇ ਜਿਵੇਂ ਕਿ ਉਹਨਾਂ ਦੀ ਬਾਣੀ ਕਹਿੰਦੀ ਏ। ਪਰੰਤੂ ਸਿਆਸਤ ਵਿਚ ਇੰਝ ਨਹੀਂ ਹੁੰਦਾ। ਸਿਆਸਤ ਵਿਚ ਆਦਰਸ਼ਵਾਦ ਨੂੰ ਕੋਈ ਖ਼ਾਸ ਥਾਂ ਨਹੀਂ। ਦੂਜੀ ਗੱਲ ਇਹ ਕਿ ਕਮਿਊਨਲ ਐਵਾਰਡ ਵਿਚ ਰਾਜਸੀ ਸੱਤਾ ਦੀ ਵੰਡ ਦਾ ਅਧਾਰ ਸਿਰਾਂ ਦੀ ਗਿਣਤੀ ਸੀ, ਨਾ ਕਿ ਆਤਮ ਗੌਰਵਤਾ। ਗਿਣਤੀ ਵਿੱਚ ਸਿੱਖਾਂ ਨੂੰ ਹਰ ਪਾਸੇ ਆਪਣੀ ਹਾਰ ਹੀ ਦਿਸਦੀ ਸੀ। ਇਸਦਾ ਇਕ ਹੋਰ ਕਾਰਨ ਇਹ ਸੀ

ਕਿ ਗੋਰੇ ਸੰਨ 47 ਵਿਚ ਹਿੰਦੁਸਤਾਨ ਨੂੰ ਬੜੀ ਜਲਦੀ-ਜਲਦੀ ਛੱਡ ਗਏ। ਕਾਹਲੀ ਕਾਹਲੀ ਵਿੱਚ ਸਿੱਖ ਲੀਡਰ ਠੰਢੇ ਦਿਲੋਂ ਦਿਮਾਗ਼ ਨਾਲ ਕੋਈ ਫ਼ੈਸਲਾ ਕਰ ਹੀ ਨਹੀਂ ਸਕੇ। ਇਸ ਕਾਹਲ ਕਾਹਲ ਵਿੱਚ ਸਿੱਖ ਦੋਚਿੱਤੀ ਵਿਚ ਰਹੇ। ਉਹ ਨਾ ਕਮਿਊਨਲ ਅਵਾਰਡ ਨੂੰ ਕਬੂਲ ਕਰ ਸਕੇ ਤੇ ਨਾ ਰੱਦ ਕਰ ਸਕੇ।"

"ਇਸ ਤੋਂ ਤਾਂ ਇਹੀ ਅੰਦਾਜ਼ਾ ਲਗਾਇਆ ਜਾ ਸਕਦਾ ਏ ਕਿ ਸਾਡੇ ਲੀਡਰ ਓਨੇ ਸਿਆਣੇ ਨਹੀਂ ਸਨ ਜਿੰਨਾਂ ਕਿ ਜਿਨਾਹ ਸੀ।"

"ਗੱਲ ਤੁਹਾਡੀ ਠੀਕ ਏ। ਸੰਨ 47 ਵਿੱਚ ਸਿੱਖ ਲੀਡਰਾਂ ਬਾਰੇ ਸੁਣ ਲਓ।"

"ਦੱਸੋ?"

"ਉਸ ਸਮੇਂ ਸਿੱਖ ਲੀਡਰ ਇਹ ਵੀ ਕਹੀ ਗਏ ਕਿ ਅੰਗਰੇਜ਼ ਹਿੰਦੁਸਤਾਨ ਛੱਡ ਜਾਣ, ਅਸੀਂ ਜੋ ਕੁੱਝ ਲੈਣਾ ਏ ਕਾਂਗਰਸ ਤੋਂ ਲਵਾਂਗੇ। ਇਸ ਧਾਰਨਾ ਤੋਂ ਇਹ ਸਾਬਤ ਹੁੰਦਾ ਏ ਕਿ ਸਿੱਖ ਲੀਡਰ ਸਰਲ ਸੁਭਾਅ (ਨਓਵਿਏ) ਤੇ ਰਾਜਨੀਤੀ ਦੇ ਖੇਤਰ ਵਿੱਚ ਕੱਚੇ ਸਨ। ਜਿਸਨੇ ਦੇ ਕੇ ਜਾਣਾ ਹੁੰਦਾ ਏ ਉਹ ਦਿਲ ਖੋਲ੍ਹ ਕੇ ਦਿੰਦਾ ਏ। ਜਿਸਨੇ ਲੈ ਕੇ ਕਾਬੂ ਕਰਨਾ ਏ ਉਹ ਹਮੇਸ਼ਾ ਮੁੱਠੀ ਘੁੱਟ ਕੇ ਦਿੰਦਾ ਏ। ਤੁਹਾਨੂੰ ਸ਼ਾਇਦ ਪਤਾ ਹੋਵੇ, 6 ਦਸੰਬਰ ਨੂੰ ਲੰਡਨ ਵਿਚ ਚਰਚਿਲ ਵਲੋਂ ਇਹ ਸੁਨੇਹਾ ਆਇਆ ਸੀ ਕਿ ਨਹਿਰੂ ਨੂੰ ਵਾਪਸ ਹਿੰਦੁਸਤਾਨ ਜਾਣ ਦਿਓ, ਸਿੱਖਾਂ ਦਾ ਨੁਮਾਇੰਦਾ ਕੁੱਝ ਸਮਾਂ ਹੋਰ ਲੰਡਨ ਠਹਿਰ ਜਾਵੇ ਤਾਂ ਕਿ ਮੁਸਲਿਮ ਲੀਗ ਨਾਲ ਸਲਾਹ ਕਰਕੇ ਸਿੱਖਾਂ ਨੂੰ ਕੁੱਝ ਠੋਸ ਦਿੱਤਾ ਜਾ ਸਕੇ ਪਰੰਤੂ ਬਲਦੇਵ ਸਿੰਘ ਨੇ ਇਹ ਗੱਲ ਝੱਟ ਦੇਣੀ ਨਹਿਰੂ ਦੇ ਕੰਨੀ ਪਾ ਦਿੱਤੀ। ਨਹਿਰੂ ਨੇ ਬਲਦੇਵ ਸਿੰਘ ਨੂੰ ਝੱਟ ਲੰਡਨ ਵਿਚੋਂ ਨਿਕਲ ਜਾਣ ਦੀ ਸਲਾਹ ਦਿੱਤੀ। ਜਦ ਬਲਦੇਵ ਸਿੰਘ ਕੈਬਨਿਟ ਮਿਸ਼ਨ ਦੇ ਮੈਂਬਰਾਂ ਨੂੰ ਦਿੱਲੀ ਸਿੱਖਾਂ ਦੇ ਨੁਮਾਇੰਦੇ ਦੀ ਹੈਸੀਅਤ ਵਿਚ ਮਿਲੇ ਤਾਂ ਸਰ ਕ੍ਰਿਪਸ (ਸ਼ਰਿ ਛਰਪਿਪਸ) ਨੇ ਸਾਹਮਣੇ ਭਾਰਤ ਦੇ ਨਕਸ਼ੇ ਤੇ ਸੋਟੀ ਪਾਨੀਪਤ ਤੋਂ ਨਨਕਾਣਾ ਸਾਹਿਬ ਤੱਕ ਘੁਮਾਈ ਤਾਂ ਬਲਦੇਵ ਸਿੰਘ ਨੇ ਜਵਾਬ ਦਿੱਤਾ ਸੀ, "ਮੇਰੀ ਕੌਮ ਤਾਂ ਜਿਹਲਮ ਤੱਕ ਰਾਜ ਮੰਗਦੀ ਏ। ਇਹ ਛੋਟਾ ਜਿਹਾ ਥਾਂ ਅਸਾਂ ਨਹੀਂ ਲੈਣਾ।" ਬਲਦੇਵ ਸਿੰਘ ਬਾਰੇ ਮੈਂ ਇਕ ਵਾਰ ਸ. ਰਾਜਿੰਦਰ ਸਿੰਘ, ਐਡੀਟਰ 'ਕੌਮੀ ਏਕਤਾ' ਦੇ 1976 ਦੇ ਪਰਚੇ ਵਿੱਚ ਪੜ੍ਹਿਆ ਸੀ, "ਉਸਨੇ ਸਿਆਸਤ ਦੇ ਖੇਤਰ ਵਿੱਚ ਲੱਖਾਂ ਰੁਪਏ ਖ਼ਰਚ ਕਰਕੇ ਸਿਆਸਤਦਾਨਾਂ ਨੂੰ ਵੱਸ ਵਿਚ ਕੀਤਾ ਹੋਇਆ ਸੀ। ਉਸਨੇ ਕਦੀ ਇਕ ਵੀ ਦਮੜਾ ਆਪਣੀ ਟਾਟਾ ਨਗਰ ਵਾਲੀ ਫ਼ੈਕਟਰੀ ਵਿਚੋਂ ਮੰਗਵਾ ਕੇ ਨਹੀਂ ਸੀ ਖ਼ਰਚਿਆ। ਉਹ ਵਪਾਰ ਵਿੱਚ ਇੰਨੇ ਸਿਆਣੇ ਸਨ ਕਿ ਕਿਸੇ ਨਾ ਕਿਸੇ ਸੌਦੇ ਵਿਚੋਂ ਬਾਹਰ ਬਾਹਰ ਹੀ ਕਈ ਲੱਖ ਰੁਪਏ ਪੈਦਾ ਕਰ ਲਿਆ ਕਰਦੇ ਸਨ ਤੇ ਉਸੇ ਹੀ ਕਮਾਈ ਤੋਂ ਸਿਆਸਤ ਚਲਾਉਂਦੇ ਸਨ। ਇਕ ਵਾਰ ਉਸਨੇ ਬੰਬਈ ਦੀ ਇਕ ਮਿੱਲ ਦਾ ਸੌਦਾ ਕਰ ਲਿਆ। ਸੌਦਾ ਕਰਦੇ ਸਾਰ ਹੀ ਉਸ ਵਿਚੋਂ ਦਸ ਲੱਖ ਦਾ ਮੁਨਾਫਾ ਹੁੰਦਾ ਦਿਸਿਆ। ਮਿੱਲ 'ਚ ਪਿਆ ਮਾਲ (ਕਾਟਨ) ਵੇਸਟ ਨਿਕਲ ਆਇਆ



ਜਿਸ ਦਾ ਕੋਈ ਥਹੁ ਟਿਕਾਣਾ ਨਹੀਂ ਸੀ। ਬਲਦੇਵ ਸਿੰਘ ਨੇ 10-12 ਲੱਖ ਦਾ ਮਾਲ ਵੇਚ ਲਿਆ ਤੇ 10 ਲੱਖ ਦਾ ਮੁਨਾਫ਼ਾ ਲੈ ਕੇ ਬਾਹਰੋਂ ਬਾਹਰ 20-22 ਲੱਖ ਰੁਪਏ ਕਮਾ ਲਏ। ਇਸ ਵਿਚੋਂ ਇਕ ਲੱਖ ਰੁਪਏ ਗਿਆਨੀ ਕਰਤਾਰ ਸਿੰਘ ਨੂੰ ਆਫਰ ਕਰ ਦਿੱਤੇ। ਕਰਤਾਰ ਸਿੰਘ ਨੇ ਮੌਕੇ ਤੇ ਪੈਸੇ ਨਹੀਂ ਫੜੇ ਪ੍ਰੰਤੂ ਬਾਅਦ ਵਿੱਚ ਉਹਨਾਂ ਦੇ ਖਾਤੇ ਵਿਚੋਂ ਹੀ ਲੈ ਕੇ ਵਰਤਦਾ ਰਿਹਾ। ਇਸ ਵਿਚੋਂ ਪੰਜ ਕੁ ਲੱਖ ਉਸਨੇ ਮਾਸਟਰ ਤਾਰਾ ਸਿੰਘ ਨੂੰ ਵੀ ਦਿੱਤਾ।" ਇਸ ਪ੍ਰਕਾਰ ਦਾ ਹਾਲ ਹੀ ਮਹਾਰਾਜੇ ਦਾ ਸੀ। ਉਸਨੇ ਵੀ ਆਪਣੀ ਰਿਆਸਤ ਨੂੰ ਕਾਇਮ ਰੱਖਣ ਲਈ ਵੱਖਰੇ ਸਿੱਖ ਹੋਮਲੈਂਡ ਦਾ ਵਿਚਾਰ ਦਿਰਕਾਰ ਦਿੱਤਾ ਸੀ। ਸੋ ਇਹ ਹਾਲ ਸੀ ਉਸ ਸਮੇਂ ਦੇ ਸਿੱਖ ਆਗੂਆਂ ਦਾ। ਪ੍ਰੀਖਿਆ ਲੈਣ ਵਾਲੇ ਪ੍ਰੀਖਿਆ ਲੈਂਦੇ ਰਹੇ। ਜਦ ਪ੍ਰੀਖਿਆਰਥੀ ਹੀ ਲਾਇਕ ਨਹੀਂ ਸਨ ਤਾਂ ਉਹ ਪ੍ਰੀਖਿਆ ਵਿਚੋਂ ਪਾਸ ਕਿਵੇਂ ਹੁੰਦੇ? ਜੋ ਕੁੱਝ ਡੋਗਰਿਆਂ ਨੇ ਸਿੱਖ ਰਾਜ ਦੇ ਅੰਤ ਸਮੇਂ ਕੀਤਾ ਸੀ ਤਕਰੀਬਨ ਉਹੀ ਕੁੱਝ ਸਿੱਖਾਂ ਦੇ ਲੀਡਰਾਂ ਨੇ ਸੰਨ ਸੰਤਾਲੀ ਵਿਚ ਕੀਤਾ। ਆਹ ਅੱਜ ਜੋ ਕੁੱਝ ਪੰਜਾਬ ਵਿੱਚ ਹੋ ਰਿਹਾ ਏ ਇਹ ਸਭ ਇਸੇ ਪਿਛੋਕੜ ਦਾ ਸਿੱਟਾ ਏ। "ਇਸਦਾ ਮਤਲਬ ਇਹ ਹੋਇਆ ਕਿ ਮਸਲਾ ਪਿਛਲੇ 50 ਸਾਲ ਤੋਂ ਉਲਝਦਾ ਆ ਰਿਹਾ ਏ। ਇਸਦਾ ਕੋਈ ਸਥਾਈ ਹੱਲ ਨਜ਼ਰ ਨਹੀਂ ਆ ਰਿਹਾ। ਪਰ ਮੈਨੂੰ ਕੁੱਝ ਇੰਝ ਵੀ ਮਹਿਸੂਸ ਹੋ ਰਿਹਾ ਏ ਕਿ ਜਿਹੜੀਆਂ ਕੁੱਝ ਕੁ ਮੰਗਾਂ ਰੱਖੀਆਂ ਗਈਆਂ ਸਨ ਅਗਰ ਉਹ ਮੰਨ ਲਈਆਂ ਜਾਂਦੀਆਂ ਤਾਂ ਹਾਲਾਤ ਅੱਜ ਵਾਂਗ ਬਦਤਰ ਨਹੀਂ ਬਣਨੇ ਸਨ।" "ਤੁਹਾਡਾ ਭਾਵ ਕਿਹੜੀਆਂ ਮੰਗਾਂ ਤੋਂ ਏ?"

"ਜਿਵੇਂ ਚੰਡੀਗੜ੍ਹ ਦਾ ਮਸਲਾ, ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ, ਰਾਜਾਂ ਨੂੰ ਵੱਧ ਅਧਿਕਾਰ, ਪਾਣੀਆਂ ਦਾ ਮਸਲਾ ਆਦਿ।"

"ਗੱਲ ਤੁਹਾਡੀ ਠੀਕ ਏ ਪਰ ਸਿਆਸਤਦਾਨ, ਖ਼ਾਸ ਕਰਕੇ ਕੇਂਦਰ ਵਿੱਚ ਰਾਜ ਕਰ ਰਹੀ ਵਿਰੋਧੀ ਪਾਰਟੀ, ਇਸ ਪ੍ਰਕਾਰ ਦੇ ਮਸਲਿਆਂ ਨੂੰ ਹੋਰ ਉਲਝਾ ਦਿੰਦੀ ਏ। ਵਿਰੋਧੀ ਪਾਰਟੀ ਕਾਂਗਰਸ ਕਦੀ ਨਹੀਂ ਚਾਹੁੰਦੀ ਕਿ ਅਕਾਲੀਆਂ ਨੂੰ ਕਿਸੇ ਵੱਡੀ ਪ੍ਰਾਪਤੀ ਦਾ ਮਾਣ ਹਾਸਲ ਹੋਵੇ। ਉਹ ਤਾਂ ਹਮੇਸ਼ਾ ਇਹੀ ਸੋਚਦੇ ਰਹਿੰਦੇ ਨੇ ਕਿ ਸਿੱਖਾਂ ਜਾਂ ਅਕਾਲੀਆਂ ਨੂੰ ਆਪਸ ਵਿਚ ਲੜਾ ਕੇ ਹਮੇਸ਼ਾ ਕਮਜ਼ੋਰ ਕੀਤਾ ਜਾਵੇ।"

"ਫਿਰ ਤਾਂ ਡਾਕਟਰ ਸਾਹਿਬ ਰੱਬ ਹੀ ਰਾਖਾ ਏ। ਲੁਧਿਆਣਾ ਆ ਗਿਆ ਏ। ਆਓ ਪਹਿਲਾਂ ਡੀ. ਐੱਸ. ਕਾਲਜ ਜਾ ਬਰੇਕ ਮਾਰਦੇ ਹਾਂ।"

ਪ੍ਰਿੰਸੀਪਲ ਨੇ ਡਰਾਈਵਰ ਨੂੰ ਡੀ. ਐਸ. ਕਾਲਜ ਵੱਲ ਨੂੰ ਜਾਣ ਲਈ ਇਸ਼ਾਰਾ ਕੀਤਾ। ਕਾਰ ਚੰਦ ਮਿੰਟਾਂ ਵਿੱਚ ਹੀ ਕਾਲਜ ਦੇ ਮੁਹਰੇ ਜਾ ਰੁਕੀ ਪਰ ਕਾਲਜ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਉਸ ਕਾਲਜ ਦਾ ਪ੍ਰਿੰਸੀਪਲ ਤੇ ਇਕ ਦੋ ਹੋਰ ਸਟਾਫ ਮੈਂਬਰ ਇਹਨਾਂ ਦੋਹਾਂ ਨੂੰ ਉੱਡ ਕੇ ਮਿਲੇ। ਨਮਸਕਾਰ! ਪ੍ਰਿੰਸੀਪਲ ਸਾਹਿਬ, ਸਿੱਧੇ ਸਾਡੇ ਕਾਲਜ ਹੀ ਆਏ ਲਗਦੇ ਹੋ। ਪਹਿਲਾਂ ਚਾਹ ਪੀਣਾ ਚਾਹੋਗੇ ਜਾਂ ਪਹਿਲਾਂ ਸੈਂਟਰ ਚੈੱਕ ਕਰਨਾ ਚਾਹੋਗੇ।

ਕਾਲਜ ਦੇ ਪ੍ਰਿੰਸੀਪਲ ਨੇ ਫਲਾਇੰਗ ਸਕੁਐਡ ਦੀ ਰਾਇ ਜਾਣਨੀ ਹੀ ਠੀਕ ਸਮਝੀ।

"ਜਿੱਥੇ ਤੁਹਾਡੇ ਜਿਹੇ ਮਹਾਰਥੀ ਕਾਲਜ ਵਿੱਚ ਬੈਠੇ ਹੋਣ ਉੱਥੇ ਸੈਂਟਰ ਚੈੱਕ ਕਰਨ ਦੀ ਕੀ ਜ਼ਰੂਰਤ ਏ। ਤੁਸੀਂ ਤਾਂ ਯੂਨੀਵਰਸਿਟੀ ਸੈਨੇਟ ਦੇ ਮੈਂਬਰ ਵੀ ਹੋ। ਸੈਨੇਟ ਦੀਆਂ ਮੀਟਿੰਗਾਂ ਸਮੇਂ ਆਪਣਾ ਮੇਲ ਜੋਲ ਹੁੰਦਾ ਹੀ ਰਹਿੰਦਾ ਏ। ਅੰਦਰ ਗੇੜਾ ਮਾਰਨ ਬਾਰੇ ਬਾਅਦ ਵਿਚ ਸੋਚਾਂਗੇ। ਖਾਨਾ ਪੂਰਤੀ ਤਾਂ ਮਾੜੀ ਮੋਟੀ ਕਰਨੀ ਹੀ ਏ। ਹੋਰ ਸੁਣਾਓ, ਕੀ ਹਾਲ ਏ?"

"ਭਗਵਾਨ ਦਾ ਸ਼ੁਕਰ ਏ। ਜਿਹੜਾ ਦਿਨ ਲੰਘ ਜਾਵੇ ਉਹੀ ਚੰਗਾ।"

"ਕੀ ਗੱਲ ਹੋਈ, ਸ਼ਰਮਾ ਜੀ? ਤੁਸੀਂ ਤਾਂ ਹਮੇਸ਼ਾ ਨੌਂ ਬਰ ਨੌਂ ਰਹਿੰਦੇ ਹੋ। ਸੈਨੇਟ ਵਿਚ ਵੀ ਤੁਹਾਡੀ ਆਵਾਜ਼ ਗੂੰਜਦੀ ਹੀ ਰਹਿੰਦੀ ਏ। ਵੀ ਸੀ ਤੇ ਰਜਿਸਟਰਾਰ ਨਾਲ ਵੀ ਤੁਹਾਡੇ ਤੁਆਲਕਾਤ ਬੜੇ ਅੱਛੇ ਨੇ। ਤੁਹਾਡੇ ਹੁੰਦਿਆਂ ਕਾਲਜ ਵੀ ਚੜ੍ਹਦੀਆਂ ਕਲਾਂ ਵਿੱਚ ਏ। ਹੁਣ ਤਾਂ ਤੁਹਾਡੇ ਕਾਲਜ ਦਾ ਨਾਂ ਪੰਜਾਬ ਦੇ ਸਿਖਰਲੇ 8-10 ਕਾਲਜਾਂ ਵਿਚ ਆਉਂਦਾ ਏ। ਕਾਲਜ ਵਿੱਚ ਸੁਰੱਖਿਆ ਦਾ ਪ੍ਰਬੰਧ ਵੀ ਬੜਾ ਕੀਤਾ ਹੋਇਆ ਏ। ਜਦ ਅਸੀਂ ਕਾਲਜ ਪਹੁੰਚੇ ਤਾਂ ਸੁਰੱਖਿਆ ਦਸਤੇ ਨੇ ਸਾਡੇ ਕਾਰਡ ਚੈੱਕ ਕੀਤੇ। ਪਹਿਲੇ ਸਾਲਾਂ ਵਿਚ ਤਾਂ ਅਸੀਂ ਸਿੱਧੇ ਅੰਦਰ ਆ ਵੜਦੇ ਹੁੰਦੇ ਸੀ। ਹੁਣ ਤਾਂ ਕਾਲਜ ਵਿਚ ਸੀ. ਆਰ. ਪੀ. ਐਫ. ਦੀ ਨਫ਼ਰੀ ਵੀ ਬਥੇਰੀ ਨਜ਼ਰ ਆ ਰਹੀ ਏ।" "ਦੋਸਤ, ਮੈਂ ਰਿਸਕ ਨਹੀਂ ਲੈਂਦਾ। ਸ਼ਹਿਰ ਵਿਚ ਤੇ ਇਸਦੇ ਆਲੇ ਦੁਆਲੇ ਪਹਿਲਾਂ ਕਈ ਵੱਡੀਆਂ ਵਾਰਦਾਤਾਂ ਹੋ ਚੁੱਕੀਆਂ ਹਨ। ਐਡਮਨਿਸਟਰੇਸ਼ਨ ਪੂਰਾ ਸਖ਼ਤ ਹੋ ਚੁੱਕਾ ਏ। ਜਦ ਐਡਮਨਿਸਟਰੇਸ਼ਨ ਸਖ਼ਤ ਹੋ ਜਾਵੇ ਤਾਂ ਸਾਡੀ ਚਿੰਤਾ ਘੱਟ ਜਾਂਦੀ ਏ। ਤੁਸੀਂ ਅੰਦਾਜ਼ਾ ਲਗਾਇਆ ਹੋਣਾ ਏ, ਜਦ ਤੋਂ ਪੰਜਾਬ ਵਿੱਚ ਵੱਡੀਆਂ ਵਾਰਦਾਤਾਂ ਹੋਣ ਲੱਗੀਆਂ ਹਨ, ਕਾਲਜਾਂ ਦੀਆਂ ਲੜਾਈਆਂ ਘਟੀਆਂ ਹਨ। ਇਸ ਪ੍ਰਕਾਰ ਦੇ ਹਾਲਾਤਾਂ ਵਿੱਚ ਵਿਦਿਆਰਥੀਆਂ ਦੇ ਛੋਟੇ ਮੋਟੇ ਲੀਡਰਾਂ ਨੂੰ ਡਰ ਹੁੰਦਾ ਏ ਕਿਤੇ ਪੁਲਿਸ ਕੋਈ ਵੱਡੀ ਵਾਰਦਾਤ ਹੀ ਨਾ ਸਿਰ ਮੜ੍ਹ ਦੇਵੇ। ਨਾਲੇ ਇਕ ਹੋਰ ਨਵੀਂ ਕਿਸਮ ਦੀ ਡੀਵੈਲਪਮੈਂਟ ਵੀ ਹੋਈ ਏ।"

"ਉਹ ਕਿਹੜੀ ਹੋ ਗਈ ਸ਼ਰਮਾ ਜੀ?"

"ਪਹਿਲਾਂ ਖੱਬੇ ਪੱਖੀ ਪਾਰਟੀਆਂ ਬੜੀਆਂ ਸਰਗਰਮ ਹੋਇਆ ਕਰਦੀਆਂ ਸਨ। ਕਾਲਜ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਤੇ ਪੰਜਾਬ ਸਟੂਡੈਂਟ ਯੂਨੀਅਨ ਦੇ ਗੜ੍ਹ ਹੋਇਆ ਕਰਦੇ ਸਨ। ਵਿਦਿਆਰਥੀਆਂ ਦੇ ਲੀਡਰ ਗਲਾਂ 'ਚ ਬਸਤੇ ਪਾਈ ਪਹੁੰਚ ਜਾਇਆ ਕਰਦੇ ਸਨ ਤੇ ਮਾੜੇ ਮੋਟੇ ਮਸਲੇ ਤੇ ਹੀ ਕਾਲਜ ਬੰਦ ਕਰਵਾ ਦਿਆ ਕਰਦੇ ਸਨ। ਜਦੋਂ ਦੀ ਸਿੱਖ ਫੈਡਰੇਸ਼ਨ ਸਰਗਰਮ ਹੋਈ ਏ ਉਦੋਂ ਦੀਆਂ ਖੱਬੇ ਪੱਖੀ ਯੂਨੀਅਨਾਂ ਤਾਂ ਸੌਂ ਹੀ ਗਈਆਂ ਹਨ। ਹੁਣ ਤਾਂ ਹਰ ਪਾਸੇ ਸਿੱਖ ਫੈਡਰੇਸ਼ਨ ਤੇ ਕਮਾਂਡੋ ਫੋਰਸਾਂ ਦਾ ਹੀ ਬੋਲਬਾਲਾ ਏ। ਇਹਨਾਂ ਦੋਹਾਂ ਤਾਕਤਾਂ ਮੂਹਰੇ ਹੋਰ ਈ ਬਹੁਤ ਵੱਡੇ ਮਸਲੇ ਹਨ। ਕਾਲਜਾਂ ਦੇ ਛੋਟੇ ਮੋਟੇ ਮਸਲਿਆਂ ਵੱਲ ਇਹ ਘੱਟ ਹੀ ਧਿਆਨ ਦਿੰਦੇ ਹਨ।"



ਮੈਂ ਤੁਹਾਡੀ ਗੱਲ ਨਾਲ ਕਾਫੀ ਹੱਦ ਤੱਕ ਸਹਿਮਤ ਹਾਂ ਪਰ ਮੌਜੂਦਾ ਮਸਲਾ ਤਾਂ ਇਮਤਿਹਾਨ ਕੰਡਕਟ ਕਰਨ ਦਾ ਏ। ਕੀ ਓਵਰਆਲ ਮਾਹੌਲ ਡਰ ਵਾਲਾ ਨਹੀਂ ਏ? ਤੁਸੀਂ ਕੀ ਸਮਝਦੇ ਹੋ ਕਿ ਮਾਹੌਲ ਸੁਖਾਵਾਂ ਏ? ਕੀ ਅਧਿਆਪਕ ਨਿਧੜਕ ਹੋ ਕੇ ਡਿਊਟੀ ਦੇ ਰਹੇ ਹਨ?"

"ਸਰਦਾਰ ਜੀ, ਅੱਜ ਦੇ ਮਾਹੌਲ ਵਿਚ ਨਿਧੜਕ ਤਾਂ ਸਿਰਫ ਖਾਲਸਾ ਹੀ ਹੋ ਸਕਦਾ ਏ" ਇਹ ਕਹਿ ਕੇ ਸ਼ਰਮਾ ਜੀ ਮੁਸਕਰਾ ਪਏ।

"ਅੱਛਾ, ਸ਼ਰਮਾ ਜੀ, ਟਾਂਚ ਕਰਦੇ ਹੋ?"

"ਟਾਂਚ ਵਾਲੀ ਕਿਹੜੀ ਗੱਲ ਏ ?"

ਖ਼ਾਲਸੇ ਦਾ ਰਾਜ ਏ। ਮੁੱਖ ਮੰਤਰੀ ਖ਼ਾਲਸਾ ਏ। ਚੰਡੀਗੜ੍ਹ ਤੇ ਅੰਬਰਸਰ ਦੋਨੋਂ ਪਾਸੇ ਖ਼ਾਲਸੇ ਦੀ ਬੱਲੇ ਬੱਲੇ। "ਸ਼ਰਮਾ ਜੀ ਕਿਉਂ ਬਲਦੀ ਤੇ ਤੇਲ ਪਾ ਰਹੇ ਹੋ? ਸਾਰੀ ਤਾਕਤ ਤਾਂ ਸੈਂਟਰ ਵਿੱਚ ਤੁਹਾਡੇ ਫਿਰਕੇ ਪਾਸ ਏ। ਖ਼ਾਲਸੇ ਨੂੰ ਐਵੇਂ ਬਦਨਾਮ ਕਰੀ ਜਾ ਰਹੇ ਹੋ। ਖ਼ਾਲਸੇ ਨੇ ਤਾਂ ਕਦੀ ਕਿਸੇ ਨਾਲ ਜ਼ਿਆਦਤੀ ਨਹੀਂ ਕੀਤੀ। ਹਮੇਸ਼ਾ ਗਊ ਗ਼ਰੀਬ ਦੀ ਰੱਖਿਆ ਹੀ ਕੀਤੀ ਏ। ਗੁਰੂ ਤੇਗ ਬਹਾਦਰ ਨੇ ਹਿੰਦੂਆਂ ਖਾਤਰ ਆਪਣਾ ਸੀਸ ਦਿੱਤਾ। ਰਣਜੀਤ ਸਿੰਘ ਨੇ ਕਦੀ ਕਿਸੇ ਹਿੰਦੂ ਨੂੰ ਜਬਰਦਸਤੀ ਸਿੱਖ ਬਣਨ ਨੂੰ ਨਹੀਂ ਕਿਹਾ। ਜਦ ਮੁਸਲਮਾਨਾਂ ਨੇ ਹਿੰਦੂਆਂ ਤੇ ਜ਼ੁਲਮ ਢਾਏ ਤਾਂ ਖ਼ਾਲਸੇ ਨੇ ਢਾਲ ਬਣ ਕੇ ਸਭ ਦੀ ਰੱਖਿਆ ਕੀਤੀ। ਅਗਰ ਆਪਣੇ ਦੇਸ਼ ਵਿਚ ਆਪਣਾ ਰਾਜ ਸਮਝਦੇ ਹੋ ਤਾਂ ਕਸ਼ਮੀਰ ਵਿੱਚ ਆਰਾਮ ਨਾਲ ਬੈਠੇ ਰਹੋ। ਉਥੋਂ ਬਾਹਰ ਨੂੰ ਕਿਉਂ ਦੌੜ ਰਹੇ ਹੋ? ਪਤਵੰਤ ਸਿੰਘ ਥੋੜ੍ਹਾ ਗੁੱਸੇ ਵਿਚ ਆ ਗਿਆ।" ਡਾਕਟਰ ਸਾਹਿਬ ਤੇ ਸ਼ਰਮਾ ਜੀ, ਛੱਡੋ ਪਰਾਂ ਇਸ ਪ੍ਰਕਾਰ ਦੇ ਵਿਵਾਦਪੂਰਣ ਵਿਸ਼ਿਆਂ ਨੂੰ। ਇਸ ਪ੍ਰਕਾਰ ਦੇ ਵਿਸ਼ਿਆਂ ਨਾਲ ਸਿੱਝਣਾ ਸਰਕਾਰ ਦਾ ਕੰਮ ਏ, ਆਪੇ ਸਿੱਝੀ ਜਾਵੇ। ਅਸੀਂ ਤਾਂ ਬੁੱਧੀਜੀਵੀ ਵਰਗ ਦੇ ਲੋਕ ਹਾਂ। ਮਾੜੇ ਹਲਾਤਾਂ ਵਿੱਚ ਵੀ ਇਮਤਿਹਾਨ ਕਰਾ ਰਹੇ ਹਾਂ। ਆਓ ਅੰਦਰ ਚੱਕਰ ਮਾਰ ਕੇ ਆਈਏ, ਨਾਲੇ ਤੁਹਾਡੇ ਕਾਲਜ ਦੀ ਨਵੀਂ ਡੀਵਲਪਮੈਂਟ ਦੇਖ ਕੇ ਆਈਏ, ਪ੍ਰਿੰਸੀਪਲ ਨੇ ਦੋਹਾਂ ਨੂੰ ਠੰਢਿਆਂ ਕਰ ਦਿੱਤਾ।

ਪਤਵੰਤ ਸਿੰਘ ਉੱਠ ਕੇ ਬਾਹਰ ਨੂੰ ਤੁਰ ਪਿਆ, ਸ਼ਰਮਾ ਜੀ ਨੇ ਉਸਨੂੰ ਬੈਠਣ ਲਈ ਕਿਹਾ, "ਡਾ. ਸਾਹਿਬ, ਚਾਹ ਆ ਗਈ ਏ। ਛੱਡੋ ਤਲਖੀ ਨੂੰ। ਆਓ ਚਾਹ ਦਾ ਕੱਪ ਪੀਓ। ਗੁਸਤਾਖੀ ਲਈ ਮੁਆਫ਼ੀ ਚਾਹੁੰਦਾ ਹਾਂ।"

ਮੈਂ ਜ਼ਰਾ ਟਾਇਲਟ ਜਾ ਆਵਾਂ, ਪਤਵੰਤ ਸਿੰਘ ਬੋਲਿਆ।

ਡਾ. ਸਾਹਿਬ, ਤੁਸੀਂ ਬਾਹਰ ਟਾਇਲਟ ਕਿੱਥੇ ਜਾ ਰਹੇ ਹੋ? ਪਿੱਛੇ ਰਿਟਾਇਰਿੰਗ ਰੂਮ ਵਿੱਚ ਟਾਇਲਟ ਜਾਓ। ਕਮਾਲ ਏ, ਤੁਸੀਂ ਬਾਹਰ ਨੂੰ ਤੁਰ ਪਏ। "ਅਸਲ ਵਿੱਚ ਮੈਂ ਖਿਆਲਾਂ ਵਿੱਚ ਗੁਆਚ ਗਿਆ ਸਾਂ। ਮੈਨੂੰ ਇਹ ਯਾਦ ਹੀ ਨਹੀਂ ਰਿਹਾ ਕਿ ਮੈਂ ਪ੍ਰਿੰਸੀਪਲ ਦੇ ਦਫਤਰ ਵਿੱਚ ਬੈਠਾ ਹਾਂ।"

ਫਿਰ ਪਤਵੰਤ ਸਿੰਘ ਪਿੱਛੇ ਰਿਟਾਇਰਿੰਗ ਰੂਮ ਵਿਚ ਟਾਇਲਟ ਚਲਾ ਗਿਆ ਪਰ ਦੋਹਾਂ ਪ੍ਰਿੰਸੀਪਲਾਂ ਨੇ ਆਪਸ ਵਿੱਚ ਅੱਖ ਮਿਲਾਈ ਤੇ ਇਕ ਦੂਜੇ ਨੂੰ ਸਾਥ ਦੇਣ ਦਾ ਅਭਿਨੈ ਕੀਤਾ। ਸ਼ਰਮਾ ਸਾਹਿਬ ਆਪਣੇ ਸਾਥੀ ਪ੍ਰਿੰਸੀਪਲ ਦੇ ਇਸ਼ਾਰੇ ਨਾਲ ਸਹਿਮਤ ਹੋ ਗਏ। ਜਦ ਪਤਵੰਤ ਸਿੰਘ ਰਿਟਾਇਰਿੰਗ ਰੂਮ 'ਚੋਂ ਨਿਕਲਿਆਂ ਤਾ ਮੇਜ਼ ਤੇ ਚਾਹ ਪਈ ਸੀ। ਤਿੰਨਾਂ ਨੇ ਚਾਹ ਪੀਣੀ ਸ਼ੁਰੂ ਕਰ ਦਿੱਤੀ। ਸ਼ਰਮਾ ਜੀ ਨੇ ਘੰਟੀ ਦਬਾਈ। ਚਪੜਾਸੀ ਅੰਦਰ ਆ ਗਿਆ "ਜਾਹ ਸੁਪਰਡੈਂਟ ਸਾਹਿਬ ਨੂੰ ਵੀ ਬੁਲਾ ਲਿਆ। ਉਹ ਵੀ ਚਾਹ ਪੀ ਲੈਣਗੇ। ਨਾਲੇ ਉਹਨਾਂ ਦੀ ਫਲਾਈਇੰਗ ਸਕੁਐਡ ਨਾਲ ਮੁਲਾਕਾਤ ਕਰਾ ਦਿੰਦੇ ਹਾਂ। ਸੈਂਟਰ ਆਪੇ ਡਿਪਟੀ ਸੰਭਾਲ ਲਵੇਗਾ। ਚਪੜਾਸੀ ਸੁਪਰਡੈਂਟ ਸਾਹਿਬ ਨੂੰ ਬੁਲਾਉਣ ਚਲਾ ਗਿਆ। ਸ਼ਰਮਾ ਜੀ, ਕਾਲਜ ਵਿਚ ਕਿੰਨੇ ਸੈਂਟਰ ਚਲ ਰਹੇ ਹਨ?"

"ਵੈਸੇ ਤਾਂ ਸਾਡੇ ਕਾਲਜ ਵਿੱਚ ਦੋ ਸੈਂਟਰ ਹਨ। ਅੱਜ ਤਾਂ ਇਕ ਹੀ ਚਲ ਰਿਹਾ ਏ।" ਟੋਟਲ ਕਿੰਨੇ ਕੁ ਵਿਦਿਆਰਥੀ ਪਰਚਾ ਦੇ ਰਹੇ ਹਨ?

"ਇਹ ਤਾਂ ਸੁਪਰਡੈਂਟ ਨੂੰ ਹੀ ਪੂਰਾ ਪਤਾ ਹੋਊ। ਮੇਰਾ ਖਿਆਲ ਏ ਚਾਰ ਕਮਰੇ ਲੱਗੇ ਹੋਏ ਹਨ ਦੂਜਾ ਸੈਂਟਰ ਹਾਲ ਵਿੱਚ ਏ। ਉਹ ਅੱਜ ਬੰਦ ਪਿਆ ਏ। ਪਹਿਲੇ ਬਹੁਤੇ ਪਰਚੇ ਹਾਲ ਵਿੱਚ ਹੀ ਹੋਏ ਸਨ।" ਇੰਨੇ ਚਿਰ ਵਿੱਚ ਸੁਪਰਡੈਂਟ ਵੀ ਆ ਗਿਆ।

"ਆਓ ਬੈਠੋ, ਢੀਂਗਰਾ ਸਾਹਿਬ, ਸ਼ਰਮਾ ਸਾਹਿਬ ਨੇ ਸੁਪਰਡੈਂਟ ਨੂੰ ਕਿਹਾ। ਥੈਂਕ ਯੂ, ਸਰ।"

"ਇਹ ਨੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਤੇ ਪ੍ਰੋ. ਪਤਵੰਤ ਸਿੰਘ। ਇਹ ਸੈਂਟਰ ਚੈੱਕ ਕਰਨ ਆਏ ਨੇ। ਪ੍ਰਿੰਸੀਪਲ ਸਾਹਿਬ ਤਾਂ ਮੇਰੇ ਪੁਰਾਣੇ ਦੋਸਤ ਹੀ ਨੇ। ਡਾ. ਪਤਵੰਤ ਸਿੰਘ ਨੂੰ ਅੱਜ ਮੈਂ ਪਹਿਲੀ ਵਾਰ ਮਿਲਿਆ ਹਾਂ। ਕਿਸੇ ਕਿਸਮ ਦੀ ਕੋਈ ਤਕਲੀਫ਼ ਹੋਵੇ ਤਾਂ ਤੁਸੀਂ ਇਨ੍ਹਾਂ ਨਾਲ ਵੀ ਸ਼ੇਅਰ ਕਰ ਸਕਦੇ ਹੋ। ਗੁਰਪ੍ਰਤਾਪ ਸਿੰਘ ਯੂਨੀਵਰਸਿਟੀ ਦੇ ਮਸ਼ਹੂਰ ਸੈਨੇਟਰ ਨੇ।"

ਢੀਂਗਰਾ ਸਾਹਿਬ ਨੇ ਦੋਹਾਂ ਨੂੰ ਨਮਸਕਾਰ ਕਿਹਾ। "ਸ਼ਰਮਾ ਜੀ, ਮੈਨੂੰ ਮਸ਼ਹੂਰ ਐਵੇਂ ਕਹੀ ਜਾਂਦੇ ਹੋ। ਤੁਸੀਂ ਵੀ ਤਾਂ ਬਰਾਬਰ ਦੇ ਹੀ ਸੈਨੇਟਰ ਹੋ। ਤੁਹਾਡੀ ਯੂਨੀਵਰਸਿਟੀ ਵਿੱਚ ਮੇਰੇ ਨਾਲੋਂ ਕਿਤੇ ਜ਼ਿਆਦਾ ਬੱਲੇ ਬੱਲੇ ਏ। ਕਾਲਜ ਵਿਚ ਨਵੀਆਂ-ਨਵੀਆਂ ਫੈਕਲਟੀਜ਼ ਲਿਆ ਰਹੇ ਹੋ। ਪਤਾ ਲੱਗਾ ਏ ਬੀ. ਸੀ. ਏ. ਦੀਆਂ ਜਮਾਤਾਂ ਵੀ ਸ਼ੁਰੂ ਕਰ ਰਹੇ ਹੋ।"

"ਅਗਰ ਤੁਹਾਡੇ ਕਾਲਜ ਵਿੱਚ ਕਿਸੇ ਨਵੀਂ ਫੈਕਲਟੀ ਦੀ ਜ਼ਰੂਰਤ ਹੈ ਤਾਂ ਉਹ ਵੀ ਇਨਟਰੋਡਿਊਸ ਕਰਾ ਦਿੰਦੇ ਹਾਂ। ਸਰਦਾਰ ਜੀ ਤੁਸੀਂ ਹਾਮੀ ਤਾਂ ਭਰੋ।"

"ਚਲੋ ਛੱਡੋ ਇਹਨਾਂ ਗੱਲਾਂ ਨੂੰ ਪਹਿਲਾਂ ਸੈਂਟਰ ਬਾਰੇ ਰਿਪੋਰਟ ਲੈ ਲਈਏ। ਹੋਰ ਢੀਂਗਰਾ ਸਾਹਿਬ, ਸਭ ਠੀਕ ਖ਼ੈਰੀਅਤ ਤਾਂ ਹੈ?"

ਸਰ, ਐਵਰੀਥਿੰਗ ਇਜ਼ ਗੁੱਡ। ਆਓ ਮੇਰੇ ਨਾਲ, ਸੈਂਟਰ ਵਿੱਚ ਗੇੜਾ ਮਾਰ ਆਈਏ।

"ਚਲੋ" ਦੋਨੋਂ ਪ੍ਰਿੰਸੀਪਲ ਤੇ ਦੋਨੋਂ ਪ੍ਰੋਫੈਸਰ ਸੈਂਟਰ ਵਲ ਨੂੰ ਚਲ ਪਏ।



ਗੁਰਪ੍ਰਤਾਪ ਸਿੰਘ ਢੀਂਗਰਾ ਸਾਹਿਬ ਨਾਲ ਉਸਦੇ ਕਮਰੇ ਅੰਦਰ ਚਲਾ ਗਿਆ। ਸ਼ਰਮਾ ਜੀ ਪਤਵੰਤ ਸਿੰਘ ਨੂੰ ਨਾਲ ਲੈ ਕੇ ਦੋਹਾਂ ਹੀ ਕਮਰਿਆਂ ਵਿੱਚ ਚੱਕਰ ਮਾਰਨ ਲੱਗ ਪਏ। ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਨੇ ਸੁਪਰਡੈਂਟ ਦੇ ਸਾਰੇ ਕਾਗਜ਼ ਪੱਤਰ ਚੈੱਕ ਕੀਤੇ। ਕਮਰਿਆਂ ਵਿਚ ਪ੍ਰੀਖਿਆਰਥੀਆਂ ਦੀ ਗਿਣਤੀ ਤੇ ਉਨ੍ਹਾਂ ਉੱਤੇ ਲਾਏ ਸੁਪਰਵਾਈਜ਼ਰਾਂ ਦੀ ਗਿਣਤੀ ਚੈੱਕ ਕੀਤੀ, ਲੋੜੀਂਦੇ ਕਾਗਜ਼ਾਂ 'ਤੇ ਘੁੱਗੀ ਮਾਰੀ। ਢੀਂਗਰਾ ਸਾਹਿਬ ਤੁਹਾਡਾ ਸੈਂਟਰ ਤਾਂ ਚੰਗਾ ਚੱਲਦਾ ਲੱਗਦਾ ਏ। ਕੋਈ ਯੂ. ਐਮ. ਸੀ. ਵੀ ਬਣੀ ਅੱਜ ਤੱਕ? ਸਾਥੋਂ ਪਹਿਲਾਂ ਵੀ ਯੂਨੀਵਰਸਿਟੀ ਵੱਲੋਂ ਆਇਆ ਏ ਕੋਈ? ਗੁਰਪ੍ਰਤਾਪ ਸਿੰਘ ਨੇ ਸਰਸਰੀ ਜਿਹੀ ਪੁੱਛਿਆ।

"ਸਰ, ਸੈਂਟਰ ਨੂੰ ਪਹਿਲੇ ਦਿਨ ਹੀ ਖਿੱਚ ਦਿੱਤਾ ਸੀ। ਅਗਰ ਇਕ ਦੋ ਕਾਂ ਮਾਰ ਕੇ ਸ਼ੁਰੂ ਵਿੱਚ ਹੀ ਟੰਗ ਦਿਓ ਫਿਰ ਬਾਕੀ ਕਾਂ ਸੁਸਰੀ ਵਾਂਗ ਸੌਂ ਜਾਂਦੇ ਹਨ।"

"ਕੋਈ ਮਾਰਿਆ ਪਹਿਲੇ ਦਿਨ?"

"ਸਰ ਪਹਿਲੇ ਦਿਨ ਹੀ ਦੋ ਕੇਸ ਬਣ ਗਏ ਸੀ। ਐਸੀ ਪਿਰਤ ਪਈ ਕਿ ਕੰਮ ਠੀਕ ਹੀ ਚੱਲਣ ਲੱਗ ਪਿਆ ਸੀ। ਨਾਲੇ ਇਹ ਸ਼ਹਿਰੀ ਸੈਂਟਰ ਏ। ਸੁਣਿਐ, ਪੇਂਡੂ ਕਾਲਜਾਂ ਦੇ ਸੈਂਟਰਾਂ ਦਾ ਜ਼ਿਆਦਾ ਮਾੜਾ ਹਾਲ ਏ। ਉਥੇ ਤਾਂ ਸਟਾਫ ਨੂੰ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ। ਪ੍ਰਿੰਸੀਪਲ ਸਾਹਿਬ, ਤੁਸੀਂ ਹੋ ਦੱਸੋ ਸਿੱਖ ਜਥੇਬੰਦੀਆਂ ਜਿਹੜੀਆਂ ਇਹ ਲਹਿਰ ਚਲਾ ਰਹੀਆਂ ਹਨ ਕਦ ਕਹਿੰਦੀਆਂ ਹਨ ਕਿ ਇਮਤਿਹਾਨ ਵਿੱਚ ਨਕਲ ਹੋਣੀ ਚਾਹੀਦੀ ਏ। ਜਥੇਬੰਦੀਆਂ ਨੇ ਤਰ੍ਹਾਂ-ਤਰ੍ਹਾਂ ਦੇ ਬੰਦੇ ਮਾਰੇ ਹਨ ਤੇ ਮਾਰੀ ਵੀ ਜਾ ਰਹੀਆਂ ਹਨ। ਕੀ ਤੁਸੀਂ ਪਿਛਲੇ ਦੋ ਤਿੰਨ ਸਾਲਾਂ ਤੋਂ ਕਦੀ ਕਿਸੇ ਐਸੇ ਪ੍ਰੋਫ਼ੈਸਰ ਦਾ ਨੁਕਸਾਨ ਹੁੰਦਾ ਦੇਖਿਆ ਜਿਹੜਾ ਨਕਲ ਦੇ ਖ਼ਿਲਾਫ਼ ਹੋਵੇ? ਸਾਡੇ ਤਾਂ ਇੱਥੇ ਦੂਜੇ ਸੈਂਟਰ ਦਾ ਸੁਪਰਡੈਂਟ ਹਰਬੰਸ ਸਿੰਘ ਗਲੇ ਵਿਚ ਪਿਸਤੌਲ ਪਾ ਕੇ ਆਉਂਦਾ ਏ। ਸੈਂਟਰ ਨੇੜੇ ਚਿੜੀ ਵੀ ਨਹੀਂ ਫਰਕਣ ਦਿੰਦਾ। ਕੁੱਝ ਵਿਗੜੇ ਹੋਏ ਮੁੰਡੇ ਡਰਿਆਂ ਨੂੰ ਵੱਧ ਡਰਾਉਂਦੇ ਹਨ। ਅੱਜ ਦੇ ਦਹਿਸ਼ਤ ਭਰੇ ਮਾਹੌਲ ਵਿੱਚ ਹਰ ਜਣਾ ਖਣਾ ਐਵੇਂ ਇਮਪ੍ਰੈਸ਼ਨ ਦੇਣ ਦੀ ਕੋਸ਼ਿਸ਼ ਕਰਦਾ ਏ ਜਿਵੇਂ ਉਸਦੀ ਉਗਰਵਾਦੀਆਂ ਨਾਲ ਰਿਸ਼ਤੇਦਾਰੀ ਹੋਵੇ।" "ਢੀਂਗਰਾ ਸਾਹਿਬ, ਤੁਸੀਂ ਠੀਕ ਫ਼ੁਰਮਾਉਂਦੇ ਹੋ। ਬਸ ਇਸੀ ਤਰ੍ਹਾਂ ਖਿੱਚੀ ਚੱਲੋ, ਸਭ ਠੀਕ ਰਹਿ ਜਾਏਗਾ।" ਇੰਨੇ ਚਿਰ ਵਿੱਚ ਪਤਵੰਤ ਸਿੰਘ ਤੇ ਸ਼ਰਮਾ ਜੀ ਵੀ ਕਮਰੇ ਚੈੱਕ ਕਰਕੇ ਗੁਰਪ੍ਰਤਾਪ ਸਿੰਘ ਤੇ ਢੀਂਗਰਾ ਸਾਹਿਬ ਪਾਸ ਵਾਪਸ ਆ ਗਏ। ਜਲਦੀ ਹੀ ਗੁਰਪ੍ਰਤਾਪ ਸਿੰਘ ਤੇ ਪਤਵੰਤ ਸਿੰਘ ਨੇ ਪ੍ਰਿੰਸੀਪਲ ਤੋਂ ਆਗਿਆ ਲਈ ਤੇ ਵਾਪਸ ਜਾਣ ਦੀਆਂ ਤਿਆਰੀਆਂ ਕਰ ਲਈਆਂ। ਸ਼ਰਮਾ ਸਾਹਿਬ ਨੇ ਝੱਟ ਦੇਣੀ ਯਾਦ ਕਰਾਇਆ, "ਪ੍ਰਿੰਸੀਪਲ ਸਾਹਿਬ ਸਾਡੇ ਕਾਲਜ ਦਾ ਨਵਾਂ ਬਲਾਕ ਤਾਂ ਦੇਖਿਆ ਹੀ ਨਹੀਂ।" ਇਹ ਬਲਾਕ ਕਿਹੜੀ ਫੈਕਲਟੀ ਵਾਸਤੇ ਏ? ਗੁਰਪ੍ਰਤਾਪ ਸਿੰਘ ਨੇ ਪੁੱਛਿਆ। "ਇਹ ਹੋਮ ਸਾਇੰਸ ਬਲਾਕ ਏ। ਸਾਡੇ ਕਾਲਜ ਵਿਚ ਪਹਿਲਾਂ ਹੋਮ ਸਾਇੰਸ ਨਹੀਂ ਸੀ ਹੁੰਦੀ। ਇਸ ਦੀ ਮਨਜ਼ੂਰੀ ਅਸੀਂ ਹੁਣੇ ਹੁਣੇ

ਹੀ ਲਈ ਏ। ਨਵੇਂ ਸੈਸ਼ਨ ਤੋਂ ਇਹ ਮਜ਼ਮੂਨ ਸ਼ੁਰੂ ਕਰ ਰਹੇ ਹਾਂ। ਇੰਸਪੈਕਸ਼ਨ ਹੋ ਚੁੱਕੀ ਏ। ਇੰਝ ਕਰਨ ਨਾਲ ਕਾਲਜ ਵਿੱਚ ਲੜਕੀਆਂ ਦੀ ਗਿਣਤੀ ਖਾਸੀ ਵਧ ਸਕਦੀ ਏ। ਲੁਧਿਆਣੇ ਵਿੱਚ ਪਹਿਲਾਂ ਇਹ ਮਜ਼ਮੂਨ ਦੋ ਕਾਲਜਾਂ ਪਾਸ ਹੀ ਏ।"

ਆਓ ਤੁਹਾਨੂੰ ਦਿਖਾਈਏ, ਸ਼ਰਮਾ ਜੀ ਬੋਲੇ।

"ਚਲੋ ਚੱਕਰ ਮਾਰ ਲੈਂਦੇ ਹਾਂ।"

ਤਿੰਨੋ ਜਣੇ ਬਲਾਕ ਵੱਲ ਨੂੰ ਚੱਲ ਪਏ।

"ਬਹੁਤਾ ਸੋਹਣਾ ਬਲਾਕ ਬਣਾਇਆ ਏ।" "ਗਰਾਂਟ ਵੀ ਸੋਹਣੀ ਮਿਲ ਗਈ ਸੀ। ਸ਼ਹਿਰ ਦੇ ਕੁੱਝ ਦਾਨੀ ਸੱਜਣਾਂ ਨੇ ਡੋਨੇਸ਼ਨ ਵੀ ਚੰਗੀ ਦੇ ਦਿੱਤੀ ਸੀ। ਲਗਦਾ ਏ ਇਕ ਕੈਨੇਡਾ ਵਿੱਚ ਰਹਿੰਦਾ ਪਰਿਵਾਰ ਸ਼ਾਇਦ ਹੋਰ ਪੈਸੇ ਵੀ ਦੇ ਦੇਵੇ।" "ਸ਼ਰਮਾ ਜੀ, ਚੰਗੀ ਹਿੰਮਤ ਕਰੀ ਜਾ ਰਹੇ ਹੋ। ਆਈ ਐਪਰੀਸ਼ੀਏਟ ਯੂਅਰ ਐਫਰਟਸ। ਪ੍ਰਾਈਵੇਟ ਕਾਲਜ ਹਿੰਮਤ ਕਰਨ ਨਾਲ ਹੀ ਬਣਦੇ ਹਨ। ਆਓ, ਕਦੀ ਸਾਡੇ ਕਾਲਜ ਵੀ ਚੱਕਰ ਮਾਰੋ।"

"ਜ਼ਰੂਰ ਆਵਾਂਗੇ।"

ਫਿਰ ਉਹ ਤਿੰਨੇ ਵਾਪਸ ਕਾਲਜ ਤੋਂ ਬਾਹਰ ਨੂੰ ਜਾਂਦੇ ਗੇਟ ਵੱਲ ਚੱਲ ਪਏ। ਗੁਰਪ੍ਰਤਾਪ ਸਿੰਘ ਨੂੰ ਯਾਦ ਆਇਆ ਕਿ ਉਸ ਦੀ ਜੇਬ ਵਿੱਚ ਇਕ ਚਿੱਠੀ ਸੀ ਜਿਹੜੀ ਉਸਨੇ ਪੋਸਟ ਕਰਨੀ ਸੀ। ਕਾਲਜ ਦੇ ਬਾਹਰਲੇ ਗੇਟ ਦੇ ਨੇੜੇ ਛੋਟਾ ਜਿਹਾ ਡਾਕਖਾਨਾ ਸੀ। ਸ਼ਰਮਾ ਜੀ ਵਾਪਸ ਆਪਣੇ ਦਫ਼ਤਰ ਵਿੱਚ ਮੁੜ ਗਏ। ਗੁਰਪ੍ਰਤਾਪ ਸਿੰਘ ਤੇ ਪਤਵੰਤ ਸਿੰਘ ਡਾਕਖਾਨੇ ਅੰਦਰ ਟਿਕਟਾਂ ਖ਼ਰੀਦਣ ਲਈ ਦਾਖ਼ਲ ਹੋ ਗਏ। ਜਦ ਉਹ ਅੰਦਰ ਵੜੇ ਤਾਂ ਦੋ ਬਾਬੂ ਆਪਸ ਵਿੱਚ ਬਹਿਸ ਰਹੇ ਸਨ। "ਗੁਰੂ ਸਭ ਹਿੰਦੂ ਸਨ, ਸੰਭਾਲ ਲਏ ਸਿੱਖਾਂ ਨੇ", ਇਕ ਮੋਨਾ ਬਾਬੂ ਦੂਜੇ ਸਰਦਾਰ ਬਾਬੂ ਨੂੰ ਕਹਿ ਰਿਹਾ ਸੀ।

"ਮੂੰਹ ਸੰਭਾਲ ਕੇ ਗੱਲ ਕਰ ਓਏ। ਅਗਰ ਇੱਥੇ ਸਿੱਖ ਨਾ ਹੁੰਦੇ ਤਾਂ ਉਹਾਡੀ ਸਭ ਦੀ ਸੁੰਨਤ ਹੋ ਚੁੱਕੀ ਸੀ। ਜਦ ਸਿੱਖ ਨਿਕਲੇ ਹੀ ਹਿੰਦੂਆਂ ਵਿੱਚੋਂ ਹਨ ਤਾਂ ਤੂੰ ਇਹ ਕਿਵੇਂ ਕਹਿ ਸਕਦਾ ਏ ਕਿ ਸਿੱਖਾਂ ਨੇ ਗੁਰੂ ਸੰਭਾਲ ਲਏ? ਤੂੰ ਬਣ ਜਾ ਸਿੱਖ, ਤੈਨੂੰ ਕਿਹੜਾ ਕੋਈ ਰੋਕਦਾ ਏ।"

"ਬੜੇ ਸੋਹਣੇ ਸ਼ਾਂਤੀ ਨਾਲ ਰਹਿੰਦੇ ਸਾਂ। ਪੰਜਾਬ ਨੂੰ ਵਖਤ ਪਾ ਛੱਡਿਐ। ਪਤਾ ਨੀ ਸ਼ਾਂਤੀ ਕਦੋਂ ਪਰਤੂ।"

"ਤੁਸੀਂ ਹੀ ਪੰਜਾਬ ਦੀ ਸ਼ਾਂਤੀ ਭੰਗ ਕਰਨ ਵਾਲੇ ਹੋ।"

"ਤੁਸੀਂ ਹੋ।"

"ਤੁਸੀਂ ਹੋ!"

ਪ੍ਰਿੰਸੀਪਲ ਸਾਹਿਬ ਤੇ ਪਤਵੰਤ ਸਿੰਘ ਚਲ ਰਹੀ ਬਹਿਸ ਨੂੰ ਦੇਖ ਕੇ ਹੈਰਾਨ ਹੋ ਗਏ। ਉਨ੍ਹਾਂ ਨੇ ਵਿੱਚ ਪੈ ਕੇ ਦੋਹਾਂ ਨੂੰ ਠੰਢੇ ਕੀਤਾ। ਜੇ ਉਹ ਸਮੇਂ ਸਿਰ ਉਥੇ ਨਾ ਪਹੁੰਚਦੇ ਤਾਂ ਸ਼ਾਇਦ ਇਹ ਬਹਿਸ ਲੜਾਈ ਦਾ ਰੂਪ ਧਾਰਨ ਕਰ ਜਾਂਦੀ। ਸ਼ਾਇਦ ਉਥੇ ਪੁਲਿਸ ਆ



ਜਾਂਦੀ। ਸ਼ਾਇਦ ਉਹ ਦੋਨੋਂ ਹੀ ਅੰਦਰ ਹੋ ਜਾਂਦੇ। ਖ਼ੈਰ ਖਤਰਾ ਟਲ ਗਿਆ ਸੀ। ਦੋਨੋਂ ਬਾਬੂ ਸੰਭਲ ਗਏ ਸਨ। ਡਾਕਖਾਨੇ ਦੇ ਇਕ ਦੋ ਹੋਰ ਬੰਦੇ ਵੀ ਵਿੱਚ ਪੈ ਗਏ ਸਨ। ਉਨ੍ਹਾਂ ਨੇ ਦੱਸਿਆ ਸੀ ਕਿ ਇਸ ਪ੍ਰਕਾਰ ਦੀ ਬਹਿਸ ਪਹਿਲਾਂ ਵੀ ਕਦੀ-ਕਦੀ ਹੋ ਜਾਇਆ ਕਰਦੀ ਸੀ। ਪੰਜਾਬ ਵਿੱਚ ਉਸ ਸਮੇਂ ਇਸ ਪ੍ਰਕਾਰ ਦੀ ਕਮੈਂਟਰੀ ਕਈ ਵਾਰ ਦੇਖਣ ਨੂੰ ਮਿਲ ਜਾਂਦੀ ਸੀ। ਜਿਸ ਦਿਨ ਸਾਕਾ ਨੀਲਾ ਤਾਰਾ ਹੋਇਆ ਤਾਂ ਕਈ ਜਗਾਹ ਹਿੰਦੂਆਂ ਨੇ ਖ਼ੁਸ਼ੀਆਂ ਮਨਾਈਆਂ ਸਨ। ਇਸੀ ਪ੍ਰਕਾਰ ਜਿਸ ਦਿਨ ਇੰਦਰਾ ਦਾ ਕਤਲ ਹੋਇਆ ਸੀ ਕਈ ਸਰਦਾਰਾਂ ਨੇ ਲੱਡੂ ਵੰਡੇ ਸਨ।

ਪ੍ਰਿੰ: ਗੁਰਪ੍ਰਤਾਪ ਸਿੰਘ ਤੇ ਪਤਵੰਤ ਸਿੰਘ ਆਪਣੀ ਕਾਰ ਵਿੱਚ ਆ ਕੇ ਬੈਠ ਗਏ। ਡਰਾਈਵਰ ਪਹਿਲਾਂ ਹੀ ਉਹਨਾਂ ਦਾ ਇੰਤਜ਼ਾਰ ਕਰ ਰਿਹਾ ਸੀ। ਉਹ ਡਰਾਈਵਰ ਲਈ ਅੰਦਰੋਂ ਚਾਹ ਭੇਜਣੀ ਭੁੱਲ ਗਏ ਸਨ। ਉਹਨਾਂ ਨੂੰ ਇਸ ਗੱਲ ਦਾ ਬੜਾ ਪਛਤਾਵਾ ਹੋਇਆ। ਕਾਲਜ ਤੋਂ ਬਾਹਰ ਨਿਕਲਦੇ ਸਾਰ ਉਹਨਾਂ ਡਰਾਈਵਰ ਨੂੰ ਇਕ ਦੁਕਾਨ ਤੋਂ ਚਾਹ ਪਿਆਣ ਲਈ ਕਾਰ ਰੁਕਵਾ ਲਈ। ਦੁਕਾਨਦਾਰ ਚਾਹ ਬਣਾਉਣ ਲੱਗ ਪਿਆ। ਦੁਕਾਨ ਤੇ ਪਏ ਰੇਡੀਓ ਤੇ ਖ਼ਬਰਾਂ ਆ ਰਹੀਆਂ ਸਨ:

"ਲੁਧਿਆਣਾ ਚੰਡੀਗੜ੍ਹ ਸੜਕ 'ਤੇ ਨੀਲੋਂ ਨੇੜੇ ਪੁਲਿਸ ਦੀ ਇਕ ਕਾਰ ਤੇ ਅੱਤਵਾਦੀਆਂ ਨੇ ਹਮਲਾ ਕੀਤਾ। ਇਸ ਹਮਲੇ ਵਿੱਚ ਇਕ ਡੀ. ਐਸ. ਪੀ. ਸਮੇਤ ਚਾਰ ਪੁਲਿਸ ਕਰਮਚਾਰੀ ਮੌਕੇ ਤੇ ਹੀ ਹਲਾਕ ਹੋ ਗਏ।"

"ਡਾ. ਸਾਹਿਬ, ਆਪਾਂ ਵੀ ਚੰਡੀਗੜ੍ਹ ਵੱਲ ਹੀ ਜਾ ਰਹੇ ਹਾਂ। ਕਿਤੇ ਟ੍ਰੈਫਿਕ ਨੂੰ ਕੋਈ ਵਿਘਨ ਤਾਂ ਨਹੀਂ ਪੈ ਜਾਊ? ਵਾਰਦਾਤ ਕਾਫੀ ਵੱਡੀ ਲੱਗਦੀ ਏ।"

"ਸਾਹਿਬ ਜੀ, ਟ੍ਰੈਫ਼ਿਕ ਨੂੰ ਕੀ ਵਿਘਨ ਪੈਣਾ ਏ? ਬੜੀ ਹੱਦ ਘੰਟੇ ਅੱਧੇ ਘੰਟੇ ਵਿੱਚ ਮਲਵਾ ਹਟਾ ਕੇ ਪਰੇ ਕਰ ਦੇਣਗੇ। ਲਾਸ਼ਾਂ ਚੁੱਕ ਕੇ ਲੈ ਜਾਣਗੇ। ਹੋ ਸਕਦਾ ਏ ਹੁਣ ਤੱਕ ਇਹ ਸਭ ਕੁੱਝ ਹੋ ਚੁੱਕਾ ਹੋਊ। ਖ਼ਬਰਾਂ ਆਉਣ ਨੂੰ ਵੀ ਤਾਂ ਕੁੱਝ ਸਮਾਂ ਲੱਗਾ ਹੋਊ। ਮੈਨੂੰ ਲੱਗਦਾ ਏ ਵਾਰਦਾਤ ਅੱਜ ਸਵੇਰੇ ਦੀ ਏ। ਐਸੀ ਤੇਜ਼ ਚੱਲਦੀ ਸੜਕ ਨੂੰ ਲੰਬਾ ਸਮਾਂ ਬਲੌਕ ਨਹੀਂ ਕੀਤਾ ਜਾ ਸਕਦਾ। ਆਪਾਂ ਚੰਡੀਗੜ੍ਹ ਕਿੰਨੇ ਵਜੇ ਪਹੁੰਚਣਾ ਚਾਹੁੰਦੇ ਹਾਂ?"

"ਇਰਾਦਾ ਤਾਂ ਸਾਢੇ ਚਾਰ ਵਜੇ ਤੱਕ ਪਹੁੰਚਣ ਦਾ ਏ। ਮੇਰੀ ਠੀਕ ਸਾਢੇ ਚਾਰ ਵਜੇ ਉਥੇ ਇਕ ਅਪਾਇੰਟਮੈਂਟ ਏ।"

"ਸਰ, ਕੋਈ ਫਿਕਰ ਵਾਲੀ ਗੱਲ ਨਹੀਂ। ਡਰਾਈਵਰ ਬਥੇਰੀ ਤੇਜ ਗੱਡੀ ਚਲਾਉਂਦਾ ਏ। ਮੌਸਮ ਵੀ ਬੜਾ ਸਾਫ ਏ। ਡਰਾਈਵਰ ਚਾਹ ਪੀ ਹਟਿਆ ਏ। ਆਓ ਹੁਣ ਚਲੀਏ।"

"ਚੰਗਾ ਜੀ।"

ਡਰਾਈਵਰ ਨੇ ਚੰਦ ਮਿੰਟਾਂ ਵਿੱਚ ਹੀ ਗੱਡੀ ਸਮਰਾਲਾ ਚੌਕ ਤੋਂ ਚੰਡੀਗੜ੍ਹ ਦੇ ਰਾਹ ਪਾ ਦਿੱਤੀ।

# ਕਾਂਡ ਚਾਰ

ਪ੍ਰੀਖਿਆ ਕੇਂਦਰ ਵਿੱਚ ਹੁਣ ਪੋਸਟ ਗਰੈਜੂਏਸ਼ਨ ਜਮਾਤਾਂ ਦੇ ਪਰਚੇ ਵੀ ਸ਼ੁਰੂ ਹੋ ਗਏ ਸਨ। ਅੱਜ ਪਰਚਾ ਸ਼ੁਰੂ ਹੋਣ ਤੋਂ 20 ਕੁ ਮਿੰਟ ਪਹਿਲਾਂ ਕੇਂਦਰ ਮੂਹਰੇ ਇੱਕ ਪੁਲਿਸ ਦੀ ਜੀਪ ਆ ਪਹੁੰਚੀ। ਇਸ ਜੀਪ ਵਿੱਚੋਂ ਇੱਕ ਸਿੱਖ ਨੌਜਵਾਨ ਉਤਰਿਆ ਜਿਸਦੇ ਕੜੀਆਂ ਲੱਗੀਆਂ ਹੋਈਆਂ ਸਨ। ਇਹ ਨੌਜਵਾਨ ਚਾਰ ਕੁ ਸਿਪਾਹੀਆਂ ਸਮੇਤ ਪ੍ਰੀਖਿਆ ਕੇਂਦਰ ਵੱਲ ਵਧਿਆ। ਇਸਨੇ ਸਾਹਮਣੇ ਨੋਟਿਸ ਬੋਰਡ ਉੱਤੇ ਪੜ੍ਹ ਕੇ ਦੇਖਿਆ ਕਿ ਉਸਨੂੰ ਕਿਹੜਾ ਕਮਰਾ ਅਲਾਟ ਹੋਇਆ ਏ। ਇਹ ਕਮਰਾ ਨੰ: 4 ਸੀ। ਸਿਪਾਹੀਆਂ ਸਮੇਤ ਇਹ ਨੌਜਵਾਨ ਇਸ ਕਮਰੇ ਵਿੱਚ ਗਿਆ ਤੇ ਆਪਣੀ ਸੀਟ ’ਤੇ ਬੈਠ ਗਿਆ। ਦੋ ਸਿਪਾਹੀ ਉਸਦੇ ਨੇੜੇ ਕੁਰਸੀਆਂ 'ਤੇ ਬੈਠ ਗਏ ਤੇ ਦੂਜੇ ਦੋ ਸਿਪਾਹੀ ਬਾਹਰ ਚਲੇ ਗਏ। ਚੰਦ ਕੁ ਮਿੰਟਾਂ ਵਿੱਚ ਹੀ ਕਮਰੇ ਵਿੱਚੋਂ ਪ੍ਰੋ. ਪ੍ਰਸ਼ੋਤਮ ਤੇ ਇੱਕ ਹੋਰ ਲੈਕਚਰਾਰ ਨਿਗਰਾਨਾਂ ਦੇ ਤੌਰ ’ਤੇ ਪਹੁੰਚ ਗਏ। ਉਹ ਇਸ ਨੌਜਵਾਨ ਵਲ ਬੜੇ ਧਿਆਨ ਨਾਲ ਦੇਖ ਰਹੇ ਸਨ। ਪੜਚੋਲ ਕਰਨ ’ਤੇ ਪਤਾ ਲੱਗਾ ਕਿ ਇਹ ਨੌਜਵਾਨ ਜੇਲ੍ਹ ਵਿੱਚੋਂ ਪਰਚਾ ਦੇਣ ਆਇਆ ਸੀ। ਇਹ ਨੌਜਵਾਨ ਇਲਾਕੇ ਦਾ ਖਾੜਕੂ ਸੀ ਤੇ ਜੇਲ੍ਹ ਵਿੱਚ ਬੰਦ ਹੀ ਪੰਜਾਬੀ ਦੀ ਐਮ. ਏ. ਕਰ ਰਿਹਾ ਸੀ। ਨਜ਼ਰਬੰਦੀ ਤੋਂ ਪਹਿਲਾਂ ਇਸਦੇ ਸਿਰ 'ਤੇ ਪੰਜ ਲੱਖ ਦਾ ਇਨਾਮ ਸੀ। ਇਸਦੇ ਫੜ ਹੋਣ ਤੱਕ ਝੂਠੇ ਪੁਲਿਸ ਮੁਕਾਬਲੇ ਘੱਟ ਬਣਾਏ ਜਾ ਰਹੇ ਸਨ। ਜ਼ਿਆਦਾ ਝੂਠੇ ਪੁਲਿਸ ਮੁਕਾਬਲਿਆਂ ਦਾ ਦੌਰ ਇਸ ਤੋਂ ਕੁੱਝ ਸਮਾਂ ਬਾਅਦ ਸ਼ੁਰੂ ਹੋਇਆ ਸੀ। ਸੈਂਟਰ ਸੁਪਰਡੈਂਟ ਉਜਾਗਰ ਮੱਲ ਵੀ ਉਚੇਚੇ ਤੌਰ 'ਤੇ ਆ ਕੇ ਇਸ ਪ੍ਰੀਖਿਆਰਥੀ ਨੂੰ ਦੇਖ ਕੇ ਗਿਆ। ਉਸਨੇ ਇਸ ਪ੍ਰੀਖਿਆਰਥੀ ਦੇ ਪ੍ਰੀਖਿਆ ਦੇਣ ਲਈ ਸੁਖਾਵੇਂ ਮਾਹੌਲ ਦਾ ਵੀ ਪੂਰਾ-ਪੂਰਾ ਜਾਇਜ਼ਾ ਲਿਆ। ਉਸ ਲਈ ਇਹ ਪ੍ਰੀਖਿਆਰਥੀ ਇੱਕ ਖ਼ਾਸ ਪ੍ਰੀਖਿਆਰਥੀ ਸੀ। ਉਸਨੂੰ ਇੰਝ ਲੱਗਦਾ ਸੀ ਕਿ ਇਹ ਪ੍ਰੀਖਿਆਰਥੀ ਪਰਚਾ ਕਰਨ ਵਿੱਚ ਆਪਣੀ ਮਨਮਾਨੀ ਕਰੇਗਾ ਤੇ ਇਸ ਮਨਮਾਨੀ ਦਾ ਅਸਰ ਕਮਰੇ ਵਿੱਚ ਬੈਠੇ ਬਾਕੀ ਪ੍ਰੀਖਿਆਰਥੀਆਂ ’ਤੇ ਵੀ ਪਵੇਗਾ। ਉਸਨੂੰ ਇਹ ਵੀ ਡਰ ਸੀ ਕਿ ਇਹ ਪ੍ਰੀਖਿਆਰਥੀ ਕੇਂਦਰ ਵਾਸਤੇ ਕੋਈ ਵੱਡਾ ਮਸਲਾ ਵੀ ਬਣ ਸਕਦਾ ਸੀ। ਇਸ ਪ੍ਰੀਖਿਆਰਥੀ ਨੂੰ ਇਕੱਲੇ ਨੂੰ ਕਿਸੇ ਅਲੱਗ ਕਮਰੇ ਵਿੱਚ ਵੀ ਨਹੀਂ ਬਿਠਾਇਆ ਜਾ ਸਕਦਾ ਸੀ। ਇੰਝ ਕਰਨਾ ਪ੍ਰੀਖਿਆ ਕੇਂਦਰ ਦੇ ਨਿਯਮਾਂ ਦੇ ਖ਼ਿਲਾਫ਼ ਸੀ। ਇਸ ਪ੍ਰੀਖਿਆਰਥੀ ਦਾ ਕੇਂਦਰ ਵਿੱਚ ਆਉਣਾ ਸੁਪਰਡੈਂਟ ਅਤੇ ਹੋਰ ਨਿਗਰਾਨਾਂ ਨੂੰ



ਖੌਫ਼ਨਾਕ ਜਿਹਾ ਲੱਗ ਰਿਹਾ ਸੀ। ਵੈਸੇ ਵੇਖਣ ਨੂੰ ਇਹ ਪ੍ਰੀਖਿਆਰਥੀ ਬੜਾ ਹੀ ਗੰਭੀਰ ਅਤੇ ਮਿਠਬੋਲੜਾ ਮਹਿਸੂਸ ਹੋ ਰਿਹਾ ਸੀ। ਕਮਰੇ ਵਿੱਚ ਬੈਠੇ ਸਾਰੇ ਉਮੀਦਵਾਰ ਇਸ ਪ੍ਰੀਖਿਆਰਥੀ ਵੱਲ ਬੜੇ ਧਿਆਨ ਨਾਲ ਦੇਖ ਰਹੇ ਸਨ। ਸ਼ਾਇਦ ਉਹ ਸੋਚਦੇ ਸਨ ਕਿ ਉਨ੍ਹਾਂ ਦਾ ਤਾਂ ਕੰਮ ਹੀ ਬਣ ਗਿਆ। ਉਹ ਇਹ ਵੀ ਸੋਚਦੇ ਸਨ ਕਿ ਜਦ ਕੋਈ ਇਹਨੂੰ ਨਕਲ ਕਰਨ ਤੋਂ ਨਹੀਂ ਰੋਕੇਗਾ ਤਾਂ ਉਹ ਹੋਰ ਕਿਸੇ ਨੂੰ ਕਿਵੇਂ ਰੋਕ ਸਕੇਗਾ? ਇਸ ਤੋਂ ਤਾਂ ਫਲਾਇੰਗ ਸਕੁਐਡ ਵਾਲੇ ਵੀ ਭੈਅ ਖਾ ਜਾਣਗੇ। ਸ਼ਾਇਦ ਉਹ ਇਸ ਕਮਰੇ ਤੱਕ ਆਉਣਗੇ ਹੀ ਨਹੀਂ।

ਕਮਰਿਆਂ ਵਿੱਚ ਨਿਗਰਾਨਾਂ ਨੂੰ ਪ੍ਰਸ਼ਨ ਪੱਤਰ ਪਹੁੰਚਾ ਦਿੱਤੇ ਗਏ। ਪ੍ਰਸ਼ਨ ਪੱਤਰਾਂ ਨੂੰ ਵੰਡਣ ਤੋਂ ਪਹਿਲਾਂ ਇਸ ਨੌਜਵਾਨ ਦੀ ਸੱਜੇ ਹੱਥ ਦੀ ਕੜੀ ਖੋਲ੍ਹ ਕੇ ਖੱਬੇ ਹੱਥ ਨੂੰ ਲਗਾ ਦਿੱਤੀ ਗਈ ਤਾਂ ਕਿ ਉਹ ਸੱਜੇ ਹੱਥ ਨਾਲ ਆਪਣਾ ਪਰਚਾ ਲਿਖ ਸਕੇ। ਪ੍ਰਸ਼ਨ ਪੱਤਰ ਵੰਡ ਦਿੱਤੇ ਗਏ। ਪ੍ਰਸ਼ਨ ਪੱਤਰ ਪ੍ਰਾਪਤ ਕਰਦੇ ਸਾਰ ਹੀ ਇਹ ਨੌਜਵਾਨ ਆਪਣਾ ਪਰਚਾ ਲਿਖਣ ਵਿਚ ਡਟ ਗਿਆ। ਇਸਨੇ ਜੇਲ੍ਹ ਵਿੱਚ ਬੈਠੇ ਹੋਏ ਨੇ ਇੰਨੀ ਜ਼ਿਆਦਾ ਤਿਆਰੀ ਕੀਤੀ ਹੋਈ ਸੀ ਕਿ ਇਸ ਪਾਸ ਲਿਖਣ ਲਈ ਅੰਤਾਂ ਦੀ ਸਮੱਗਰੀ ਸੀ। ਅੱਜ ਦਾ ਇਸਦਾ ਪਰਚਾ ਗੁਰਬਾਣੀ ਨਾਲ ਸਬੰਧ ਰੱਖਦਾ ਸੀ। ਇਸ ਪ੍ਰੀਖਿਆਰਥੀ ਨੂੰ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਯਾਦ ਸਨ। ਇਨ੍ਹਾਂ ਤੁਕਾਂ ਦੇ ਉਹ ਥਾਂ ਥਾਂ ਤੇ ਹਵਾਲੇ ਦੇ ਰਿਹਾ ਸੀ। ਕਮਰੇ ਵਿੱਚ ਬੈਠੇ ਪ੍ਰੀਖਿਆਰਥੀਆਂ ਲਈ ਅਜੀਬ ਜਿਹੀ ਸਥਿਤੀ ਬਣੀ ਹੋਈ ਸੀ। ਉਹ ਤਾਂ ਪਿਛਲੇ ਕਈ ਪਰਚਿਆਂ ਦੀ ਸਥਿਤੀ ਦੇਖਦੇ ਹੋਏ ਇਹੀ ਸੋਚ ਕੇ ਆਉਂਦੇ ਹੁੰਦੇ ਸਨ ਕਿ ਅਰਾਮ ਨਾਲ ਨਕਲ ਕਰਾਂਗੇ। ਇਸ ਨੌਜਵਾਨ ਦੀ ਹਾਜ਼ਰੀ ਵਿੱਚ ਪਹਿਲਾਂ ਤਾਂ ਉਹ ਨਕਲ ਕਰਨ ਤੋਂ ਗੁਰੇਜ਼ ਕਰੀ ਜਾਣ ਪ੍ਰੰਤੂ ਇਹ ਉਹ ਕਿੰਨੀ ਕੁ ਦੇਰ ਕਰ ਸਕਦੇ ਸਨ। ਸਮਾਂ ਬੜੀ ਤੇਜ਼ੀ ਨਾਲ ਦੌੜ ਰਿਹਾ ਸੀ ਅਗਰ ਹਿਚਕਚਾਉਂਦੇ ਰਹੇ ਤਾਂ ਤਿੰਨ ਘੰਟੇ ਤਾਂ ਖੰਭ ਲਾ ਕੇ ਉੱਡ ਜਾਣਗੇ। ਅੱਧੇ ਕੁ ਘੰਟੇ ਵਿੱਚ ਹੀ ਕਈਆਂ ਨੇ ਆਪਣੀਆਂ ਪਰਚੀਆਂ ਤੇ ਛੋਟੀਆਂ ਛੋਟੀਆਂ ਪਾਕਿਟ ਬੁੱਕਾਂ ਕੱਢ ਲਈਆਂ। ਨਕਲ ਸ਼ੁਰੂ ਹੋ ਗਈ। ਪ੍ਰਸ਼ੋਤਮ ਅਤੇ ਉਸਦੇ ਸਾਥੀ ਨਿਗਰਾਨ ਵਾਸਤੇ ਇਕੋ ਇੱਕ ਮਸਲਾ ਸੀ। ਅਗਰ ਉਹ ਨਕਲ ਰੋਕਣ ਤਾਂ ਵੀ ਮਾੜੇ, ਅਗਰ ਨਾ ਰੋਕਣ ਤਾਂ ਵੀ। ਸੁਪਰਡੈਂਟ ਉਜਾਗਰ ਮੱਲ ਐਸਾ ਬੰਦਾ ਸੀ ਕਿ ਉਹ ਕਮਰਿਆਂ ਵਿੱਚ ਜਾਣ ਬੁੱਝ ਕੇ ਘੱਟ ਹੀ ਚੱਕਰ ਮਾਰਦਾ ਸੀ। ਉਸਨੇ ਬਹੁਤੀ ਜ਼ਿੰਮੇਵਾਰੀ ਨਿਗਰਾਨਾਂ 'ਤੇ ਹੀ ਛੱਡੀ ਹੋਈ ਸੀ। ਜੇਲ੍ਹ ’ਚੋਂ ਆਇਆ ਹੋਇਆ ਪ੍ਰੀਖਿਆਰਥੀ ਆਪਣਾ ਪਰਚਾ ਲਿਖਣ ਵਿੱਚ ਡਟਿਆ ਹੋਇਆ ਸੀ। ਉਸਨੂੰ ਕਿਸੇ ਪ੍ਰਕਾਰ ਦੀ ਨਕਲ ਦੀ ਜ਼ਰੂਰਤ ਹੀ ਨਹੀਂ ਸੀ। ਬਲਕਿ ਉਹ ਤਾਂ ਕਮਰੇ ਵਿੱਚ ਹੋ ਰਹੀਆਂ ਮਨਮਾਨੀਆਂ ਤੇ ਹੈਰਾਨ ਹੋ ਰਿਹਾ ਸੀ। ਉਹ ਇਹ ਵੀ ਮਹਿਸੂਸ ਕਰ ਰਿਹਾ ਸੀ ਕਿ ਇਹ ਸਭ ਮਨਮਾਨੀਆਂ ਖਾੜਕੂ ਲਹਿਰ ਦੀ ਆੜ ਹੇਠਾਂ ਹੀ ਹੋ ਰਹੀਆਂ ਸਨ। ਅਸਲੀ ਖਾੜਕੂਆਂ ਦੀ ਆੜ ਵਿੱਚ ਹਰ ਜਣਾ

ਖਣਾ ਆਪਣੀ ਮਨਮਾਨੀ ਕਰਨ ਲੱਗ ਪਿਆ ਸੀ। ਅਸਲੀ ਖਾੜਕੂ ਕਿਸੇ ਖ਼ਾਸ ਮੁੱਦੇ ਲਈ ਲੜ ਰਹੇ ਸਨ। ਉਹਨਾਂ ਦੀ ਆੜ ਵਿੱਚ ਬਹੁਤ ਸਾਰੇ ਨੌਜਵਾਨ ਲੁੱਟਾਂ ਖੋਹਾਂ ਵੀ ਕਰਨ ਲੱਗ ਪਏ ਸਨ ਤੇ ਹੋਰ ਕਈ ਕਿਸਮ ਦੀਆਂ ਮਨਮਾਨੀਆਂ ਵੀ। ਮਾਹੌਲ ਇਸ ਪ੍ਰਕਾਰ ਦਾ ਬਣ ਗਿਆ ਸੀ ਕਿ ਜੇਕਰ ਕੋਈ ਵੀ ਸਿੱਖ ਨੌਜਵਾਨ ਕੰਬਲੀ ਦੀ ਬੁੱਕਲ ਮਾਰ ਕੇ ਕਿਸੇ ਪਾਸੋਂ ਗੁਜ਼ਰ ਜਾਵੇ ਤਾਂ ਉਹ ਮਨ ਵਿੱਚ ਡਰ ਪੈਦਾ ਕਰਦਾ ਸੀ। ਜ਼ਿਆਦਾ ਪੜ੍ਹਿਆ ਲਿਖਿਆ ਬੰਦਾ ਵੱਧ ਸੰਵੇਦਨਸ਼ੀਲ ਹੁੰਦਾ ਹੈ। ਉਹ ਜ਼ਰੂਰਤ ਤੋਂ ਜ਼ਿਆਦਾ ਸੋਚਣ ਲੱਗ ਪੈਂਦਾ ਹੈ। ਪੇਂਡੂ, ਸਾਦੇ ਤੇ ਘੱਟ ਪੜ੍ਹੇ ਲਿਖੇ ਜਾਂ ਅਨਪੜ੍ਹ ਲੋਕ ਇੰਨੀ ਜਲਦੀ ਨਹੀਂ ਘਬਰਾਉਂਦੇ ਜਿੰਨੀ ਜਲਦੀ ਪੜ੍ਹੇ ਲਿਖੇ ਲੋਕ ਘਬਰਾਉਂਦੇ ਹਨ । ਇਸੇ ਕਰਕੇ ਘੱਟ ਪੜ੍ਹੇ ਲਿਖੇ ਜਾਂ ਅਨਪੜ੍ਹ ਲੋਕ ਜਲਦੀ ਕੋਈ ਖ਼ਤਰਨਾਕ ਕਦਮ ਚੁੱਕਣ ਲਈ ਤਿਆਰ ਹੋ ਜਾਂਦੇ ਹਨ, ਜ਼ਿਆਦਾ ਪੜ੍ਹੇ ਲਿਖੇ ਸੋਚਦੇ ਹੀ ਰਹਿ ਜਾਂਦੇ ਹਨ। ਬਹੁਤੇ ਜ਼ੁਰਮ ਵੀ ਦੁਨੀਆਂ ਵਿੱਚ ਘੱਟ ਪੜ੍ਹੇ ਲਿਖੇ ਜਾਂ ਅਨਪੜ੍ਹ ਵਿਅਕਤੀ ਹੀ ਕਰਦੇ ਹਨ । ਸਿਆਸਤ, ਖ਼ਾਸ ਕਰਕੇ ਭਾਰਤੀ ਸਿਆਸਤ, ਦੇ ਖੇਤਰ ਵਿੱਚ ਵੀ ਅਰਧ ਪੜ੍ਹੇ ਲਿਖੇ ਲੋਕ ਜ਼ਿਆਦਾ ਚਮਕਦੇ ਹਨ। ਸਿਆਸਤ ਵਿੱਚ ਪੈਰ-ਪੈਰ ਤੇ ਬੇਜ਼ਤੀ ਸਹਿਣੀ ਪੈਂਦੀ ਹੈ। ਅਰਧ ਪੜ੍ਹੇ ਲਿਖੇ ਜਾਂ ਅਨਪੜ੍ਹ ਜਿਹੇ ਲੋਕ ਬੇਜ਼ਤੀ ਨੂੰ ਆਰਾਮ ਨਾਲ ਸਹਿ ਲੈਂਦੇ ਹਨ। ਕਈ ਪ੍ਰਕਾਰ ਦੀਆਂ ਹਾਰਾਂ ਝੱਲ ਝੱਲ ਕਿ ਉਹ ਆਖਰ ਵਿੱਚ ਕੋਈ ਜਿੱਤ ਪ੍ਰਾਪਤ ਕਰ ਹੀ ਲੈਂਦੇ ਹਨ। ਸਿਆਸਤ ਦੀ ਪੌੜੀ ਦੇ ਪੈਂਡੇ ਚੜ੍ਹਨ ਲਈ ਅਕਸਰ ਪੈਰ ਤਿਲਕਦੇ ਹੀ ਰਹਿੰਦੇ ਹਨ। ਜਦ ਹੌਲੀ-ਹੌਲੀ ਪੌੜਿਆਂ ’ਤੇ ਪੈਰ ਟਿਕਣੇ ਸ਼ੁਰੂ ਹੋ ਜਾਂਦੇ ਹਨ ਤਾਂ ਹੋਰ ਉੱਚਾ ਚੜ੍ਹਨਾ ਸੌਖਾ ਹੋਣ ਲੱਗ ਜਾਂਦਾ ਹੈ। ਖਾੜਕੂ ਨੌਜਵਾਨ ਦੀ ਨਜ਼ਰ ਨੂੰ ਭਾਂਪਦੇ ਹੋਏ ਪ੍ਰੋ. ਪ੍ਰਸ਼ੋਤਮ ਤੇ ਉਸਦਾ ਸਾਥੀ ਨਿਗਰਾਨ ਸੋਚਾਂ ਵਿੱਚ ਪੈ ਗਏ। ਭਾਵੇਂ ਮਾਹੌਲ ਨੂੰ ਭਾਂਪਦੇ ਹੋਏ ਉਹ ਬਹੁਤ ਘੱਟ ਬੋਲਦੇ ਸਨ ਫਿਰ ਵੀ ਸਾਹਾਂ ਵਿੱਚ ਉਹ ਮਾੜੀਆਂ ਮੋਟੀਆਂ ਗੱਲਾਂ ਕਰੀ ਜਾ ਰਹੇ ਸਨ।

“ਬੜਾ ਨਾਜ਼ਕ ਮਾਮਲਾ ਏ”, ਪ੍ਰੋ. ਪ੍ਰਸ਼ੋਤਮ ਨੇ ਆਪਣੇ ਸਾਥੀ ਨਿਗਰਾਨ ਹਰਪਾਲ ਦੇ ਕੰਨ ਵਿੱਚ ਫੂਕ ਮਾਰੀ। “ਕਿਉਂ ਕੀ ਗੱਲ ਹੋ ਗਈ?” ਹਰਪਾਲ ਪੁੱਛਣ ਲੱਗਾ।

“ਕੇਂਦਰ ਤਾਂ ਨਕਲ ਦੇ ਗੜ੍ਹ ਬਣ ਰਹੇ ਹਨ। ਹੁਣ ਵੀ ਸਾਡੇ ਕਮਰੇ ਵਿੱਚ ਨਕਲ ਚਲ ਹੀ ਰਹੀ ਏ। ਭਾਵੇਂ ਓਨੀ ਖੁੱਲ ਕੇ ਨਹੀਂ ਜਿੰਨੀ ਹੋਰ ਕਮਰਿਆਂ ਵਿੱਚ ਚੱਲ ਰਹੀ ਏ। ਇਸ ਖਾੜਕੂ ਦੀ ਤਾਂ ਪੂਰੀ ਤਿਆਰੀ ਹੈ। ਲਿਖੀ ਹੀ ਜਾ ਰਿਹਾ ਏ। ਕਰ ਵੀ ਉਹਨਾਂ ਹਲਾਤਾਂ ਵਿੱਚ ਰਿਹਾ ਹੈ ਜਿਹਨਾਂ ਵਿੱਚ ਇਸਨੂੰ ਆਪਣੀ ਜ਼ਿੰਦਗੀ ਦਾ ਜਰਾ ਵੀ ਵਸ੍ਹਾ ਨਹੀਂ। ਇੱਡਾ ਵੱਡਾ ਦ੍ਰਿੜ ਇਰਾਦਾ ਹੋਣਾ ਵੀ ਕਮਾਲ ਦੀ ਗੱਲ ਏ। ਕੋਈ ਵਿਅਕਤੀ ਮੌਤ ਦੀ ਆਗੋਸ਼ ਵਿੱਚ ਬੈਠਾ ਵੀ ਗਿਆਨ ਪ੍ਰਾਪਤ ਕਰਦੇ ਰਹਿਣ ਦੀ ਚਾਹ ਰੱਖੇ ਅਤੇ ਜ਼ਿੰਦਗੀ ਫਿਰ ਤੋਂ ਸ਼ੁਰੂ ਕਰਨ ਦੀ ਆਸ ਰੱਖੇ-ਇਹ ਬੜੀ ਜ਼ੇਰੇ ਵਾਲੀ ਗੱਲ ਏ। ਹਰਪਾਲ ਜੀ, ਤੁਸੀਂ ਦੱਸੋ, ਆਪਾਂ ਸਖ਼ਤੀ ਕਰੀਏ ਜਾਂ ਨਰਮ ਰਹੀਏ। ਅਗਰ ਸਖ਼ਤੀ ਕਰਦੇ ਹਾਂ ਤਾਂ ਹੋਰ ਕਈ



ਨਰਾਜ਼ ਹੋਣਗੇ। ਤੁਹਾਨੂੰ ਪਤਾ ਹੀ ਏ, ਕਾਲਜ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਵਿੰਗ ਵੀ ਬੜਾ ਤਕੜਾ ਏ। ਕਿਤੇ ਕੋਈ ਬਾਹਰ ਨਿਕਲਦਿਆਂ ਨੂੰ ਹੀ ਨਾ ਘੇਰ ਲਵੇ। ਜੇ ਅਸੀਂ ਨਰਮ ਰਹਿੰਦੇ ਹਾਂ ਤਾਂ ਇਹ ਜੁਝਾਰੂ ਨੌਜਵਾਨ ਸਾਡੇ ਲਈ ਕੋਈ ਖਤਰਾ ਨਾ ਬਣ ਜਾਵੇ। ਤੁਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹੀ ਰਹਿੰਦੇ ਹੋ। ਅਸਲੀ ਖਾੜਕੂ ਘਟੀਆ ਹਰਕਤਾਂ ਕਰਨ ਵਾਲਿਆਂ ਦੇ ਖ਼ਿਲਾਫ਼ ਵੀ ਅਕਸਰ ਬਿਆਨ ਦਿੰਦੇ ਹੀ ਰਹਿੰਦੇ ਹਨ। ਲੁੱਟਾਂ ਖੋਹਾਂ ਕਰਨ ਵਾਲਿਆਂ ਨੂੰ ਤਾਂ ਉਹ ਆੜੇ ਹੱਥੀ ਵੀ ਲੈਂਦੇ ਰਹੇ ਹਨ, “ਪ੍ਰਸ਼ੋਤਮ ਦਿਲੋਂ ਘਬਰਾਇਆ ਹੋਇਆ ਸੀ। ਪ੍ਰੋ. ਹਰਪਾਲ ਕੁੱਝ ਕੁ ਮਿੰਟ ਸੋਚਦਾ ਰਿਹਾ ਤੇ ਫਿਰ ਬੋਲਿਆ” ਪ੍ਰਸ਼ੋਤਮ ਜੀ, ਸਾਨੂੰ ਕੁੱਝ ਸਖ਼ਤ ਹੋ ਜਾਣਾ ਚਾਹੀਦਾ ਏ। ਇਹ ਜੁਝਾਰੂ ਪ੍ਰੀਖਿਆਰਥੀ ਹੋਰਾਂ ਨਾਲੋਂ ਵੱਧ ਮਹੱਤਵਪੂਰਨ ਏ। ਇਸ ਪ੍ਰਕਾਰ ਦੇ ਬੰਦਿਆਂ ਦੇ ਲਿੰਕ ਦੂਰ ਦੂਰ ਤੱਕ ਹੁੰਦੇ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਸਦੀ ਤਿਆਰੀ ਇੰਨੀ ਜ਼ਿਆਦਾ ਹੈ ਕਿ ਇਸਨੂੰ ਨਕਲ ਮਾਰਨ ਦੀ ਜ਼ਰੂਰਤ ਹੀ ਨਹੀਂ ਡੇਢ ਘੰਟਾ ਬੀਤ ਗਿਆ ਏ। ਇਸਨੇ ਤਾਂ ਟਾਇਲਟ ਜਾਣ ਤੱਕ ਲਈ ਵੀ ਨਹੀਂ ਪੁੱਛਿਆ। ਬਸ ਕਲਮ ਵਾਂਹਦਾ ਹੀ ਤੁਰਿਆ ਜਾ ਰਿਹਾ ਏ। ਤੁਹਾਡੇ ਸਾਹਮਣੇ ਪਹਿਲੀ ਉੱਤਰ ਪੱਤਰੀ ਭਰਨ ਤੋਂ ਬਾਅਦ ਦੋ ਹੋਰ ਸਪਲੀਮੈਂਟਰੀ ਕਾਪੀਆਂ ਵੀ ਭਰ ਚੁੱਕਾ ਏ। ਇਸਦੀ ਲੇਖਣੀ ਵੀ ਬੜੀ ਸੁੰਦਰ ਏ। ਸਫਾ ਪੂਰਾ-ਪੂਰਾ ਭਰ ਕੇ ਲਿਖਦਾ ਏ। ਆਹ ਤੁਹਾਡੇ ਸਾਹਮਣੇ ਕਈ ਤਾਂ ਦੋ ਇੰਚ ਸੱਜੇ ਛੱਡ ਦਿੰਦੇ ਹਨ ਤੇ ਇੱਕ ਇੰਚ ਖੱਬੇ। ਬਸ ਅੱਧ ਵਿੱਚ ਇੱਕ ਸਤਰ ਵਿੱਚ ਚਾਰ ਕੁ ਸ਼ਬਦ ਲਿਖ ਕੇ ਐਵੇਂ ਸਫੇ ਭਰਨ ਦੀਆਂ ਫੁਕਰੀਆਂ ਹਰਕਤਾਂ ਕਰੀ ਜਾਂਦੇ ਹਨ। ਦੇਖ ਲਓ, ਕਿੰਨਾ ਸੋਹਣਾ ਬਾਂਕਾ ਜਵਾਨ ਲੜਕਾ ਏ। ਦਾੜ੍ਹਾ ਖੁੱਲ੍ਹਾ ਛੱਡਿਆ ਹੋਇਆ ਏ। ਸਵੱਛ ਸਾਦਾ ਲਿਬਾਸ ਪਾਇਆ ਹੋਇਆ ਏ ਪੈਰਾਂ ਵਿੱਚ ਪੰਜਾਬੀ ਜੁੱਤੀ ਏ। ਸਦਕੇ ਜਾਈਏ ਇਹੋ ਜਿਹੇ ਨੌਜਵਾਨਾਂ ਦੇ ਸੱਚਮੁੱਚ ਹੀ ਮੌਤ ਨੂੰ ਮਖੌਲਾਂ ਕਰਦੇ ਪਏ ਨੇ ਇਹ ਨੌਜਵਾਨ। ਵੀਰ ਜੀ, ਕੁੱਝ ਸਖ਼ਤੀ ਕਰ ਦਿਓ। ਇਕ ਵਾਰ ਨਕਲ ਪੂਰੀ ਤਰ੍ਹਾ ਬੰਦ ਕਰਵਾ ਦਿਓ। ਪਹਿਲਾਂ ਇੱਕ ਚੇਤਾਵਨੀ ਦਿਓ, “ਫਲਾਇੰਗ ਸਕੁਐਡ ਆ ਚੁੱਕਾ ਏ। ਅਗਰ ਫੜੇ ਗਏ ਤਾਂ ਖੁਦ ਜ਼ਿੰਮੇਵਾਰ ਹੋਵੋਗੇ। ਕਿਸੇ ਪਾਸ ਕੋਈ ਫਾਲਤੂ ਕਾਗਜ਼ ਹੈ ਤਾਂ ਕੱਢ ਕੇ ਫੜਾ ਦੇਵੇ ਇਹ ਆਖਰੀ ਚੇਤਾਵਨੀ ਹੈ।” ਕੈਂਡੀਡੇਟਸ, ਅਟੈਂਨਸ਼ਨ ਪਲੀਜ਼।

“ਯੂਨੀਵਰਸਿਟੀ ਫਲਾਈਇੰਗ ਸਕੁਐਡ ਹੈਜ਼ ਆਲਰੈਡੀ ਐਂਟਰਡ ਦਾ ਕਾਲਜ ਪਰੈਮੇਸਜ਼। ਇਫ ਸਮਬੌਡੀ ਹੈਜ਼ ਐਨੀ ਇਨਕਰੀਮੀਨੇਟਰੀ ਮੈਟੀਰੀਅਲ ਵਿਦ ਹਿਮ, ਪਲੀਜ਼ ਗਿਵ ਇਟ ਟੂ ਅਸ”, ਪ੍ਰਸ਼ੋਤਮ ਨੇ ਅੰਗਰੇਜ਼ੀ ਵਿੱਚ ਚੇਤਾਵਨੀ ਦਿੱਤੀ।

ਪ੍ਰੋ: ਹਰਪਾਲ ਸਿੰਘ ਨੇ ਸੋਚਿਆ ਕਿ ਮਾਹੌਲ ਨੂੰ ਧਿਆਨ 'ਚ ਰੱਖਦੇ ਹੋਏ ਬਹੁਤੀ ਅੰਗਰੇਜ਼ੀ ਘੋਟਣ ਦਾ ਫਾਇਦਾ ਨਹੀਂ। ਹਰ ਪਾਸੇ ਪੰਜਾਬੀ ਦਾ ਬੋਲਬਾਲਾ ਸੀ। ਇਸ ਤੋਂ ਵੀ ਉਪਰ ਕਮਰੇ ਵਿੱਚ ਬੈਠਾ ਖਾੜਕੂ ਪ੍ਰੀਖਿਆਰਥੀ ਵੀ ਪੰਜਾਬੀ ਦਾ ਪੂਰਾ ਅਲੰਬਰਦਾਰ

ਸੀ। ਉਹ ਪਰਚਾ ਵੀ ਐਮ. ਏ. ਪੰਜਾਬੀ ਦਾ ਹੀ ਦੇ ਰਿਹਾ ਸੀ। ਇੱਥੋਂ ਤੱਕ ਕਿ ਉਸਦਾ ਪਰਚਾ ਲੱਗਦਾ ਵੀ ਗੁਰਬਾਣੀ ਨਾਲ ਸਬੰਧਤ ਸੀ। ਪੰਜਾਬ ਦਾ ਮਾਹੌਲ ਵੀ ਪੂਰਣ ਰੂਪ ਵਿੱਚ ਪੰਜਾਬੀ ਵਿੱਚ ਰੰਗਿਆ ਪਿਆ ਸੀ। ਸੰਨ 84 ਤੋਂ 94 ਤੱਕ ਦੇ ਦਸ ਗਿਆਰਾਂ ਸਾਲ ਪੰਜਾਬ ਵਿਚ ਪੀਲੀਆਂ ਦਸਤਾਰਾਂ, ਪੀਲੇ ਪਟਕਿਆਂ ਅਤੇ ਪੀਲੇ ਦੁਪੱਟਿਆਂ ਦਾ ਸਮਾਂ ਸੀ। ਜਦ ਕਿਸੇ ਸਕੂਲ ਵਿੱਚ ਛੁੱਟੀ ਹੁੰਦੀ ਸਾਂ ਤਾਂ ਬੱਚਿਆਂ ਦੇ ਝੁੰਡ ਦੇਖ ਕੇ ਕਿਸੇ ਪੀਲੇ ਰੰਗ ਦੇ ਸਰੋਂ ਦੇ ਖੇਤ ਦਾ ਭੁੱਚਕ ਪੈਦਾ ਹੁੰਦਾ ਸੀ। ਇਸ ਪ੍ਰਕਾਰ ਦੇ ਪੰਜਾਬੀ ਅਤੇ ਪੰਜਾਬੀਅਤ ਰੰਗੇ ਮਾਹੌਲ ਵਿੱਚ ਹਿੰਦੂ ਲੋਕਾਂ ਨੇ ਮਰਦਮਸ਼ੁਮਾਰੀ ਵਿੱਚ ਆਪਣੀ ਮਾਂ ਬੋਲੀ ਹਿੰਦੀ ਲਿਖਾ ਕੇ ਨਵਾਂ ਹੀ ਪੁਆੜਾ ਖੜ੍ਹਾ ਕਰ ਦਿੱਤਾ ਸੀ। ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਮਿਲਾਉਣਾ ਚਲ ਰਹੀ ਲਹਿਰ ਦੀ ਮਹੱਤਵਪੂਰਣ ਮੰਗ ਸੀ। ਦਫ਼ਤਰਾਂ ਦੇ ਕੰਮ ਪੰਜਾਬੀ ਵਿੱਚ ਹੋਣ ਲੱਗ ਪਏ ਸਨ। ਕਾਲਜਾਂ ਦੇ ਪ੍ਰਿੰਸੀਪਲ ਜਿਹੜੇ ਪਹਿਲਾਂ ਘੋਟ ਘੋਟ ਕੇ ਅੰਗਰੇਜ਼ੀ ਵਿੱਚ ਨੋਟਿਸ ਕੱਢਿਆ ਕਰਦੇ ਸਨ ਹੁਣ ਸਭ ਕਾਰਵਾਈ ਪੰਜਾਬੀ ਵਿੱਚ ਕਰਨ ਲੱਗ ਪਏ ਸਨ। ਇਸ ਸਭ ਕੁਝ ਨੂੰ ਧਿਆਨ 'ਚ ਰੱਖਦੇ ਹੋਏ ਹਰਪਾਲ ਨੇ ਸਿੱਧੀ ਸਾਦੀ ਪੰਜਾਬੀ ਵਿੱਚ ਅਨਾਊਂਸਮੈਂਟ ਕਰ ਦਿੱਤੀ, "ਤਲਾਸ਼ੀਆਂ ਸ਼ੁਰੂ ਹੋਣ ਲੱਗੀਆਂ ਹਨ। ਇਕ ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ। ਜਿਹਦੇ ਕੋਲ ਵੀ ਕੋਈ ਨਕਲ ਕਰਨ ਲਈ ਕਾਗਜ਼ ਹੈ ਉਹ ਸਾਨੂੰ ਦੇ ਦੇਵੇ।"

ਲਗਪਗ ਬਹੁਤੇ ਪ੍ਰੀਖਿਆਰਥੀਆਂ ਨੇ ਮਾਲ ਕੱਢ ਕੇ ਨਿਗਰਾਨਾਂ ਨੂੰ ਦੇ ਦਿੱਤਾ। ਥੋੜ੍ਹੀ ਦੇਰ ਬਾਅਦ ਇਕ ਅਣਜਾਣ ਜਿਹਾ ਬਾਬੂ ਆ ਕੇ ਇੱਕ ਚੱਕਰ ਮਾਰ ਗਿਆ। ਪਤਾ ਨਹੀਂ ਇਹ ਅਸਲੀ ਉਡਨ ਦਸਤੇ ਦਾ ਬੰਦਾ ਹੋਵੇ। ਖਾੜਕੂ ਪ੍ਰੀਖਿਆਰਥੀ ਉਤੇ ਇਸ ਬੰਦੇ ਦੇ ਕਮਰੇ ਵਿੱਚ ਆਉਣ ਦਾ ਕੋਈ ਅਸਰ ਨਹੀਂ ਸੀ। ਨਾ ਉਸਨੇ ਕੋਈ ਗਲਤ ਕੰਮ ਸ਼ੁਰੂ ਤੋਂ ਕੀਤਾ ਸੀ ਤੇ ਨਾ ਹੀ ਹੁਣ ਕਰ ਰਿਹਾ ਸੀ। ਅਸਲੀ ਉਡਨ ਦਸਤੇ ਦਾ ਅਸਰ ਨਿਆਰਾ ਹੀ ਹੁੰਦਾ ਏ। ਹਰ ਪਾਸੇ ਭਾਜੜਾਂ ਪੈ ਜਾਂਦੀਆਂ ਹਨ। ਭਾਵੇਂ ਮਾਹੌਲ ਖ਼ੌਫ਼ਨਾਕ ਵੀ ਹੋਵੇ ਫਿਰ ਵੀ ਇਮਤਿਹਾਨ ਹੀ ਹੁੰਦਾ ਹੈ। ਆਸ ਤੋਂ ਉਲਟ ਵੀ ਕੁਝ ਵਾਪਰ ਸਕਦਾ ਹੁੰਦਾ ਏ। ਅਗਰ ਇਕ ਅੱਧ ਕਮਰੇ ਵਿੱਚ ਵੀ ਨਕਲ ਦਾ ਕੇਸ ਬਣ ਜਾਵੇ ਤਾਂ ਖ਼ਬਰ ਸਾਰੇ ਕਮਰਿਆਂ ਵਿੱਚ ਬਿਜਲੀ ਦੇ ਕਰੰਟ ਵਾਂਗ ਘੁੰਮ ਜਾਂਦੀ ਏ। ਪ੍ਰੀਖਿਆਰਥੀ ਇਸ ਗੱਲ ਨੂੰ ਭਲੀ ਭਾਂਤ ਜਾਣਦੇ ਹੀ ਨਹੀਂ ਹੁੰਦੇ, ਬਲਕਿ ਮਹਿਸੂਸਦੇ ਵੀ ਹੁੰਦੇ ਹਨ। ਜਦ ਉਡਨ ਦਸਤੇ ਦੀ ਕਿੱਧਰੇ ਵੀ ਹਲਚਲ ਨਾ ਮਚੀ ਤਾਂ ਪ੍ਰੀਖਿਆਰਥੀਆਂ ਨੇ ਫਿਰ ਓਹੀ ਕੁੱਝ ਕਰਨਾ ਸ਼ੁਰੂ ਕਰ ਦਿੱਤਾ ਜੋ ਉਹ ਪਹਿਲਾਂ ਕਰ ਰਹੇ ਸਨ। ਪਰਚੀਆਂ ਮੁੜ ਪਤਾ ਨਹੀਂ ਕਿੱਧਰੋਂ ਆ ਜਾਂਦੀਆਂ ਹਨ। ਪਾਣੀ ਪਿਆਉਣ ਵਾਲੇ ਚਪੜਾਸੀ ਸਕਿੰਟਾਂ ਵਿੱਚ ਹੀ ਕਰਾਮਾਤਾਂ ਕਰ ਜਾਂਦੇ ਹਨ। ਇਨ੍ਹਾਂ ਦੇ ਚਾਹ ਪਾਣੀ ਦਾ ਪ੍ਰਬੰਧ ਪਹਿਲਾਂ ਹੀ ਲੋਕਾਂ ਨੇ ਕੀਤਾ ਹੋਇਆ ਹੁੰਦਾ ਏ। ਸ਼ਾਇਦ ਇਨ੍ਹਾਂ ਨੂੰ ਕਈਆਂ ਨੇ ਪਹਿਲਾਂ ਹੀ ਥੋੜ੍ਹੇ ਬਹੁਤੇ ਪੈਸੇ ਵੀ ਦਿੱਤੇ ਹੋਏ ਹੁੰਦੇ ਹਨ। ਟਾਇਲਟ



ਜਾਣ ਨਾਲ ਵੀ ਮਾਲ ਨਾਲ ਲੈਸ ਹੋਣ ਦਾ ਜਾਂ ਮਾਲ ਖਾਲੀ ਕਰਨ ਦਾ ਮੌਕਾ ਅਕਸਰ ਮਿਲਦਾ ਹੀ ਰਹਿੰਦਾ ਹੈ। ਸੰਸਥਾਵਾਂ ਦੇ ਪ੍ਰਬੰਧਕੀ ਬਲਾਕਾਂ ਵਿੱਚ ਵੀ ਕਈ ਕਰਮਚਾਰੀ ਪਰਚੇ ਹੱਲ ਕਰਵਾਉਣ ਦੇ ਕੰਮ ਵਿੱਚ ਡੱਟ ਜਾਂਦੇ ਹਨ। ਕਈ ਕਰਮਚਾਰੀਆਂ ਵਿੱਚ ਤਾਂ ਇੰਨਾਂ ਉਤਸ਼ਾਹ ਹੁੰਦਾ ਏ ਕਿ ਉਹ ਉਮੀਦਵਾਰਾਂ ਦੀ ਨਕਲ ਕਰਨ ਵਿੱਚ ਮਦਦ ਕਰਦੇ ਹੋਏ ਆਪਣੇ ਆਪਨੂੰ ਬੜੇ ਵੱਡੇ ਸਮਾਜ ਸੁਧਾਰਕ ਸਮਝਣ ਲੱਗ ਪੈਂਦੇ ਹਨ। ਲੜਕੀਆਂ ਦੀ ਮਦਦ ਕਰਨ ਲਈ ਤਾਂ ਕਈ ਕਰਮਚਾਰੀ ਭੰਬੀਰੀਆਂ ਬਣੇ ਫਿਰਦੇ ਹੁੰਦੇ ਹਨ। ਕੇਂਦਰਾਂ ਦੇ ਬਾਹਰ ਮੋਟਰਸਾਈਕਲ ਸਵਾਰ ਆਸ਼ਕਾਂ ਦਾ ਤੰਤਾ ਲੱਗਾ ਰਹਿੰਦਾ ਏ। ਕੇਂਦਰ ਨੂੰ ਜਾਂਦੀ ਸੜਕ 'ਤੇ ਜਾਣ ਵਾਲੇ ਵਾਹਣਾਂ ਦੀ ਹਰਕਤ ਵੇਖਣ ਯੋਗ ਹੁੰਦੀ ਏ। ਪਰਚਾ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਤੇ ਖ਼ਤਮ ਹੋਣ ਤੋਂ ਅੱਧਾ ਘੰਟਾ ਬਾਅਦ ਕੇਂਦਰ ਵਲ ਜਾਣ ਵਾਲੀ ਸੜਕ ਦੇ ਨਜ਼ਾਰੇ ਰੰਗੀਨੀਆਂ ਭਰੇ ਹੁੰਦੇ ਹਨ। ਆਸ਼ਕਾਂ ਲਈ ਸ਼ੌਖੀਆਂ ਮਾਰਨ ਦਾ ਇਹ ਸੁਨਹਿਰੀ ਮੌਕਾ ਹੁੰਦਾ ਏ। ਪਰਚਾ ਹੱਲ ਕਰਕੇ ਅੰਦਰ ਕਿਸੇ ਚਹੇਤੀ ਨੂੰ ਪਹੁੰਚਾ ਕੇ ਨਜ਼ਦੀਕੀਆਂ ਵਧਾਉਣ ਲਈ ਇਹ ਬੜਾ ਹੀ ਲਾਭਦਾਇਕ ਮੌਕਾ ਹੁੰਦਾ ਏ। ਕਿਸੇ ਵੀ ਸੰਸਥਾ ਵਿੱਚ ਜਿਹਨਾਂ ਚਪੜਾਸੀਆਂ ਦੀ ਕੇਂਦਰ ਸੁਪਰਡੈਂਟ ਨਾਲ ਡਿਊਟੀ ਲੱਗ ਜਾਂਦੀ ਏ ਉਹ ਚੰਦ ਦਿਨਾਂ ਲਈ ਆਪਣੇ ਆਪ ਨੂੰ ਲਾਟ ਸਾਹਿਬ ਸਮਝਣ ਲੱਗ ਜਾਂਦੇ ਹਨ। ਅੰਦਰ ਪਾਣੀ ਪਿਆਉਣ ਦੀ ਡਿਊਟੀ 'ਤੇ ਲੱਗਣ ਲਈ ਕਈ ਚਪੜਾਸੀ ਪ੍ਰਿੰਸੀਪਲਾਂ ਦੀਆਂ ਕਈ ਦੇਰ ਖ਼ੁਸ਼ਾਮਦਾਂ ਕਰਦੇ ਰਹਿੰਦੇ ਹਨ। ਜਿਹੜਾ ਚਪੜਾਸੀ ਉੱਤਰ ਪੱਤਰੀਆਂ ਦੀ ਗੱਠੜੀ ਲੈ ਕੇ ਰੇਲਵੇ ਸਟੇਸ਼ਨ ਜਮ੍ਹਾ ਕਰਵਾਉਣ ਜਾਇਆ ਕਰਦਾ ਸੀ ਉਹ ਵੀ ਆਪਣੇ ਆਪ ਨੂੰ ਕੁੱਝ ਨਾ ਕੁੱਝ ਸਮਝਿਆ ਕਰਦਾ ਸੀ। ਹੁਣ ਜਦ ਮਾਹੌਲ ਤਣਾਅ ਭਰਪੂਰ ਚੱਲ ਰਿਹਾ ਸੀ ਤਾਂ ਉਹ ਚਪੜਾਸੀ ਦਾ ਕੰਮ ਖ਼ਤਮ ਹੋ ਗਿਆ ਸੀ। ਯੂਨੀਵਰਸਿਟੀ ਦੀ ਗੱਡੀ ਆਪ ਆ ਕੇ ਉੱਤਰ ਪੱਤਰੀਆਂ ਦੀ ਗਠੜੀ ਲਿਜਾਉਣ ਲੱਗ ਪਈ ਸੀ। ਇਸ ਗੱਡੀ ਨਾਲ ਦੋ ਕੁ ਗੰਨਮੈਨ ਵੀ ਹੋਇਆ ਕਰਦੇ ਸਨ। ਪਰਚਾ ਖ਼ਤਮ ਹੋਣ ਦੇ ਨੇੜੇ ਪਹੁੰਚ ਗਿਆ ਸੀ। ਸਿੱਖਿਆਰਥੀਆਂ ਨੂੰ ਕਹਿ ਦਿੱਤਾ ਗਿਆ ਸੀ ਕਿ ਉਹ ਆਪਣੀਆਂ ਉੱਤਰ ਪੱਤਰੀਆਂ ਨੱਥੀ ਕਰ ਲੈਣ ਤੇ ਰਹਿੰਦੇ 10 ਕੁ ਮਿੰਟਾਂ ਵਿੱਚ ਬਾਅਦ ਵਿੱਚ ਲਿਖ ਲੈਣ ਜਾਂ ਆਪਣੀ ਉੱਤਰ ਪੱਤਰੀ ਅੰਦਰੋਂ ਚੰਗੀ ਤਰ੍ਹਾਂ ਦੇਖ ਪਰਖ ਲੈਣ। ਖਾੜਕੂ ਉਮੀਦਵਾਰ ਨੇ ਆਪਣੀ ਉੱਤਰ ਪੱਤਰੀ ਨੱਥੀ ਕਰ ਲਈ। ਹੁਣ ਉਹ ਆਪਣੀ ਉੱਤਰ ਪੱਤਰੀ ਨੂੰ ਫੋਲ ਰਿਹਾ ਸੀ। ਦੇਖਣ ਤੋਂ ਲੱਗਦਾ ਸੀ ਕਿ ਉਸਦਾ ਪਰਚਾ ਬਹੁਤ ਹੀ ਵਧੀਆ ਹੋ ਗਿਆ ਸੀ। ਸਮਾਂ ਅਜੇ ਪੰਜ ਕੁ ਮਿੰਟ ਰਹਿੰਦਾ ਸੀ। ਖਾੜਕੂ ਉੱਠ ਕੇ ਖੜ੍ਹਾ ਹੋ ਗਿਆ ਤੇ ਉਸਨੇ ਆਪਣੀ ਉੱਤਰ ਪੱਤਰੀ ਨਿਗਰਾਨ ਨੂੰ ਸੌਂਪਣੀ ਚਾਹੀ। ਪ੍ਰੋ: ਪ੍ਰਸ਼ੋਤਮ ਅੱਗੇ ਵਧਿਆ ਤੇ ਉਸਨੇ ਉਸਦੀ ਕਾਪੀ ਫੜ ਲਈ। ਕਾਪੀ ਪ੍ਰਸ਼ੋਤਮ ਦੇ ਸਪੁਰਦ ਤੋਂ ਬਾਅਦ ਖਾੜਕੂ ਉਸਨੂੰ ਇਵੇਂ ਮੁਖਾਤਿਬ ਹੋਇਆ: "ਪ੍ਰੋਫ਼ੈਸਰ ਸਾਹਿਬ, ਅੱਜ ਮੈਂ ਆਪਣੀ ਅੱਖੀਂ ਦੇਖ ਲਿਆ ਹੈ ਕਿ

ਖਾੜਕੂਵਾਦ ਦੀ ਆੜ ਵਿੱਚ ਇੱਥੇ ਕੀ ਕੁਝ ਹੋ ਰਿਹਾ ਏ। ਦਰਿਆ ਦੂਰ ਹੁੰਦਾ ਏ ਤੇ ਤੁਸੀਂ ਪਹਿਲਾਂ ਹੀ ਮੌਜੇ ਲਾਹ ਕੇ ਖੜ੍ਹੇ ਹੋ ਜਾਂਦੇ ਹੋ। ਤੁਸੀਂ ਸਮਾਜ ਦਾ ਕੀ ਸੁਧਾਰ ਕਰ ਸਕਦੇ ਹੋ? ਤੁਹਾਡੇ ਜਿਹੇ ਬੰਦਿਆਂ ਨੂੰ ਤਾਂ ਮੈਡੀਕਲ ਛੁੱਟੀ ਲੈ ਕੇ ਘਰ ਬੈਠ ਜਾਣਾ ਚਾਹੀਦਾ ਏ। ਜਦ ਜ਼ਿੰਦਗੀਆਂ ਬਣਾਉਣ ਵਾਲੇ ਹੀ ਜ਼ਿੰਦਗੀਆਂ ਖ਼ਰਾਬ ਕਰਨ ਲੱਗ ਜਾਣ ਤਾਂ ਤੁਸੀਂ ਦੱਸੋ ਕੌਮ ਦਾ ਕੀ ਬਣੇਗਾ ਕੌਮ ਦੇ ਲੀਡਰਾਂ ਦਾ ਪਹਿਲਾਂ ਹੀ ਬੇੜਾ ਗਰਕ ਹੋ ਚੁੱਕਾ ਏ, ਹੁਣ ਅਧਿਆਪਕਾਂ ਦਾ ਵੀ ਹੋ ਗਿਐ। ਰਾਖੀ ਵਾਲੀ ਕੁੱਤੀ ਹੀ ਚੋਰਾਂ ਨਾਲ ਰਲ ਗਈ ਹੈ। ਸਮਾਂ ਮੰਗ ਕਰਦੈ ਕਿ ਸਿਆਸੀ ਲਹਿਰ ਦੇ ਨਾਲ-ਨਾਲ ਸਮਾਜ ਸੁਧਾਰ ਦੀ ਲਹਿਰ ਵੀ ਖੜ੍ਹੀ ਕਰਨੀ ਪਊ। ਸੁਪਰਡੈਂਟ ਕੌਣ ਏ ਇਸ ਕੇਂਦਰ ਦਾ? ਕੋਈ ਵੀ ਹੋਵੇ, ਦੇਖਾਂਗੇ।" ਪ੍ਰਸ਼ੋਤਮ ਨੇ ਖਾੜਕੂ ਤੋਂ ਕਾਪੀ ਤਾਂ ਫੜ ਲਈ ਪਰ ਉਸ ਦਾ ਚਿਹਰਾ ਪੀਲਾ ਫੱਕ ਹੋਇਆ ਪਿਆ ਸੀ।

ਪੁਲਿਸ ਦੇ ਸਿਪਾਹੀ ਖਾੜਕੂ ਦੀ ਵੰਗਾਰ ਵਲ ਦੇਖਦੇ ਹੀ ਰਹਿ ਗਏ। ਉਹ ਉਸਦੇ ਸੰਗ ਤੁਰਦੇ ਤੁਰਦੇ ਜਿਪਸੀ ਵੱਲ ਚਲੇ ਗਏ। ਮਿੰਟ ਵਿੱਚ ਹੀ ਜਿਪਸੀ ਸਟਾਰਟ ਹੋਈ ਤੇ ਆਪਣੇ ਰਾਹ ਤੁਰ ਗਈ। ਖਾੜਕੂ ਦੀ ਵੰਗਾਰ ਦੀ ਖ਼ਬਰ ਸਾਰੇ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ। ਕਮਰੇ ਵਿੱਚ ਬੈਠੇ ਜਿਨ੍ਹਾਂ ਉਮੀਦਵਾਰਾਂ ਨੇ ਇਹ ਨਜ਼ਾਰਾ ਦੇਖਿਆ ਸੀ ਉਹ ਬਾਹਰ ਜਾ ਕੇ ਗੱਲਾਂ ਕਰਦੇ ਨਾ ਥੱਕਣ।

"ਨਿਗਰਾਨਾਂ ਦੀ ਤਾਂ ਅਗਲਾ ਮੰਜੀ ਠੋਕ ਗਿਐ। ਇਹਨੂੰ ਕਹਿੰਦੇ ਆ ਜੁਅੱਰਤ। ਭਰਾਵਾ, ਇਹ ਨ੍ਹੀਂ ਟੁੰਡੀ ਲਾਟ ਤੋਂ ਵੀ ਡਰਦੇ। ਅੱਜ ਕੱਲ ਤਾਂ ਰਾਜ ਹੀ ਇਹਨਾਂ ਦਾ ਏ", ਬਾਹਰ ਇਕ ਬਾਈਸਾਈਕਲ ਤੇ ਲੱਤ ਲਾਈ ਖੜ੍ਹਾ ਕਹਿ ਰਿਹਾ ਸੀ।

"ਭੀਰਿਆ, ਇਹ ਤਾਂ ਅਗਲਾ ਪਰਚਾ ਦੇਣ ਵੀ ਆਊ। ਹੁਣ ਸੈਂਟਰ ਦਾ ਕੀ ਬਣੂ? ਕਿਤੇ ਜ਼ਿਆਦਾ ਸਖ਼ਤੀ ਨਾ ਹੋ ਜਾਵੇ? ਆਪਣੇ ਪਹਿਲੇ ਪਰਚੇ ਤਾਂ ਇਹਨਾਂ ਦੀ ਆੜ ਵਿਚ ਵਧੀਆ ਹੋ ਗਏ। ਲਗਦਾ ਹੁਣ ਨਵਾਂ ਪੁਆੜਾ ਖੜ੍ਹਾ ਹੋ ਗਿਐ। ਮੈਨੂੰ ਤਾਂ ਲੱਗਦਾ ਹੁਣ ਸਭ ਸੈਂਟਰ ਹੀ ਕੱਸੇ ਜਾਣਗੇ। ਅੱਜ ਦੀ ਇਹ ਘਟਨਾ ਅਖ਼ਬਾਰ ਦੀ ਖ਼ਬਰ ਵੀ ਬਣ ਸਕਦੀ ਏ। ਹੁਣ ਕੀ ਬਣੂ?" ਇਕ ਹੋਰ ਕਾਲਜ ਦੇ ਗੇਟ ਤੇ ਖੜ੍ਹਾ ਆਪਣੀ ਜੁੰਡਲੀ ਦੇ ਯਾਰਾਂ ਤੋਂ ਉਹਨਾਂ ਦੀ ਰਾਇ ਪੁੱਛ ਰਿਹਾ ਸੀ। ਜਦ ਨਿਗਰਾਨ ਉੱਤਰ ਪੱਤਰੀਆਂ ਲੈ ਕੇ ਸੁਪਰਡੈਂਟ ਦੇ ਕਮਰੇ 'ਚ ਪਹੁੰਚੇ ਤਾਂ ਸਭ ਦੇ ਚਿਹਰਿਆਂ 'ਤੇ ਪ੍ਰਸ਼ਨ ਚਿੰਨ੍ਹ ਨਜ਼ਰ ਆ ਰਹੇ ਸਨ। ਸੁਪਰਡੈਂਟ ਵੀ ਘਬਰਾਇਆ ਹੋਇਆ ਲੱਗ ਰਿਹਾ ਸੀ। ਉਹ ਪਰਚਿਆਂ ਦੀ ਗਿਣਤੀ ਕਰਦਾ ਹੋਇਆ ਵੀ ਸੋਚਾਂ ਵਿੱਚ ਡੁੱਬਿਆ ਹੋਇਆ ਸੀ : ਏਦਾਂ ਦੇ ਹਾਲਾਤਾਂ ਵਿੱਚ ਸੁਪਰਡੈਂਟੀ ਲੈ ਕੇ ਕੀ ਖੱਟਿਆ?

ਕੋਈ ਕਿਸੀ ਦੇ ਗਲ ਥੋੜ੍ਹਾ ਮੜ੍ਹਦਾ ਏ?....ਆਪਣੇ ਮਨ ਵਿੱਚ ਹੀ ਆ ਜਾਂਦਾ ਏ ਕਿ ਚਾਰ ਪੈਸੇ ਵਾਧੂ ਕਮਾ ਲਈਏ ਕਈ ਵਾਰ ਚੌਧਰ ਕਰਨ ਦਾ ਚਾਅ ਵੀ ਚੜ੍ਹ ਜਾਂਦਾ ਏ



ਜਦ ਸਿਫਾਰਸ਼ਾਂ ਆਉਂਦੀਆਂ ਹਨ ਤਾਂ ਚੌੜੇ ਹੋ ਹੋ ਕੇ ਬੈਠੀਦਾ ਏ ਬੀਬੀ ਬੱਚਿਆਂ ਮੂਹਰੇ ਬੜੀਆਂ ਫੜ੍ਹਾਂ ਮਾਰੀਦੀਆਂ ਹਨ। ਇਲਾਕੇ ਦੇ ਕਹਿੰਦੇ ਕਹਾਉਂਦੇ ਬੰਦਿਆਂ ਨਾਲ ਵਾਕਫੀਅਤਾਂ ਪੈਂਦੀਆਂ ਹਨ...। ਕਿਸੇ ਦਫ਼ਤਰ ਵਿੱਚ ਕੋਈ ਕੰਮ ਪੈ ਜਾਵੇ ਤਾਂ ਇਸ਼ਾਰਾ ਕਰਨ ਨਾਲ ਹੀ ਪੂਰਾ ਹੋ ਜਾਂਦਾ ਏ ਜਦ ਪਿਛਲੇ ਸਾਲ ਜ਼ਮੀਨ ਦੇ ਪਲਾਟ ਦੀ ਰਜਿਸਟਰੀ ਕਰਵਾਈ ਸੀ ਤਾਂ ਤਹਿਸੀਲਦਾਰ ਨੇ ਮਿੰਟ ਵਿੱਚ ਹੀ ਘੁੱਗੀ ਮਾਰ ਦਿੱਤੀ ਸੀ ਕਿਉਂਕਿ ਉਸਦੀ ਲੜਕੀ ਸੈਂਟਰ ਵਿੱਚ ਪਰਚਾ ਦੇ ਰਹੀ ਸੀ। ਬੈਂਕ ਤੋਂ ਘਰ ਬਣਾਉਣ ਲਈ ਕਰਜ਼ਾ ਮੰਗਿਆ ਤਾਂ ਲੋਨ ਅਫ਼ਸਰ ਨੇ ਪਾਸ ਕਰਨ ਨੂੰ ਮਿੰਟ ਵੀ ਨਹੀਂ ਸੀ ਲਾਇਆ ਕਹੀ ਜਾਵੇ, ਪ੍ਰੋਫ਼ੈਸਰ ਸਾਹਿਬ ਮੁੰਡੇ ਦਾ ਜ਼ਰਾ ਖਿਆਲ ਰੱਖਿਓ ਤੁਹਾਡੇ ਕਾਲਜ ਵਿੱਚ ਪੜ੍ਹਦਾ ਏ ਸ਼ਾਇਦ ਕੱਲ੍ਹ ਨੂੰ ਤੁਹਾਡਾ ਹੀ ਕੋਈ ਬੰਦਾ ਸੈਂਟਰ ਸੁਪਰਡੈਂਟ ਬਣ ਕੇ ਆ ਜਾਵੇ ਹਰ ਪ੍ਰਕਾਰ ਦੀ ਸੇਵਾ ਲਈ ਹਾਜ਼ਰ ਹਾਂ...।

# ਕਾਂਡ ਪੰਜ

ਸੈਂਟਰ ਖ਼ਤਮ ਹੋਣ ਤੋਂ ਬਾਅਦ ਸੁਪਰਡੈਂਟ ਤੇ ਪ੍ਰਸ਼ੋਤਮ ਇਕੱਠੇ ਹੋਏ। ਉਹਨਾਂ ਦੋਹਾਂ ਨੇ ਇਕੱਠੇ ਘਰਾਂ ਨੂੰ ਜਾਣਾ ਚਾਹਿਆ। ਪ੍ਰਸ਼ੋਤਮ ਨੇ ਪਹਿਲਾਂ ਸੁਪਰਡੈਂਟ ਨੂੰ ਉਹਦੇ ਘਰ ਛੱਡਣਾ ਠੀਕ ਸਮਝਿਆ ਤੇ ਫਿਰ ਆਪਣੇ ਘਰ ਜਾਣਾ। ਦੋਨੋਂ ਜਣੇ ਪ੍ਰਸ਼ੋਤਮ ਦੇ ਸਕੂਟਰ ਵੱਲ ਜਾ ਰਹੇ ਸਨ। "ਪ੍ਰਸ਼ੋਤਮ ਜੀ, ਤੁਹਾਡੇ ਤਾਂ ਸਾਹਮਣੇ ਸਭ ਕੁੱਝ ਵਾਪਰਿਆ।" ਤੁਹਾਨੂੰ ਕਿਵੇਂ ਲੱਗਿਆ? ਨੌਜਵਾਨ ਕਿੰਨਾ ਕੁ ਔਖਾ ਲੱਗਦਾ ਸੀ?

"ਸਰ, ਅੱਜ ਦੀ ਇਸ ਲਹਿਰ ਵਿੱਚ ਹਿੱਸਾ ਲੈ ਰਹੇ ਨੌਜਵਾਨਾਂ ਦਾ ਕੁੱਝ ਵੀ ਪਤਾ ਨਹੀਂ ਲੱਗਦਾ। ਇਨ੍ਹਾਂ ਦੇ ਕਹੇ ਹੋਏ ਇਕ ਇਕ ਸ਼ਬਦ ਦਾ ਕੋਈ ਡੂੰਘਾ ਅਰਥ ਹੁੰਦਾ ਏ। ਫਿਰ ਉਹ ਤਾਂ ਕਈ ਕੁੱਝ ਬੋਲ ਗਿਆ। ਦੂਜੀ ਗੱਲ ਇਹ ਉਹ ਕੋਈ ਮਾੜਾ ਮੋਟਾ ਬੰਦਾ ਨਹੀਂ ਸੀ। ਚੋਟੀ ਦਿਆਂ ਵਿੱਚੋਂ ਲੱਗਦਾ ਸੀ। ਸੁਣਿਐ ਪੰਜ ਲੱਖ ਦਾ ਇਨਾਮ ਏ ਉਸਦੇ ਸਿਰ ਤੇ। ਕੀ ਤੁਸੀਂ ਕਾਗਜ਼ਾਂ ਵਿੱਚ ਉਸਦੀ ਪਿਛੋਕੜ ਦੇਖੀ ਏ? ਕਿੱਥੋਂ ਦਾ ਰਹਿਣ ਵਾਲਾ ਏ? ਕਿਹੜੀ ਜੇਲ੍ਹ ਵਿੱਚੋਂ ਆਇਆ ਸੀ?"

"ਪ੍ਰਸ਼ੋਤਮ ਜੀ, ਤੁਸੀਂ ਤਾਂ ਭੋਲੀਆਂ ਗੱਲਾਂ ਕਰਦੇ ਹੋ। ਜਿਹੜਾ ਪੰਜ ਲੱਖੀਆ ਏ ਉਹ ਹੋਵੇਗਾ ਤਾਂ ਟੌਪ ਦਾ ਈ। ਬਹੁਤਾ ਜਾਨਣ ਦੀ ਲੋੜ ਹੀ ਨਹੀਂ। ਵੈਸੇ ਆਇਆ ਉਹ ਨਾਭਾ ਜੇਲ੍ਹ 'ਚੋਂ ਸੀ। ਕੋਈ ਜਿਹੜਾ ਮਰਜ਼ੀ ਸੈਂਟਰ ਭਰ ਦੇਵੇ। ਮਨਪਸੰਦ ਦੇ ਤਿੰਨ ਸੈਂਟਰ ਭਰਨੇ ਹੁੰਦੇ ਹਨ। ਅਚਾਨਕ ਉਸਨੂੰ ਸਾਡਾ ਸੈਂਟਰ ਅਲਾਟ ਹੋ ਗਿਆ। ਕੁਦਰਤ ਦੀ ਖੇਡ ਏ। ਪਰ ਸਾਡੇ ਲਈ ਬੜੀ ਵੱਡੀ ਪ੍ਰੇਸ਼ਾਨੀ ਖੜ੍ਹੀ ਕਰ ਗਿਐ। "ਕੀ ਤੁਸੀਂ ਪ੍ਰਿੰਸੀਪਲ ਨਾਲ ਕੋਈ ਸਲਾਹ ਨਹੀਂ ਕੀਤੀ।"

"ਪ੍ਰਿੰਸੀਪਲ ਤਾਂ ਬਾਹਰ ਬੈਠਾ ਏ। ਸੈਂਟਰ ਚਲਾਉਣ ਦੀ ਸਾਰੀ ਜ਼ਿੰਮੇਵਾਰੀ ਸੁਪਰਡੈਂਟ ਦੀ ਏ। ਉਹ ਤਾਂ ਕਹਿ ਦੇਵੇਗਾ, ਜੇ ਫੱਟਾ ਸਾਹ ਦੇ ਰਿਹਾ ਏ ਤਾਂ ਹੀ ਬਾਜ਼ੀਗਰ ਛਾਲ ਮਾਰ ਰਿਹਾ ਏ ਤਾਂ ਹੀ ਬਾਜ਼ੀਗਰ ਛਾਲ ਮਾਰ ਰਿਹਾ ਏ। ਜੇ ਅਸੀਂ ਨਰਮ ਹਾਂ ਤਾਂ ਹੀ ਨਕਲ ਕਰਨ ਵਾਲੇ ਚਾਪਰੇ ਫਿਰਦੇ ਐ। ਸੁਪਰਡੈਂਟ ਜਿਵੇਂ ਚਾਹੇ ਉਵੇਂ ਹੀ ਕਰ ਲਵੇ। ਨਾਲੇ ਉਸਨੂੰ ਕਿਹੜਾ ਕੋਈ ਪੁੱਛਣ ਵਾਲਾ ਏ। ਦੂਜੇ ਪਾਸੇ ਅਗਲੇ ਵੀ ਕਿਸੇ ਨੂੰ ਪੁੱਛਦੇ ਥੋੜ੍ਹਾ ਆ। ਬਸ ਮਿੰਟ ਵਿੱਚ ਹੀ ਤਰੜ ਤਰੜ ਕਰਕੇ ਔਹ ਗਏ ਔਹ ਗਏ। ਉਹਨਾਂ ਨੂੰ ਦੇਖ ਕੇ ਤਾਂ ਪੁਲਿਸ ਵੀ ਰਾਹ ਬਦਲ ਲੈਂਦੀ ਏ। ਆਪਾਂ ਡਿਊਟੀ ਲੁਆ ਕੇ ਗ਼ਲਤੀ ਕੀਤੀ। ਤੁਸੀਂ ਤਾਂ



ਸ਼ੁਰੂ-ਸ਼ੁਰੂ ਵਿੱਚ ਹੋਰ ਵੀ ਘਟੀਆ ਕੰਮ ਕੀਤਾ ਸੀ। ਉਹਨਾਂ ਦੇ ਕੰਡਕਟਰਾਂ ਤੋਂ ਸ਼ਰਾਬ ਦੀਆਂ ਬੋਤਲਾਂ ਵੀ ਫੜ ਲਈਆਂ ਸੀ।"

"ਸਰ, ਇਕ ਹੋਰ ਗੱਲ। ਤੁਹਾਡੀ ਕਾਲਜ ਦੇ ਮੈਨੇਜਰ ਨਾਲ ਵੀ ਚੰਗੀ ਵਾਕਫੀਅਤ ਏ। ਪਹਿਲੀ ਰਾਤ ਤੁਸੀਂ ਉਸਦੇ ਘਰ ਹੀ ਰਹੇ ਸੀ। ਮੈਨੇਜਰ ਸਾਹਿਬ ਵੈਸੇ ਵੀ ਗੁਰਸਿੱਖ ਏ। ਲਿੰਕ ਵੀ ਚੰਗੇ ਰੱਖਦੇ ਹਨ। ਤੁਹਾਨੂੰ ਉਹਨਾਂ ਨਾਲ ਮਸ਼ਵਰਾ ਕਰਨਾ ਚਾਹੀਦਾ ਏ।"

"ਪ੍ਰਸ਼ੋਤਮ ਜੀ, ਤੁਸੀਂ ਭੋਲੇ ਹੋ। ਸਭ ਆਪਣਾ ਕੰਮ ਕੱਢਦੇ ਨੇ। ਸੂਬੇ ਦਾ ਮੁੱਖ ਮੰਤਰੀ ਵੀ ਗੁਰਸਿੱਖ ਹੀ ਏ। ਸਭ ਲੀਡਰਾਂ ਦੀ ਤਾਂ ਭੜੀ ਬੋਲੀ ਪਈ ਏ। ਆਹ ਪਰਸੋਂ ਜਿਹੇ ਖਜ਼ਾਨਾ ਮੰਤਰੀ ਹੀ ਉਡਾ ਦਿੱਤੈ। ਤੁਹਾਡੇ ਸਾਹਮਣੇ ਰਿਬੈਰੋ 'ਤੇ ਹਮਲਾ ਹੋ ਗਿਆ ਸੀ। ਅਚਾਨਕ ਬਚ ਗਿਐ। ਅਲੱਗ ਗੱਲ ਏ। ਅਸੀਂ ਕਿਹੜੇ ਬਾਗ਼ ਦੀ ਮੂਲੀ ਹਾਂ। ਚੱਲਣ ਨੂੰ ਤਾਂ ਸਾਰੇ ਸੈਂਟਰ ਚੱਲੀ ਹੀ ਜਾ ਰਹੇ ਨੇ। ਇਹ ਕੀ ਪਤਾ ਸੀ ਕਿ ਸਾਡੇ ਸੈਂਟਰ ਵਿੱਚ ਕੋਈ ਵੱਡੀ ਤੋਪ ਆ ਢੱਕੂ ਤੇ ਭੇਤ ਖੁੱਲ੍ਹ ਜਾਊ। ਅਗਰ ਸਖ਼ਤੀ ਕਰਦੇ ਹਾਂ ਤਾਂ ਕਈ ਲੋਕਲ ਤੁਰੇ ਫਿਰਦੇ ਉਹਨਾਂ ਦੀ ਆੜ ਵਿੱਚ ਅੱਖਾਂ ਦਿਖਾਉਣ ਲੱਗ ਜਾਂਦੇ ਨੇ। ਜੇ ਨਰਮੀ ਕਰਦੇ ਹਾਂ ਤਾਂ ਅਸਲੀ ਕਹਿੰਦੇ ਨੇ ਕਿ ਵਾੜ ਹੀ ਖੇਤ ਨੂੰ ਖਾਣ ਲੱਗ ਪਈ, ਟੀਚਰ ਖੁਦ ਹੀ ਨਕਲ ਕਰਾਉਣ ਲੱਗ ਪਏ।"

"ਸਰ, ਅਗਰ ਕੋਈ ਕੁੱਝ ਕਰੇਗਾ ਤਾਂ ਪਹਿਲਾਂ ਚੇਤਾਵਨੀ ਤਾਂ ਦੇਵੇਗਾ ਹੀ?"

"ਕੀ ਤੁਸੀਂ ਸੈਂਟਰ ਅੰਦਰ ਉਹਦੇ ਦੁਆਰਾ ਬੋਲੇ ਗਏ ਸ਼ਬਦਾਂ ਨੂੰ ਚੇਤਾਵਨੀ ਨਹੀਂ ਕਹੋਗੇ?"

"ਇਹ ਚੇਤਾਵਨੀ ਤਾਂ ਨਕਲ ਦੇ ਖ਼ਿਲਾਫ਼ ਸੀ, ਕਿਸੇ ਵਾਰਦਾਤ ਦੇ ਬਾਰੇ ਨਹੀਂ ?"

"ਕੀ ਤੁਸੀਂ ਇਹਨਾਂ ਹਲਾਤਾਂ ਵਿੱਚ ਨਕਲ ਨੂੰ ਪੂਰੀ ਤਰ੍ਹਾਂ ਰੋਕ ਸਕਦੇ ਹੋ ?"

"ਅਗਰ ਜੁਰੱਅਤ ਕਰੀਏ ਤਾਂ ਰੋਕੀ ਵੀ ਜਾ ਸਕਦੀ ਏ। ਸੁਣਿਐ, ਕਈ ਕਾਲਜਾਂ ਵਿੱਚ ਬਹੁਤ ਹੀ ਘੱਟ ਨਕਲ ਹੋ ਰਹੀ ਏ।"

"ਪੜ੍ਹਨ ਵਿੱਚ ਤਾਂ ਇਹ ਆਉਂਦਾ ਹੈ ਕਿ ਸਰਹੱਦੀ ਜ਼ਿਲ੍ਹਿਆਂ ਵਿੱਚ ਸਾਡੇ ਨਾਲੋਂ ਵੀ ਜ਼ਿਆਦਾ ਹੋ ਰਹੀ ਏ। ਕਈਆਂ ਦੇ ਤਾਂ ਪਰਚੇ ਹੀ ਬਾਹਰ ਹੱਲ ਹੋ ਰਹੇ ਨੇ।"

"ਬਾਹਰ ਹੱਲ ਹੋਣ ਨਾਲ ਅਜੇ ਫਿਰ ਉਹਲਾ ਰਹਿ ਜਾਂਦਾ ਏ। ਜਦ ਕਮਰਿਆਂ ਵਿੱਚ ਆਮ ਨਕਲ ਚੱਲੇ ਤਾਂ ਕੋਈ ਵੀ ਓਹਲਾ ਨਹੀਂ ਰਹਿੰਦਾ। ਵੱਡੀ ਗੱਲ ਓਹਲੇ ਦੀ ਵੀ ਏ।"

ਭਾਵੇਂ ਪ੍ਰਸ਼ੋਤਮ ਨੇ ਕਈ ਤਰੀਕਿਆਂ ਨਾਲ ਆਪਣੀ ਸਫਾਈ ਦੇਣੀ ਚਾਹੀ ਪ੍ਰੰਤੂ ਸੁਪਰਡੈਂਟ ਉਸਦੀਆਂ ਦਲੀਲਾਂ ਨਾਲ ਸੰਤੁਸ਼ਟ ਨਹੀਂ ਹੋਇਆ। ਉਸਦੇ ਮਨ ਦੀ ਉਲਝਣ ਵਧਦੀ ਹੀ ਗਈ। ਸੋਚਾਂ ਦੀ ਘੋੜ ਦੌੜ ਨੇ ਉਸਨੂੰ ਦਫ਼ਨ ਕਰ ਦਿੱਤਾ। ਇੰਨੇ ਚਿਰ ਵਿਚ ਉਜਾਗਰ ਮੱਲ ਦਾ ਘਰ ਆ ਗਿਆ। ਉਸਨੂੰ ਸਕੂਟਰ ਤੋਂ ਉਤਾਰ ਕੇ ਪ੍ਰੋਸ਼ਤਮ ਸੋਚਾਂ ਵਿਚ ਪਿਆ ਹੋਇਆ ਆਪਣੇ ਘਰ ਚਲਾ ਗਿਆ।

ਜਦ ਦੂਸਰੇ ਦਿਨ ਪਰਚਾ ਸ਼ੁਰੂ ਹੋਇਆ ਤਾਂ ਸਾਰਾ ਦ੍ਰਿਸ਼ ਹੀ ਬਦਲ ਚੁੱਕਾ ਸੀ। ਡਾ. ਪਤਵੰਤ ਸਿੰਘ ਸੁਪਰਡੈਂਟ ਦੀ ਕੁਰਸੀ 'ਤੇ ਬੈਠਾ ਸੀ। ਨਕਲ ਦਾ ਕਿੱਧਰੇ ਨਾਮੋ ਨਿਸ਼ਾਨ ਤੱਕ ਵੀ ਨਹੀਂ ਸੀ। ਸੈਂਟਰ ਮੂਹਰੇ ਪੁਲਿਸ ਦੀ ਗਾਰਦ ਵੀ ਵਧਾ ਦਿੱਤੀ ਗਈ ਸੀ। ਪਤਾ ਲੱਗਾ ਸੀ ਕਿ ਉਜਾਗਰ ਮੱਲ ਨੂੰ ਰਾਤ ਵੇਲੇ ਦਿਲ ਦਾ ਦੌਰਾ ਪੈ ਗਿਆ ਸੀ। ਉਹ ਹਸਪਤਾਲ ਵਿੱਚ ਜ਼ੇਰੇ ਇਲਾਜ ਸੀ। ਦਿਮਾਗ਼ੀ ਉਲਝਣ ਨੇ ਉਸਨੂੰ ਝੰਜੋੜ ਕੇ ਰੱਖ ਦਿੱਤਾ ਸੀ।

ਪਤਵੰਤ ਸਿੰਘ ਨਾਲ ਦੋ ਗੰਨਮੈਨ ਹਰ ਸਮੇਂ ਰਹਿੰਦੇ ਸਨ, ਘਰ ਜਾਣ ਸਮੇਂ ਵੀ ਤੇ ਘਰੋਂ ਆਉਣ ਸਮੇਂ ਵੀ। ਉਸਦੇ ਘਰ ਵੀ ਹਰ ਸਮੇਂ ਦੋ ਬੰਦੂਕਧਾਰੀਆਂ ਦਾ ਪਹਿਰਾ ਲੱਗਾ ਰਹਿੰਦਾ ਸੀ। ਭਾਵੇਂ ਪਤਵੰਤ ਸਿੰਘ ਕੋਈ ਵੀ ਗ਼ਲਤ ਕੰਮ ਨਹੀਂ ਸੀ ਹੋਣ ਦਿੰਦਾ ਫਿਰ ਵੀ ਹਾਲਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਸਦੀ ਸੁਰੱਖਿਆ ਵਧਾ ਦਿੱਤੀ ਗਈ ਸੀ। ਹਾਲਾਤ ਇਸ ਪ੍ਰਕਾਰ ਪੇਚੀਦਾ ਸਨ ਕਿ ਕਈ ਵਾਰ ਅਸਲੀ ਤੇ ਨਕਲੀ ਦਾ ਫ਼ਰਕ ਵੀ ਪਤਾ ਨਹੀਂ ਸੀ ਲੱਗਦਾ। ਜ਼ਰੂਰਤ ਸੀ ਤਾਂ ਸਿਰਫ ਥੋੜ੍ਹੀ ਜਿਹੀ ਵੱਧ ਜੁਰੱਅਤ ਤੇ ਹੌਂਸਲੇ ਦੀ। ਹਰ ਵੇਲੇ ਮਰੂੰ ਮਰੂੰ ਕਰਨ ਵਾਲੇ ਨੂੰ ਕਈ ਜਣਾ ਖਣਾ ਵੀ ਡਰਾ ਦਿੰਦਾ ਸੀ। ਝੂਠੀਆਂ ਧਮਕੀਆਂ ਤੇ ਜਾਅਲੀ ਚਿੱਠੀਆਂ ਦਾ ਦੌਰ ਵੀ ਆਮ ਚੱਲ ਰਿਹਾ ਸੀ। ਕਈਆਂ ਨੂੰ ਸਾਦੇ ਲਿਫ਼ਾਫ਼ੇ ਤੇ ਹੱਥ ਨਾਲ ਕਿਸੇ ਕਮਾਂਡੋ ਫੋਰਸ ਦਾ ਨਾਮ ਲਿਖ ਕੇ ਚਿੱਠੀ ਆ ਜਾਇਆ ਕਰਦੀ ਸੀ। ਕਮਾਂਡੋ ਫ਼ੋਰਸਾਂ ਦੀਆਂ ਅਸਲੀ ਲੈਟਰ ਪੈਡਾਂ ਛਪੀਆਂ ਹੋਈਆਂ ਹੁੰਦੀਆਂ ਸਨ। ਇਸੇ ਕਾਲਜ ਦੇ ਐਨ. ਸੀ. ਸੀ. ਅਫ਼ਸਰ ਨੂੰ ਕਿਸੇ ਸਾਥੀ ਪ੍ਰੋਫ਼ੈਸਰ ਨੇ ਹੀ ਇਕ ਆਮ ਲਿਫ਼ਾਫ਼ੇ ਤੇ ਕਿਸੇ ਪਾਸੋਂ ਲਿਖਾ ਕੇ ਚਿੱਠੀ ਪਾ ਦਿੱਤੀ ਸੀ। ਚਿੱਠੀ ਵਿਚ ਕਿਹਾ ਗਿਆ ਸੀ, "ਗਣਤੰਤਰ ਦਿਵਸ ਦੀ ਪੈਰੇਡ ਦਾ ਬਾਈਕਾਟ ਕਰੋ। ਬੱਚਿਆਂ ਨੂੰ ਐਨ. ਸੀ. ਸੀ. ਦੀ ਸਿਖਲਾਈ ਦੇਣੀ ਬੰਦ ਕਰੋ। ਜਦ ਫ਼ੌਜ ਅਤੇ ਪੁਲਿਸ ਸਾਡੇ ਖ਼ਿਲਾਫ਼ ਵਰਤੀ ਜਾ ਰਹੀ ਹੈ ਤਾਂ ਅਫ਼ਸਰੀ ਛੱਡ ਦਿਉ। ਅਗਰ ਫਲਾਂ ਫਲਾਂ ਤਾਰੀਖ ਤੱਕ ਅਫ਼ਸਰੀ ਤੋਂ ਅਸਤੀਫ਼ਾ ਨਾ ਦਿੱਤਾ ਤਾਂ ਪਰਿਵਾਰ ਸਮੇਤ ਗੋਲੀਆਂ ਨਾਲ ਉਡਾ ਦਿੱਤੇ ਜਾਵੋਗੇ।"

ਇਸ ਪ੍ਰਕਾਰ ਦੀਆਂ ਚਿੱਠੀਆਂ ਲਿਖਣ ਦੇ ਦੋ ਕਾਰਣ ਸਨ :-

1. ਲੋਕਾਂ ਵਿਚ ਸਹਿਮ ਪੈਦਾ ਕਰਨਾ ਤੇ ਕਿਸੇ ਪੁਰਾਣੀ ਰੰਜ਼ਸ ਦਾ ਬਦਲਾ ਲੈਣਾ।
2. ਕਿਸੇ ਅਹੁਦੇਦਾਰ ਦਾ ਮਜ਼ਾਕ ਉਡਾ ਕੇ ਆਪ ਇਹ ਅਹੁਦਾ ਪ੍ਰਾਪਤ ਕਰਨ ਦੀ ਇੱਛਾ ਰੱਖਣੀ।

ਲੋਕ ਇੱਥੋਂ ਤੱਕ ਵੀ ਸੋਚਣ ਲੱਗ ਪਏ ਸਨ ਕਿ ਅਗਰ ਗੁਆਂਢੀ ਆਪਣਾ ਘਰ ਛੱਡ ਕੇ ਕਿਧਰੇ ਦਿੱਲੀ ਹਰਿਆਣੇ ਵੱਲ ਚਲਾ ਜਾਵੇ ਤਾਂ ਉਹ ਉਸ ਘਰ ਤੇ ਕਬਜ਼ਾ ਕਰ ਲੈਣ। ਦੂਜੇ ਫਿਰਕੇ ਦੇ ਕਈ ਲੋਕਾਂ ਨੇ ਹਰਿਆਣਾ ਅਤੇ ਯੂ. ਪੀ. ਵਿੱਚ ਜ਼ਾਇਦਾਦਾਂ ਵੀ ਖ਼ਰੀਦ ਲਈਆਂ ਸਨ। ਉਹਨਾਂ ਨੂੰ ਲੱਗਦਾ ਸੀ ਕਿ ਸ਼ਾਇਦ ਕਿਸੇ ਵੀ ਸਮੇਂ ਪੰਜਾਬ ਛੱਡ ਕੇ ਦੌੜਨਾ ਪੈ ਜਾਵੇ। ਦੁਕਾਨਾਂ 'ਤੇ ਬੈਠੇ ਕਈ ਲੋਕ ਸੰਨ 47 ਦੇ ਹੱਲਿਆਂ ਅਤੇ ਹਿਜ਼ਰਤ



ਦੀਆਂ ਗੱਲਾਂ ਕਰਿਆ ਕਰਦੇ ਸਨ। ਕਈ ਹਿੰਦੂ ਮਰਦਮਸ਼ੁਮਾਰੀ ਵਿਚ ਆਪਣੀ ਮਾਂ ਬੋਲੀ ਹਿੰਦੀ ਲਿਖਵਾਉਣ ਤੇ ਪਛਤਾਵਾ ਕਰਦੇ ਵੀ ਨਜ਼ਰ ਆਉਂਦੇ ਸਨ। ਜਦੋਂ ਉਹਨਾਂ ਨੇ ਪੰਜਾਬੀ ਮਾਂ ਬੋਲੀ ਮੰਨਣ ਤੋਂ ਇਨਕਾਰ ਕੀਤਾ ਸੀ ਉਦੋਂ ਉਨ੍ਹਾਂ ਨੂੰ ਇਹ ਬਿਲਕੁਲ ਵੀ ਪਤਾ ਨਹੀਂ ਸੀ ਕਿ ਹਾਲਾਤ ਇੱਥੋਂ ਤੱਕ ਖ਼ਰਾਬ ਹੋ ਜਾਣਗੇ।

ਜਦ ਕਿਸੇ ਪ੍ਰੀਖਿਆ ਕੇਂਦਰ ਵਿੱਚ ਕੋਈ ਅਚਾਨਕ ਤਬਦੀਲੀ ਕੀਤੀ ਜਾਂਦੀ ਏ ਤਾਂ ਉਸ ਪਾਸੇ ਵੱਲ ਯੂਨੀਵਰਸਿਟੀ ਦਾ ਧਿਆਨ ਜਾਂਦਾ ਹੀ ਏ। ਜਿੱਥੇ ਜਾ ਕੇ ਯੂਨੀਵਰਸਿਟੀ ਵਾਲਿਆਂ ਨੂੰ ਕਿਸੇ ਕੋਝੀ ਪ੍ਰਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ ਉੱਥੇ ਜਾ ਕੇ ਉਹ ਕਾਰਵਾਈ ਪਾ ਹੀ ਆਉਂਦੇ ਹਨ। ਇੰਝ ਕਰਨ ਨਾਲ ਉਹਨਾਂ ਦਾ ਚੱਕਰ ਮਾਰਨ ਦਾ ਮਕਸਦ ਵੀ ਪੂਰਾ ਹੋ ਜਾਂਦਾ ਏ ਤੇ ਕਿਸੇ ਕੋਝੀ ਸਥਿਤੀ ਦਾ ਸਾਮਹਣਾ ਵੀ ਕਰਨਾ ਪੈਂਦਾ। ਡਰ ਅਤੇ ਸਹਿਮ ਦੇ ਮਾਹੌਲ ਵਿੱਚ ਅਗਰ ਉਹ ਕੋਈ ਪਰਚਾ ਰੱਦ ਕਰਦੇ ਸਨ ਤਾਂ ਆਪ ਸੁਰਖੀਆਂ ਵਿੱਚ ਆ ਜਾਂਦੇ ਸਨ।

ਜਦੋਂ ਉਜਾਗਰ ਮੱਲ ਦੀ ਥਾਂ ਤੇ ਪਤਵੰਤ ਸਿੰਘ ਸੁਪਰਡੈਂਟ ਲਗਾਇਆ ਗਿਆ ਤੇ ਨਾਲ ਸਖ਼ਤੀ ਵੀ ਹੋ ਗਈ ਤਾਂ ਯੂਨੀਵਰਸਿਟੀ ਦੇ ਅਸਿਸਟੈਂਟ ਰਜਿਸਟਰਾਰ ਵਰਮਾ ਸਾਹਿਬ ਨੇ ਇਸ ਸੈਂਟਰ ਦਾ ਗੇੜਾ ਮਾਰ ਕੇ ਹਾਲਾਤ ਦਾ ਜਾਇਜ਼ਾ ਲੈਣਾ ਠੀਕ ਸਮਝਿਆ। ਇਸ ਪ੍ਰਕਾਰ ਦੇ ਮੌਕੇ ਤੇ ਜੇ ਯੂਨੀਵਰਸਿਟੀ ਦਾ ਕੋਈ ਵੱਡਾ ਅਧਿਕਾਰੀ ਸੈਂਟਰ ਵਿੱਚ ਨਾ ਢੁੱਕੇ ਤਾਂ ਯੂਨੀਵਰਸਿਟੀ ਨੁਕਤਾਹੀਨੀ ਦਾ ਵਿਸ਼ਾ ਵੀ ਬਣ ਸਕਦੀ ਹੁੰਦੀ ਏ। ਇਹ ਇੰਝ ਹੀ ਹੁੰਦਾ ਏ ਜਿਵੇਂ ਕਿਸੇ ਥਾਂ 'ਤੇ ਕੋਈ ਵੱਡੀ ਵਾਰਦਾਤ ਹੋ ਜਾਵੇ ਜਾਂ ਮਹਾਂਮਾਰੀ ਫੈਲ ਜਾਵੇ ਤੇ ਉੱਥੇ ਚੱਕਰ ਮਾਰਨ ਲਈ ਕੋਈ ਮੰਤਰੀ ਚੰਦ ਮਿੰਟਾਂ ਲਈ ਜ਼ਰੂਰ ਪਹੁੰਚੇ। ਇਹਨਾਂ ਲੀਡਰਾਂ ਜਾਂ ਵੱਡਿਆਂ ਬੰਦਿਆਂ ਨੇ ਉੱਥੇ ਕਰਨਾ ਕਰਾਉਣਾ ਕੁੱਝ ਵੀ ਨਹੀਂ ਹੁੰਦਾ ਬਸ ਲੋਕਾਂ ਦਾ ਮੂੰਹ ਚੋਪੜਨਾ ਹੁੰਦਾ ਏ ਕਿ ਉਹਨਾਂ ਦੀ ਪੂਰੀ-ਪੂਰੀ ਸਾਰ ਲਈ ਜਾ ਰਹੀ ਏ। ਕੋਈ ਵੱਡਾ ਨੇਤਾ ਹੜ੍ਹ ਪੀੜਤ ਇਲਾਕੇ ਉਪਰੋਂ ਹੈਲੀਕਪਟਰ ਵਿੱਚ ਝੂਟੇ ਲੈਂਦਾ ਲੰਘ ਜਾਊ, ਕੋਈ ਗ੍ਰਹਿ ਮੰਤਰੀ ਬੰਬ ਧਮਾਕੇ ਵਾਲੀ ਥਾਂ ਤੇ ਚਲਾ ਜਾਊ ਤੇ ਲੋਕਾਂ ਨਾਲ ਝੂਠੀ ਸੱਚੀ ਹਮਦਰਦੀ ਜਿਤਾਉਂਦਾ ਫਿਰੂ ਤੇ ਕਦੀ ਕੋਈ ਹੋਰ ਸੱਚਾ ਝੂਠਾ ਸਿਆਸਤਦਾਨ ਗਾਂਧੀ ਖੱਦਰ ਪਹਿਨ ਕੇ ਕਿਸੇ ਹਜ਼ੂਮ ਵਿੱਚ ਖੜ੍ਹਾ ਹੋ ਕੇ ਚੰਦ ਝੂਠੇ ਸੱਚੇ ਢਾਰਸ ਦੇ ਸ਼ਬਦ ਬੋਲ ਦੇਊ। ਦਿਖਾਵਾ ਆਮ ਚਲਦਾ ਹੀ ਰਹਿੰਦਾ ਏ। ਅਸਲੀ ਕੰਮ ਉਹ ਹੁੰਦਾ ਏ ਜਿਹੜਾ ਠੋਸ ਹੋਵੇ। ਇੱਕ ਵਾਰ ਦੀ ਗੱਲ ਏ ਕਿ ਮੇਰੇ ਇੱਕ ਦੋਸਤ ਪ੍ਰੋਫ਼ੈਸਰ ਦੀ ਘਰਵਾਲੀ ਨੂੰ ਕਿਸੇ ਕਾਲਜ ਨੇ ਨੌਕਰੀ ਤੋਂ ਜਵਾਬ ਦੇ ਦਿੱਤਾ ਕਿਉਂਕਿ ਉਹ ਉੱਥੇ ਆਰਜੀ ਤੌਰ 'ਤੇ ਕੰਮ ਕਰਦੀ ਸੀ। ਵਿਚਾਰੀ ਦਾ ਪੜ੍ਹਾਉਣ ਦਾ ਵਿਸ਼ਾ ਵੀ ਪੰਜਾਬੀ ਸੀ। ਇਸ ਵਿਸ਼ੇ ਵਿਚ ਆਮ ਹੀ ਯੋਗਤਾ ਪ੍ਰਾਪਤ ਉਮੀਦਵਾਰ ਮਿਲ ਜਾਂਦੇ ਹਨ। ਉਸ ਦੋਸਤ ਨੇ ਮੇਰੇ ਨਾਲ ਆਪਣਾ ਦੁੱਖ ਸਾਂਝਾ ਕੀਤਾ। ਮੇਰੇ ਇੱਕ ਵੱਡੇ ਕਾਲਜ ਦੇ ਪ੍ਰਿੰਸੀਪਲ ਨਾਲ ਬੜੇ ਚੰਗੇ ਸੰਬੰਧ ਸਨ।

ਉਹ ਪ੍ਰਿੰਸੀਪਲ ਬੜਾ ਹੀ ਈਮਾਨਦਾਰ ਤੇ ਸਪੱਸ਼ਟਵਾਦੀ ਸੀ। ਅਗਰ ਕਿਸੇ ਕੰਮ ਕਰਨ ਦੀ ਹਾਮੀ ਭਰ ਦਿੱਤੀ ਤਾਂ ਸਮਝੋ ਹੋ ਗਿਐ। ਮੈਂ ਇਸ ਪ੍ਰਿੰਸੀਪਲ ਨੂੰ ਫ਼ੋਨ ਮਾਰਿਆ।

"ਵੀਰ ਜੀ, ਇੱਕ ਜ਼ਰੂਰੀ ਕੰਮ ਏ?"

"ਭੂਮਿਕਾ ਨ ਬੰਨ੍ਹੋ! ਬਸ ਦਸ ਦਿਓ! ਅਗਰ ਹੋਣ ਵਾਲਾ ਹੋਇਆ ਤਾਂ ਇੱਕ ਦਮ ਹੋ ਜਾਊ। ਜੇਕਰ ਮੇਰੀ ਵਿੱਤੋਂ ਬਾਹਰ ਹੋਇਆ ਤਾਂ ਵੀ ਇੱਕ ਦਮ ਦੱਸ ਦਿਆਂਗਾ।"

"ਮੇਰੇ ਇੱਕ ਦੋਸਤ ਦੀ ਘਰਵਾਲੀ ਨੂੰ ਕਿਸੇ ਕਾਲਜ ਵਿੱਚ ਨੌਕਰੀ ਤੋਂ ਜਵਾਬ ਮਿਲ ਗਿਆ ਏ। ਕੀ ਤੁਸੀਂ ਮਦਦ ਕਰ ਸਕਦੇ ਹੋ?"

"ਕੀ ਪੜਾਉਂਦੀ ਸੀ?"

"ਪੰਜਾਬੀ।"

"ਮੇਰੇ ਪਾਸ ਇੱਕ ਅਸਾਮੀ ਖਾਲੀ ਪਈ ਏ। ਕੱਲ੍ਹ ਹੀ ਭੇਜ ਦਿਓ। ਪਹਿਲਾਂ ਆਰਜ਼ੀ ਤੌਰ ਤੇ ਰੱਖ ਲਵਾਂਗਾ। ਅਗਲੇ ਸਾਲ ਸਾਰੀਆਂ ਸ਼ਰਤਾਂ ਪੂਰੀਆਂ ਕਰਵਾ ਕੇ ਪੱਕੀ ਕਰਵਾ ਦਿਆਂਗਾ। ਕੋਈ ਹੋਰ ਸੇਵਾ?" ਮੇਰੇ ਇਸ ਦੋਸਤ ਦੀ ਪਤਨੀ ਦੂਜੇ ਦਿਨ ਇਸ ਕਾਲਜ ਵਿੱਚ ਚਲੀ ਗਈ। ਹੁਣ ਪੰਦਰਾਂ ਸਾਲ ਹੋਣ ਵਾਲੇ ਹਨ। ਆਪਣਾ ਸਾਰਾ ਕੈਰੀਅਰ ਪੂਰਾ ਕਰਕੇ ਇਸੇ ਕਾਲਜ ਵਿੱਚੋਂ ਸੇਵਾ ਮੁਕਤ ਹੋਵੇਗੀ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਕੰਮ ਕਰਵਾਉਣ ਲਈ ਨੀਯਤ ਸਾਫ ਹੋਣੀ ਚਾਹੀਦੀ ਏ। ਇਸ ਪ੍ਰਕਾਰ ਦੀ ਸਾਫ ਨੀਯਤ ਭਾਰਤੀ ਲੋਕਤੰਤਰੀ ਢਾਚੇ ਵਿੱਚ ਬਹੁਤ ਹੀ ਘੱਟ ਨਜ਼ਰ ਆਉਂਦੀ ਏ। ਅਗਰ ਭਾਰਤੀ ਢਾਂਚੇ ਵਿੱਚ ਇਹ ਨਜ਼ਰ ਆਉਂਦੀ ਏ ਤਾਂ ਸਿਰਫ ਸਿਆਸਤਦਾਨਾਂ ਦੇ ਰਿਸ਼ਤੇਦਾਰਾਂ ਨੂੰ ਪਤਾ ਹੀ ਹੁੰਦਾ ਏ ਕਿ ਉਹਨਾਂ ਨੂੰ ਕਿਹੜਾ ਅਹੁਦਾ ਮਿਲਣ ਵਾਲਾ ਏ। ਕਿਸੇ ਵੀ ਮੁੱਖ ਮੰਤਰੀ ਦੇ ਧੀਆਂ, ਪੁੱਤਰਾਂ, ਜਵਾਈਆਂ ਅਤੇ ਸਾਲਿਆਂ ਆਦਿ ਨੇ ਉੱਚੇ ਅਹੁਦੇ ਪ੍ਰਾਪਤ ਕਰਨੇ ਹੀ ਹੁੰਦੇ ਹਨ। ਹਾਂ, ਰਾਖਵੇਂਕਰਨ ਨੇ ਗ਼ਰੀਬ ਗੁਰਬੇ ਦੀ ਜ਼ਰੂਰ ਕੁੱਝ ਮਦਦ ਕੀਤੀ ਏ। ਹੁਣ ਇਸ ਤਬਕੇ ਵਿੱਚ ਵੀ ਕਾਫ਼ੀ ਸਖ਼ਤ ਮੁਕਾਬਲਾ ਸ਼ੁਰੂ ਹੋ ਗਿਆ ਏ ਕਿਉਂਕਿ ਇਸ ਤਬਕੇ ਦੀ ਦੂਜੀ ਪੁਸ਼ਤ ਕਾਫੀ ਪੜ੍ਹ ਲਿਖ ਗਈ ਏ।

ਸੋ ਵਰਮਾ ਸਾਹਿਬ ਪ੍ਰੀਖਿਆ ਕੇਂਦਰ ਤੇ ਆ ਢੁੱਕੇ। ਕੰਮ ਤਾਂ ਵੈਸੇ ਵੀ ਹੁਣ ਠੀਕ ਹੀ ਚੱਲ ਰਿਹਾ ਸੀ। ਕੇਂਦਰ ਵਿੱਚ ਪੂਰੀ ਸਖ਼ਤੀ ਸੀ। ਵਰਮਾ ਸਾਹਿਬ ਤਾਂ ਸਿਰਫ ਆਪਣੇ ਨੰਬਰ ਬਣਾਉਣ ਆਏ ਸਨ। ਉਨ੍ਹਾਂ ਦੇ ਨਾਲ ਦੋ ਕੁ ਹੋਰ ਝੋਲੀ ਚੁੱਕ ਵੀ ਸਨ। ਨਾਲ ਦੋ ਗੰਨਮੈਨ ਵੀ ਸਨ।

"ਆਓ ਜੀ, ਵਰਮਾ ਸਾਹਿਬ, ਜੀ ਆਇਆਂ ਨੂੰ", ਪ੍ਰਿੰਸੀਪਲ ਕੁਰਸੀ ਤੋਂ ਉੱਠ ਕੇ ਉਡ ਕੇ ਮਿਲਿਆ।

"ਥੈਂਕ ਯੂ ਵੈਰੀ ਮੱਚ। ਯੂ ਹੈਵ ਡੰਨ ਵੈੱਲ ਬਾਈ ਹੈਵਿੰਗ ਆਪੁਆਇੰਟਡ ਨਿਊ ਸੈਂਟਰ ਸੁਪਰਿਨਟੈਂਡੈਂਟ।"

"ਬਹੁਤ ਮਿਹਰਬਾਨੀ, ਵਰਮਾ ਸਾਹਿਬ ਪਹਿਲਾਂ ਅੰਦਰ ਚੱਕਰ ਮਾਰਨਾ ਚਾਹੁੰਦੇ ਹੋ ਜਾਂ ਚਾਹ ਦਾ ਕੱਪ ਹੋ ਜਾਏ?"

"ਚੱਕਰ ਮਾਰਨ ਦੀ ਤਾਂ ਹੁਣ ਜ਼ਰੂਰਤ ਹੀ ਨਹੀਂ ਰਹੀ। ਤੁਹਾਡੇ ਨਵੇਂ ਸੁਪਰਡੈਂਟ ਨੇ ਤਾਂ ਕੰਮ ਪੂਰਾ ਖਿੱਚਿਆ ਹੋਇਆ ਏ। ਪੁਰਾਣਾ ਸੁਪਰਡੈਂਟ ਤਾਂ ਬੜੀ ਜਲਦੀ ਘਬਰਾ ਗਿਆ ਸੀ। ਕੀ ਗੱਲ ਹੋ ਗਈ ਸੀ?"

"ਵਰਮਾ ਸਾਹਿਬ, ਉਹ ਅਸਲ ਵਿੱਚ ਜ਼ਿਆਦਾ ਹੀ ਘਬਰਾ ਗਿਐ। ਇੱਕ ਸਿੱਖ ਨੌਜਵਾਨ ਜੇਲ੍ਹ 'ਚੋਂ ਇਮਤਿਹਾਨ ਦੇਣ ਆ ਗਿਐ। ਜਾਂਦਾ ਹੋਇਆ ਸੈਂਟਰ ਦੇ ਖ਼ਿਲਾਫ਼ ਕੁੱਝ ਬੋਲ ਗਿਐ। ਉਜਾਗਰ ਮੱਲ ਬਸ ਸੋਚਾਂ 'ਚ ਹੀ ਪੈ ਗਿਐ। ਵਿਚਾਰੇ ਨੂੰ ਦਿਲ ਦਾ ਦੌਰਾ ਪੈ ਗਿਐ।"

"ਵੈਰੀ ਬੈਡ ਐਂਡ ਸੈਡ। ਪਲੀਜ਼ ਕਨਵੇਅ ਮਾਈ ਸਿੰਪਥੀ ਟੂ ਹਿਮ। ਆਈ ਹੋਪ ਹੀ ਵਿਲ ਬੀ ਆਲ ਰਾਈਟ ਇਨ ਏ ਫਿਊ ਡੇਜ਼। ਕੀ ਤੁਸੀਂ ਉਸਨੂੰ ਹਸਪਤਾਲ ਦੇਖਣ ਗਏ ਸੀ?"

"ਕੱਲ੍ਹ ਗਿਆ ਸਾਂ।"

"ਕੈਸੀ ਹਾਲਤ ਹੈ ਉਸਕੀ?"

"ਈ. ਸੀ. ਜੀ. ਹੋ ਗਈ ਸੀ। ਡਾਕਟਰ ਕਹਿੰਦੇ ਸਨ ਹੁਣ ਠੀਕ ਏ। ਫਿਰ ਵੀ ਪੂਰੀ ਤਰ੍ਹਾਂ ਠੀਕ ਹੋਣ ਨੂੰ 15-20 ਦਿਨ ਤਾਂ ਲੱਗਣਗੇ ਹੀ। ਵਿਚਾਰਾ ਦਿਲ ਦਾ ਕੁੱਝ ਕਮਜ਼ੋਰ ਏ।"

"ਉਸਦਾ ਪਰੀਵਾਰ ਕਿਵੇਂ ਏ? ਕੀ ਵਾਈਫ ਨੌਕਰੀ ਕਰਦੀ ਏ? ਬੱਚੇ ਕੀ ਕਰਦੇ ਹਨ?"

"ਉਸਦੀ ਵਾਈਫ ਸਕੂਲ ਅਧਿਆਪਕਾ ਏ। ਦੋ ਲੜਕੀਆਂ ਇਕ ਲੜਕਾ ਏ। ਲੜਕੀਆਂ ਬੀ. ਏ. ਅਤੇ ਐਮ. ਏ. ਵਿੱਚ ਹਨ। ਲੜਕਾ ਸਕੂਲ ਵਿੱਚ ਹੀ ਏ।"

"ਪੈਸੇ ਧੇਲੇ ਵਲੋਂ ਕੈਸਾ ਏ? ਕੋਈ ਜ਼ਮੀਨ ਜਾਇਦਾਦ?"

"ਜ਼ਮੀਨ ਜਾਇਦਾਦ ਤਾਂ ਕੋਈ ਖ਼ਾਸ ਨਹੀਂ ਏ। ਦੋਹਾਂ ਮੀਆਂ ਬੀਵੀ ਦੀ ਤਨਖ਼ਾਹ ਹੀ ਆਮਦਨ ਦਾ ਮੁੱਖ ਸਾਧਨ ਏ।"

"ਸ਼ਾਇਦ ਉਸਦੇ ਕਾਲਜ ਵਾਲੇ ਉਸਦੀ ਕੁੱਝ ਮਦਦ ਕਰ ਦੇਣ। ਸੁਣਿਐ ਉਹ ਕਿਸੇ ਪ੍ਰਾਈਵੇਟ ਕਾਲਜ ਵਿੱਚ ਪੜ੍ਹਾਉਂਦਾ ਏ।"

"ਹਾਂ, ਆਪਣੇ ਐਸ ਕਾਲਜ ਵਾਂਗ ਹੀ ਪ੍ਰਾਈਵੇਟ ਕਾਲਜ ਏ। ਵੈਸੇ ਕਾਲਜ ਦੀ ਮਾਲੀ ਹਾਲਤ ਕਾਫੀ ਚੰਗੀ ਏ। ਪ੍ਰਬੰਧਕ ਕਮੇਟੀ ਨਾਲ ਵੀ ਉਜਾਗਰ ਮੱਲ ਦੀ ਚੰਗੀ ਬਣੀ ਹੋਈ ਏ। ਉਹ ਆਪਣੇ ਕਾਲਜ ਦੇ ਪ੍ਰਿੰਸੀਪਲ ਦਾ ਵੀ ਕਾਫੀ ਕਹਿਣੇਕਾਰ ਏ। ਅੱਜ ਦੇ ਹਾਲਾਤ ਵਿੱਚ ਕੋਈ ਘੱਟ ਹੀ ਸੁਪਰਡੈਂਟ ਬਣਨਾ ਚਾਹੁੰਦਾ ਏ। ਤੁਹਾਡੀ ਯੂਨੀਵਰਸਿਟੀ ਨੇ ਹੀ ਕਾਲਜਾਂ ਨੂੰ ਆਦੇਸ਼ ਦਿੱਤੇ ਸਨ ਕਿ ਕੁੱਝ ਟੀਚਰ ਸੁਪਰਡੈਂਟ ਦੀ ਡਿਊਟੀ ਜ਼ਰੂਰੀ ਕਰਨ।

ਤੁਸੀਂ ਜਾਣਦੇ ਹੀ ਹੋ ਕਿ ਤੁਸੀਂ ਪਾਲਿਸੀ ਮੁਤਾਬਕ ਲੋਕਲ ਬੰਦਾ ਤਾਂ ਸੁਪਰਡੈਂਟ ਲਗਾਉਂਦੇ ਹੀ ਨਹੀਂ। ਸੁਪਰਡੈਂਟ ਤਾਂ ਬਾਹਰਲੇ ਕਾਲਜ ਤੋਂ ਹੀ ਆਉਣਾ ਹੁੰਦਾ ਏ। ਪ੍ਰਿੰਸੀਪਲ ਨੇ ਉਸਨੂੰ ਕਿਹਾ ਹੋਵੇਗਾ ਤੇ ਉਸਨੇ ਪ੍ਰਿੰਸੀਪਲ ਦਾ ਕਹਿਣਾ ਨਹੀਂ ਮੋੜਿਆ ਹੋਵੇਗਾ।"

"ਅਗਰ ਅਸੀਂ ਯੂਨੀਵਰਸਿਟੀ ਵਾਲੇ ਵੀ ਉੱਥੋਂ ਦੇ ਪ੍ਰਿੰਸੀਪਲ ਨੂੰ ਉਸਦੀ ਮਦਦ ਕਰਨ ਦੀ ਸਿਫਾਰਿਸ਼ ਕਰੀਏ ਫਿਰ ਕਿਵੇਂ ਰਹੇਗਾ ?"

"ਚੰਗਾ ਵੀ ਰਹਿ ਸਕਦਾ ਏ। ਅਗਰ ਕਿਸੇ ਕਰਮਚਾਰੀ ਨੂੰ ਡਿਊਟੀ ਦੌਰਾਨ ਕੁੱਝ ਹੋ ਜਾਵੇ ਤਾਂ ਕੀ ਯੂਨੀਵਰਸਿਟੀ ਉਸ ਲਈ ਕੁੱਝ ਨਹੀਂ ਕਰਦੀ ? ਕੀ ਤੁਸੀਂ ਡਿਊਟੀ ਦੇ ਰਹੇ ਕਰਮਾਚਾਰੀਆਂ ਦਾ ਬੀਮਾ ਨਹੀਂ ਕਰਵਾਉਂਦੇ? ਸੁਣਿਐ, ਕਈ ਬਾਹਰਲੇ ਦੇਸ਼ਾਂ ਵਿੱਚ ਤਾਂ ਇੰਝ ਕੀਤਾ ਹੀ ਜਾਂਦਾ ਏ।"

"ਸ਼ਾਇਦ ! ਫਿਰ ਵੀ ਮੈਂ ਨਿਯਮਾਂ ਨੂੰ ਪੜ੍ਹ ਕੇ ਦੇਖਾਂਗਾ। ਇਸ ਸਬੰਧੀ ਮੈਂ ਰਜਿਸਟਰਾਰ ਤੇ ਵਾਇਸ ਚਾਂਸਲਰ ਨਾਲ ਵੀ ਗੱਲ ਕਰ ਕੇ ਦੇਖਾਂਗਾ।"

ਚਲੋ, ਇਹ ਮਸਲਾ ਤੁਹਾਡੇ ਧਿਆਨ ਵਿੱਚ ਤਾਂ ਰਹੂ। ਬਾਕੀ ਸੈਂਟਰਾਂ ਦਾ ਕੀ ਹਾਲ ਏ? ਕੀ ਤੁਸੀਂ ਹੋਰ ਵੀ ਕਿਧਰੇ ਹੋ ਕੇ ਆਏ ਹੋ।

"ਨਹੀਂ, ਅੱਜ ਤਾਂ ਅਸੀਂ ਸਿੱਧੇ ਤੁਹਾਡੇ ਪਾਸ ਹੀ ਆ ਰਹੇ ਹਾਂ। ਤੁਹਾਡੇ ਪਾਸ ਆਉਣ ਲਈ ਅੱਜ ਸਾਡੀ ਸਪੈਸ਼ਲ ਡਿਊਟੀ ਲੱਗੀ ਹੋਈ ਏ। ਜਦ ਕਿਧਰੇ ਕਿਸੇ ਸੁਪਰਡੈਂਟ ਦੀ ਬਦਲੀ ਹੁੰਦੀ ਏ ਤਾਂ ਅਸੀਂ ਆ ਕੇ ਜਾਇਜ਼ਾ ਲੈਣਾ ਹੀ ਹੁੰਦਾ ਏ।"

"ਵਰਮਾ ਜੀ, ਆਓ ਸੈਂਟਰ ਵਿੱਚ ਚੱਕਰ ਮਾਰ ਆਈਏ?"

"ਚਲੋ ਪ੍ਰਿੰਸੀਪਲ ਸਾਹਿਬ, ਇਹ ਕੰਮ ਤਾਂ ਕਰਨਾ ਹੀ ਏ।"

ਪ੍ਰਿੰਸੀਪਲ ਵਰਮਾ ਸਾਹਿਬ ਨੂੰ ਆਪਣੇ ਨਾਲ ਲੈ ਕੇ ਸੈਂਟਰ ਵਲ ਚਲਾ ਗਿਆ। ਸਾਰੇ ਪਾਸੇ ਸੰਨਾਟਾ ਛਾਇਆ ਹੋਇਆ ਸੀ। ਸੈਂਟਰ ਬਿਲਕੁਲ ਸ਼ਾਂਤ ਚੱਲ ਰਿਹਾ ਸੀ। ਨਲਾਇਕ ਉਮੀਦਵਾਰਾਂ ਲਈ ਸੁਪਰਡੈਂਟ ਦਾ ਬਦਲ ਜਾਣਾ ਬਹੁਤ ਹੀ ਬੁਰਾ ਸਾਬਤ ਹੋਇਆ ਸੀ। ਪਤਵੰਤ ਸਿੰਘ ਆਪਣੀ ਡਿਊਟੀ ਤੇ ਪੂਰੀ ਤਨ ਦੇਹੀ ਨਾਲ ਡਟਿਆ ਹੋਇਆ ਸੀ। ਵਰਮਾ ਸਾਹਿਬ ਜਦ ਸੈਂਟਰ ਅੰਦਰ ਦਾਖ਼ਲ ਹੋਏ ਤਾਂ ਪ੍ਰਬੰਧ ਦੇਖ ਕੇ ਹੱਕੇ ਬੱਕੇ ਰਹਿ ਗਏ। "ਖ਼ਬਰਾਂ ਤਾਂ ਕਈ ਵਾਰ ਬੜੀਆਂ ਮਾੜੀਆਂ ਵੀ ਛਪਦੀਆਂ ਹਨ। ਤੁਹਾਡਾ ਸੈਂਟਰ ਦੇਖ ਕੇ ਤਾਂ ਇੰਝ ਲੱਗਦਾ ਏ ਕਿ ਇਮਤਿਹਾਨ ਵਧੀਆ ਚੱਲ ਰਿਹਾ ਏ", ਵਰਮਾ ਸਾਹਿਬ ਵਰਾਂਡੇ ਵਿੱਚ ਤੁਰੇ ਜਾਂਦੇ ਪ੍ਰਿੰਸੀਪਲ ਸਾਹਿਬ ਨੂੰ ਮੁਖ਼ਾਤਿਬ ਹੋਏ।

"ਨਵਾਂ ਸੁਪਰਡੈਂਟ ਪਤਵੰਤ ਸਿੰਘ ਬੜਾ ਹੀ ਕਾਬਲ ਪ੍ਰਬੰਧਕ ਏ। ਜਿਹੋ ਜਿਹਾ ਆਪਣੇ ਮਜ਼ਮੂਨ ਵਿੱਚ ਮਾਹਰ ਏ ਉਹੋ ਜਿਹਾ ਹੀ ਪ੍ਰਬੰਧਕੀ ਕੰਮਾਂ ਵਿੱਚ ਖਰਾ ਉਤਰਦਾ ਏ। ਉਹ ਜਾਣਦਾ ਏ, ਜਦ ਕੋਈ ਲਹਿਰ ਚਲਦੀ ਏ ਤਾਂ ਕਈ ਨਕਲੀ ਅਨਸਰ ਵੀ ਪੈਦਾ ਹੋ ਹੀ ਜਾਂਦੇ ਹਨ। ਉਸਨੇ ਇਤਿਹਾਸ ਵਿੱਚ ਪਹਿਲਾਂ ਚੱਲੀਆਂ ਲਹਿਰਾਂ ਬਾਰੇ ਬਥੇਰਾ



ਪੜ੍ਹਿਆ ਹੋਇਆ ਏ। ਜਦ ਪੰਜਾਬ ਵਿੱਚ ਪਹਿਲਾਂ ਨਕਸਲਵਾੜੀ ਲਹਿਰ ਚੱਲੀ ਸੀ ਤਾਂ ਉਸਦੀ ਆੜ ਵਿੱਚ ਵੀ ਬਥੇਰੇ ਨਕਲੀ ਅਨਸਰ ਪੈਦਾ ਹੋ ਗਏ ਸਨ। ਨਾਲੇ ਕਾਲਜਾਂ ਤੇ ਤਾਂ ਇਸ ਪ੍ਰਕਾਰ ਦੀਆਂ ਲਹਿਰਾਂ ਦਾ ਸਭ ਤੋਂ ਪਹਿਲਾਂ ਅਸਰ ਪੈਂਦਾ ਏ। ਜਵਾਨ ਤਬਕਾ ਬੜੀ ਜਲਦੀ ਭਾਵਕ ਹੋ ਕੇ ਨਵੀਆਂ ਸਕੀਮਾਂ ਘੜਨ ਲੱਗ ਪੈਂਦਾ ਏ।"

"ਗੱਲ ਤੁਹਾਡੀ ਬਿਲਕੁਲ ਠੀਕ ਏ।"

"ਅਗਰ ਆਪ ਚਾਹੋ ਤਾਂ ਸੁਪਰਡੈਂਟ ਸਾਹਿਬ ਨਾਲ ਵਿਚਾਰ ਸਾਂਝੇ ਵੀ ਕਰ ਸਕਦੇ ਹੋ। ਪਰਚਾ ਚਲਦੇ ਨੂੰ ਦੋ ਘੰਟੇ ਤਾਂ ਹੋ ਹੀ ਗਏ ਹਨ। ਇਸ ਸਮੇਂ ਪਤਵੰਤ ਸਿੰਘ ਵਿਹਲਾ ਹੀ ਬੈਠਾ ਏ। ਸ਼ੁਰੂ ਵਿੱਚ ਕੀਤੀ ਗਈ ਖਿਚਾਈ ਨੇ ਬਾਅਦ ਵਿੱਚ ਸਾਰਾ ਕੰਮ ਲੋਟ ਕਰ ਦਿਤੈ। ਹੁਣ ਤਾਂ ਡਿਪਟੀ ਸੁਪਰਡੈਂਟ ਵੀ ਬੜਾ ਵਧੀਆ ਕੰਮ ਚਲਦਾ ਰੱਖ ਸਕਦਾ ਏ। ਚਾਹ ਦਾ ਆਰਡਰ ਕਰ ਦਿੰਦਾ ਹਾਂ ਤੇ ਪਤਵੰਤ ਸਿੰਘ ਨੂੰ ਕਹਿ ਦਿੰਦਾ ਹਾਂ ਕਿ ਤੁਹਾਡੇ ਨਾਲ ਮੇਰੇ ਦਫ਼ਤਰ ਵਿੱਚ ਮੁਲਾਕਾਤ ਕਰ ਲਵੇ। ਅਗਰ ਤੁਸੀਂ ਉਸਨੂੰ ਕੋਈ ਖ਼ਾਸ ਹਦਾਇਤ ਦੇਣੀ ਚਾਹੁੰਦੇ ਹੋ ਤਾਂ ਉਹ ਵੀ ਦੇ ਸਕਦੇ ਹੋ।"

"ਪ੍ਰਿੰਸੀਪਲ ਸਾਹਿਬ, ਹਦਾਇਤ ਤਾਂ ਕੀ ਦੇਣੀ ਏ। ਕੰਮ ਠੀਕ ਹੀ ਚਲ ਰਿਹਾ ਏ। ਵੈਸੇ ਆਈ ਵਿੱਲ ਬੀ ਹੈਪੀ ਟੂ ਸ਼ੇਅਰ ਏ ਕੱਪ ਆਫ ਟੀ ਵਿੱਦ ਏ ਗੁੱਡ ਐਡਮਨਿਸਟਰੇਟਰ ਲਾਈਕ ਪਤਵੰਤ ਸਿੰਘ।"

ਪ੍ਰਿੰਸੀਪਲ ਸਾਹਿਬ ਨੇ ਪਤਵੰਤ ਸਿੰਘ ਨੂੰ ਵਰਮਾ ਸਾਹਿਬ ਦੀ ਇੱਛਾ ਤੋਂ ਜਾਣੂੰ ਕਰਵਾ ਦਿੱਤਾ। ਚੰਦ ਮਿੰਟਾਂ ਵਿੱਚ ਹੀ ਪਤਵੰਤ ਸਿੰਘ ਦਫ਼ਤਰ ਵਿੱਚ ਵਰਮਾ ਸਾਹਿਬ ਪਾਸ ਪਹੁੰਚ ਗਿਆ। ਇੰਨੇ ਸਮੇਂ ਵਿੱਚ ਚਾਹ ਵੀ ਆ ਗਈ।

"ਵਰਮਾ ਸਾਹਿਬ, ਬੜੀ ਖ਼ੁਸ਼ੀ ਹੋਈ ਤੁਹਾਨੂੰ ਤੇ ਤੁਹਾਡੇ ਸਾਥੀਆਂ ਨੂੰ ਮਿਲ ਕੇ। ਸਰ, ਮੇਰੇ ਲਾਇਕ ਕੋਈ ਸੇਵਾ।"

"ਪਤਵੰਤ ਸਿੰਘ ਜੀ, ਸੇਵਾ ਤੋਂ ਆਪ ਕਰ ਹੀ ਰਹੇ ਹੈਂ। ਆਜ ਕੇ ਹਾਲਾਤ ਮੇ ਸੈਂਟਰ ਅੱਛੇ ਤਰੀਕੇ ਸੇ ਚਲਾ ਰਹੇ ਹੋ, ਇਸ ਸੇ ਬੜੀ ਸੇਵਾ ਔਰ ਕਿਆ ਹੋ ਸਕਤੀ ਹੈ? ਆਈ ਰੀਅਲੀ ਐਪਰੀਸ਼ੀਏਟ ਯੂਅਰ ਗੁੱਡ ਐਫਰਟਸ ਫਾਰ ਕੰਡਕਟਿੰਗ ਦ ਅਗਜ਼ਾਮ ਇਨ ਐਨ ਐਫੀਸ਼ੈਂਟ ਵੇਅ।"

"ਥੈਂਕ ਯੂ, ਸਰ ! ਹੋਰ ਯੂਨੀਵਰਸਿਟੀ ਦੀ ਕੋਈ ਨਵੀਂ ਤਾਜ਼ੀ ?

ਸਰ, ਬਾਕੀ ਸੈਂਟਰਾਂ ਦਾ ਹਾਲ?

ਅੱਜ ਦੇ ਹਾਲਾਤ ਤੇ ਕੋਈ ਤੇ ਕੋਈ ਤਬਸਰਾ?"

"ਯੂਨੀਵਰਸਿਟੀ ਸਭ ਠੀਕ ਏ। ਹਾਲਾਤ ਤੁਹਾਨੂੰ ਪਤਾ ਹੀ ਏ। ਅਖ਼ਬਾਰ ਤੁਸੀਂ ਦੇਖ ਹੀ ਲਈ ਹੋਵੇਗੀ। ਵਿਚਾਰਾ ਵਰਮਾ ਪਰਿਵਾਰ ਸਮੇਤ ਹੀ ਮਾਰ ਦਿੱਤਾ। ਆਈ ਹੈਡ ਗੁੱਡ ਰੀਲੇਸ਼ਨਜ਼ ਵਿੱਚ ਹਿਮ।"

"ਸਰ, ਪੜ੍ਹ ਕੇ ਮੈਨੂੰ ਵੀ ਬੜਾ ਦੁੱਖ ਹੋਇਐ। ਮੇਰਾ ਤਾਂ ਉਹ ਹੋਸਟਲ ਫੈਲੋ ਸੀ।"

"ਰੀਅਲੀ? ਕਦੋਂ? ਕਿੱਥੇ?"

"ਚੰਡੀਗੜ੍ਹ, ਯੂਨੀਵਰਸਿਟੀ ਕੈਂਪਸ ਵਿੱਚ ਹੀ।"

"ਉਸਨੇ ਤਾਂ ਅੰਗਰੇਜ਼ੀ ਦੀ ਐਮ. ਏ ਕੀਤੀ ਹੋਈ ਸੀ। ਤੁਸੀਂ ?"

"ਯੂਨੀਵਰਸਿਟੀ ਵਿੱਚ ਅੰਗਰੇਜ਼ੀ ਤੇ ਹਿਸਟਰੀ ਡੀਪਾਰਟਮੈਂਟ ਨੇੜੇ ਨੇੜੇ ਹੀ ਹਨ। ਮੈਂ ਉਦੋਂ ਹਿਸਟਰੀ ਦੀ ਐਮ. ਏ. ਕਰ ਰਿਹਾ ਸਾਂ। ਗੁਲਾਟੀ ਦੀ ਕੈਂਟੀਨ ਤੇ ਇਕੱਠੇ ਬੈਠ ਕੇ ਚਾਹ ਪੀਆ ਕਰਦੇ ਸਾਂ। ਸਰ, ਉਹ ਹੈ ਨਾਹ ਹਿਸਟਰੀ ਡਿਪਾਰਮੈਂਟ ਦੇ ਨਾਲ ਲਗਦੀ ਗੁਲਾਟੀ ਦੀ ਕੈਨਟੀਨ? ਸ਼ਾਇਦ ਹੁਣ ਵੀ ਕੋਈ ਗੁਲਾਟੀ ਹੀ ਉਹ ਕੈਨਟੀਨ ਚਲਾ ਰਿਹਾ ਹੋਵੇ। ਬੁੱਢੇ ਗੁਲਾਟੀ ਦਾ ਮੁੰਡਾ। ਸਰ, ਕਾਫੀ ਸਮਾਂ ਬੀਤ ਗਿਐ ਉਦੋਂ ਨੂੰ।"

"ਅੱਛਾ ਤਾਂ ਇਹ ਗੱਲ ਏ, ਤੁਸੀਂ ਐਮ. ਐਲ. ਵਰਮਾ ਦੇ ਹੋਸਟਲ ਫੈਲੋ ਸੀ। ਉਹ ਤਾਂ ਬਾਅਦ ਵਿੱਚ ਹਰਿਆਣਾ ਸਿਵਲ ਸਰਵਿਸ ਵਿਚ ਚਲਾ ਗਿਆ ਸੀ।"

"ਸਰ, ਪਹਿਲਾਂ ਉਹ ਚੰਡੀਗੜ੍ਹ ਦੇ ਇਕ ਕਾਲਜ ਵਿਚ ਲੈਕਚਰਾਰ ਰਿਹਾ ਸੀ। ਫਿਰ ਸਿਵਲ ਸਰਵਿਸ ਦਾ ਇਮਤਿਹਾਨ ਪਾਸ ਕਰ ਗਿਆ ਸੀ। ਉਸਤੋਂ ਬਾਅਦ ਜੀਂਦ ਵਿਖੇ ਉਹ ਐਕਸਟਰਾ ਅਸਿਸਟੈਂਟ ਕਮਿਸ਼ਨਰ ਲੱਗਾ ਰਿਹਾ। ਪਿੱਛੋਂ ਉਹ ਭਜਨ ਲਾਲ ਮੁੱਖ ਮੰਤਰੀ ਦਾ ਚੀਫ਼ ਸੈਕਟਰੀ ਬਣ ਗਿਆ ਸੀ। ਜਦ ਭਜਨ ਲਾਲ ਮਨਿਸਟਰ ਬਣ ਕੇ ਸੈਂਟਰ ਚਲਾ ਗਿਆ ਸੀ ਤਾਂ ਉਹ ਉਸਨੂੰ ਆਪਣੇ ਨਾਲ ਹੀ ਲੈ ਗਿਆ ਸੀ। ਜਦ ਭਜਨ ਲਾਲ ਵਾਪਸ ਹਰਿਆਣੇ ਵਿੱਚ ਆ ਗਿਆ ਤਾਂ ਫਿਰ ਉਹ ਉਸਨੂੰ ਆਪਣੇ ਨਾਲ ਹੀ ਵਾਪਸ ਲੈ ਆਇਆ ਸੀ। ਭਜਨ ਲਾਲ ਦਾ ਖਾਸਮ ਖ਼ਾਸ ਸੀ। ਉਹ ਬੱਸ ਮੁੰਡਿਆਂ ਦੀ ਨਜ਼ਰ ਵਿੱਚ ਚੜ੍ਹ ਗਿਆ। ਵਰਮਾ ਸਾਹਿਬ, ਤੁਹਾਨੂੰ ਪਤਾ ਹੀ ਏ ਹਾਲਾਤਾਂ ਦਾ।"

"ਵਾਰਦਾਤ ਜ਼ੀਰਕਪੁਰ ਦੇ ਨੇੜੇ ਨਾਰਾਇਣ ਗੜ੍ਹ ਪਾਸ ਹੋਈ ਏ। ਵਾਇਫ ਬੋਥ ਸੰਨਜ਼ ਐਂਡ ਹੀ ਹਿਮਸੈਲਫ ਆਲ ਡੰਨ ਟੂ ਡੈੱਥ। ਹੀ ਬੀਲੋਂਗਡ ਟੂ ਅੰਬਾਲਾ ਡਿਸਟਰਿਕਟ।"

"ਸਰ, ਮੇਰੇ ਤਾਂ ਉਸ ਨਾਲ ਚੰਗੇ ਤੁਅਲਕਾਤ ਸਨ। ਅਸੀਂ ਦੋਨੋਂ ਹੀ ਹੋਸਟਲ ਨੰਬਰ ਦੋ ਦੇ ਤਿੰਨ ਬਲਾਕ ਵਿੱਚ ਰਹਿੰਦੇ ਹੁੰਦੇ ਸਾਂ। ਮੈਂ 35 ਨੰਬਰ ਕਮਰੇ ਵਿੱਚ ਹੁੰਦਾ ਸਾਂ ਤੇ ਉਹ 36 ਨੰਬਰ ਵਿੱਚ ਐਮ. ਏ. ਕਰਨ ਤੋਂ ਬਾਦ ਵੀ ਸਾਡੀ ਆਪਸੀ ਖਤੋ- ਖਤਾਬਤ ਤਿੰਨ ਚਾਰ ਸਾਲ ਚਲਦੀ ਰਹੀ ਸੀ। ਜਦ ਉਹ ਹਰਿਆਣਾ ਸਿਵਲ ਸਰਵਿਸ ਦਾ ਇਮਤਿਹਾਨ ਪਾਸ ਕਰਕੇ ਵੱਡਾ ਅਫ਼ਸਰ ਬਣ ਗਿਆ ਫਿਰ ਖਤੋ ਖਤਾਬਤ ਬੰਦ ਹੋ ਗਈ ਸੀ।" "ਬੰਦਾ ਤਾਂ ਚੰਗਾ ਸੀ। ਸਾਰਾ ਟੱਬਰ ਹੀ ਮਾਰਿਆ ਗਿਐ। ਆਈ ਕਾਂਟ ਅੰਡਰਸਟੈਂਡ ਵੱਹਟ ਬੈਡ ਹੀ ਹੈਡ ਡੰਨ।"

"ਸਰ, ਚੰਗੇ ਮਾੜੇ ਬੰਦੇ ਦਾ ਕੀ ਪਤਾ ਲਗਦਾ ਏ। ਕੋਈ ਬੰਦਾ ਕਿਸੇ ਲਈ ਚੰਗਾ ਹੁੰਦਾ ਏ ਤੇ ਕਿਸੇ ਲਈ ਮਾੜਾ। ਤੁਹਾਡੇ ਸਾਹਮਣੇ ਅੱਜ ਦੇ ਹਾਲਾਤ ਵਿੱਚ ਜੋ ਸਰਕਾਰ ਦਾ ਜ਼ਿਆਦਾ ਹੀ ਪੱਖ ਪੂਰਦੇ ਹਨ ਉਹ ਮਾਰੇ ਹੀ ਜਾਂਦੇ ਹਨ। ਪੰਜਾਬ ਵਿੱਚ ਵਗ ਰਹੀ



ਹਵਾ ਤੋਂ ਅਸੀਂ ਸਭ ਜਾਣੂ ਹੀ ਹਾਂ। ਹਾਂ ਇੰਨੀ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ, ਜੋ ਲੋਕ ਪੰਜਾਬ ਦੀ ਲਹਿਰ ਨਾਲ ਸੱਚੇ ਦਿਲੋਂ ਜੁੜੇ ਹੋਏ ਨੌਜਵਾਨਾਂ ਦਾ ਨੁਕਸਾਨ ਕਰਨ ਦੀ ਸੋਚਦੇ ਹਨ ਉਹ ਉਹਨਾਂ ਹੱਥੋਂ ਜ਼ਰੂਰ ਨੁਕਸਾਨ ਕਰਵਾ ਹੀ ਲੈਂਦੇ ਹਨ। ਐਵੇਂ ਉਹ ਕਿਸੇ ਨੂੰ ਕੁੱਝ ਨਹੀਂ ਕਹਿੰਦੇ।"

"ਇਸਦਾ ਮਤਲਬ ਇਹ ਕਿ ਸਖ਼ਤੀ ਨਾ ਕੀਤੀ ਜਾਵੇ?"

"ਖਾੜਕੂਆਂ ਦੇ ਕੰਮ ਵਿੱਚ ਦਖ਼ਲ ਦਿੱਤੇ ਬਗ਼ੈਰ ਹੋਰ ਜਿੱਥੇ ਮਰਜ਼ੀ ਸਖ਼ਤੀ ਕਰੀ ਜਾਵੋ।"

"ਵੱਹਟ ਡੂ ਯੂ ਮੀਨ?"

"ਮੈਨੂੰ ਪਤਾ ਏ, ਨਕਲ ਰੋਕਣ ਨੂੰ ਕੋਈ ਵੀ ਮਾੜਾ ਨਹੀਂ ਕਹੇਗਾ। ਨਸ਼ਿਆਂ ਨੂੰ ਰੋਕਣ ਨੂੰ ਕੋਈ ਵੀ ਬੁਰਾ ਨਹੀਂ ਕਹੇਗਾ। ਦਾਜ ਦੇ ਖ਼ਿਲਾਫ਼ ਲੋਕਾਂ ਨੂੰ ਵੀ ਉਹ ਮਾੜਾ ਨਹੀਂ ਕਹਿ ਸਕਦੇ। ਜਦ ਸਾਰਾ ਮਾਹੌਲ ਹੀ ਡਰ ਨਾਲ ਭਰ ਜਾਵੇ ਤਾਂ ਕਈ ਦੁੱਕੀ ਤਿੱਕੀ ਬੰਦੇ ਉੱਠ ਕੇ ਆਪਣੀਆਂ ਹੀ ਚਾਂਦੀ ਦੀਆਂ ਚਲਾਉਣ ਲੱਗ ਜਾਂਦੇ ਹਨ। ਪਹਿਲਾਂ ਸੁਪਰਡੈਂਟ ਉਜਾਗਰ ਮੱਲ ਐਵੇਂ ਹੀ ਘਬਰਾ ਗਿਆ ਸੀ। ਅਗਰ ਥੋੜ੍ਹਾ ਜਿਹਾ ਬੋਲਡ ਹੋ ਕੇ ਨਕਲ ਨੂੰ ਸੈਂਟਰ ਵਿਚੋਂ ਬਿਲਕੁੱਲ ਬੰਦ ਕਰਵਾ ਦਿੰਦਾ ਤਾਂ ਉਸਦਾ ਕੁੱਝ ਵੀ ਨਹੀਂ ਸੀ ਵਿਗੜਨਾ। ਅਸੀਂ ਸਭ ਜਾਣਦੇ ਹਾਂ ਕਿ ਨਕਲ ਇਕ ਸਮਾਜਿਕ ਬੁਰਾਈ ਏ। ਨਕਲ ਮਾਰ ਕੇ ਡਿਗਰੀਆਂ ਪ੍ਰਾਪਤ ਕੀਤੇ ਨੌਜਵਾਨ ਕੱਲ੍ਹ ਨੂੰ ਸਮਾਜ ਵਾਸਤੇ ਕੈਂਸਰ ਦੀ ਬਿਮਾਰੀ ਬਣ ਜਾਣਗੇ। ਉੱਗਰਵਾਦੀ ਜਥੇਬੰਦੀਆਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀਆਂ ਹਨ। ਉਹ ਜਥੇਬੰਦੀਆਂ ਕਿਸੇ ਵੱਡੇ ਮੰਤਵ ਵਾਸਤੇ ਸੰਘਰਸ਼ ਕਰ ਰਹੀਆਂ ਹਨ।"

"ਡੂ ਯੂ ਸਪੋਰਟ ਦੇਅਰ ਕਾਜ਼?"

"ਸਰ, ਮੈਂ ਉਹਨਾਂ ਦੇ ਕਾਜ਼ ਦੀ ਸਪੋਰਟ ਕਰਾਂ ਜਾਂ ਨਾ ਕਰਾਂ ਇਸ ਨਾਲ ਕੀ ਫਰਕ ਪੈਂਦਾ ਏ?"

"ਇਜ਼ ਦੇਅਰ ਕਾਜ਼ ਗੁੱਡ ਫਾਰ ਦਾ ਕੰਟਰੀ?"

"ਸਰ, ਆਪਾਂ ਇਸ ਲੰਬੀ ਬਹਿਸ ਵਿੱਚ ਨਾ ਪਈਏ ਤਾਂ ਚੰਗਾ ਏ।"

"ਸੁਣਿਐ, ਤੁਸੀਂ ਇਤਿਹਾਸ ਵਿੱਚ ਖੋਜ ਵੀ ਕੀਤੀ ਏ। ਤੁਸੀਂ ਆਪਣੇ ਵਿਚਾਰ ਬਰੀਫ ਵੀ ਦੇ ਸਕਦੇ ਹੋ।"

"ਸਰ, ਤੁਹਾਡੇ ਦਿਮਾਗ਼ ਵਿੱਚ ਵੱਖਵਾਦ ਦਾ ਵਿਸ਼ਾ ਏ। ਤੁਸੀਂ ਹਰੇਕ ਐਕਸਟਰੀਮਿਸਟ ਨੂੰ ਵੱਖਵਾਦੀ ਹੀ ਗਰਦਾਨਣ ਲੱਗ ਪਏ ਹੋ। ਤੁਹਾਨੂੰ ਪਤਾ ਹੋਣਾ ਚਾਹੀਦਾ ਏ ਕੋਈ ਵੱਖ ਹੋਣ ਲਈ ਉਦੋਂ ਕਹਿਣਾ ਸ਼ੁਰੂ ਕਰਦਾ ਏ ਜਦ ਲੰਮਾ ਸਮਾਂ ਉਸ ਵੱਲ ਧਿਆਨ ਹੀ ਨਾ ਦਿੱਤਾ ਜਾਵੇ। ਵੱਖਵਾਦ ਦੀ ਭਾਵਨਾ ਗੁੱਸੇ ਦਾ ਸਿਖਰ ਹੁੰਦੀ ਏ। ਪੰਜਾਬ ਦੀ ਲਹਿਰ ਦੀਆਂ ਪਹਿਲੀਆਂ ਮੰਗਾਂ ਸੰਵਿਧਾਨ ਦੇ ਦਾਇਰੇ ਵਿੱਚ ਹੀ ਸਨ। ਰਾਜਾਂ ਨੂੰ ਵੱਧ ਅਧਿਕਾਰ

ਦੇ ਦੇਣੇ ਰੀਜ਼ਨੇਬਲ ਮੰਗ ਏ। ਪੰਜਾਬ ਜਿਹੇ ਛੋਟੇ ਸੂਬਿਆਂ ਲਈ ਇਹ ਜ਼ਿਆਦਾ ਲਾਭਦਾਇਕ ਏ। ਛੋਟੇ ਸੂਬਿਆਂ ਦੇ ਥੋੜ੍ਹੇ ਜਿਹੇ ਸਾਂਸਦਾਂ ਦੀ ਪਾਰਲੀਮੈਂਟ ਵਿੱਚ ਚੱਜ ਨਾਲ ਪੁੱਛ ਪੜਤਾਲ ਹੀ ਨਹੀਂ ਏ। ਫਿਰ ਦੂਜੀ ਗੱਲ ਇਹ, ਪੰਜਾਬ ਭਾਵੇਂ ਖੇਤਰਫਲ ਵਿੱਚ ਛੋਟਾ ਸੂਬਾ ਏ, ਪੈਦਾਵਾਰ ਵਿੱਚ ਇਹ ਬਹੁਤ ਹੀ ਵੱਡਾ ਏ। ਪੈਦਾਵਾਰ ਅਤੇ ਸੂਰਬੀਰਤਾ ਨੂੰ ਦੇਖਦੇ ਹੋਏ ਸਮੇਂ ਸਿਰ ਹੀ ਪੰਜਾਬ ਦੀਆਂ ਵਾਜਬ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਸਨ। ਪੰਜਾਬ ਰਾਵੀ, ਬਿਆਸ ਤੇ ਸਤਲੁਜ ਦਾ ਰੀਪੇਰੀਅਨ ਰਾਜ ਹੋਣ ਕਰਕੇ ਇਹਨਾਂ ਦੇ ਸਾਰੇ ਪਾਣੀਆਂ ਦਾ ਉਹ ਪੂਰਾ ਤੇ ਇਕੱਲਾ ਦਾਅਵੇਦਾਰ ਏ। ਅੰਤਰ ਰਾਸ਼ਟਰੀ ਪੱਧਰ ਤੇ ਵੀ ਇਹੀ ਨਿਯਮ ਮੌਲਿਕ ਮੰਨਿਆ ਜਾਂਦਾ ਏ। ਭਾਰਤੀ ਸੰਵਿਧਾਨ ਵੀ ਇਸੇ ਸਿਧਾਂਤ ਦੀ ਮਨਜ਼ੂਰੀ ਦਿੰਦਾ ਏ। ਇਹ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਐਂਟਰੀ ਨੰ: 17 ਅਤੇ ਲਿਸਟ ਨੰਬਰ 2 ਵਿੱਚ ਦਰਜ ਹੈ। ਸਰ, ਤੁਹਾਨੂੰ ਪਤਾ ਹੋਣਾ ਏ, ਮੱਧ ਪ੍ਰਦੇਸ਼, ਗੁਜਰਾਤ ਤੇ ਮਹਾਂਰਾਸ਼ਟਰ ਨਰਬਦਾ ਦਰਿਆ ਦੇ ਰੀਪੇਰੀਅਨ ਪ੍ਰਾਂਤ ਹਨ। ਇਸ ਦਰਿਆ ਦੇ ਪਾਣੀ ਦੀ ਵੰਡ ਦਾ ਮਸਲਾ ਭਾਰਤ ਸਰਕਾਰ ਵਲੋਂ ਨਰਬਦਾ ਪਾਣੀਆਂ ਦੇ ਮਾਮਲੇ ਦੇ ਟ੍ਰਿਬਿਊਨਲ ਨੂੰ ਸੰਨ 69 ਵਿਚ ਸੌਂਪਿਆ ਗਿਆ ਸੀ। ਰਾਜਸਥਾਨ ਭਾਵੇਂ ਨਰਬਦਾ ਦਾ ਰੀਪੇਰੀਅਨ ਸੂਬਾ ਨਹੀਂ ਹੈ ਫਿਰ ਵੀ ਉਸਨੇ ਇਕ ਦਰਿਆ ਦੇ ਪਾਣੀ ਤੇ ਦਾਅਵਾ ਕੀਤਾ ਸੀ। ਬਾਅਦ ਵਿੱਚ ਸੰਨ 72 ਵਿੱਚ ਟ੍ਰਿਬਿਊਨਲ ਨੇ ਰਾਜਸਥਾਨ ਦੇ ਹੱਕ ਨੂੰ ਦਿਰਕਾਰ ਦਿੱਤਾ ਸੀ। ਜਦ ਉਹਨਾਂ ਸੂਬਿਆਂ ਤੇ ਇਹ ਸਿਧਾਂਤ ਲਾਗੂ ਹੋ ਸਕਦਾ ਏ ਤਾਂ ਪੰਜਾਬ ਤੇ ਕਿਉਂ ਨਹੀਂ? ਅਗਰ ਇੰਝ ਹੋ ਜਾਂਦਾ ਤਾਂ ਹਾਲਾਤ ਏਨੇ ਖ਼ਰਾਬ ਨਹੀਂ ਹੋਣੇ ਸਨ।"

"ਪ੍ਰੋਫ਼ੈਸਰ ਸਾਹਿਬ, ਇੰਝ ਕਰਨ ਨਾਲ ਬਾਕੀ ਸੂਬਿਆਂ ਵਾਸਤੇ ਇਕ ਪਿਰਤ ਵੀ ਪੈ ਜਾਂਦੀ ਏ। ਬਾਕੀ ਸਾਰੇ ਹੀ ਇਸ ਪ੍ਰਕਾਰ ਦੀਆਂ ਮੰਗਾਂ ਰੱਖ ਦੇਣਗੇ।"

"ਵਰਮਾ ਸਾਹਿਬ, ਜੇ ਤਾਕਤ ਦਾ ਜ਼ਿਆਦਾ ਹੀ ਵਿਕੇਂਦਰੀਕਰਨ ਕਰ ਦਿੱਤਾ ਜਾਵੇ ਤਾਂ ਲੋਕਤੰਤਰ ਲਈ ਤਾਂ ਆਫਤ ਆ ਜਾਊ? ਲੋਕਤੰਤਰ ਤਾਂ ਵੈਸੇ ਵੀ ਵਿਕੇਂਦਰੀਕਰਨ ਦੇ ਹੱਕ ਵਿੱਚ ਏ। ਸੈਂਟਰ ਆਪਣੇ ਪਾਸ ਚਾਰ ਪੰਜ ਖ਼ਾਸ ਮਹਿਕਮੇ ਰੱਖੇ, ਬਾਕੀ ਸਾਰੇ ਰਾਜਾਂ ਨੂੰ ਸੰਭਾਲ ਦੇਵੇ। ਕਾਲੀਆਂ ਦੀਆਂ ਪਹਿਲੀਆਂ ਮੰਗਾਂ ਵੀ ਤਾਂ ਇਸ ਪ੍ਰਕਾਰ ਦੀਆਂ ਹੀ ਸਨ।" "ਆਈ ਵਾਂਟ ਟੂ ਲਿਸਨ ਟੂ ਯੂਅਰ ਵਿਊਜ਼ ਇਨ ਡੀਟੇਲ। ਅਸੀਂ ਏਥੇ ਬੈਠੇ ਹਾਂ। ਤੁਹਾਡਾ ਸੈਂਟਰ ਅੰਦਰ ਜਾਣ ਦਾ ਵਕਤ ਹੋ ਗਿਆ ਏ। ਪਲੀਜ਼ ਤੁਸੀਂ ਅੰਦਰ ਜਾਓ ਤੇ ਸੈਂਟਰ ਬੰਦ ਕਰ ਆਓ। ਅਸੀਂ ਏਥੇ ਬੈਠੇ ਪ੍ਰਿੰਸੀਪਲ ਸਾਹਿਬ ਨਾਲ ਕੁਝ ਹੋਰ ਵਿਚਾਰਾਂ ਕਰ ਲੈਂਦੇ ਹਾਂ। ਵਾਪਸ ਜ਼ਰੂਰ ਆਇਓ, ਅਸੀਂ ਤੁਹਾਥੋਂ ਸਿੱਖਾਂ ਦੀਆਂ ਪਹਿਲੀਆਂ ਮੰਗਾਂ ਬਾਰੇ ਕੁੱਝ ਹੋਰ ਜ਼ਰੂਰ ਜਾਨਣਾ ਚਾਹਾਂਗੇ। ਪਰਚਿਆਂ ਦੀ ਗਠੜੀ ਲੈਣ ਲਈ ਅਲੱਗ ਗੱਡੀ ਨਹੀਂ ਆ ਰਹੀ। ਅਸੀਂ ਆਪ ਹੀ ਇਹ ਬੰਡਲ ਯੂਨੀਵਰਸਿਟੀ ਵਿੱਚ ਜਮ੍ਹਾ ਕਰਾ ਦਿਆਂਗੇ ਪਲੀਜ਼। ਤੁਸੀਂ ਜਾਓ।"



# ਕਾਂਡ ਛੇ

ਥੋੜ੍ਹੇ ਸਮੇਂ ਵਿੱਚ ਹੀ ਪਤਵੰਤ ਸਿੰਘ ਸੈਂਟਰ ਬੰਦ ਕਰਕੇ ਵਾਪਸ ਆ ਗਿਆ। ਵਰਮਾ ਸਾਹਿਬ ਮਸਲੇ ਬਾਰੇ ਕੁਝ ਹੋਰ ਜਾਨਣਾ ਚਾਹੁੰਦੇ ਸਨ। "ਡੂ ਯੂ ਜਸਟੀਫਾਈ ਦਾ ਵਾਇਲੈਂਸ ਇਨ ਪੰਜਾਬ?" ਵਰਮਾ ਸਾਹਿਬ ਨੇ ਪਤਵੰਤ ਸਿੰਘ ਨੂੰ ਸਵਾਲ ਕੀਤਾ।

"ਵਰਮਾ ਸਾਹਿਬ, ਵਾਇਲੈਂਸ ਨੂੰ ਕੌਣ ਸੁਪੋਰਟ ਕਰਦਾ ਏ? ਇਹ ਲੰਬੀ ਕਹਾਣੀ ਏ। ਤੁਸੀਂ ਇਹਦੇ ਬਾਰੇ ਬਥੇਰਾ ਅਖ਼ਬਾਰਾਂ ਵਿੱਚ ਪੜ੍ਹਦੇ ਰਹੇ ਹੋ। ਫਿਰ ਕਿਤੇ ਸਹੀ। ਹਾਲ ਦੀ ਘੜੀ ਅਸੀਂ ਨਕਲ ਨੂੰ ਨਕੇਲ ਪਾ ਲਈਏ ਇਹੀ ਕਾਫ਼ੀ ਏ।" "ਓ. ਕੇ. ਐਜ਼. ਯੂ. ਵਿਸ਼ ਚੰਗਾ, ਵੀ ਆਰ ਗੋਇੰਗ ਨਓ। ਪਲੀਜ਼, ਕਾਲ ਸਮਬਾਡੀ ਟੂ ਪੁਟ ਦਾ ਬੰਡਲ ਇਨ ਅਵਰ ਕਾਰ।"

ਪਤਵੰਤ ਸਿੰਘ ਨੇ ਚਪੜਾਸੀ ਨੂੰ ਆਵਾਜ਼ ਮਾਰੀ ਤੇ ਉੱਤਰ ਪੱਤਰੀਆਂ ਦਾ ਬੰਡਲ ਚੁਕਵਾ ਕੇ ਯੂਨੀਵਰਸਿਟੀ ਵਾਲਿਆਂ ਦੀ ਕਾਰ ਵਿੱਚ ਰਖਵਾ ਦਿੱਤਾ। ਇਸ ਤੋਂ ਇਕਦਮ ਬਾਅਦ ਕਾਰ ਉਥੋਂ ਚਲੀ ਗਈ। ਪਿੱਛੋਂ ਪਤਵੰਤ ਸਿੰਘ ਤੇ ਪ੍ਰਿੰਸੀਪਲ ਹੀ ਦਫ਼ਤਰ ਅੰਦਰ ਰਹਿ ਗਏ। "ਇਹ ਯੂਨੀਵਰਸਿਟੀ ਵਾਲੇ ਬੜੇ ਖ਼ਚਰੇ ਬੰਦੇ ਐ।" ਅਖੇ ਸਾਨੂੰ ਹਾਲਾਤ ਬਾਰੇ ਕੁੱਝ ਚਾਨਣਾ ਪਾ ਦਿਓ, ਪਤਵੰਤ ਸਿੰਘ ਨੇ ਪ੍ਰਿੰਸੀਪਲ ਦਾ ਪ੍ਰਤੀਕਰਮ ਜਾਨਣਾ ਚਾਹਿਆ।

"ਡਾ. ਸਾਹਿਬ, ਇਹ ਕੌਮ ਸਭ ਕੁੱਝ ਜਾਣਦੀ ਹੋਈ ਵੀ ਆਪ ਚੁੱਪ ਰਹਿੰਦੀ ਏ, ਦੂਜਿਆਂ ਕੋਲੋਂ ਕੁਝ ਅਖਵਾਉਣਾ ਲੋਚਦੀ ਰਹਿੰਦੀ ਏ। ਹਿੰਦੂ ਸਿੱਖਾਂ ਦੇ ਸਭ ਮਸਲੇ ਜਾਣਦੇ ਹੋਏ ਵੀ ਇਹ ਪ੍ਰਭਾਵ ਛੱਡਦੇ ਹਨ ਕਿ ਉਹ ਕੁੱਝ ਜਾਣਦੇ ਹੀ ਨਹੀਂ। ਦੂਜੇ ਪਾਸੇ ਸਿੱਖ ਬਿਨਾਂ ਪੁੱਛਣ ਤੋਂ ਹੀ ਸਭ ਕੁੱਝ ਬੋਲ ਦਿੰਦੇ ਹਨ। ਇਹ ਕੌਮ ਸਿੱਖਾਂ ਦੀਆਂ ਗਤੀਵਿਧੀਆਂ ਬਾਰੇ ਅਖਬਾਰਾਂ ਵਿੱਚ ਸਭ ਤੋਂ ਪਹਿਲਾਂ ਪੜ੍ਹਦੀ ਏ। ਅਗਰ ਇਹਨਾਂ ਨੂੰ ਕਹੋ ਕਿ 'ਅਜੀਤ' ਅਖ਼ਬਾਰ ਵਿੱਚ ਅੱਜ ਆਹ ਕੁੱਝ ਛਪਿਆ ਹੈ ਤਾਂ ਅਣਜਾਣ ਜਿਹੇ ਬਣ ਕੇ ਕਹਿਣਗੇ ਅੱਛਾ। ਮੈਂ ਇੱਕ ਲਾਲੇ ਦੀ ਦੁਕਾਨ ਤੋਂ ਹਮੇਸ਼ਾ ਕੱਪੜਾ ਖਰੀਦਿਆ ਕਰਦਾ ਸੀ। ਅਗਰ ਮੇਰੇ ਘਰ ਕੋਈ ਵਿਆਹ ਸ਼ਾਦੀ ਜਾਂ ਕੋਈ ਹੋਰ ਇੱਕਠ ਹੋਵੇ ਤਾਂ ਉਹ ਦੌੜਾ ਦੌੜਾ ਆ ਕੇ ਹਾਜ਼ਰੀ ਲੁਆ ਜਾਂਦਾ ਸੀ। ਕੁਝ ਸਮੇਂ ਬਾਅਦ ਮੈਂ ਉਸ ਦੀ ਦੁਕਾਨ ਤੋਂ ਕੱਪੜਾ ਖ਼ਰੀਦਣਾ ਬੰਦ ਕਰ ਦਿੱਤਾ। ਮੈਂ ਕਿਸੇ ਦੇ ਘਰ ਸਮਾਗਮ ਤੇ ਗਿਆ। ਉਥੇ ਉਹ

ਲਾਲਾ ਵੀ ਆਇਆ ਹੋਇਆ ਸੀ। ਉਸਨੇ ਮੈਨੂੰ ਬੁਲਾਉਣਾ ਤਾਂ ਇਕ ਪਾਸੇ ਰਿਹਾ ਪਛਾਨਣੋਂ ਹੀ ਮੂੰਹ ਵੱਟ ਲਿਆ। ਇਹੀ ਕੁੱਝ ਇਹ ਇਹ ਯੂਨੀਵਰਸਿਟੀ ਵਾਲੇ ਮਹਾਸ਼ੇ ਕਰਦੇ ਨੇ। ਸਭ ਕੁੱਝ ਜਾਣਦੇ ਹੋਏ ਵੀ ਇਹ ਅਣਜਾਣ ਹੋਣ ਦੀ ਐਕਟਿੰਗ ਕਰਦੇ ਰਹਿੰਦੇ ਨੇ। ਤੁਹਾਨੂੰ ਪਤਾ ਏ, ਮਸਲਾ ਬੜਾ ਸੰਗੀਨ ਏ। ਇਸ ਪ੍ਰਕਾਰ ਦੇ ਮਸਲੇ ਤੇ ਇੱਦਾਂ ਦੇ ਬੰਦਿਆਂ ਨਾਲ ਗੱਲ ਕਰਨ ਲੱਗ ਪਵੋ ਤਾਂ ਕੋਈ ਝਗੜਾ ਵੀ ਖੜ੍ਹਾ ਹੋ ਸਕਦਾ ਹੁੰਦਾ ਏ। ਦੂਜੇ, ਇਮਤਿਹਾਨ ਦੇ ਦਿਨਾਂ ਵਿੱਚ ਤਾਂ ਇਸ ਪ੍ਰਕਾਰ ਨਾਲ ਬਿਲਕੁੱਲ ਵੀ ਨਹੀਂ ਛੇੜਨਾ ਚਾਹੀਦਾ। ਤੁਹਾਡਾ ਕੀ ਖਿਆਲ ਏ, ਸਰ?"

"ਗੱਲ ਤੁਹਾਡੀ ਠੀਕ ਏ। ਉਧਰ ਉਜਾਗਰ ਮੱਲ ਵਾਲਾ ਮਸਲਾ ਪਹਿਲਾ ਹੀ ਖੜ੍ਹਾ ਹੋ ਚੁੱਕਾ ਏ। ਜਿੰਨਾਂ ਬਚਿਆ ਜਾਵੇ ਓਨਾ ਹੀ ਚੰਗਾ ਏ। ਨਾਲੇ ਜਿੰਨ੍ਹਾਂ ਲੋਕਾਂ ਨੇ ਪੰਜਾਬੀ ਨੂੰ ਆਪਣੀ ਬੋਲੀ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਉਨ੍ਹਾਂ ਨਾਲ ਇਸ ਪ੍ਰਕਾਰ ਦੇ ਮਸਲੇ ਡਿਸਕਸ ਕਰਨ ਦੀ ਕੋਈ ਜ਼ਰੂਰਤ ਨਹੀਂ। ਦੂਜਾ ਮਸਲਾ ਚੰਡੀਗੜ੍ਹ ਦਾ ਏ। ਯੂਨੀਵਰਸਿਟੀ ਚੰਡੀਗੜ੍ਹ ਵਿੱਚ ਏ। ਇਹ ਲੋਕ ਕਦੀ ਨਹੀਂ ਚਾਹੁੰਦੇ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ। ਇਹ ਤਾਂ ਇਹ ਸੋਚਦੇ ਹਨ ਕਿ ਉੱਧਰ ਖਾਲਸਿਆਂ ਨੇ ਦੋ ਆਪਣੀਆਂ ਯੂਨੀਵਰਸਿਟੀਆਂ ਬਣਾ ਲਈਆਂ, ਚੰਡੀਗੜ੍ਹ ਵਾਲੀ ਤੇ ਤਾਂ ਮਹਾਸ਼ਿਆਂ ਦਾ ਹੀ ਗਲਬਾ ਰਹਿਣਾ ਚਾਹੁੰਦੇ ਏ। ਕਦੀ ਹਰਾਮਜ਼ਾਦੇ ਹਿੰਦੀ ਦਾ ਫਿਕਰਾ ਬੋਲੀ ਜਾਣਗੇ ਤੇ ਕਦੀ ਅੰਗਰੇਜ਼ੀ ਦਾ। ਪੰਜਾਬੀ ਨੂੰ ਤਾਂ ਇਹ ਗਵਾਰਾਂ ਦੀ ਭਾਸ਼ਾ ਸਮਝਦੇ ਰਹਿੰਦੇ ਨੇ।" "ਚਲੋ ਛੱਡੋ ਇਹਨਾਂ ਗੱਲਾਂ ਨੂੰ ਸਰ। ਅੱਜ ਇਮਤਿਹਾਨ ਕਿਵੇਂ ਰਿਹਾ?"

"ਪਤਵੰਤ ਸਿੰਘ ਜੀ, ਤੁਹਾਡਾ ਕੰਟਰੋਲ ਕਮਾਲ ਦਾ ਏ। ਨਕਲ ਨੂੰ ਤੁਸੀਂ ਠੱਲ੍ਹ ਪਾ ਕੇ ਰੱਖ ਦਿੱਤੀ। ਇਵੇਂ ਹੀ ਕੰਮ ਖਿੱਚੀ ਰੱਖੋ। ਮੈਨੂੰ ਨਹੀਂ ਲਗਦਾ ਕਿ ਯੂਨੀਵਰਸਿਟੀ ਵਾਲੇ ਦੁਆਰਾ ਆਉਣ। ਨਾਲੇ ਹੁਣ ਕਿਹੜਾ ਉਹ ਛਾਪਾ ਮਾਰਨ ਆਏ ਸਨ। ਉਜਾਗਰ ਮੱਲ ਦੀ ਘਟਨਾ ਕਰਕੇ ਉਹ ਚੱਕਰ ਮਾਰਨ ਆ ਗਏ। ਇੱਦਾਂ ਦੀ ਫਾਰਮੈਲਿਟੀ ਉਹਨਾਂ ਨੂੰ ਕਰਨੀ ਹੀ ਪੈਂਦੀ ਹੈ। ਅਗਰ ਨਾ ਕਰਨ ਤਾਂ ਅਖ਼ਬਾਰਾਂ ਵਿੱਚ ਨੁਕਤਾਚੀਨੀ ਵੀ ਹੋ ਸਕਦੀ ਹੁੰਦੀ ਏ। ਆਫਟਰ ਆਲ, ਸੁਪਰਡੈਂਟ ਨੂੰ ਦਿਲ ਦਾ ਦੌਰਾ ਪਿਆ ਏ। ਮਾੜੇ ਮੋਟੇ ਕੰਮ ਲਈ ਉਹ ਚੰਡੀਗੜ੍ਹੋਂ ਨਿਕਲਦੇ ਹੀ ਨਹੀਂ।"

"ਸਰ, ਸਾਰੇ ਕੰਮ ਸਹਿਯੋਗ ਨਾਲ ਹੀ ਹੁੰਦੇ ਹਨ। ਤੁਸੀਂ ਹਰ ਸਮੇਂ ਮੇਰੀ ਪਿੱਠ ਤੇ ਖੜ੍ਹੇ ਹੋ। ਤੁਹਾਡੇ ਸਹਿਯੋਗ ਨਾਲ ਬਾਕੀ ਦਿਨ ਵੀ ਠੀਕ ਹੀ ਨਿਕਲ ਜਾਣਗੇ।"

"ਡਾ. ਸਾਹਿਬ, ਤੁਹਾਡੇ ਸਿਰੜ ਅਤੇ ਤੁਹਾਡੀ ਸਾਫ ਨੀਯਤ ਨੂੰ ਦੇਖ ਕੇ ਤਾਂ ਮੈਨੂੰ ਦਰਸ਼ਨ ਸਿੰਘ ਫੇਰੂਮਾਨ ਯਾਦ ਆ ਗਿਐ। ਇਕ ਪਾਸੇ ਸੰਤ ਫਤਹਿ ਸਿੰਘ ਸੀ ਤੇ ਦੂਜੇ ਪਾਸੇ ਫੇਰੂਮਾਨ। ਤੁਸੀਂ ਤਾਂ ਦੋਹਾਂ ਬਾਰੇ ਖੂਬ ਪੜ੍ਹਿਆ ਹੋਵੇਗਾ?"

"ਸਾਹਿਬ ਜੀ, ਮੈਂ ਆਪਣਾ ਥੀਸਿਸ ਲਿਖਣ ਤੋਂ ਪਹਿਲਾਂ ਇਹ ਸਭ ਕੁੱਝ ਬੜੀ ਹੀ



ਬਾਰੀਕੀ ਨਾਲ ਪੜ੍ਹਿਆ ਸੀ। ਸੰਤ ਫ਼ੇਰੂਮਾਨ ਤਾਂ ਬਹੁਤ ਹੀ ਪਹੁੰਚੀ ਹੋਈ ਆਤਮਾ ਸੀ। ਅਸੀਂ ਤਾ ਉਹਦੇ ਪਾਂ ਪਾਸਕ ਵੀ ਨਹੀਂ ਹਾਂ। ਦੂਜੇ ਪਾਸੇ ਸੰਤ ਫਤਹਿ ਸਿੰਘ ਦਾ ਹਾਲ ਆਮ ਸਿੱਖ ਲੀਡਰਾਂ ਜਿਹਾ ਹੀ ਸੀ। ਫੇਰੂਮਾਨ ਨੇ 74 ਦਿਨ ਦਾ ਆਖੰਡ ਮਰਨ ਵਰਤ ਪੂਰਾ ਕਰ ਕੇ ਪ੍ਰਾਣ ਤਿਆਗੇ ਸਨ। ਇਹ 1969 ਦੇ ਸ਼ਾਇਦ ਅਕਤੂਬਰ ਮਹੀਨੇ ਦੀ ਗੱਲ ਏ। ਕੀ ਤੁਸੀਂ ਸੰਤ ਫ਼ੇਰੂਮਾਨ ਦੀ ਵਸੀਅਤ ਪੜ੍ਹੀ ਏ?"

"ਨਹੀਂ, ਡਾ. ਸਾਹਿਬ ਮੈਂ ਨਹੀਂ ਪੜ੍ਹੀ। ਹਾਂ, ਉਹਨਾਂ ਦੀ ਸਿਫਤ ਬੜੀ ਸੁਣੀ ਏ। ਤੁਸੀਂ ਤਾਂ ਪੜ੍ਹੀ ਹੋਵੇਗੀ?"

"ਮੈਂ ਪੜ੍ਹੀ ਹੀ ਨਹੀਂ, ਬਲਕਿ ਆਪਣੇ ਥੀਸਿਜ ਵਿੱਚ ਉਸਦਾ ਜ਼ਿਕਰ ਵੀ ਕੀਤਾ ਏ। ਕਹੋ ਤਾਂ ਕੱਲ੍ਹ ਥੀਸਿਜ ਲੈ ਆਵਾਂਗਾ ਤੇ ਤੁਹਾਨੂੰ ਪੜ੍ਹ ਕੇ ਸੁਣਾ ਦਿਆਂਗਾ।"

"ਜ਼ਰੂਰ, ਮੈਨੂੰ ਸੁਣ ਕੇ ਬੜੀ ਖ਼ੁਸ਼ੀ ਹੋਵੇਗੀ।" ਦੂਸਰੇ ਦਿਨ ਪਤਵੰਤ ਸਿੰਘ ਆਪਣਾ ਥੀਸਿਜ ਨਾਲ ਲੈ ਆਇਆ। ਉਸਦਾ ਪਰਚਾ ਸ਼ੁਰੂ ਕਰਵਾਉਣ ਤੋਂ ਪਹਿਲਾਂ ਸਾਹਿਬ ਨਾਲ ਉਸਦੇ ਘਰ ਹੀ ਮਿਲਣੀ ਹੋਈ।

"ਸਾਹਿਬ ਜੀ, ਸਤਿ ਸ੍ਰੀ ਅਕਾਲ।" ਘਰ ਪਹੁੰਚ ਦੇ ਸਾਰ ਪਤਵੰਤ ਸਿੰਘ ਨੇ ਸਾਹਿਬ ਨੂੰ ਫਤਹਿ ਬੁਲਾਈ।

"ਡਾ. ਸਾਹਿਬ, ਸਤਿ ਸ੍ਰੀ ਅਕਾਲ। ਮੈਨੂੰ ਲਗਦਾ ਏ ਕਿ ਤੁਸੀਂ ਮੈਨੂੰ ਫੇਰੂਮਾਨ ਦੀ ਵਸੀਅਤ ਦਿਖਾਣਾ ਚਾਹੁੰਦੇ ਹੋ?"

"ਜੀ ਸਰ, ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ।"

"ਜ਼ਰੂਰ ਪੜ੍ਹੋ ਜੀ।"

ਪਤਵੰਤ ਸਿੰਘ ਥੀਸਿਜ ਖੋਲ੍ਹ ਕੇ ਪੜ੍ਹਨ ਲੱਗ ਪਿਆ।

"ਬੀਤੀ ਅੱਧੀ ਸਦੀ ਵਿੱਚ ਮੈਂ ਪੰਥ ਦੀ ਚੜ੍ਹਦੀ ਕਲਾ ਅਤੇ ਦੇਸ਼ ਦੀ ਅਜ਼ਾਦੀ ਲਈ ਘੋਲ ਕਰਦਾ ਰਿਹਾ ਹਾਂ। ਮੇਰਾ ਇਹ ਜੀਵਨ ਲੋਕਾਂ ਦੇ ਸਾਹਮਣੇ ਹੈ।"

"ਹੁਣ ਦੇਸ਼ ਅਜ਼ਾਦ ਹੋ ਗਿਆ ਹੈ ਪਰ ਪੰਥ ਅਜੇ ਵੀ ਪ੍ਰਾਧੀਨ ਹੈ। ਦੇਸ਼ ਵਿੱਚ ਧਰਮ ਦੀ ਥਾਵੇਂ ਭ੍ਰਿਸ਼ਟਾਚਾਰ ਤੇ ਗਿਰਾਵਟ ਵਧ ਗਈ ਹੈ। ਪੰਥ ਦੀ ਰਾਜਨੀਤੀ ਅਤੇ ਗੁਰਧਾਮਾਂ ਉਤੇ ਦੰਭੀ ਸੰਤ ਮਹੰਤ ਪੰਥ ਦੇ ਦੋਖੀ ਛਾ ਗਏ ਹਨ। ਸਿੱਖ ਧਰਮ ਦੇ ਸਿਧਾਂਤ, ਖ਼ਾਲਸੇ ਦੀਆਂ ਰਵਾਇਤਾਂ ਅਤੇ ਸਿੰਘਾਂ ਦੇ ਇਤਿਹਾਸਕ ਗੌਰਵ ਨੂੰ ਪੈਰਾਂ ਹੇਠ ਲਿਤਾੜ ਦਿੱਤਾ ਗਿਆ ਹੈ।"

"ਸ੍ਰੀ ਅਕਾਲ ਤਕਤ ਦੇ ਹਜ਼ੂਰ ਮਰਨ ਵਰਤ ਅਤੇ ਜਿਉਂਦੇ ਸੜ ਮਰਨ ਦੇ ਅਰਦਾਸੇ ਕਰਨ ਵਾਲੇ ਕਾਇਰਤਾ ਦਾ ਰਾਹ ਫੜ ਕੇ ਪੰਥ ਤੇ ਸਿੱਖ ਧਰਮ ਅਤੇ ਪੰਜਾਬ ਸਰਕਾਰ ਉੱਤੇ ਪੂਰਨ ਅਤੇ ਪੱਕਾ ਜੱਫਾ ਪਾਈ ਰੱਖਣ ਦੀ ਸਾਜਸ਼ ਵਿੱਚ ਕਾਮਯਾਬ ਹੋ ਰਹੇ ਹਨ।"

"ਇਸ ਦੰਭ ਅਤੇ ਅਧਰਮ ਨੂੰ ਹੀ ਸਿੱਖਾਂ ਦਾ ਧਰਮ ਦਰਸਾਉਣ ਲਈ ਸ੍ਰੀ ਅਕਾਲ

ਤਖ਼ਤ ਦੇ ਸ਼ਰੀਕ, ਕੁੰਡ ਖੜ੍ਹੇ ਕਰ ਦਿੱਤੇ ਹਨ, ਜਿੰਨ੍ਹਾਂ ਨੂੰ ਧੱਕੇ ਤੇ ਸਰਕਾਰੀ ਸ਼ਹਿ ਨਾਲ ਕਾਇਮ ਰੱਖਿਆ ਜਾ ਰਿਹਾ ਹੈ।"

"ਪੰਥ ਦੀ ਅਧੋਗਤੀ ਅਤੇ ਅਪਮਾਨ ਜੋ ਅੱਜ ਹੋ ਰਿਹਾ ਹੈ ਅੱਗੇ ਕਦੇ ਨਹੀਂ ਹੋਇਆ।"

"ਧਰਮ ਦੀ ਦੁਰਦਸ਼ਾ ਜੋ ਅੱਜ ਕੀਤੀ ਜਾ ਰਹੀ ਹੈ ਪਹਿਲਾਂ ਕਦੇ ਨਹੀਂ ਹੋਈ।"

"ਸਿੱਖ ਰਾਜਨੀਤੀ ਵਿਚੋਂ ਸਾਧਾਂ, ਮਹੰਤਾਂ ਅਤੇ ਕੌਮ ਦੇ ਗਦਾਰਾਂ ਨੇ ਸਿੱਖੀ ਨੂੰ ਖਾਰਜ ਕਰਨ ਅਤੇ ਸਿੱਖਾਂ ਨੂੰ ਗੈਰਾਂ ਦੇ ਗੁਲਾਮ ਬਣਾਉਣ ਦੀ ਸਾਜਸ਼ ਪੱਕੇ ਤੌਰ ਤੇ ਰਚ ਲਈ ਹੈ।" "ਇਹ ਕੂੜ ਦੀ ਮੱਸਿਆ ਅਤੇ ਦੰਭ ਦਾ ਜਾਲ ਬਿਨਾ ਸਿਰ ਦਿੱਤਿਆਂ ਹੁਣ ਦੂਰ ਨਹੀਂ ਹੋਣਾ। ਇਹ ਅਰਦਾਸੇ ਭੰਗ ਕਰਨ ਦਾ ਪਾਪ, ਪੰਥ ਦੇ ਮੁੜ ਉੱਠ ਖੜ੍ਹੇ ਹੋਣ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ ਅਤੇ ਇਹ ਪਾਪ ਬਿਨਾ ਸੀਸ ਦਿੱਤਿਆਂ ਧੋਤਾ ਨਹੀਂ ਜਾਣਾ।"

"ਸ੍ਰੀ ਅਕਾਲ ਤਖ਼ਤ ਦੇ ਸ਼ਰੀਕ (ਸੰਤ) ਫਤਹਿ ਸਿੰਘ ਅਤੇ ਉਸਦੇ ਦੰਭੀ ਸਾਥੀਆਂ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ ਕੁੰਡ ਪੁਕਾਰ ਪੁਕਾਰ ਕੇ ਸਿੰਘਾਂ ਕੋਲੋਂ ਅਹੂਤੀਆਂ ਮੰਗ ਰਹੇ ਹਨ।"

"ਗੁਰੂ ਤੇ ਅਕਾਲਪੁਰਖ ਤੋਂ ਭਗੌੜਾ ਹੋ ਕੇ ਪੰਥ ਬਚ ਨਹੀਂ ਸਕਦਾ।"

"ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ ਆਪਣਾ ਸੀਸ ਦੇ ਕੇ ਪੰਥ ਦੇ ਅਖੌਤੀ ਲੀਡਰਾਂ ਅਤੇ ਸਿੱਖੀ ਦੇ ਗਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪਰਾਸ਼ਚਿਤ ਕਰੇ ਤਾਂ ਜੁ ਪੰਥ ਅਜ਼ਾਦ ਹਿੰਦੁਸਤਾਨ ਵਿੱਚ ਆਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵਲ ਅਗਲਾ ਕਦਮ ਚੁੱਕ ਸਕੇ।"

"ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਮੈਂ ਆਪਣਾ ਬਲੀਦਾਨ ਦੇਣ ਲੱਗਾ ਹਾਂ।"

"ਸੰਗਤਾਂ ਨੂੰ ਮੇਰੀ ਬੇਨਤੀ ਹੈ ਕਿ ਮੇਰੇ ਪਿੱਛੋਂ ਉਹ ਆਪਣਾ ਫ਼ਰਜ਼ ਪਛਾਨਣ। ਮੇਰੇ ਮਰਨ ਤੋਂ ਪਿੱਛੋਂ ਮੇਰੇ ਸਰੀਰ ਨੂੰ (ਸੰਤ) ਫਤਹਿ ਸਿੰਘ ਦੇ ਨਾਮ ਹੇਠਾਂ ਬਣਾਏ ਹੋਏ ਅਗਨੀਕੁੰਡ ਵਿੱਚ ਰੱਖ ਕੇ ਫੂਕ ਦਿੱਤਾ ਜਾਵੇ ਅਤੇ ਮੇਰੀਆਂ ਅਸਥੀਆਂ ਕੀਰਤਪੁਰ ਸਾਹਿਬ ਪੁਚਾ ਦਿੱਤੀਆਂ ਜਾਣ।"

"ਪੰਥ ਦੇ ਮਸੰਦਾਂ ਤੇ ਧਰਮ ਦੇ ਦੋਖੀਆਂ ਨਾਲ ਯਥਾਯੋਗ ਸਲੂਕ ਕੀਤਾ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਉੱਤੇ ਬਣੇ ਹੋਏ ਦੰਭ ਅਤੇ ਪਖੰਡ ਦੀਆਂ ਨਿਸ਼ਾਨੀਆਂ, ਅਗਨੀ ਕੁੰਡ, ਢਾਹ ਦਿੱਤੇ ਜਾਣ।"

"ਸੰਗਤਾਂ ਅਰਦਾਸ ਕਰਨ ਕਿ ਸਾਹਿਬ ਦਸਮ ਪਾਤਸ਼ਾਹ ਮੇਰੀ ਤੁੱਛ ਕੁਰਬਾਨੀ ਕਬੂਲ ਕਰਨ ਅਤੇ ਆਪਣੇ ਪੰਥ ਦੀ ਬਹੁੜੀ ਕਰਨ।"

"ਸੰਪੂਰਣ ਪੰਜਾਬ ਜ਼ਿੰਦਾਬਾਦ।"

"ਸੰਪੂਰਣ ਸਿੱਖ ਹੋਮਲੈਂਡ ਅਮਰ ਰਹੇ।"



"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।"

"ਸਾਹਿਬ ਜੀ, ਕੀ ਤੁਹਾਨੂੰ ਪਤਾ ਏ ਕਿ ਸੰਤ ਫਤਿਹ ਸਿੰਘ ਨੇ ਇਹ ਵਸੀਅਤ ਪੜ੍ਹਕੇ ਕੀ ਕਿਹਾ ਸੀ?"

"ਕੀ ਕਿਹਾ ਸੀ?"

"ਉਸਨੇ ਕਿਹਾ ਸੀ ਕਿ ਦਰਸ਼ਨ ਸਿੰਘ ਪਾਖੰਡੀ ਏ ਤੇ ਦਿੱਲੀ ਦੀ ਸਰਕਾਰ ਦਾ ਹੱਥ ਠੋਕਾ ਏ।"

"ਡਾ. ਸਾਹਿਬ, ਮੈਨੂੰ ਅਖ਼ਬਾਰਾਂ ਵਿੱਚ ਪੜ੍ਹੇ ਫੇਰੂਮਾਨ ਦੇ ਵਿਚਾਰ ਥੋੜ੍ਹੇ ਥੋੜ੍ਹੇ ਤਾਂ ਯਾਦ ਹਨ ਪਰੰਤੂ ਸਪੱਸ਼ਟ ਰੂਪ ਵਿੱਚ ਪੂਰੇ ਪੂਰੇ ਯਾਦ ਨਹੀਂ ਹਨ। ਤੁਸੀਂ ਤਾਂ ਸਭ ਕੁੱਝ ਬੜੀ ਬਾਰੀਕੀ ਨਾਲ ਜਾਣਦੇ ਹੋ। ਤੁਹਾਡੀ ਡਾਕਟਰੀ ਦੀ ਪੜ੍ਹਾਈ ਹੀ ਇਸ ਖੇਤਰ ਵਿੱਚ ਏ। ਫੇਰੂਮਾਨ ਬਾਰੇ ਕੁੱਝ ਹੋਰ ?"

"ਰਈਆ ਮੰਡੀ ਵਿੱਚ ਇਕ ਕਾਨਫਰੰਸ ਰੱਖੀ ਗਈ ਸੀ ਜਿਸ ਵਿੱਚ ਫੇਰੂਮਾਨ ਨੇ ਐਲਾਨ ਕੀਤਾ ਸੀ ਕਿ ਉਹ 15 ਅਗਸਤ ਨੂੰ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਸ੍ਰੀ ਅਕਾਲ ਤਕਤ ਦੇ ਹਜ਼ੂਰ ਅਰਦਾਸਾਂ ਕਰੇਗਾ। ਇਸ ਪ੍ਰਕਾਰ ਦਾ ਅਰਦਾਸਾ ਫਤਿਹ ਸਿੰਘ ਤੇ ਉਸਦੇ ਸਾਥੀਆਂ ਨੇ ਕਈ ਵਾਰ ਕਰਕੇ ਤੋੜਿਆ ਸੀ। ਫ਼ੇਰੂਮਾਨ ਨੇ ਕਿਹਾ ਸੀ ਕਿ ਅਰਦਾਸੇ ਤੋਂ ਬਾਅਦ ਉਹ ਅਖੰਡ ਮਰਨ ਵਰਤ ਧਾਰਨ ਕਰ ਲੈਣਗੇ। ਜਾਂ ਅਰਦਾਸਾ ਪੂਰਾ ਹੋਵੇਗਾ ਤੇ ਜਾਂ ਉਹ ਆਪਣੀ ਜਾਨ ਦੇ ਦੇਣਗੇ। ਨੌਂ ਅਗਸਤ ਨੂੰ ਇਕ ਗੁਰਦਿੱਤ ਸਿੰਘ ਨਾਮ ਦੇ ਵਿਅਕਤੀ ਨੇ ਬਿਆਸ ਥਾਣੇ ਵਿੱਚ ਇਕ ਰਪਟ ਦਰਜ ਕਰਵਾ ਦਿੱਤੀ ਸੀ ਜਾਂ ਉਸ ਪਾਸੋਂ ਦਰਜ ਕਰਵਾਈ ਗਈ ਸੀ। ਰਪਟ ਵਿੱਚ ਲਿਖਿਆ ਸੀ "ਦਰਸ਼ਨ ਸਿੰਘ ਫੇਰੂਮਾਨ, ਖੁਲ੍ਹਮ ਖੁਲ੍ਹਾ ਫਤਿਹ ਸਿੰਘ ਨੂੰ ਪਖੰਡੀ ਤੇ ਧੋਖੇਬਾਜ਼ ਸਾਧ ਕਹਿ ਰਿਹਾ ਹੈ। ਹੋਰ, ਦਰਸ਼ਨ ਸਿੰਘ ਫੇਰੂਮਾਨ 'ਮੌਜੂਦਾ' ਅਕਾਲੀ ਜਨਸੰਗ ਦੇ ਗਠ-ਜੋੜ ਰਾਹੀਂ ਬਣਾਈ ਹੋਈ ਪੰਜਾਬ ਦੀ ਵਜਾਰਤ ਨੂੰ ਪੰਥ ਦੀ ਸਰਕਾਰ ਜਾਂ ਪੰਥ ਦਾ ਭਲਾ ਚਾਹੁਣ ਵਾਲੀ ਸਰਕਾਰ ਨਹੀਂ ਮੰਨਦਾ।" ਇਸ ਰਪਟ ਦੇ ਅਧਾਰ ਤੇ 12 ਅਤੇ 13 ਅਗਸਤ ਦੀ ਰਾਤ ਨੂੰ ਪੰਜਾਬ ਪੁਲਿਸ ਨੇ ਫ਼ੇਰੂਮਾਨ ਨੂੰ ਪੰਜਾਬ ਸਕਿਊਰਟੀ ਐਕਟ ਅਧੀਨ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ ਵਿੱਚ ਸੁੱਟ ਦਿੱਤਾ ਸੀ। ਫ਼ੇਰੂਮਾਨ ਨੇ ਆਪਣੇ ਅਰਦਾਸੇ ਤੇ ਪੂਰਾ ਉਤਰਦਿਆਂ 15 ਅਗਸਤ ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ ਸੀ। ਸੰਤ ਫਤਿਹ ਸਿੰਘ ਨੇ ਉਸਦੇ ਖ਼ਿਲਾਫ਼ ਬਥੇਰਾ ਭੰਡੀ ਪ੍ਰਚਾਰ ਕੀਤਾ ਸੀ ਪ੍ਰੰਤੂ ਉਸਨੇ ਆਪਣਾ ਵਰਤ ਜਾਰੀ ਰੱਖਿਆ ਸੀ। ਸਤੰਬਰ ਦੇ ਤੀਜੇ ਹਫ਼ਤੇ ਮੁੱਖ ਮੰਤਰੀ ਗੁਰਨਾਮ ਸਿੰਘ ਦੇ ਦਖ਼ਲ ਨਾਲ ਫ਼ੇਰੂਮਾਨ ਆਪਣੇ ਸਰੀਰ ਦਾ ਦਾਹ ਸੰਸਕਾਰ ਅਕਾਲ ਤਖ਼ਤ ਸਾਹਿਬ ਤੇ ਬਣੇ ਅਗਨੀ ਕੁੰਡ ਵਿੱਚ ਕਰਵਾਉਣ ਦੀ ਬਿਜਾਏ ਆਪਣੇ ਪਿੰਡ ਫੇਰੂਮਾਨ ਵਿੱਚ ਕਰਵਾਉਣ ਲਈ ਮੰਨ ਗਏ। ਇਸੀ ਸਮੇਂ ਫ਼ੇਰੂਮਾਨ ਨੂੰ ਅੰਮ੍ਰਿਤਸਰ ਜੇਲ੍ਹ ਵਿੱਚੋਂ ਕੱਢ ਕੇ ਅੰਮ੍ਰਿਤਸਰ ਦੇ ਸਰਕਾਰੀ

ਹਸਪਤਾਲ ਵਿੱਚ ਲਿਆਂਦਾ ਗਿਆ ਸੀ। ਇੱਥੇ ਵੀ ਉਹ ਪੁਲਿਸ ਦੀ ਕੜੀ ਨਿਗਰਾਨੀ ਵਿੱਚ ਹੀ ਰਹੇ ਸਨ। 25 ਅਕਤੂਬਰ ਨੂੰ ਉਹ ਬੜੇ ਕਮਜ਼ੋਰ ਹੋ ਗਏ ਸਨ। ਉਹਨਾਂ ਐਲਾਨ ਕੀਤਾ ਸੀ, "ਮੇਰੇ ਜਿਉਂਦੇ ਜੀ ਅਤੇ ਮੇਰੇ ਮਰਨ ਪਿੱਛੋਂ, ਕਿਸੇ ਹਾਲਤ ਵਿੱਚ ਵੀ, ਫਤਿਹ ਸਿੰਘ ਸਾਧ ਦਾ ਭ੍ਰਿਸ਼ਟ ਪਰਛਾਵਾਂ ਮੇਰੇ (ਦਰਸ਼ਨ ਸਿੰਘ ਜੀ ਦੇ) ਸਰੀਰ ਤੇ ਨਾ ਪੈਣ ਦਿੱਤਾ ਜਾਵੇ।" 27 ਅਕਤੂਬਰ ਨੂੰ ਸੰਤ ਫਤਿਹ ਸਿੰਘ ਆਪਣੇ ਸਾਥੀਆਂ ਸਮੇਤ ਫੁੱਲਾਂ ਦੀ ਟੋਕਰੀ ਲੈ ਕੇ ਹਸਪਤਾਲ ਵਿੱਚ ਮਰ ਰਹੇ ਫੇਰੂਮਾਨ ਨੂੰ ਝੂਠੀ ਸ਼ਰਧਾਂਜਲੀ ਦੇਣ ਗਿਆ ਸੀ। ਉਸ ਸਮੇਂ ਇਕ ਅਜੀਬ ਕੌਤਕ ਵਰਤ ਗਿਆ।"

"ਕੌਤਕ! ਉਹ ਕੀ?"

"ਜਦ ਸੰਤ ਫਤਿਹ ਸਿੰਘ ਨੇ ਫ਼ੇਰੂਮਾਨ ਦੇ ਕਮਰੇ ਵਿੱਚ ਪੈਰ ਰੱਖਿਆ ਐਨ ਉਸੀ ਵਕਤ ਸਾਰੇ ਸ਼ਹਿਰ ਦੀ ਬਿਜਲੀ ਬੰਦ ਹੋ ਗਈ ਸੀ। ਇਹ ਬਿਜਲੀ 8 ਘੰਟੇ ਬੰਦ ਰਹੀ ਸੀ। ਇਵੇਂ ਸ਼ਹੀਦ ਦੀ ਅੰਤਮ ਇੱਛਾ ਕਿ ਸੰਤ ਫਤਹ ਸਿੰਘ ਤੇ ਉਸਦੇ ਸਾਥੀਆਂ ਦਾ ਨਾਪਾਕ ਪਛਤਾਵਾ ਉਸ ਉਤੇ ਨਾ ਪਵੇ ਪੂਰੀ ਹੋਈ ਸੀ। 27 ਅਕਤੂਬਰ ਨੂੰ ਸ਼ਾਮ ਤਿੰਨ ਵਜੇ 74 ਦਿਨ ਦੇ ਆਖੰਡ ਮਰਨ ਵਰਤ ਤੋਂ ਬਾਅਦ ਦਰਸ਼ਨ ਸਿੰਘ ਫੇਰੂਮਾਨ ਪੂਰੇ ਹੋ ਗਏ ਸਨ। ਅੰਤਮ ਸੰਸਕਾਰ ਪਿੰਡ ਫੇਰੂਮਾਨ ਵਿਖੇ ਹੋਇਆ ਸੀ। ਸਾਹਿਬ ਜੀ, ਇਸ ਪ੍ਰਕਾਰ ਘਟੀਆ ਸਿਆਸਤ ਤੇ ਵਧੀਆ ਕਿਰਦਾਰ ਆਪਸ ਵਿੱਚ ਟਕਰਾਉਂਦੇ ਹੀ ਰਹੇ ਹਨ। ਇਹੀ ਦੁਖਾਂਤ ਅੱਜ ਦੇ ਪੰਜਾਬ ਦਾ ਏ।"

"ਡਾ. ਸਾਹਿਬ, ਅੱਜ ਤਾਂ ਤੁਸੀਂ ਕਾਫੀ ਸਮਾਂ ਲੰਮੀਆਂ ਵਿਚਾਰਾਂ ਵਿੱਚ ਲਾ ਦਿੱਤਾ। ਤੁਹਾਡੀ ਬੜੀ ਮਿਹਰਬਾਨੀ। ਤੁਸੀਂ ਹੁਣ ਚੱਲੋ। ਮੈਂ ਅਜੇ ਦਫ਼ਤਰ ਦੇ ਕੁੱਝ ਕੰਮ ਕਰਨੇ ਹਨ।"

ਪ੍ਰਸ਼ੋਤਮ ਨੇ ਡਿਊਟੀ ਜਾਣ ਲਈ ਬੱਸ ਫੜੀ। ਕਾਂਤਾ ਇਸ ਬੱਸ ਵਿੱਚ ਪਿੱਛਿਓਂ ਹੀ ਆ ਰਹੀ ਸੀ। ਕੁਦਰਤੀ ਤੌਰ ਤੇ ਸੀ ਵੀ ਬੱਸ ਖਾਲੀ ਖਾਲੀ। ਬੱਸ ਅੰਦਰ ਜਾਂਦੇ ਸਾਰ ਜਦ ਪ੍ਰਸ਼ੋਤਮ ਨੇ ਕਾਂਤਾ ਨੂੰ ਦੇਖਿਆ ਤਾਂ ਉਸਨੇ ਉਸਨੂੰ 'ਨਮਸਕਾਰ' ਕਹੀ। ਕਾਂਤਾ ਨੇ ਆਪਣੇ ਨਾਲ ਦੀ ਸੀਟ ਉਸਨੂੰ ਆਫਰ ਕਰ ਦਿੱਤੀ।

"ਮੈਡਮ ਕਈ ਦਿਨਾਂ ਬਾਅਦ ਆਏ ਹੋ?"

"ਹਾਂ, ਕਾਲਜ ਵਿਚ ਸੈਮੀਨਾਰ ਸੀ। ਮੈਂ ਉਸ ਵਿੱਚ ਕਾਫੀ ਬਿਜ਼ੀ ਰਹੀ। ਮੇਰੀ ਜਗ੍ਹਾਂ ਤੁਸੀਂ ਵੀ ਇਕ ਡਿਊਟੀ ਦਿੱਤੀ ਸੀ। ਕਿਵੇਂ ਚੱਲ੍ਹ ਰਿਹਾ ਹੈ ਸੈਂਟਰ?" "ਤੁਹਾਨੂੰ ਪਤਾ ਨਹੀਂ ਲੱਗਾ? ਸੁਪਰਡੈਂਟ ਤਾਂ ਬਦਲ ਗਿਆ ਏ।"

"ਉਹ ਕਿਉ?"

"ਤੁਹਾਨੂੰ ਪਤਾ ਹੀ ਨਹੀਂ?"

"ਬਿਲਕੁਲ ਵੀ ਨਹੀਂ।"



"ਉਜਾਗਰ ਮੱਲ ਤਾਂ ਹਸਪਤਾਲ ਪਿਆ ਏ। ਉਸਨੂੰ ਤਾਂ ਦਿਲ ਦਾ ਦੌਰਾ ਪੈ ਗਿਆ ਸੀ।"

"ਰੀਅਲੀ? ਇਹ ਕਿਵੇਂ ਹੋ ਗਿਆ?"

"ਵਿਚਾਰਾ ਘਬਰਾ ਗਿਆ।"

"ਕਿਸ ਗੱਲ ਕਰਕੇ?"

"ਇਕ ਖਾੜਕੂ ਜੇਲ੍ਹ 'ਚੋਂ ਪਰਚਾ ਦੇਣ ਆਇਆ ਸੀ। ਉਸਦੇ ਨਾਲ ਪੁਲਿਸ ਦੀ ਗਾਰਦ ਸੀ। ਜਾਂਦਾ ਹੋਇਆ ਸੁਪਰਡੈਂਟ ਨੂੰ ਧਮਕੀ ਦੇ ਗਿਐ। ਕਹਿੰਦਾ ਨਕਲ ਬੰਦ ਹੋਣੀ ਚਾਹੀਦੀ ਏ।"

"ਫਿਰ ਨਕਲ ਬੰਦ ਹੋ ਗਈ?"

"ਬਿਲਕੁਲ ਬੰਦ ਹੋ ਗਈ। ਨਵਾਂ ਸੁਪਰਡੈਂਟ ਡਾ. ਪਤਵੰਤ ਸਿੰਘ ਨੂੰ ਬਣਾ ਦਿੱਤਾ ਗਿਆ ਏ। ਉਸਨੇ ਪੂਰੀ ਸਖ਼ਤੀ ਕਰ ਦਿੱਤੀ।"

"ਫਿਰ ਆਪਣੇ ਤਾਂ ਮਜ਼ੇ ਹੀ ਮਜ਼ੇ।"

"ਉਹ ਕਿਵੇਂ?"

"ਅਗਰ ਜ਼ਿੰਮੇਵਾਰੀ ਆਪਣੇ ਸਿਰ ਲਏ ਬਗੈਰ ਹੀ ਕੋਈ ਕੰਮ ਹੋਈ ਜਾਵੇ ਤਾਂ ਹੋਰ ਕੀ ਚਾਹੀਦਾ ਏ ਸੁਪਰਡੈਂਟ ਨੇ ਸਖ਼ਤ ਸਟੈਂਡ ਲੈ ਲਿਆ। ਖਤਰਾ ਹੋਊ ਤਾਂ ਉਹਨੂੰ ਹੋਊ। ਆਪਾਂ ਤਾਂ ਜਿੱਦਾਂ ਪਹਿਲਾਂ ਡੰਗ ਟਪਾ ਕੇ ਆ ਜਾਈਦਾ ਸੀ ਉਵੇਂ ਹੀ ਹੁਣ ਡੰਗ ਟਪਾ ਕੇ ਆ ਜਾਇਆ ਕਰਾਂਗੇ।

"ਬੜੀ ਸੋਹਣੀ ਹਿੰਦੂਆਂ ਵਾਲੀ ਪਾਲਸੀ ਏ। ਇਤਿਹਾਸ ਵਿੱਚ ਵੀ ਹਿੰਦੂ ਅਕਸਰ ਇਵੇਂ ਹੀ ਕਰਦੇ ਰਹੇ ਨੇ। ਕੰਮ ਵੀ ਹੋ ਜਾਵੇ, ਸਿਰ ਵੀ ਨਾ ਆਵੇ। ਸਾਡੇ ਮਹੁੱਲੇ ਪਿੱਛੇ ਜਹੇ ਇਕ ਲੜਾਈ ਹੋ ਪਈ। ਲਾਲਿਆਂ ਨੇ ਇਕ ਦੋ ਸਿੱਖਾਂ ਨੂੰ ਤੂਲ ਦੇ ਕੇ ਅੱਗੇ ਕਰ ਦਿੱਤਾ ਆਪ ਪਿੱਛੇ ਹਟ ਗਏ। ਨੁਕਸਾਨ ਸਿੱਖਾਂ ਦਾ ਹੋ ਗਿਆ, ਲਾਲੇ ਕੱਛਾਂ ਵਜਾਂਦੇ ਫਿਰਨ।"

"ਸਿੱਖ ਮੂਹਰੇ ਨਾ ਆਉਂਦੇ, ਉਹ ਮੂਰਖ ਨਾ ਬਣਦੇ?"

"ਸਿੱਖਾਂ ਦੇ ਮਨ ਵਿੱਚ ਮਜ਼ਲੂਮ ਦੀ ਰੱਖਿਆ ਕਰਨ ਦਾ ਵਿਚਾਰ ਆ ਹੀ ਜਾਂਦਾ ਏ। ਸਿੱਖ ਧਰਮ ਹੀ ਇਸ ਸਿਧਾਂਤ ਤੇ ਅਧਾਰਤ ਏ। ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਨੇ ਤਾਂ ਇਸ ਸਿਧਾਂਤ ਦੀ ਖਾਤਰ ਆਪਣਾ ਸੀਸ ਦੇ ਦਿੱਤਾ ਸੀ। ਅਗਰ ਸਿੱਖ ਇੰਝ ਨਾ ਕਰਦੇ ਹੁੰਦੇ ਤਾਂ ਸ਼ਾਇਦ ਹੁਣ ਤੱਕ ਅਸੀਂ ਸਭ ਮੁਸਲਮਾਨ ਹੁੰਦੇ ਅਗਰ ਨਾ ਹੋਤੇ ਗੋਬਿੰਦ ਸਿੰਘ ਤੋਂ ਸੁੰਨਤ ਹੋਤੀ ਸਭ ਕੀ! ਚਲੋ ਛੱਡੋ ਇਹਨਾਂ ਗੱਲਾਂ ਨੂੰ। ਤੁਸੀਂ ਇਹ ਦੱਸੋ ਕਿ ਸੈਮੀਨਾਰ ਕਿਵੇਂ ਰਿਹਾ? ਕਿੰਨੇ ਕੁ ਬੁੱਧੀਜੀਵੀਆਂ ਨੇ ਹਿੱਸਾ ਲਿਆ?"

"ਬਹੁਤ ਵਧੀਆ ਰਿਹਾ। ਅੱਠ ਲੋਕਾਂ ਨੇ ਆਪਣੇ ਪਰਚੇ ਪੜ੍ਹੇ"

"ਕੋਈ ਲਾਲੇ ਖ਼ਿਲਾਫ਼ ਤਾਂ ਨਹੀਂ ਜ਼ਿਆਦਾ ਬੋਲਿਆ?"

"ਇਕ ਵਕਤਾ ਸੀ ਡਾ. ਬੋਪਾਰਾਏ। ਉਹਨੇ ਲਾਲੇ ਦੇ ਖ਼ਿਲਾਫ਼ ਕਈ ਕੁੱਝ ਬੋਲਿਆ।"

"ਪਿੱਛੇ ਜਿਹੇ ਬੜਾ ਕੁੱਝ ਛਪਿਆ ਸੀ ਕਿ ਲਾਲੇ ਦੀ ਮੌਤ ਲਾਠੀਆਂ ਨਾਲ ਨਹੀਂ ਹੋਈ ਸੀ।"

"ਤੁਸੀਂ ਇਸ ਵਿਸ਼ੇ ਪਿੱਛੇ ਹੀ ਐਨੇ ਜ਼ਿਆਦਾ ਕਿਉਂ ਪਏ ਹੋਏ ਹੋ? ਅਗਰ ਲਾਲੇ ਦੀ ਮੌਤ ਲਾਠੀਆਂ ਨਾਲ ਨਾ ਵੀ ਹੋਈ ਤਾਂ ਕਿਹੜਾ ਉਸਦੀ ਆਜ਼ਾਦੀ ਦੇ ਸੰਗਰਾਮ ਵਿੱਚ ਸਰਗਰਮੀ ਨੇ ਬਹੁਤ ਨੀਵਾਂ ਹੋ ਜਾਣਾ ਏ। ਸਾਈਮਨ ਕਮਿਸ਼ਨ ਦੀ ਵਿਰੋਧਤਾ ਵਿੱਚ ਉਸਨੇ ਵਧ ਚੜ੍ਹ ਕੇ ਹਿੱਸਾ ਲਿਆ ਹੀ ਸੀ। ਅਲੋਚਕ ਕਈ ਵਾਰ ਐਵੇਂ ਨਿੱਕੀਆਂ-2 ਗੱਲਾਂ ਨੂੰ ਉਲਾਰਨ ਲੱਗ ਜਾਂਦੇ ਹਨ। ਐਵੇਂ ਵਾਲ ਦੀ ਖੱਲ ਨਾ ਉਤਾਰਿਆ ਕਰੋ। ਇਸ ਤਰ੍ਹਾਂ ਦੀ ਵਾਲ ਦੀ ਖੱਲ ਬੋਪਾਰਾਏ ਆਪਣੇ ਪਰਚੇ ਵਿੱਚ ਉਤਾਰਦਾ ਰਿਹਾ।"

"ਤੁਸੀਂ ਗਦਰ ਲਹਿਰ ਤੇ ਨਾਮਧਾਰੀ ਲਹਿਰ ਦਾ ਵੀ ਪੂਰਾ ਜ਼ਿਕਰ ਕੀਤਾ ਹੋਵੇਗਾ?"

"ਇਹ ਤਾਂ ਕਰਨਾ ਹੀ ਸੀ। ਲੈ ਦੇ ਕੇ ਮੇਰੀ ਫਵਰਡੋਰਮਓਨਚਏ ਚੰਗੀ ਹੀ ਰਹੀ।"

"ਇਸ ਪ੍ਰਕਾਰ ਦਾ ਹੀ ਕੋਈ ਟੌਪਿਕ ਲੈ ਕੇ ਹੁਣ ਪੀ.ਐਚ.ਡੀ ਵੀ ਕਰ ਲਵੋ। ਡਾ. ਕਾਂਤਾ ਬਣ ਜਾਵੋਗੇ।"

"ਤੁਹਾਨੂੰ ਮੇਰਾ ਬੜਾ ਫਿਕਰ ਏ। ਆਪਣੀ ਘਰਵਾਲੀ ਨੂੰ ਪੀ. ਐਚ. ਡੀ. ਕਰਵਾ ਲਿਓ।"

"ਕੀ ਪਤਾ ਘਰਵਾਲੀ ਕਿਹੋ ਜਿਹੀ ਹੋਵੇਗੀ?"

"ਜਿਹੋ ਜਿਹੀ ਲੱਭੋਗੇ ਮਿਲ ਜਾਵੇਗੀ। ਕਹੋ ਤਾਂ ਮੈਂ ਲੱਭ ਦਿਆਂ ? ਕਿਹੋ ਜਿਹੀ ਪਸੰਦ ਕਰਦੇ ਹੋ? ਮੇਰੇ ਕਾਲਜ ਵਿੱਚ ਵੀ ਕਈ ਮੈਡਮਾਂ ਕੰਵਾਰੀਆਂ ਹਨ।"

"ਤੁਸੀਂ ਵੀ ਤਾਂ ਕੰਵਾਰੇ ਹੀ ਹੋ?"

"ਅੱਛਾ ਤਾਂ ਇਹ ਗੱਲ ਏ। ਮੈਂ ਤਾਂ ਅਜੇ ਦੋ ਕੁ ਸਾਲ ਸੋਚ ਕੇ ਵਿਆਹ ਕਰਵਾਵਾਂਗੀ।"

"ਕਿਓਂ? ਸਿਰ ਤੇ ਕੋਈ ਖ਼ਾਸ ਜ਼ਿੰਮੇਵਾਰੀ ਏ?"

"ਹਾਂ, ਪਹਿਲਾਂ ਮੈਂ ਅਜੇ ਆਪਣੀ ਵੱਡੀ ਭੈਣ ਦਾ ਵਿਆਹ ਦੇਖਣਾ ਏ। ਉਹ ਜ਼ਿਆਦਾ ਨਹੀਂ ਪੜ੍ਹੀ। ਉਸਦੀ ਜ਼ਿੰਮੇਵਾਰੀ ਮੇਰੇ ਸਿਰ ਤੇ ਹੀ ਏ।"

"ਕੀ ਤੁਹਾਡੇ ਮਾਂ ਬਾਪ ਇਹ ਜ਼ਿੰਮੇਵਾਰੀ ਪੂਰੀ ਨਹੀਂ ਕਰਨਗੇ ?"

"ਮੇਰੇ ਪਿਤਾ ਜੀ ਪੂਰੇ ਹੋ ਚੁੱਕੇ ਹਨ। ਮਾਤਾ ਜੀ ਦੀ ਉਮਰ ਕਾਫੀ ਹੋ ਚੁੱਕੀ ਏ। ਉਹ ਵੱਡੀ ਭੈਣ ਲਈ ਫਿਕਰਮੰਦ ਵੀ ਕਾਫੀ ਰਹਿੰਦੀ ਏ।"

"ਪਿਤਾ ਜੀ ਦੀ ਮੌਤ ਕਿਵੇਂ ਹੋਈ?"

"ਕੁੱਝ ਜ਼ਿਆਦਾ ਹੀ ਸ਼ਰਾਬ ਪੀਂਦੇ ਸਨ। ਬਸ ਲਿਵਰ ਖ਼ਰਾਬ ਹੋ ਗਿਆ ਸੀ। ਉਦੋਂ ਤੋਂ ਮਾਤਾ ਜੀ ਸ਼ਰਾਬੀ ਲੋਕਾਂ ਨਾਲ ਬੜੀ ਘਿਰਣਾ ਕਰਨ ਲੱਗ ਪਏ ਸਨ। ਸਾਨੂੰ ਸਭ ਨੂੰ ਸ਼ਰਾਬ ਨਾਲ ਬੜੀ ਨਫ਼ਰਤ ਹੋ ਗਈ ਸੀ।"

"ਇਸਦਾ ਮਤਲਬ ਇਹ ਕਿ ਤੁਸੀਂ ਟੀਟੋਟਲਰ ਪਤੀ ਲੱਭੋਗੇ?"

"ਹਾਂ, ਲਗਦਾ ਤਾਂ ਇਸ ਤਰ੍ਹਾਂ ਹੀ ਏ।"

"ਫਿਰ ਤਾਂ ਕਿਸਮਤ ਫੁੱਟ ਗਈ", ਪ੍ਰਸ਼ੋਤਮ ਨੇ ਬਿਨਾਂ ਬੋਲੇ ਦਿਲ ਹੀ ਦਿਲ ਵਿੱਚ ਹਾਉਕਾ ਲਿਆ।

"ਤੁਸੀਂ ਸੁਨਿਆਰੇ ਹੋ ਕੇ ਵੀ ਸਿੱਖਾਂ ਦਾ ਬੜਾ ਪੱਖ ਪੂਰਦੇ ਹੋ। ਲਗਦਾ ਏ ਤੁਸੀਂ ਸਰਦਾਰ ਸੁਨਿਆਂਰੇ ਹੋ?"

"ਮੈਂ ਤੁਹਾਨੂੰ ਦੇਖਣ ਨੂੰ ਸਿੱਖ ਲਗਦਾ ਹਾਂ ?"

"ਬਥੇਰੇ ਮੋਨੇ ਵੀ ਸਿੱਖ ਹਨ। ਜੱਟ ਬਥੇਰੇ ਮੋਨੇ ਹਨ ਫਿਰ ਵੀ ਸਿੱਖ ਧਰਮ ਨੂੰ ਮੰਨਦੇ ਹਨ। ਸਵਾਲ ਮੋਨੇ ਜਾਂ ਕੇਸਧਾਰੀ ਦਾ ਨਹੀਂ ਹੁੰਦਾ ਏ। ਦੇਖਣਾ ਇਹ ਹੁੰਦਾ ਏ ਕਿ ਕੋਈ ਕਿਸ ਧਰਮ ਅਸਥਾਨ 'ਤੇ ਜਾਂਦਾ ਏ। ਪੰਜਾਬ ਵਿੱਚ ਹੋਰ ਜਾਤਾਂ ਦੇ ਸਿੱਖ ਬਥੇਰੇ ਮੋਨੇ ਵੀ ਹਨ ਤੇ ਕੇਸਧਾਰੀ ਵੀ। ਰਾਜਪੂਤ ਖੱਤਰੀ ਤੇ ਸੈਣੀ ਮੋਨੇ ਵੀ ਹਨ ਤੇ ਕੇਸਧਾਰੀ ਵੀ।"

"ਗੱਲ ਤਾਂ ਤੁਹਾਡੀ ਠੀਕ ਏ। ਬੰਦਾ ਬਹਾਦਰ ਵੀ ਤਾਂ ਪਿਛੋਕੜ ਤੋਂ ਰਾਜਪੂਤ ਹੀ ਸੀ। ਤੁਸੀਂ ਜਾਣਦੇ ਹੀ ਹੋ ਕਿ ਉਸਦਾ ਸਿੱਖ ਇਤਿਹਾਸ ਵਿੱਚ ਕਿੰਨਾ ਯੋਗਦਾਨ ਏ। ਉਸਦਾ ਪਹਿਲਾ ਨਾ ਮਾਧੋਦਾਸ ਸੀ। ਉਹ ਗੁਰੂ ਗੋਬਿੰਦ ਸਿੰਘ ਦਾ ਐਸਾ ਪੈਰੋਕਾਰ ਬਣਿਆ ਕਿ ਮੌਕੇ ਦੇ ਜਾਲਮ ਨੀਜ਼ਾਮ ਨੂੰ ਚਣੇ ਚਬਾ ਦਿੱਤੇ। ਬਹਾਦਰ ਸ਼ਾਹ ਜਫਰ, ਜਹਾਂਦਾਰ ਸ਼ਾਹ ਤੇ ਫਰਖੁਸ਼ੀਅਰ ਤਿੰਨੇ ਮੁਗਲ ਬਾਦਸ਼ਾਹ ਚੱਕਰਾਂ ਵਿਚ ਪਾ ਛੱਡੇ। ਨੌਵੀਂ ਪਾਤਸ਼ਾਹੀ ਦੀ ਸ਼ਹੀਦੀ ਤੇ ਦਸਵੀਂ ਪਾਤਸ਼ਾਹੀ ਤੇ ਮੁਗਲਾਂ ਵਲੋਂ ਕੀਤੇ ਗਏ ਜ਼ੁਲਮ ਦਾ ਐਸਾ ਬਦਲਾ ਲਿਆ ਕਿ ਸਿੱਖਾਂ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ।"

"ਤੁਸੀਂ ਮੁੜ ਘਿੜ ਕੇ ਸੀਰੀਅਸ ਗੱਲਾਂ ਕਰਨ ਲੱਗ ਪੈਂਦੇ ਹੋ। ਹਰ ਸਮੇਂ ਕਿਤਾਬੀ ਗੱਲਾਂ ਹੀ ਨਹੀਂ ਕਰੀ ਜਾਣੀਆਂ ਚਹੀਦੀਆਂ। ਕਦੀ ਹਲਕੀਆਂ ਫੁਲਕੀਆਂ ਗੱਲਾਂ ਵੀ ਕਰ ਲਿਆ ਕਰੋ।"

"ਤੁਸੀਂ ਕਰ ਲਓ ਜਿਹੜੀਆਂ ਹਲਕੀਆਂ ਗੱਲਾਂ ਕਰਨੀਆਂ। ਮੈਂ ਤੁਹਾਡੇ ਸੈਮੀਨਾਰ ਦੇ ਵਿਸ਼ੇ ਬਾਰੇ ਸੋਚਦਾ ਸੋਚਦਾ ਉਸ ਵਿਸ਼ੇ ਦੀ ਪਿਛੋਕੜ ਤੇ ਪਹੁੰਚ ਗਿਆ। ਤੁਹਾਨੂੰ ਪਤਾ ਹੀ ਏ ਪੰਜਾਬ ਦੀ ਪ੍ਰੀਖਿਆ ਤਾਂ ਗੁਰੂਆਂ ਦੇ ਸਮੇਂ ਤੋਂ ਹੀ ਚਲਦੀ ਆ ਰਹੀ ਏ। ਅਜੇ ਹੋਰ ਪਤਾ ਨਹੀਂ ਕਿੰਨਾ ਚਿਰ ਚਲਦੀ ਰਹੇਗੀ। ਅੱਜ ਦੇ ਮਾਹੌਲ ਦੀ ਪਿੱਠਭੂਮੀ ਵੀ ਪੰਜਾਬ ਦਾ ਪਿਛਲਾ ਇਤਿਹਾਸ ਹੀ ਏ।"

"ਅੱਜ ਦੇ ਮਾਹੌਲ ਦੀ ਪਿੱਠਭੂਮੀ ਪੰਜਾਬ ਦਾ ਬਹੁਤ ਜ਼ਿਆਦਾ ਪਿਛਲਾ ਇਤਿਹਾਸ ਨਹੀਂ। ਅੱਜ ਦੀ ਸਾਰੀ ਮਾਰਕੀਟ ਦਾ ਮਾਹੌਲ ਤਾਂ ਸੰਨ 78 ਤੋਂ ਬਾਅਦ ਬਣਿਆ ਏ।

ਪਹਿਲਾਂ ਤਾਂ ਬੜੀ ਸੋਹਣੀ ਸ਼ਾਂਤੀ ਹੁੰਦੀ ਸੀ।"

"ਇਤਿਹਾਸ ਵਿੱਚ 50-100 ਸਾਲ ਦਾ ਸਮਾਂ ਕੋਈ ਬਹੁਤਾ ਲੰਬਾ ਸਮਾਂ ਨਹੀਂ ਹੁੰਦਾ। ਤੁਹਾਨੂੰ ਇਹ ਵੀ ਪਤਾ ਹੈ ਕਿ ਇਤਿਹਾਸ ਹਮੇਸ਼ਾ ਆਪਣੇ ਆਪ ਨੂੰ ਦੁਹਰਾਂਦਾ ਆਇਆ ਏ। ਜੋ ਪਿੱਛੇ ਵਾਪਰਦਾ ਰਿਹਾ ਏ ਉਸਦਾ ਪ੍ਰਤੀਕਰਮ ਹੀ ਅੱਜ ਹੋ ਰਿਹਾ ਏ। ਜੋ ਅੱਜ ਵਾਪਰ ਰਿਹਾ ਏ ਇਹ ਆਣ ਵਾਲੇ ਸਮਿਆਂ ਵਿੱਚ ਵੀ ਦੁਹਰਾ ਹੋ ਸਕਦਾ ਏ। ਤੁਹਾਡਾ ਕੀ ਖਿਆਲ ਏ ਕਿ ਸਿੱਖ ਸਾਕਾ ਨੀਲਾ ਤਾਰਾ ਤੇ 84 ਦੇ ਦੰਗੇ ਭੁੱਲ ਜਾਣਗੇ? Impossible."

"ਸਰਕਾਰਾਂ ਸਖ਼ਤੀ ਕਰਕੇ ਸਭ ਕੁੱਝ ਕੁਚਲਦੀਆਂ ਰਹੀਆਂ ਹਨ। ਅਗਰ ਰਿਬੈਰੋ ਕਾਮਯਾਬ ਨਹੀਂ ਹੋਇਆ ਕੋਈ ਨਾ ਕੋਈ ਹੋਰ ਆ ਜਾਉ ਜੋ ਇਸ ਸਭ ਕਾਸੇ ਨੂੰ ਕੁਚਲ ਕੇ ਰੱਖ ਦੇਉ। ਇਕ ਦਿਨ ਸ਼ਾਂਤੀ ਤਾਂ ਕਾਇਮ ਹੋਵੇਗੀ ਹੀ।"

"ਜਿਸ ਸ਼ਾਂਤੀ ਦੀ ਤੁਸੀਂ ਗੱਲ ਕਰ ਰਹੇ ਹੋ ਇਹ ਸ਼ਾਂਤੀ ਤੂਫਾਨ ਆਉਣ ਤੋਂ ਪਹਿਲਾਂ ਜਿਹੀ ਸ਼ਾਂਤੀ ਹੁੰਦੀ ਏ। ਤੁਸੀਂ ਇਤਿਹਾਸ ਪੜ੍ਹਾਉਂਦੇ ਹੋਏ ਵੀ ਇਹ ਗੱਲ ਨਹੀਂ ਮਹਿਸੂਸ ਕਰ ਰਹੇ, ਬੜੀ ਅਜੀਬ ਗੱਲ ਏ।"

"ਤੁਸੀਂ ਫਿਰ ਸੀਰੀਅਸ ਗੱਲਾਂ ਕਰਨ ਲੱਗ ਪੈਂਦੇ ਹੋ। ਮੈਂ ਤੁਹਾਨੂੰ ਕਿਹਾ ਹੈ ਕਿ ਸਾਧਾਰਨ ਗੱਲਾਂ ਕਰੋ। ਗੋਲੀ ਮਾਰੋ ਇਤਿਹਾਸ ਨੂੰ। ਜਮਾਤਾਂ ਵਿੱਚ ਵੀ ਇਹੋ ਕੁੱਝ ਪੜ੍ਹਾਉਂਦੇ ਰਹੀਦਾ ਏ ਤੇ ਏਥੇ ਬੱਸ ਵਿਚ ਹੀ ਇਹੀ ਕੁਝ ਸ਼ੁਰੂ ਕਰ ਲਿਆ । ਆਪਣਾ ਕਾਲਜ ਆਉਣ ਵਾਲਾ ਏ। ਹੋਰ ਕੋਈ ਸੈਂਟਰ ਦੀ ਗੱਲ ਸੁਣਾਓ।"

"ਆਪਣੇ ਬਾਰੇ ਕੁੱਝ ਨਾ ਸੁਣਾਵਾਂ?"

"ਆਪਣੇ ਬਾਰੇ ਦੱਸ ਦਿਓ । ਕੀ ਸ਼ੌਕ ਰੱਖਦੇ ਹੋ?"

"ਮੇਰੀ ਫੈਮਿਲੀ ਬਾਰੇ ਜਾਨਣ ਦੀ ਤੁਹਾਡੀ ਕੋਈ ਦਿਲਚਪਸੀ ਨਹੀਂ?"

"ਫੈਮਿਲੀ ਬਾਰੇ ਦੱਸ ਦਿਓ? ਕਿੰਨੇ ਭੈਣ ਭਰਾ ਹੋ? ਮਾਂ ਬਾਪ ਕੀ ਕਰਦੇ ਨੇ? ਕਾਫੀ ਅਮੀਰ ਲੱਗਦੇ ਹੋ?"

"ਜੇ ਅਮੀਰ ਹੁੰਦਾ ਤਾਂ ਬੱਸ ਤੇ ਸਫਰ ਕਰਦਾ? ਫਿਰ ਤਾਂ ਹੇਠ ਕਾਰ ਹੋਣੀ ਸੀ। ਅਗਰ ਕੋਈ ਚੰਗੀ ਨੌਕਰੀ ਕਰਦੀ ਸਾਥਣ ਮਿਲ ਜਾਵੇ ਤਾਂ ਅਮੀਰ ਵੀ ਬਣ ਸਕਦਾ ਹਾਂ।"

"ਸਾਥਣਾਂ ਵੀ ਅੱਜ ਕੱਲ੍ਹ ਬੰਦੇ ਦੀ ਪਰਖ ਕਰਕੇ ਹੀ ਬਣਦੀਆਂ ਹਨ। ਸੁਣਿਐ, ਬਾਹਰਲੇ ਦੇਸ਼ਾਂ ਵਿੱਚ ਤਾਂ ਇਹ ਪਰਖ ਕਈ ਕਈ ਸਾਲ ਚਲਦੀ ਰਹਿੰਦੀ ਏ।"

"ਬਾਹਰਲੇ ਮੁਲਕਾਂ ਵਿੱਚ ਤਾਂ ਹੋਰ ਵੀ ਬਥੇਰਾ ਕੁੱਝ ਹੋ ਰਿਹਾ ਏ।"

"ਕੀ ਮਤਲਬ?"

"ਗਰਲਫਰਗਰੈਂਡ, ਬੁਆਏਫਰੈਂਡ ਕਲਚਰ ਜੋਰਾਂ ਤੇ ਹੈ। ਹੁਣ ਤਾਂ ਸਾਡੇ ਬੂਹਿਆਂ ਤੇ ਵੀ ਇਹ ਕਲਚਰ ਦਸਤਕ ਦੇਣ ਲੱਗ ਪਿਆ ਏ।"



"ਤੁਸੀਂ ਹੁਣ ਦੀ ਗੱਲ ਕਰਦੇ ਹੋ, ਪਹਿਲਾਂ ਵੀ ਤਾਂ ਇਹ ਸਭ ਕੁੱਝ ਚੱਲਦਾ ਰਿਹਾ ਏ। ਫ਼ਰਕ ਇੰਨਾ ਹੈ ਕਿ ਇਹ ਸਭ ਕੁੱਝ ਕਈ ਵਾਰ ਮਜ਼ਬੂਰੀ ਵਿੱਚ ਜਾਂ ਜਾਇਦਾਦ ਨੂੰ ਵੰਡ ਹੋਣ ਤੋਂ ਬਚਾਉਣ ਲਈ ਹੁੰਦਾ ਸੀ। ਅੱਜ ਇਹ ਸ਼ੁਗਲ ਤੇ ਫੈਸ਼ਨ ਬਣ ਗਿਆ ਏ। ਪਿੰਡਾਂ ਦੇ ਜੱਟਾਂ ਵਿੱਚ ਤਾਂ ਇਕ ਭਰਾ ਵਿਆਹਿਆ ਹੋਇਆ ਹੁੰਦਾ ਸੀ ਤੇ ਬਾਕੀ ਦੋ ਕੁਆਰੇ ਹੀ ਹੋਇਆ ਕਰਦੇ ਸਨ।"

"ਸ਼ਹਿਰ 'ਚ ਰਹਿੰਦੇ ਹੋਏ ਪਿੰਡਾਂ ਬਾਰੇ ਵੀ ਚੰਗੀ ਜਾਣਕਾਰੀ ਰੱਖਦੇ ਹੋ?"

"Background ਤਾਂ ਸਾਡੀ ਵੀ ਪਿੰਡ ਹੀ ਏ। ਬੀਜੀ ਦੱਸਦੇ ਹੁੰਦੇ ਹਨ ਕਿ ਸਾਡੇ ਪਿਛਲੇ ਪਿੰਡ ਵਿੱਚ ਅਸਾਂ ਖੱਤਰੀਆਂ ਦੇ ਸਿਰਫ ਦਸ ਕੁ ਘਰ ਹੀ ਹੋਇਆ ਕਰਦੇ ਸਾਂ। ਬਾਕੀ ਸਾਰਾ ਪਿੰਡ ਜੱਟਾਂ ਦਾ ਹੀ ਹੋਇਆ ਕਰਦਾ ਸੀ। ਮਾਂ ਦੱਸਦੀ ਹੁੰਦੀ ਸੀ ਕਿ ਪਿੰਡ ਵਿੱਚ ਇਕ ਬੋਤੀ ਆਲਿਆਂ ਦਾ ਟੱਬਰ ਹੁੰਦਾ ਸੀ। ਉਨ੍ਹਾਂ ਦੀ ਤੀਵੀਂ ਸੰਤੀ ਪਹਿਲਾਂ ਬਲਿਹਾਰ ਨਾਲ ਰਹੀ। ਫਿਰ ਪ੍ਰੀਤੂ ਦੇ ਘਰ ਆ ਵੜੀ। ਕਹਿੰਦੀ ਹੁੰਦੀ ਸੀ, ਕੁੜੀਮਾਰਾਂ ਦਾ ਕੇਲੂ ਫ਼ੌਜ ਵਿੱਚ ਭਰਤੀ ਹੋ ਗਿਆ ਸੀ। ਕਦੀ-ਕਦੀ ਛੁੱਟੀ ਆਉਂਦਾ ਸੀ। ਉਸਦੀ ਘਰਵਾਲੀ ਸਿਮਰੋ ਭਾਨੀਮਾਰਾਂ ਦੇ ਦਲਬਾਰੇ ਨਾਲ ਹੀ ਰਹਿੰਦੀ ਸੀ। ਸਿਮਰੋ ਦਾ ਮੁੰਡਾ ਘੁੱਗਾ ਦਲਬਾਰੇ ਦੀ ਔਲਾਦ ਹੀ ਸਮਝਿਆ ਜਾਂਦਾ ਸੀ।"

"ਮੈਡਮ, ਤੁਸੀਂ ਤਾਂ ਪਿੰਡਾਂ ਦੇ ਕਲਚਰ ਦੀ ਪੂਰੀ ਨੌਲੇਜ ਰੱਖਦੇ ਹੋ। ਤੁਹਾਡੇ ਪਾਈਓ ਸਾੜ੍ਹੀ ਦੇਖ ਕੇ ਕੋਈ ਵੀ ਇਹ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਤੁਸੀਂ ਪੇਂਡੂ ਨਾਵਾਂ ਦੇ ਵਾਕਫ ਵੀ ਹੋਵੇਗੇ। ਤੁਸੀਂ ਤਾਂ ਪੂਰੇ ਸ਼ਹਿਰੀ ਲੱਗਦੇ ਹੋ।"

"ਅਸੀਂ ਸ਼ਹਿਰੀ ਸਭ ਕੁੱਝ ਜਾਣਦੇ ਹੁੰਦੇ ਹਾਂ ਪਰ ਬਹੁਤਾ ਜ਼ਾਹਰ ਨਹੀਂ ਕਰਦੇ। ਦੁਕਾਨਦਾਰ ਲਾਲਿਆਂ ਨੂੰ ਪਿੰਡਾਂ ਦੇ ਬਹੁਤੇ ਟੱਬਰਾਂ ਦਾ ਪਤਾ ਹੁੰਦਾ ਏ। ਬਹੁਤ ਸਾਰੇ ਜੱਟ ਜ਼ਿਮੀਦਾਰ ਤਾਂ ਦੁਕਾਨ ਤੇ ਸੌਦਾ ਲੈਣ ਆਏ ਹੋਏ ਆਪ ਹੀ ਬਹੁਤ ਕੁੱਝ ਬੋਲ ਜਾਂਦੇ ਹਨ। ਦੁਕਾਨਦਾਰ ਸੁਣਦਾ ਸਭ ਕੁੱਝ ਰਹਿੰਦਾ ਏ। ਬੋਲਦਾ ਘੱਟ ਏ। ਘੱਟ ਬੋਲਣਾ ਹੀ ਦੁਕਾਨਦਾਰ ਦੀ ਕਾਮਯਾਬੀ ਦਾ ਰਾਜ਼ ਏ। ਵੱਧ ਬੋਲੀ ਜਾਣਾ ਜੱਟ ਦੀ ਅਸਫਲਤਾ ਦੀ ਨਿਸ਼ਾਨੀ ਏ।"

"ਇਸਦਾ ਮਤਲਬ ਇਹ ਹੋਇਆ ਕਿ ਪਿੰਡਾਂ ਦੇ ਜੱਟਾਂ ਵਿੱਚ ਸਿਸਟਮ ਦੀ ਘਾਟ ਏ।"

"ਇਕੱਲੇ ਸਿਸਟਮ ਦੀ ਘਾਟ ਹੀ ਨਹੀਂ ਉਹਨਾਂ ਨੂੰ ਬਚਾਉਣਾ ਵੀ ਘੱਟ ਆਉਂਦਾ ਏ। ਸਾਡੇ ਪੜੋਸ ਵਿੱਚ ਇਕ ਬੜਾ ਗ਼ਰੀਬ ਲਾਲਾ ਹੋਇਆ ਕਰਦਾ ਸੀ। ਉਸ ਸਮੇਂ ਅਸੀਂ ਛੋਟੇ-ਛੋਟੇ ਹੋਇਆ ਕਰਦੇ ਸਾਂ। ਉਸਨੇ ਇਕ ਛੋਟੀ ਜਿਹੀ ਦੁਕਾਨ ਖੋਲ੍ਹੀ। ਦੁਕਾਨ ਦੇ ਪਿੱਛੇ ਰੇਲਵੇ ਲਾਈਨ ਦੇ ਨਾਲ ਉਸਦੀ ਪੰਜ ਕੁ ਸੌ ਵਰਗ ਮੀਟਰ ਥਾਂ ਹੋਇਆ ਕਰਦੀ ਸੀ। ਉਸਨੇ ਮਿਹਨਤ ਕਰਕੇ ਉਹ ਆਬਾਦ ਕਰ ਲਈ। ਵਿਚ ਪਾਣੀ ਦਾ ਪ੍ਰਬੰਧ ਕਰ ਲਿਆ। ਸਬਜ਼ੀਆਂ ਦੀਆਂ ਪਨੀਰੀਆਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ। ਪਿਆਜਾਂ ਦੀ ਪਨੀਰੀ,

ਟਮਾਟਰਾਂ ਦੀ ਪਨੀਰੀ, ਮਿਰਚਾਂ ਦੀ ਪਨੀਰੀ, ਬੈਂਗਣਾਂ ਦੀ ਪਨੀਰੀ ਅਤੇ ਬਾਕੀ ਸਭ ਕਿਸਮ ਦੇ ਬੀਜ ਦੁਕਾਨ ਤੇ ਰੱਖਣੇ ਸ਼ੁਰੂ ਕਰ ਦਿੱਤੇ। ਪਹਿਲੇ ਪਹਿਲ ਉਹ ਨਲਕੇ ਦਾ ਪਾਣੀ ਹੱਥ ਨਾਲ ਗੇੜ ਕੇ ਇਹ ਪਨੀਰੀ ਉਗਾਇਆ ਕਰਦਾ ਸੀ। ਫਿਰ ਨਲਕੇ ਤੇ ਬਿਜਲੀ ਦੀ ਮੋਟਰ ਲਗਾ ਲਈ। ਪਨੀਰੀ ਕਾਫੀ ਵੱਧ ਮਾਤਰਾ ਵਿੱਚ ਉੱਗਣੀ ਸ਼ੁਰੂ ਹੋ ਗਈ। ਵਿਕਰੀ ਵਧਣ ਲੱਗ ਪਈ। ਨਾਲ ਦੀ ਨਾਲ ਦੁਕਾਨ 'ਤੇ ਵੇਚਣ ਲਈ ਖਾਦਾਂ ਵੀ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਖਾਦ ਦੀ ਏਜੰਸੀ ਹੀ ਲੈ ਲਈ। ਰੰਬੇ, ਦਾਤੀਆਂ, ਕਹੀਆਂ, ਹਥੌੜੇ ਆਦਿ ਵੀ ਵੇਚਣ ਲਈ ਰੱਖ ਲਏ। ਇਸ ਕਦਰ ਤਰੱਕੀ ਕਰਦਾ ਗਿਆ ਕਿ ਅੱਜ ਉਹ ਸ਼ਹਿਰ ਦਾ ਮਸ਼ਹੂਰ ਲਾਲਾ ਏ। ਪਿਛਲੀ ਚੋਣ ਵਿੱਚ ਉਹ ਸ਼ਹਿਰ ਦੀ ਨਗਰਪਾਲਿਕਾ ਦਾ ਪ੍ਰਧਾਨ ਵੀ ਰਿਹਾ ਏ। ਸੁਣਿਐ, ਥੋੜ੍ਹੇ ਦਿਨ ਪਹਿਲਾਂ ਉਸਨੂੰ ਧਮਕੀ ਭਰੀਆਂ ਚਿੱਠੀਆਂ ਵੀ ਮਿਲੀਆਂ ਹਨ। ਸ਼ਹਿਰ ਵਿੱਚ ਆਮ ਅਫ਼ਵਾਹ ਇਹ ਵੀ ਫੈਲੀ ਸੀ ਕਿ ਲੁਟੇਰੇ ਉਸ ਪਾਸੋਂ ਪੱਚੀ ਕੁ ਹਜ਼ਾਰ ਰੁਪਿਆ ਵੀ ਲੈ ਗਏ ਹਨ। ਹੋਰ ਪੈਸੇ ਦੀ ਮੰਗ ਵੀ ਕਰ ਰਹੇ ਹਨ। ਅੱਜ ਕੱਲ੍ਹ ਉਸਦੀ ਦੁਕਾਨ ਮੂਹਰੇ ਪੁਲਿਸ ਦਾ ਪਹਿਰਾ ਬੈਠਾ ਰਹਿੰਦਾ ਏ।"

"ਕਿਤੇ ਪੁਲਿਸ ਆਲੇ ਤਾਂ ਨਹੀਂ ਸ਼ਰਾਰਤ ਕਰੀ ਜਾਂਦੇ? ਸਾਡੇ ਪਿੰਡ ਪਿੱਛੇ ਜਿਹੇ ਪੁਲਿਸ ਆਲੇ ਹੀ ਕਿਸੇ ਦੇ ਘਰ ਜਾ ਵੜੇ। ਬਾਅਦ ਵਿੱਚ ਹਰਾਮਜ਼ਾਦੇ ਫੜੇ ਵੀ ਗਏ। ਡੀ. ਆਈ. ਜੀ ਖੁਦ ਥਾਣੇ ਪਹੁੰਚਿਆ ਸੀ। ਤਫਤੀਸ਼ ਦੀਆਂ ਸਖ਼ਤ ਹਦਾਇਤਾਂ ਜਾਰੀ ਕਰ ਦਿੱਤੀਆਂ। ਇਕ ਸਿਪਾਹੀ ਫੜਿਆ ਗਿਆ। ਉਸਨੇ ਬਾਕੀ ਦੋ ਹੋਰਾਂ ਦੇ ਨਾਮ ਵੀ ਲੈ ਦਿੱਤੇ। ਜਦ ਹਾਲਾਤ ਖ਼ਰਾਬ ਹੋਣ ਤਾਂ ਕੁੱਝ ਵੀ ਹੋ ਸਕਦਾ ਹੁੰਦਾ ਏ। ਅੱਜ ਦੇ ਹਾਲਾਤ ਵਿੱਚ ਪੁਲਿਸ ਆਲਿਆਂ ਨੇ ਤਾਂ ਕੋਠੀਆਂ ਪਾ ਲਈਆਂ। ਪੁਲਿਸ ਲਈ ਤਾਂ ਅੱਤਵਾਦ ਵਰਦਾਨ ਏ। ਉਹ ਤਾਂ ਇਹ ਚਾਹੁੰਦੇ ਹਨ ਕਿ ਅੱਤਵਾਦ ਬੰਦ ਹੋਵੇ ਹੀ ਨਾ। ਵਗਦੀ ਗੰਗਾ ਵਿੱਚ ਹਰ ਕੋਈ ਹੱਥ ਧੋ ਲੈਂਦਾ ਏ।"

"ਅਸੀਂ ਫਿਰ ਸੀਰੀਅਸ ਗੱਲਾਂ ਕਰਨ ਲੱਗ ਪਏ।"

"ਸੀਰੀਅਸ ਗੱਲਾਂ ਤਾਂ ਇਤਿਹਾਸ ਨਾਲ ਸੰਬੰਧਤ ਸਨ। ਹੁਣ ਤਾਂ ਅਸੀਂ ਅੱਜ ਦੇ ਹਾਲਾਤਾਂ ਬਾਰੇ ਗੱਲ ਕਰ ਰਹੇ ਹਾਂ।"

"ਮੈਂ ਤੁਹਾਡੇ ਪਰਿਵਾਰ ਬਾਰੇ ਪੁੱਛਿਆ ਸੀ। ਕਾਲਜ ਆਉਣ ਹੀ ਵਾਲਾ ਏ। ਤੁਸੀਂ ਕੁੱਝ ਦੱਸਿਆ ਹੀ ਨਹੀਂ?"

"ਮੇਰੇ ਪਿਤਾ ਐਲ. ਆਈ. ਸੀ. ਵਿਚ ਡਿਵੈਲਪਮੈਂਟ ਅਫ਼ਸਰ ਸਨ। ਹੁਣ ਰਿਟਾਇਰ ਹੋ ਗਏ ਹਨ। ਮਾਤਾ ਜੀ ਤਾਂ ਘਰੇਲੂ ਔਰਤ ਹੀ ਹਨ। ਅਸੀਂ ਦੋ ਭਰਾ ਦੋ ਭੈਣਾਂ ਹਾਂ। ਦੂਜਾ ਭਰਾ ਮੈਥੋਂ ਛੋਟਾ ਏ। ਭੈਣਾਂ ਦੋਨੋਂ ਮੈਥੋਂ ਵੱਡੀਆਂ ਹਨ। ਇਕ ਵਿਆਹ ਦਿੱਤੀ ਏ। ਉਸਦਾ ਘਰਵਾਲਾ ਬੈਂਕ ਵਿੱਚ ਕਲਰਕ ਏ। ਦੂਜੀ ਅਨਮੈਰਿਡ ਏ।"

"ਛੋਟਾ ਭਰਾ ਕੀ ਕਰਦਾ ਏ?"



"ਉਹ ਵੀ ਕਾਲਜ ਵਿੱਚ ਹੀ ਪੜ੍ਹਦਾ ਏ ਮੇਰੇ ਪਾਸ ਹੀ।"

"ਉਹਨੂੰ ਵੀ ਹਿਸਟਰੀ ਵੱਲ ਨੂੰ ਹੀ ਲਾਇਆ ਹੋਇਆ ਹੈ ਜਾਂ ਕੋਈ ਚੰਗੀ ਪੜ੍ਹਾਈ ਕਰ ਰਿਹਾ ਏ?"

"ਉਹ ਤਾਂ ਵੈਸੇ ਕਾਮਰਸ ਪੜ੍ਹਦਾ ਏ। ਤੁਸੀਂ ਹਿਸਟਰੀ ਨੂੰ ਐਵੇਂ ਨਿੰਦੀ ਜਾਂਦੇ ਹੋ। ਮੇਰਾ ਇਕ ਦੋਸਤ ਇੰਗਲੈਂਡ ਵਿੱਚ ਰਹਿੰਦਾ ਏ। ਉਹ ਕਹਿੰਦਾ ਸੀ ਕਿ ਗੋਰੇ ਹਿਸਟਰੀ ਨੂੰ ਬਹੁਤ ਵਧੀਆ ਮਜ਼ਮੂਨ ਸਮਝਦੇ ਹਨ। ਸਾਡੇ ਏਥੇ ਐਵੇਂ ਹੀ ਕਹੀ ਜਾਣਗੇ ਕਿ ਹਿਸਟਰੀ ਐਵੇਂ ਦੱਬੇ ਮੁਰਦੇ ਪੁੱਟਣਾ ਹੁੰਦੀ ਏ। ਅਗਰ ਤੁਸੀਂ ਆਪਣੇ ਅਤੀਤ ਨੂੰ ਨਹੀਂ ਜਾਣਦੇ ਤਾਂ ਆਪਣੇ ਭਵਿੱਖ ਨੂੰ ਚੰਗਾ ਕਿਵੇਂ ਬਣਾਵਾਂਗੇ?"

"ਅਤੀਤ ਨੂੰ ਜਾਣ ਕੇ ਅਸੀਂ ਆਪਣੇ ਵਰਤਮਾਨ ਨੂੰ ਕਿੰਨਾ ਕੁ ਚੰਗਾ ਬਣਾ ਲਿਆ ਏ। ਜਿਉਂ ਜਿਉਂ ਮਨੁੱਖ ਨੇ ਜ਼ਿਆਦਾ ਤਰੱਕੀ ਕੀਤੀ ਏ ਉਹ ਵੱਧ ਤਬਾਹੀ ਵੱਲ ਵਧਿਆ ਏ। ਇਤਿਹਾਸ ਵਿਚਲੀਆਂ ਲੜਾਈਆਂ ਪੜ੍ਹ ਪੜ੍ਹ ਕੇ ਅਸੀਂ ਕਿੰਨੇ ਕੁ ਸ਼ਾਂਤਮਈ ਬਣੇ ਹਾਂ? ਮੈਨੂੰ ਤਾਂ ਇੰਜ ਲੱਗਦਾ ਏ ਮਨੁੱਖ ਸਮਾਂ ਬੀਤਣ ਨਾਲ ਵੱਧ ਜਾਨਵਰ ਬਣਿਆ ਏ। ਪੁਰਾਣੇ ਜ਼ਮਾਨਿਆਂ ਵਿੱਚ ਵੱਧ ਸਬਰ ਸੰਤੋਖ ਹੁੰਦਾ ਸੀ। ਅੱਜ-ਕੱਲ੍ਹ ਤਾਂ ਮਨੁੱਖ ਭੁੱਖੇ ਸ਼ੇਰ ਵਾਂਗ ਹਰ ਇੱਕ ਨੂੰ ਖਾਣ ਫਿਰਦਾ ਏ। ਦੇਸ਼ ਭਗਤਾਂ ਨੇ ਆਜ਼ਾਦੀ ਲੈ ਕੇ ਦਿੱਤੀ। ਲੀਡਰਾਂ ਨੇ ਉਸ ਆਜ਼ਾਦੀ ਦੀ ਖੇਹ ਉਡਾ ਕੇ ਰੱਖ ਦਿੱਤੀ। ਲੀਡਰ ਲੋਕ ਦੇਸ਼ ਭਗਤਾਂ ਦੀਆਂ ਸਮਾਧੀਆਂ ਤੇ ਜਾ ਕੇ ਬਸ ਸਿਆਸੀ ਰੋਟੀਆਂ ਹੀ ਸੇਕਦੇ ਹਨ। ਹਿਸਟਰੀ ਪੜ੍ਹਨ ਦਾ ਤਾਂ ਫਾਇਦਾ ਏ ਜੇ ਅਸੀਂ ਇਸਤੋਂ ਕੁੱਝ ਸਬਕ ਸਿੱਖੀਏ। ਹੁਣ ਬਥੇਰੀਆਂ ਗੱਲਾਂ ਹੋ ਗਈਆਂ ਹਨ। ਅਗਰ ਤੁਸੀਂ ਚਾਹੋ ਤਾਂ ਸ਼ਾਮ ਨੂੰ ਫਿਰ ਬਸ ਵਿੱਚ ਇੱਕਠੇ ਹੀ ਚਲੇ ਜਾਵਾਂਗੇ। ਬਾਕੀ ਗੱਲਾਂ ਸ਼ਾਮ ਨੂੰ ਸਹੀ। ਆਓ ਹੁਣ ਉਤਰੀਏ, ਕਾਲਜ ਆ ਗਿਆ ਏ।"

"ਓ. ਕੇ. ਸਰ।"

# ਕਾਂਡ ਸੱਤ

ਜਦ ਕਾਂਤਾ ਤੇ ਪ੍ਰਸ਼ੋਤਮ ਕਾਲਜ ਅੰਦਰ ਦਾਖ਼ਲ ਹੋਏ ਤਾਂ ਉਹ ਅੰਦਰਲਾ ਮਾਹੌਲ ਦੇਖ ਕੇ ਹੈਰਾਨ ਹੋ ਗਏ। ਕਾਲਜ ਦੇ ਅੰਦਰਲਾ ਦ੍ਰਿਸ਼ ਤਾਂ ਬਦਲਿਆ ਪਿਆ ਸੀ। ਉੱਥੇ ਤਿੰਨ ਚਾਰ ਗੱਡੀਆਂ ਪੁਲਿਸ ਦੀਆਂ ਖੜ੍ਹੀਆਂ ਸਨ। ਅੰਦਰ ਜਾ ਕੇ ਪਤਾ ਲੱਗਾ ਕਿ ਯੂਨੀਵਰਸਿਟੀ ਨੇ ਉਸ ਦਿਨ ਦਾ ਪਰਚਾ ਕੈਂਸਲ ਕਰ ਦਿੱਤਾ ਸੀ। ਪ੍ਰੀਖਿਆਰਥੀਆਂ ਦੇ ਚਿਹਰੇ ਤੇ ਕਈ ਪ੍ਰਕਾਰ ਦੇ ਪ੍ਰਸ਼ਨ ਚਿੰਨ੍ਹ ਸਨ। ਅੱਧੀ ਰਾਤ ਨੂੰ ਤਿੰਨ ਚਾਰ ਬੰਦੇ ਮੂੰਹਾਂ 'ਤੇ ਕੱਪੜੇ ਬੰਨ੍ਹ ਕੇ ਕਾਲਜ ਵਿੱਚ ਆਏ ਸਨ। ਚੌਕੀਦਾਰ ਗੇਜਾ ਸਿੰਘ ਨੂੰ ਡਰਾ ਧਮਕਾ ਕੇ ਪ੍ਰਸ਼ਨ ਪੱਤਰਾਂ ਦੇ ਬੰਡਲ ਲੈ ਕੇ ਦੌੜ ਗਏ ਸਨ। ਸ਼ੁਕਰ ਇਸ ਗੱਲ ਦਾ ਸੀ ਕਿ ਕਾਲਜ ਵਿੱਚ ਇਕ ਦਿਨ ਦੇ ਹੀ ਪ੍ਰਸ਼ਨ ਪੱਤਰ ਮੌਜੂਦ ਸਨ। ਯੂਨੀਵਰਸਿਟੀ ਦੀ ਗੱਡੀ ਹਫ਼ਤੇ ਦੇ ਪ੍ਰਸ਼ਨ ਪੱਤਰ ਲਿਆ ਕੇ ਪ੍ਰੀਖਿਆ ਕੇਂਦਰ ਵਿੱਚ ਜਮ੍ਹਾਂ ਕਰਾਇਆ ਕਰਦੀ ਸੀ। ਇਸ ਸੈਂਟਰ ਵਿੱਚ ਪਹਿਲੇ ਪੰਜ ਦਿਨਾਂ ਦੇ ਪਰਚੇ ਪੈ ਚੁੱਕੇ ਸਨ। ਜਿਹੜੇ ਅੱਜ ਦੇ ਆਖਰੀ ਦਿਨ ਦੇ ਪ੍ਰਸ਼ਨ ਪੱਤਰ ਅੰਦਰ ਪਏ ਸਨ ਉਹ ਚੌਕੀਦਾਰ ਨੂੰ ਧਮਕਾ ਕੇ ਚੋਰੀ ਕਰ ਲਏ ਗਏ ਹਨ। ਯੂਨੀਵਰਸਿਟੀ ਨੇ ਸਾਰੇ ਪ੍ਰੀਖਿਆ ਕੇਂਦਰਾਂ ਨੂੰ ਫ਼ੋਨ ਕਰ ਦਿੱਤੇ ਸਨ ਕਿ ਪਰਚਾ ਲੀਕ ਹੋ ਚੁੱਕਾ ਹੈ, ਇਸ ਲਈ ਇਸ ਦਿਨ ਦਾ ਪਰਚਾ ਕੈਂਸਲ ਕੀਤਾ ਜਾਂਦਾ ਹੈ। ਪੁਲਿਸ ਅਤੇ ਪ੍ਰਿੰਸੀਪਲ ਚੌਕੀਦਾਰ ਗੇਜਾ ਸਿੰਘ ਤੋਂ ਪੁੱਛ-ਗਿੱਛ ਕਰ ਰਹੇ ਸਨ। ਮੁੱਢਲੀ ਪੁੱਛ ਪੜਤਾਲ ਤੋਂ ਬਾਅਦ ਗੇਜਾ ਸਿੰਘ ਨੂੰ ਥਾਣੇ ਲਿਜਾ ਕੇ ਬਿਠਾਇਆ ਹੋਇਆ ਸੀ। ਪ੍ਰਿੰਸੀਪਲ ਵੀ ਇਸ ਪੁੱਛ ਪੜਤਾਲ ਵਿੱਚ ਹਿੱਸਾ ਲੈਣ ਲਈ ਐਸ. ਐੱਚ. ਓ ਦੇ ਪਾਸ ਹੀ ਥਾਣੇ ਵਿੱਚ ਬੈਠਾ ਸੀ। "ਗੇਜਾ ਸਿੰਘ, ਬੰਦੇ ਕਿੰਨੇ ਵਜੇ ਕਾਲਜ ਵਿੱਚ ਆਏ?"

ਐਸ. ਐਚ. ਓ. ਜਿਹਦੀਆਂ ਭੂਰੀਆਂ ਮੁੱਛਾਂ ਫਿਕਸੋ ਲਗਾਉਣ ਨਾਲ ਕਿੱਕਰ ਦੀ ਸੂਲ ਵਾਂਗ ਸਿੱਧੀਆਂ ਖੜ੍ਹੀਆਂ ਸਨ ਇਹ ਜਾਨਣਾ ਚਾਹੁੰਦਾ ਸੀ ਕਿ ਕਿਤੇ ਗੇਜਾ ਸਿੰਘ ਦਾ ਹੀ ਚੋਰੀ ਕਰਵਾਉਣ ਵਿੱਚ ਹੱਥ ਨਾ ਹੋਵੇ।

"ਸਾਹਿਬ ਜੀ, ਇਹ ਵਾਰਦਾਤ ਤਕਰੀਬਨ ਰਾਤ ਇਕ ਵਜੇ ਦੀ ਏ।" ਭਾਵੇਂ ਸੋਚਾਂ ਦੀ ਘੋੜ ਦੌੜ ਨੇ ਗੇਜਾ ਸਿੰਘ ਨੂੰ ਮਘਨ ਕਰ ਛੱਡਿਆ ਸੀ ਫਿਰ ਵੀ ਉਹ ਪੂਰੇ ਠਰ੍ਹਮੇ ਨਾਲ ਜਵਾਬ ਦੇ ਰਿਹਾ ਸੀ।

"ਗਿਣਤੀ ਵਿੱਚ ਕਿੰਨੇ ਬੰਦੇ ਸਨ । ਚੌਹਾਂ ਨੇ ਹੀ ਮੂੰਹ ਢੱਕੇ ਹੋਏ ਸਨ।"



"ਆਉਂਦੇ ਸਾਰ ਉਹਨਾਂ ਨੇ ਤੈਨੂੰ ਕੀ ਕਿਹਾ?"

"ਉਹਨਾਂ 'ਚੋਂ ਇਕ ਕਹਿਣ ਲੱਗਾ ਸਾਰੇ ਪ੍ਰਸ਼ਨ ਪੱਤਰ ਸਾਡੇ ਹਵਾਲੇ ਕਰ ਦੇਹ, ਨਹੀਂ ਤਾਂ ਗੋਲੀ ਮਾਰ ਦਿਆਂਗਾ", ਉਸਨੇ ਪਿਸਤੌਲ ਮੇਰੇ ਵੱਲ ਨੂੰ ਕਰ ਕੇ ਕਿਹਾ।

"ਤੈਨੂੰ ਕਿਵੇਂ ਪਤਾ ਲੱਗਾ ਕਿ ਉਸਦੇ ਹੱਥ ਵਿੱਚ ਪਿਸਤੌਲ ਸੀ?"

"ਸਾਹਿਬ ਜੀ, ਹਨੇਰੇ ਵਿੱਚ ਉਹ ਲਗਦਾ ਤਾਂ ਪਿਸਤੌਲ ਹੀ ਸੀ। ਅਸਲੀ ਨਕਲੀ ਦਾ ਅੰਦਾਜ਼ਾ ਤਾਂ ਮੈਂ ਲਗਾ ਨਹੀਂ ਸੀ ਸਕਦਾ। ਉਹ ਚਾਰ ਜਣੇ ਸਨ, ਵੈਸੇ ਵੀ ਮੇਰੀ ਕੁੱਟ ਮਾਰ ਕਰ ਸਕਦੇ ਸੀ। ਤੁਹਾਨੂੰ ਪਤਾ ਈ ਏ, ਕਾਲਜ ਤਾਂ ਹੈ ਵੀ ਸ਼ਹਿਰ ਤੋਂ ਬਾਹਰ। ਅੱਜ ਦੇ ਮਾਹੌਲ ਵਿੱਚ ਤਾਂ ਵੈਸੇ ਵੀ ਕੋਈ ਕਿਸੇ ਨੂੰ ਬਚਾਉਣ ਆਉਣ ਦਾ ਹੀਆ ਹੀ ਨਹੀਂ ਕਰਦਾ।"

"ਦਫ਼ਤਰ ਦਾ ਤਾਲਾ ਤੂੰ ਖੋਲ੍ਹਿਆ ਜਾਂ ਉਹਨਾਂ ਵਿੱਚੋਂ ਕਿਸੇ ਨੇ?"

"ਮੈਂ ਇੰਨਾ ਘਬਰਾ ਗਿਆ ਸਾਂ ਕਿ ਤਾਲਾ ਮੈਂ ਖੁਦ ਹੀ ਖੋਲ੍ਹ ਦਿੱਤਾ।"

"ਫਿਰ ਕੀ ਹੋਇਆ ?"

"ਉਹ ਅੰਦਰ ਵੜ ਗਏ, ਅੱਜ ਹੋਣ ਵਾਲੇ ਪਰਚਿਆਂ ਦੇ ਤਿੰਨ ਪ੍ਰਸ਼ਨ ਪੱਤਰਾਂ ਦੇ ਬੰਡਲ ਅੰਦਰ ਪਏ ਸਨ । ਉਹ ਉਹਨਾਂ ਚੁੱਕ ਲਏ ਤੇ ਲੈ ਕੇ ਆਰਾਮ ਨਾਲ ਚਲੇ ਗਏ।"

"ਸਿਰਫ ਤਿੰਨ ਬੰਡਲ? ਬਾਕੀ ਕਿੱਥੇ ਹਨ?"

"ਜੀ, ਬੰਡਲ ਤਾਂ ਯੂਨੀਵਰਸਿਟੀ ਦਾ ਸਟਾਫ ਹਰ ਹਫਤੇ ਦੇ ਕੇ ਜਾਂਦਾ ਏ। ਅੱਜ ਤੋਂ ਬਾਅਦ ਉਹ ਅਗਲੇ ਹਫਤੇ ਦੇ ਬੰਡਲ ਦੇ ਕੇ ਜਾਣਗੇ। ਪਿਛਲੇ ਪੰਜ ਦਿਨਾਂ ਦੇ ਬੰਡਲ ਤਾਂ ਵਰਤੇ ਜਾ ਚੁੱਕੇ ਹਨ।"

"ਫਿਰ ਕੀ ਹੋਇਆ ਉਹਨਾਂ ਹੋਰ ਕੁਝ ਨਹੀਂ ਚੁੱਕਿਆ?"

"ਹਾਂ, ਸੱਚ ਉਹਨਾਂ ਨੇ ਇਹਨਾਂ ਬੰਡਲਾਂ ਤੋਂ ਇਲਾਵਾ ਦਸ ਕੁ ਖਾਲੀ ਉੱਤਰ ਪੱਤਰੀਆਂ ਵੀ ਚੁੱਕੀਆਂ ਤੇ ਨਾਲ ਲੈ ਗਏ। ਉਹਨਾਂ ਦੇ ਜਾਣ ਤੋਂ ਬਾਅਦ ਮੈਂ ਦਫ਼ਤਰ ਦੇ ਫ਼ੋਨ ਤੋਂ ਪ੍ਰਿੰਸੀਪਲ ਸਾਹਿਬ ਦੇ ਘਰ ਦਾ ਫ਼ੋਨ ਮਿਲਾਇਆ ਤੇ ਵਾਰਦਾਤ ਬਾਰੇ ਇਤਲਾਹ ਦਿੱਤੀ।"

"ਪ੍ਰਿੰਸੀਪਲ ਸਾਹਿਬ, ਤੁਹਾਨੂੰ ਗੇਜਾ ਸਿੰਘ ਦਾ ਫ਼ੋਨ ਕਿੰਨੇ ਵਜੇ ਆਇਆ ਸੀ?"

"ਮੇਰਾ ਖਿਆਲ ਏ, ਡੇਢ ਕੁ ਵਜੇ ਦਾ ਸਮਾਂ ਸੀ। ਇਹ ਕਾਫੀ ਘਬਰਾਇਆ ਹੋਇਆ ਬੋਲ ਰਿਹਾ ਸੀ।"

"ਸਿਪਾਹੀਓ, ਗੇਜਾ ਸਿੰਘ ਨੂੰ ਦੂਜੇ ਕਮਰੇ ਵਿੱਚ ਲੈ ਜਾਓ" ਐਸ.ਐਚ.ਓ. ਕੁੱਝ ਗੱਲਾਂ ਪ੍ਰਿੰਸੀਪਲ ਨਾਲ ਇਕੱਲਿਆਂ ਕਰਨਾ ਚਾਹੁੰਦਾ ਸੀ। "ਸਾਹਿਬ ਜੀ, ਤੁਹਾਡਾ ਇਸ ਵਾਰਦਾਤ ਬਾਰੇ ਕੀ ਵਿਚਾਰ ਏ? ਤੁਹਾਨੂੰ ਕਿਸ ਤੇ ਸ਼ੱਕ ਏ?" ਐਸ. ਐਚ.ਓ ਬੋਲਿਆ।

"ਐਸ. ਐਚ. ਓ. ਸਾਹਿਬ, ਭਾਵੇਂ ਹਾਲਾਤ ਮਾੜੇ ਹਨ ਪ੍ਰੰਤੂ ਮੈਂ ਜਾਣਦਾ ਹਾਂ ਕਿ ਇਹ

ਕਿਸੇ ਵੱਡੀ ਜਥੇਬੰਦੀ ਦਾ ਕੰਮ ਨਹੀਂ। ਵੱਡੀਆਂ ਜਥੇਬੰਦੀਆਂ ਇਸ ਪ੍ਰਕਾਰ ਦੇ ਕੰਮ ਨਹੀਂ ਕਰਦੀਆਂ। ਜਦ ਕੋਈ ਵੱਡੀ ਜਥੇਬੰਦੀ ਕੋਈ ਵਾਰਦਾਤ ਕਰਦੀ ਏ ਤਾਂ ਉਹ ਅਕਸਰ ਉਸਦੀ ਜ਼ਿੰਮੇਵਾਰੀ ਲੈ ਲੈਂਦੀ ਏ। ਇਸ ਵਾਰਦਾਤ ਪਿੱਛੇ ਕਾਲਜ ਦੇ ਹੀ ਕੁੱਝ ਮੁੰਡਿਆਂ ਦਾ ਹੱਥ ਲਗਦਾ ਏ। ਤੁਹਾਨੂੰ ਪਤਾ ਹੀ ਏ, ਅੱਜ ਦੇ ਹਾਲਾਤ ਵਿੱਚ ਅੰਤਾਂ ਦੇ ਲੁੱਟਾਂ ਖੋਹਾਂ ਕਰਨ ਵਾਲੇ, ਡਰਾਉਣ ਧਮਕਾਉਣ ਵਾਲੇ ਤੇ ਆਪਣੀਆਂ ਪੁਰਾਣੀਆਂ ਦੁਸ਼ਮਣੀਆਂ ਦੀਆਂ ਕਿੜਾਂ ਕੱਢਣ ਵਾਲੇ ਪੈਦਾ ਹੋ ਗਏ ਨੇ।"

"ਫਿਰ ਤੁਸੀਂ ਕਿਸ ਤੇ ਸ਼ੱਕ ਕਰਦੇ ਹੋ?"

ਮੈਂ ਤੁਹਾਨੂੰ ਸੋਚ ਕੇ ਨਾਮ ਲਿਖਵਾਂਗਾ, ਉਮੀਦ ਏ ਬੰਦੇ ਪਕੜੇ ਜਾਣਗੇ। ਹਾਲ ਦੀ ਘੜੀ ਤੁਸੀਂ ਗੇਜਾ ਸਿੰਘ ਨੂੰ ਜਾਣ ਦਿਓ। ਉਹ ਬੰਦਾ ਬੜਾ ਹੀ ਇਮਾਨਦਾਰ ਏ। ਉਸ ਵਿਚਾਰੇ ਦਾ ਇਸ ਵਿੱਚ ਕੋਈ ਹੱਥ ਨਹੀਂ। ਮੈਂ ਉਸਨੂੰ ਪਿਛਲੇ 20 ਸਾਲਾਂ ਤੋਂ ਜਾਣਦਾ ਹਾਂ।"

"ਜਿਵੇਂ ਤੁਹਾਡੀ ਮਰਜ਼ੀ। ਤੁਸੀਂ ਕੁੱਝ ਸਮਾਂ ਬੈਠੋ। ਮੈਂ ਅੱਧਾ ਘੰਟਾ ਮੁਨਸ਼ੀ ਨੂੰ ਅਟੈਂਡ ਕਰ ਲਵਾਂ। ਪਰਚਾ ਤਾਂ ਹੁਣ ਕੈਂਸਲ ਹੋ ਹੀ ਗਿਆ ਏ। ਬਾਕੀ ਤਫ਼ਤੀਸ਼ ਜਰਾ ਠਹਿਰ ਕੇ ਕਰਦੇ ਹਾਂ।"

ਡਿਊਟੀ ਦੇਣ ਆਇਆ ਬਹੁਤਾ ਸਟਾਫ ਕੈਨਟੀਨ ਤੇ ਚਾਹ ਪੀ ਰਿਹਾ ਸੀ ਤੇ ਨਾਲੇ ਆਪਸ ਵਿੱਚ ਵਿਚਾਰ ਸਾਂਝੇ ਕਰ ਰਿਹਾ ਸੀ। ਕੋਈ ਕਿਸੇ ਦਾ ਨਾਮ ਖੁੱਲ੍ਹ ਕੇ ਨਹੀਂ ਸੀ ਲੈ ਰਿਹਾ। ਨਾਲੇ ਇਹ ਬਹੁਤੇ ਸਟਾਫ਼ ਮੈਂਬਰ ਬਾਹਰਲੇ ਕਾਲਜਾਂ ਦੇ ਸਨ। ਇਹਨਾਂ ਨੂੰ ਕਾਲਜ ਦੀ ਲੋਕਲ ਸਿਆਸਤ ਦਾ ਬਹੁਤਾ ਪਤਾ ਨਹੀਂ ਸੀ।

"ਪਰਚੇ ਦੇਖਣ ਜਾਂਦੇ ਹੋ ਜਾਂ ਕਾਲਹਜ ਵਿੱਚ ਹੀ ਬੈਠਦੇ ਹੋ ?"

ਇਕ ਪ੍ਰੋਫ਼ੈਸਰ ਬੋਲਿਆ।

"ਚਾਰ ਦਿਨਾਂ ਲਈ ਪਰਚੇ ਦੇਖਣ ਦੀ ਡਿਊਟੀ ਸੀ। ਉਹ ਪੂਰੀ ਹੋ ਗਈ। ਹੁਣ ਤਾਂ ਕਾਲਜ ਹੀ ਜਾਈਦਾ ਏ। ਯੂਨੀਵਰਸਿਟੀ ਨੇ ਘਰ ਬੰਡਲ ਭੇਜਣ ਦਾ ਤਾਂ ਟੰਟਾ ਹੀ ਮੁਕਾ ਦਿੱਤਾ। ਜਦ ਹਾਲਾਤ ਸਹੀ ਹੁੰਦੇ ਸਨ ਤਾਂ ਪਰਚਿਆਂ ਦੀ ਗਠੜੀ ਰੇਲਵੇ ਸਟੇਸ਼ਨ ਤੇ ਆ ਜਾਇਆ ਕਰਦੀ ਸੀ। ਉਥੋਂ ਇਹ ਛੁਡਾ ਕੇ ਲਿਆਉਣੀ। ਫਿਰ ਟੈਸਟ ਇਨਸਟਾਲਮੈਂਟ ਭੇਜਣ ਦੀ ਕਾਹਲੀ ਪਈ ਰਹਿਣੀ। ਹੁਣ ਤਾਂ ਯੂਨੀਵਰਸਿਟੀ ਨੇ ਟੇਬਲ ਮਾਰਕਿੰਗ ਲਈ ਸੈਂਟਰ ਬਣਾ ਦਿੱਤੇ। ਸੈਂਟਰ ਵਿਚ ਜਾਓ, ਟੈਸਟ ਇਨਸਟਾਲਮੈਂਟ ਹੈੱਡ ਅਗਜ਼ਾਮੀਨਰ ਨੂੰ ਉੱਥੇ ਹੀ ਦਿਖਾ ਦਿਓ ਤੇ ਉਥੇ ਬੈਠ ਕੇ ਹੀ ਮਾਰਕਿੰਗ ਕਰੀ ਜਾਓ। ਦੇਖ ਲਓ, ਹਾਲਾਤ ਕੀ ਤੋਂ ਕੀ ਕਰਾ ਦਿੰਦੇ ਹਨ", ਦੂਜਾ ਕਹਿਣ ਲੱਗਾ। "ਹਾਲਾਤ ਤਾਂ ਸੱਚਮੁੱਚ ਹੀ ਬਹੁਤ ਖ਼ਰਾਬ ਹਨ। ਪਤਾ ਨਹੀਂ ਕਿੱਥੇ ਕਿਸ ਵੇਲੇ ਕੀ ਹੋ ਜਾਵੇ। ਤੁਹਾਡੇ ਸਾਹਮਣੇ ਅੱਜ ਦਾ ਪਰਚਾ ਹੀ ਕੈਂਸਲ ਹੋ ਗਿਐ। ਸਮਝ ਨਹੀਂ ਆਉਂਦੀ ਵਾਰਦਾਤ ਕਿਹਨੇ ਕੀਤੀ ਹੋਊ?"



"ਇੱਦਾਂ ਦੀਆਂ ਵਾਰਦਾਤਾਂ ਲੋਕਲ ਬੰਦੇ ਹੀ ਕਰਦੇ ਹੁੰਦੇ ਹਨ। ਲਹਿਰ ਨਾਲ ਜੁੜੀਆਂ ਹੋਈਆਂ ਵੱਡੀਆਂ ਜਥੇਬੰਦੀਆਂ ਇਹੋ ਜਿਹੇ ਕੰਮ ਨਹੀਂ ਕਰਦੀਆਂ ਹੁੰਦੀਆਂ। ਕੀ ਤੁਸੀਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਲਹੂ ਦੀ ਲੋਅ' ਪੜ੍ਹਿਆ ਸੀ?"

"ਨਹੀਂ, ਮੈਂ ਤਾਂ ਨਹੀਂ ਪੜ੍ਹਿਆ।"

"ਉਹ ਨਾਵਲ ਨਕਸਲਵਾੜੀ ਲਹਿਰ ਤੋਂ ਬਾਅਦ ਲਿਖਿਆ ਗਿਆ ਸੀ। ਕੰਵਲ ਨੇ ਉਸ ਨਾਵਲ ਵਿੱਚ ਦੱਸਿਆ ਹੈ ਕਿ ਲਹਿਰਾਂ ਵਿੱਚ ਕਿਵੇਂ ਘਟੀਆਂ ਬੰਦੇ ਆ ਵੜਦੇ ਹਨ। ਇਹ ਬੰਦੇ ਆਪਣੀਆਂ ਮਾੜੀਆਂ ਕਰਤੂਤਾਂ ਨਾਲ ਲਹਿਰ ਨੂੰ ਬਦਨਾਮ ਕਰ ਦਿੰਦੇ ਹਨ। ਲਹਿਰ ਚਲਾ ਰਹੇ ਅਸਲੀ ਬੰਦਿਆਂ ਨੂੰ ਮੌਕੇ ਦੀ ਸਿਆਸੀ ਤਾਕਤ ਨਾਲ ਤਾਂ ਟੱਕਰ ਲੈਣੀ ਹੀ ਪੈਂਦੀ ਏ। ਇਸਦੇ ਨਾਲ ਨਾਲ ਉਹਨਾਂ ਨੂੰ ਮਾੜੀਆਂ ਕਰਤੂਤਾਂ ਕਰ ਰਹੇ ਬੰਦਿਆਂ ਨਾਲ ਵੀ ਸਿੱਝਣਾ ਪੈਂਦਾ ਏ।"

"ਗੱਲ ਤਾਂ ਤੁਹਾਡੀ ਬਿਲਕੁਲ ਠੀਕ ਏ।"

ਜਦ ਇਹ ਸਟਾਫ਼ ਮੈਂਬਰ ਚਾਹ ਪੀ ਕੇ ਕੈਨਟੀਨ ਵਾਲੇ ਬੰਦੇ ਨੂੰ ਪੈਸੇ ਦੇਣ ਲੱਗੇ ਤਾਂ ਕੈਨਟੀਨ ਵਾਲਾ ਧੀਮੀਂ ਜਿਹੀ ਅਵਾਜ਼ ਵਿੱਚ ਬੋਲਿਆ, "ਸਾਹਿਬ ਜੀ, ਬੰਦੇ ਫੜੇ ਗਏ।"

"ਸੱਚੀ? ਕੌਣ ਏ?"

"ਪੁਲਿਸ ਨੇ ਪੂਰੀ ਸੂਹ ਲੈ ਕੇ ਪੈਨੀ ਦੇ ਟਿਊਬਵੈੱਲ ਤੇ ਛਾਪਾ ਮਾਰਿਆ। ਟਿਊਬਵੈੱਲ ਤੇ ਬਣੇ ਕਮਰੇ ਦੇ ਪਿੱਛੇ ਕਵਾੜਖਾਨੇ ਦੇ ਢੇਰ ਵਿੱਚ ਸ਼ਰਾਬ ਦੀਆਂ ਬੋਤਲਾਂ ਦੇ ਕੁਝ ਕਵਰ ਪਏ ਸਨ ਤੇ ਉਹਨਾਂ ਕਵਰਾਂ ਦੇ ਹੇਠ ਪਰਚਿਆਂ ਦੇ ਬੰਡਲ ਵਾਲਾ ਫਟਿਆ ਹੋਇਆ ਇਕ ਕਵਰ ਬਰਾਮਦ ਹੋ ਗਿਆ ਏ। ਪੁਲਿਸ ਨੇ ਪੈਨੀ ਨੂੰ ਗ੍ਰਿਫ਼ਤਾਰ ਕਰ ਲਿਆ ਏ।"

"ਇਹ ਪੈਨੀ ਕੌਣ ਏ?" ਸਰ, ਉਹ ਇਸੇ ਹੀ ਕਾਲਜ ਦਾ ਬੀ.ਏ ਭਾਗ ਦੂਜਾ ਦਾ ਵਿਦਿਆਰਥੀ ਏ। ਪਿੱਛੇ ਜਿਹੇ ਕਾਲਜ ਵਿੱਚ ਹੋਈ ਲੜਾਈ ਵਿੱਚ ਵੀ ਉਸਦਾ ਹੱਥ ਸੀ। ਉਸਦੇ ਸਾਥੀ ਵੀ ਹੁਣ ਜਲਦੀ ਹੀ ਫੜੇ ਜਾਣਗੇ। "ਕਾਂਤਾ ਪ੍ਰਸ਼ੋਤਮ ਨਾਲ ਗੱਲਾਂ ਕਰਨ ਵਿੱਚ ਦਿਲਚਸਪੀ ਤਾਂ ਜ਼ਰੂਰ ਲੈਂਦੀ ਸੀ ਪਰੰਤੂ ਉਸ ਦੀਆਂ ਗੱਲਾਂ ਅੱਲੜ੍ਹ ਕੁੜੀਆਂ ਜਿਹੀਆਂ ਨਹੀਂ ਸਨ। ਇਹ ਗੱਲਾਂ ਅੱਲੜ੍ਹ ਕੁੜੀਆਂ ਜਿਹੀਆਂ ਹੋ ਵੀ ਨਹੀਂ ਸਨ ਸਕਦੀਆਂ। ਕਿਉਂਕਿ ਉਹ ਪੂਰੀ ਪੜ੍ਹੀ ਲਿਖੀ ਸੀ ਤੇ ਲੈਕਚਰਾਰ ਵੀ ਲੱਗੀ ਹੋਈ ਸੀ। ਉਸਨੂੰ ਆਪਣੇ ਨਫੇ ਨੁਕਸਾਨ ਦਾ ਪੂਰਾ ਪਤਾ ਸੀ। ਉਸਦੇ ਘਰ ਦੇ ਹਲਾਤਾਂ ਨੇ ਉਸਦੇ ਵਿਚਾਰਾਂ ਅਤੇ ਸਮਝ ਵਿੱਚ ਹੋਰ ਵੀ ਪਕਿਆਈ ਲੈ ਆਂਦੀ ਸੀ। ਉਹ ਜੀਵਨ ਸਾਥੀ ਚੁਣਨਾ ਚਾਹੁੰਦੀ ਸੀ ਪਰ ਪੂਰੀ ਸੋਚ ਵਿਚਾਰ ਤੋਂ ਬਾਅਦ। ਪ੍ਰਸ਼ੋਤਮ ਉਸ ਵਿੱਚ ਦਿਲਚਸਪੀ ਲੈਣ ਵਿੱਚ ਕੁੱਝ ਕਾਹਲੀ ਕਰ ਰਿਹਾ ਸੀ। ਗੱਲਾਂ ਦਾ ਹੋਰ ਮਜ਼ਾ ਲੈਣ ਲਈ ਤੇ ਬੰਦੇ ਦੀ ਪਰਖ ਕਰਦੇ ਰਹਿਣ ਲਈ ਉਸਨੇ ਸੋਚਿਆ ਕਿ ਵਾਪਸ ਬੱਸ ਵਿੱਚ ਫਿਰ ਪ੍ਰਸ਼ੋਤਮ ਦੇ ਨਾਲ ਹੀ ਜਾਇਆ ਜਾਵੇ। ਪ੍ਰਸ਼ੋਤਮ ਨੇ ਤੁਰਨ ਤੋਂ ਪਹਿਲਾਂ ਉਸ ਨਾਲ ਚਾਹ

ਪੀਣੀ ਚਾਹੀ।

"ਮੈਡਮ, ਪਰਚਾ ਤਾਂ ਕੈਂਸਲ ਹੋ ਗਿਆ ਏ। ਆਓ ਕੁੱਝ ਸਮਾਂ ਕੈਨਟੀਨ ਵਿੱਚ ਬੈਠੀਏ?" ਪ੍ਰਸ਼ੋਤਮ ਨੇ ਉਸ ਦੇ ਨੇੜੇ ਰਹਿਣ ਦਾ ਬਹਾਨਾ ਲੱਭਿਆ।

"ਚਲੋ ਬੈਠ ਲੈਂਦੇ ਹਾਂ। ਹੁਣੇ ਘਰ ਜਾ ਕੇ ਕੀ ਕਰਨਾ ਹੈ", ਕਾਂਤਾ ਨੇ ਇੱਕ ਹੋਰ ਮੈਡਮ ਰਜਨੀ ਨੂੰ ਨਾਲ ਲੈਂਦੇ ਕਿਹਾ, "ਇਹ ਪ੍ਰੋਫ਼ੈਸਰ ਰਜਨੀ ਜੀ ਨੇ, ਇਸੇ ਕਾਲਜ ਵਿੱਚ ਹਿੰਦੀ ਪੜ੍ਹਾਉਂਦੇ ਨੇ।"

"ਨਮਸਕਾਰ ਮੈਡਮ।" ਦੇਖ ਲਓ ਕਿਸ ਤਰ੍ਹਾਂ ਦੀ ਵਾਰਦਾਤ ਹੋ ਗਈ ਤੁਹਾਡੇ ਕਾਲਜ ਵਿੱਚ। ਸਾਰੀ ਯੂਨੀਵਰਸਿਟੀ ਚੱਕਰ ਵਿੱਚ ਪੈ ਗਈ, "ਪ੍ਰਸ਼ੋਤਮ ਨੇ ਦੂਜੀ ਮੈਡਮ ਨਾਲ ਵੀ ਵਾਕਫੀਅਤ ਪਾਈ।"

"ਹਾਲਾਤ ਹੀ ਇਸ ਤਰ੍ਹਾਂ ਦੇ ਬਣੇ ਹੋਏ ਹਨ। ਕਿਤੇ ਕੁੱਝ ਵੀ ਹੋ ਸਕਦਾ ਏ। ਮੈਨੂੰ ਇੱਕ ਗੱਲ ਸਮਝ ਨਹੀਂ ਆਈ?"

"ਉਹ ਕੀ?" ਪ੍ਰਸ਼ੋਤਮ ਤੇ ਕਾਂਤਾ ਇਕੱਠੇ ਹੀ ਬੋਲ ਪਏ।

"ਜਦ ਨਕਲ ਆਮ ਹੀ ਚੱਲ ਰਹੀ ਹੈ ਫਿਰ ਪ੍ਰਸ਼ਨ ਪੱਤਰ ਚੋਰੀ ਕਰਨ ਦੀ ਕੀ ਜ਼ਰੂਰਤ ਸੀ? ਪ੍ਰਸ਼ਨ ਪੱਤਰ ਚੋਰੀ ਕਰਨ ਦਾ ਮਕਸਦ ਇਹ ਹੁੰਦਾ ਹੈ ਕਿ ਪੇਪਰ ਆਊਟ ਹੋ ਜਾਵੇ, ਸਾਰਾ ਪੇਪਰ ਦੇਖ ਕੇ ਲਿਖ ਲਿਆ ਜਾਵੇ ਤੇ ਫਿਰ ਉੱਤਰ ਪੱਤਰੀ ਅੰਦਰ ਬਾਕੀ ਉੱਤਰ ਪੱਤਰੀਆਂ ਵਿੱਚ ਮਿਲਾ ਦਿੱਤੀ ਜਾਵੇ। ਤੁਸੀਂ ਜਾਣਦੇ ਹੀ ਹੋ ਕਿ ਇਹ ਕਿੰਨਾ ਔਖਾ ਕੰਮ ਹੈ।"

"ਰਜਨੀ ਜੀ, ਗੱਲ ਤੁਹਾਡੀ ਠੀਕ ਏ। ਇਹ ਜੋ ਕੁੱਝ ਵੀ ਕੀਤਾ ਗਿਆ ਏ ਇਹ ਸਭ ਦਹਿਸ਼ਤ ਫੈਲਾਉਣ ਲਈ ਕੀਤਾ ਗਿਆ ਏ। ਜਦ ਪਹਿਲਾ ਸੁਪਰਡੈਂਟ ਉਜਾਗਰ ਮੱਲ ਨਰਮ ਸੀ ਤਾਂ ਕੁਝ ਨਹੀਂ ਹੋਇਆ। ਨਵਾਂ ਸੁਪਰਡੈਂਟ ਪਤਵੰਤ ਸਿਹੁੰ ਬਹੁਤ ਸਖ਼ਤ ਹੋ ਗਿਐ। ਉਸ ਨੇ ਨਕਲ ਬਿਲਕੁੱਲ ਬੰਦ ਕਰ ਦਿੱਤੀ। ਜਿਹਨੇ ਵੀ ਇਹ ਪ੍ਰਸ਼ਨ ਪੱਤਰ ਚੋਰੀ ਕੀਤੇ ਹਨ ਉਸਨੇ ਸੋਚਿਆ ਹੋਊ ਕਿ ਡਰ ਪੈਦਾ ਕਰ ਦਿਓ ਤਾਂ ਕਿ ਸੈਂਟਰ ਅੰਦਰ ਪਹਿਲਾਂ ਜਿਹੀ ਫਿਰ ਨਰਮੀ ਹੋ ਜਾਵੇ। ਕੀ ਪਤਵੰਤ ਸਿੰਘ ਡਰ ਕੇ ਨਰਮ ਹੋ ਜਾਊ?"

"ਮੈਨੂੰ ਨਹੀਂ ਲੱਗਦਾ। ਪਤਵੰਤ ਸਿੰਘ ਬਹੁਤ ਹੀ ਕੋਰਾ ਕਰਾਰਾ ਬੰਦਾ ਏ। ਉਹ ਕਾਲਜ ਦੀ ਸਿਆਸਤ ਨੂੰ ਵੀ ਬਹੁਤ ਚੰਗੀ ਤਰ੍ਹਾਂ ਸਮਝਦਾ ਏ। ਜਦ ਪਹਿਲਾਂ ਕਾਲਜ ਵਿੱਚ ਮੁੰਡਿਆਂ ਦੀ ਲੜਾਈ ਹੋਈ ਸੀ ਉਦੋਂ ਵੀ ਪਤਵੰਤ ਸਿੰਘ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਕੇ ਦਿਖਾਇਆ ਸੀ। ਉਦੋਂ ਦੇ ਕਈ ਘਟੀਆ ਮੁੰਡੇ ਉਸ ਨਾਲ ਖਾਰ ਵੀ ਖਾਂਦੇ ਹਨ। ਪਤਵੰਤ ਸਿੰਘ ਵੈਸੇ ਵੀ ਬਹੁਤ ਸਾਫ ਆਦਮੀ ਏ। ਬਾਅਦ ਵਿੱਚ ਉਹੀ ਸਿੱਖ ਕੈਦੀ ਦੂਜਾ ਪਰਚਾ ਦੇਣ ਵੀ ਆਇਆ ਸੀ। ਜਦ ਉਸ ਕੈਦੀ ਨੇ ਦੇਖਿਆ ਕਿ ਸੈਂਟਰ ਤਾਂ ਬਹੁਤ ਹੀ ਵਧੀਆ ਚੱਲ ਰਿਹਾ ਹੈ ਤਾਂ ਉਹ ਬਿਨ੍ਹਾ ਕੁਝ ਬੋਲੇ ਆਪਣਾ ਪਰਚਾ ਦੇ ਕੇ



ਚਲਾ ਗਿਆ ਸੀ। ਮੈਂ ਤਾਂ ਉਸ ਨੂੰ ਪਰਚਾ ਦੇਣ ਤੋਂ ਬਾਅਦ ਪਤਵੰਤ ਸਿੰਘ ਨੂੰ ਉਚੇਚੇ ਤੌਰ ਤੇ ਮਿਲਦਾ ਵੀ ਦੇਖਿਆ ਸੀ। ਉਸਨੇ ਪਤਵੰਤ ਸਿੰਘ ਮੂਹਰੇ ਸਿਰ ਵੀ ਨੀਵਾਂ ਕੀਤਾ ਹੋਇਆ ਸੀ। ਉਸਦੇ ਚਿਹਰੇ ਦੇ ਪ੍ਰਭਾਵਾਂ ਤੋਂ ਇੰਝ ਲੱਗਦਾ ਸੀ ਜਿਵੇਂ ਉਹ ਪਤਵੰਤ ਸਿੰਘ ਦੀ ਵਧੀਆ ਕਾਰਗੁਜ਼ਾਰੀ ਤੋਂ ਬਹੁਤ ਹੀ ਪ੍ਰਭਾਵਤ ਹੋਵੇ", ਰਜਨੀ ਨੇ ਨਵੇਂ ਸੁਪਰਡੈਂਟ ਦੀ ਡੱਟ ਕੇ ਪ੍ਰੋੜਤਾ ਕੀਤੀ। "ਰਜਨੀ, ਸੁਣਿਐ ਕੋਈ ਮੁੰਡਾ ਫੜਿਆ ਵੀ ਗਿਆ ਏ?"

"ਹਾਂ, ਉਸਦਾ ਨਾਮ ਪ੍ਰਗਟ ਸਿੰਘ ਏ, ਵੈਸੇ ਉਸਨੂੰ ਪੈਨੀ-ਪੈਨੀ ਕਹਿ ਕੇ ਬਲਾਉਂਦੇ ਨੇ। ਉਹ ਪਿਛਲੇ ਸਾਲ ਤੋਂ ਹੀ ਕਾਲਜ ਵਿੱਚ ਬਦਮਾਸ਼ੀਆਂ ਕਰਦਾ ਆ ਰਿਹਾ ਏ। ਉਸਨੂੰ ਪ੍ਰਿਸੀਪਲ ਵੱਲੋਂ ਇੱਕ ਦੋ ਵਾਰ ਚੇਤਾਵਨੀਆਂ ਵੀ ਦਿੱਤੀਆਂ ਗਈਆਂ ਸਨ। ਉਸਦੀ ਜਮਾਤ ਦੇ ਅਜੇ ਕਈ ਪਰਚੇ ਰਹਿੰਦੇ ਹਨ। ਉਹ ਬੀ. ਏ. ਭਾਗ ਦੂਜੇ ਦਾ ਵਿਦਿਆਰਥੀ ਏ। ਇਸ ਜਮਾਤ ਦਾ ਅਜੇ ਸਿਰਫ ਇੱਕ ਪਰਚਾ ਹੀ ਹੋਇਆ ਏ। ਇਹ ਪਰਚਾ ਉਸ ਵੇਲੇ ਹੋ ਗਿਆ ਜਦ ਉਜਾਗਰ ਮੱਲ ਸੁਪਰਡੈਂਟ ਸੀ। ਉਦੋਂ ਨਕਲ ਮਾਰਨ ਦਾ ਪੂਰਾ ਦਾਅ ਲੱਗ ਗਿਆ। ਹੁਣ ਪਤਵੰਤ ਸਿੰਘ ਦੇ ਸੁਪਰਡੈਂਟ ਬਣਨ ਨਾਲ ਇੱਦਾਂ ਦੇ ਨਲਾਇਕਾਂ ਨੂੰ ਪਿੱਸੂ ਪੈ ਗਏ। ਇਹਨਾਂ ਸੋਚਿਆ ਕਿ ਕੋਈ ਦਹਿਸ਼ਤ ਖੜ੍ਹੀ ਕਰਕੇ ਦੇਖੀਏ। ਤੁਹਾਨੂੰ ਪਤਾ ਹੀ ਏ, ਅੱਜ ਦੇ ਦੌਰ ਵਿੱਚ ਹਰ ਵਾਰਦਾਤ ਕਮਾਂਡੋ ਫੋਰਸਾਂ ਦੇ ਨਾਂ ਹੀ ਮੜ੍ਹਨ ਦੀ ਕੋਸ਼ਿਸ਼ ਕੀਤੀ ਜਾਂਦੀ ਏ। ਸੁਣਿਐ, ਪੈਨੀ ਆਪ ਵਾਰਦਾਤ ਵਾਲੀ ਥਾਂ ਤੋਂ ਥੋੜ੍ਹਾ ਪਰ੍ਹੇ ਹੀ ਰਿਹਾ ਕਿਉਂਕਿ ਕਾਲਜ ਦਾ ਚੌਕੀਦਾਰ ਉਸਨੂੰ ਅਸਾਨੀ ਨਾਲ ਪਛਾਣ ਸਕਦਾ ਸੀ। ਉਸਨੇ ਹੋਰ ਬੰਦੇ ਚੌਂਕੀਦਾਰ ਪਾਸ ਭੇਜ ਦਿੱਤੇ। ਬਾਅਦ ਵਿੱਚ ਉਹ ਸਾਰੇ ਪੈਨੀ ਦੇ ਟਿਊਬਵੈੱਲ ਤੇ ਚਲੇ ਗਏ। ਪਹਿਲਾਂ ਇਹਨਾਂ ਘੱਟ ਸ਼ਰਾਬ ਪੀਤੀ ਹੋਈ ਸੀ । ਉੱਥੇ ਜਾ ਕਿ ਇਹਨਾਂ ਹੋਰ ਪੀ ਲਈ। ਪ੍ਰਸ਼ਨ ਪੱਤਰਾਂ ਦੇ ਲਿਫ਼ਾਫ਼ਿਆਂ ਨੂੰ ਇਹਨਾਂ ਖ਼ੁਰਦ-ਬੁਰਦ ਕੀਤਾ ਤੇ ਵਿੱਚੋਂ ਕੁੱਝ ਪ੍ਰਸ਼ਨ ਪੱਤਰ ਕੱਢ ਕੇ ਇਹਨਾਂ ਕਿਧਰੇ ਲੁਕਾ ਲਏ। ਮੂਰਖਾਂ ਨੂੰ ਇਹ ਸਮਝ ਨਹੀਂ ਆਈ ਕਿ ਉਹਨਾਂ ਪ੍ਰਸ਼ਨ ਪੱਤਰਾਂ ਦਾ ਕੀ ਫਾਇਦਾ? ਜਦ ਉਹ ਚੋਰੀ ਹੀ ਹੋ ਗਏ ਤਾਂ ਉਹਨਾਂ ਨੂੰ ਤਾਂ ਯੂਨੀਵਰਸਿਟੀ ਕੈਂਸਲ ਕਰੇਗੀ ਹੀ ਪਰ ਪੁਲਿਸ ਨੂੰ ਟਿਊਬਵੈੱਲ ਤੇ ਪਏ ਕਬਾੜ ਦੇ ਢੇਰ ਤੋਂ ਇੱਕ ਫਟਿਆ ਹੋਇਆ ਲਿਫ਼ਾਫ਼ਾ ਮਿਲ ਗਿਐ।"

"ਮੈਡਮ, ਗੱਲ ਅਸਲ ਵਿੱਚ ਪ੍ਰਸ਼ਨ ਪੱਤਰ ਲੁਕਾਉਣ ਦੀ ਨਹੀਂ। ਅਸਲ ਗੱਲ ਏ ਦਹਿਸ਼ਤ ਫੈਲਾਉਣ ਦੀ ਤਾਂ ਕਿ ਸੈਂਟਰ ਵਿੱਚ ਪਹਿਲਾਂ ਵਾਲੀ ਨਰਮੀ ਆ ਜਾਵੇ", ਪ੍ਰਸ਼ੋਤਮ ਨੇ ਪਹਿਲਾਂ ਸੁਣੀ ਗੱਲ ਦੀ ਤਾਈਦ ਕੀਤੀ।

"ਸਾਨੂੰ ਕੀ? ਜੋ ਮਰਜੀ ਹੋਈ ਜਾਵੇ। ਯੂਨੀਵਰਸਿਟੀ ਨੂੰ ਸਾਨੂੰ ਅੱਜ ਦੀ ਪੇਅਮੈਂਟ ਤਾਂ ਕਰਨੀ ਹੀ ਪਊ?" ਕਾਂਤਾ ਮਿਹਨਤਾਨੇ ਬਾਰੇ ਵੱਧ ਚਿੰਤਤ ਸੀ।

"ਮੈਡਮ, ਫਿਕਰ ਨਾ ਕਰੋ। ਤੁਹਾਡੀ ਦਿਹਾੜੀ ਪੈ ਗਈ। ਵਿਹਲੇ ਵੀ ਇੱਕ ਦਮ ਹੋ ਗਏ, ਪੈਸੇ ਵੀ ਡਿਊਟੀ ਦੇ ਪੂਰੇ ਮਿਲਣਗੇ। ਅਸੀਂ ਤਾਂ ਡਿਊਟੀ ਲਈ ਹਾਜ਼ਰ ਹਾਂ, ਕਿਸੇ

ਨੇ ਸਾਥੋਂ ਕੰਮ ਵੀ ਨਹੀਂ ਕਰਵਾਇਆ ਇਸ ਵਿੱਚ ਸਾਡਾ ਕੀ ਕਸੂਰ? ਤਾਂ ਹੀ ਤਾਂ ਅੰਗਰੇਜ਼ੀ ਕਵੀ ਮਿਲਟਨ ਨੇ ਕਿਹਾ ਏ। ਦੇਅ ਆਲਸੋ ਸਰਵ ਹੂ ਸਟੈਂਡ ਐਂਡ ਵੇਟ (They also serve who stand and wait)", ਪ੍ਰਸ਼ੋਤਮ ਕਾਂਤਾ ਦੀ ਗੱਲ ਵਿੱਚ ਹਾਮੀ ਭਰਨ ਦੀ ਕੋਸ਼ਿਸ਼ ਵਿੱਚ ਸੀ।

"ਆਓ ਚਲੀਏ ਹੁਣ", ਰਜਨੀ ਨੇ ਕੈਨਟੀਨ ਵਾਲੇ ਨੂੰ ਕਹਿ ਦਿੱਤਾ ਕਿ ਪੈਸੇ ਉਸ ਦੇ ਖਾਤੇ ਵਿੱਚ ਲਿਖ ਲਵੇ।

ਪ੍ਰਸ਼ੋਤਮ ਨੇ ਰਜਨੀ ਨੂੰ ਇੰਝ ਕਰਨ ਤੋਂ ਰੋਕਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਰਜਨੀ ਨੇ ਇਹ ਕਹਿ ਕੇ ਉਸਨੂੰ ਚੁੱਪ ਕਰਾ ਦਿੱਤਾ ਕਿ ਉਹ ਉਸਦੇ ਕਾਲਜ ਵਿੱਚ ਮਹਿਮਾਨਾਂ ਵਾਂਗ ਹਨ। ਜਦ ਕਦੀ ਉਹ ਉਸਦੇ ਕਾਲਜ ਵਿੱਚ ਡਿਊਟੀ ਦੇਣ ਆਵੇਗੀ ਤਾਂ ਉਹ ਪੈਸੇ ਦੇਣ ਦੀ ਪਹਿਲ ਨਹੀਂ ਕਰੇਗੀ। ਇਸ ਤੇ ਪ੍ਰਸ਼ੋਤਮ ਚੁੱਪ ਹੋ ਗਿਆ। ਕਾਂਤਾ ਪੈਸੇ ਦੇਣ ਦੇ ਮਾਮਲੇ ਬਾਰੇ ਵੈਸੇ ਹੀ ਚੁੱਪ ਸੀ।

"ਬਸ ਕਾਲਜ ਮੁਹਰੇ ਕਿੰਨੇ ਵਜੇ ਆਵੇਗੀ?" ਪ੍ਰਸ਼ੋਤਮ ਨੇ ਕਾਂਤਾ ਦਾ ਮਨ ਪੜ੍ਹਨਾ ਚਾਹਿਆ।

"ਦਸ ਵਜੇ ਵਾਲੀ ਬਸ ਲੰਬੇ ਰੂਟ ਦੀ ਏ। ਬਹੁਤ ਘੱਟ ਥਾਂਵਾਂ ਤੇ ਰੁਕਦੀ ਏ। ਉਹ ਠੀਕ ਰਹੇਗੀ", ਕਾਂਤਾ ਬੋਲੀ।

"ਮੇਰਾ ਤਾਂ ਦਿਲ ਕਰਦਾ ਏ ਬੱਸ ਹੌਲੀ ਹੌਲੀ ਜਾਵੇ।"

"ਉਹ ਕਿਉਂ ?"

"ਗੱਲਾਂ ਕਰਨ ਨੂੰ ਵੱਧ ਸਮਾਂ ਮਿਲ ਜਾਵੇਗਾ।"

"ਗੱਲਾਂ ਅਜੇ ਮੁੱਕੀਆਂ ਨਹੀਂ?"

"ਜ਼ਿੰਦਗੀ ਦੀਆਂ ਗੱਲਾਂ ਵੀ ਕਦੀ ਮੁੱਕਦੀਆਂ ਨੇ?"

"ਥਾ-ਥਾਂ ਰੁਕਣ ਵਾਲੀ ਬਸ ਤਾਂ ਮੁਸਾਫ਼ਰਾਂ ਨਾਲ ਅਸਬਾਬ ਵਾਂਗ ਭਰੀ ਹੋਵੇਗੀ। ਸ਼ਾਇਦ ਬੈਠਣ ਨੂੰ ਥਾਂ ਹੀ ਨਾ ਮਿਲੇ। ਫਿਰ ਦੇਖਾਗੀ ਕਿਹੜੀਆਂ ਗੱਲਾਂ ਕਰ ਲਉਗੇ ਤੁਸੀਂ?"

"ਮੈਡਮ, ਇਹ ਵੀ ਤੁਹਾਡੀ ਗੱਲ ਠੀਕ ਏ। ਚਲੋ 10 ਵਜੇ ਵਾਲੀ ਹੀ ਫੜ ਲੈਂਦੇ ਹਾਂ।" ਦੋਹਾਂ ਨੇ 10 ਵਜੇ ਵਾਲੀ ਬਸ ਫੜ ਲਈ। ਦੋਹਾਂ ਨੂੰ ਸੀਟ ਵੀ ਮਿਲ ਗਈ। ਫੁਰਤੀ ਕਰਕੇ ਕਾਂਤਾ ਦੀ ਟਿਕਟ ਵੀ ਪ੍ਰਸ਼ੋਤਮ ਨੇ ਹੀ ਲੈ ਲਈ। ਕੰਡਕਟਰ ਦੋਹਾਂ ਵੱਲ ਅਜੀਬ ਜਿਹੇ ਤਰੀਕੇ ਨਾਲ ਝਾਕਦਾ ਅੱਗੇ ਲੰਘ ਗਿਆ। ਉਹ ਹਰ ਰੋਜ਼ ਰੂਟ ਤੇ ਉੱਥੋਂ ਲੰਘਦਾ ਸੀ। ਉਸ ਨੂੰ ਬਹੁਤਿਆਂ ਬੰਦਿਆਂ ਦੀ ਸ਼ਨਾਖਤ ਸੀ। ਉਹ ਇਹ ਵੀ ਸੋਚਦਾ ਰਹਿੰਦਾ ਸੀ ਕਿ ਕੋਈ ਕਿਸੇ ਵਾਸਤੇ ਕਿਉਂ ਟਿਕਟ ਲੈ ਰਿਹਾ ਹੁੰਦਾ ਸੀ। ਭਾਵ ਉਹ ਕਾਲਜ ਦੇ ਆਮ ਮੁੰਡੇ ਕੁੜੀਆਂ ਦੇ ਮਾਮਲੇ ਵਿੱਚ ਕੋਈ ਢੁੱਚਰ ਵੀ ਭੇੜ ਦਿੰਦਾ ਸੀ ਪ੍ਰੰਤੂ ਅੱਜ ਉਹ ਚੁੱਪ ਹੀ ਰਿਹਾ



ਕਿਉਂਕਿ ਪ੍ਰਸ਼ੋਤਮ ਤੇ ਕਾਂਤਾ ਲਾਣ ਪਾਣ ਅਤੇ ਬੋਲਚਾਲ ਤੋਂ ਸਾਫ ਕਾਲਜ ਦੇ ਲੈਕਚਰਾਰ ਲੱਗਦੇ ਸਨ। ਉਸਨੂੰ ਇਹ ਹੈਰਾਨੀ ਵੀ ਹੋ ਰਹੀ ਸੀ ਕਿ ਇਹ ਲੋਕ ਕਾਲਜ ਤੋਂ ਐਨੀ ਜਲਦੀ ਵਾਪਿਸ ਚੱਲ ਪਏ?" ਕੰਡਕਟਰ ਨੇ ਹੌਂਸਲਾ ਜਿਹਾ ਕਰਕੇ ਪ੍ਰਸ਼ੋਤਮ ਨੂੰ ਪੁੱਛ ਹੀ ਲਿਆ। "ਪਰਚਾ ਕੈਂਸਲ ਹੋ ਗਿਆ। ਅਸੀਂ ਵਿਹਲੇ ਹੋ ਗਏ।"

"ਸਰ ਜੀ ਪਰਚਾ ਕਿਉਂ ਕੈਂਸਲ ਹੋ ਗਿਆ? ਕੀ ਗੱਲ ਹੋ ਗਈ?"

"ਮੁੰਡਿਆ ਨੇ ਰਾਤੀਂ ਕਾਲਜ ਵਿੱਚੋਂ ਪਰਚੇ ਚੋਰੀ ਕਰ ਲਏ। ਕਾਲਜ ਤਾਂ ਸਾਰਾ ਪੁਲਿਸ ਨਾਲ ਭਰਿਆ ਪਿਆ ਏ"

"ਸਰ ਜੀ, ਹਾਲਾਤ ਤਾਂ ਕਾਬੂ ਤੋਂ ਬਾਹਰ ਹੋਏ ਪਏ ਨੇ।

ਪਹਿਲਾਂ ਤਾਂ ਬੱਸਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ। ਹੁਣ ਤਾਂ ਕਾਲਜ ਵੀ ਨਿਸ਼ਾਨੇ ਤੇ ਆ ਗਏ। ਲਮਹੋਂ ਨੇ ਖਤਾ ਕੀ ਥੀ, ਸਦੀਉਂ ਨੇ ਸਜ਼ਾ ਪਾਈ ਹੈ।"

"ਸਰ ਜੀ, ਕੀ ਗੱਲ? ਲਮਹੋਂ ਨੇ ਕਿਆ ਖਤਾ ਕਰ ਤੀ?"

ਪ੍ਰਸ਼ੋਤਮ ਨੇ ਕੰਡਕਟਰ ਤੋਂ ਵਿਆਖਿਆ ਦਾ ਅੰਦਾਜ਼ ਬਣਾਇਆ।

"ਸਰ ਜੀ, ਦਰਬਾਰ ਸਾਹਿਬ ਤੇ ਹੋਏ ਹਮਲੇ ਦਾ ਅਸਰ ਹੁਣ ਤੁਸੀਂ ਦੇਖਦੇ ਜਾਇਓ। ਪਹਿਲਾਂ ਤਾਂ ਮੁਸਲਮਾਨ ਹਮਲੇ ਕਰਦੇ ਹੁੰਦੇ ਸੀ। ਹੁਣ ਤਾਂ ਆਪਣਿਆਂ ਨੇ ਚੰਦ ਚਾੜ੍ਹ ਤਾਂ। ਸੁਆਦ ਤਾਂ ਸੀ ਜੇ ਅਕਾਲ ਤਖ਼ਤ ਨੂੰ ਢਾਏ ਬਗ਼ੈਰ ਆਪਣੇ ਪਤੰਦਰਾਂ ਨੂੰ ਬਾਹਰ ਕੱਢ ਕੇ ਦਿਖਾਉਂਦੀ। ਤਬਾਹੀ ਮਚਾ ਕੇ ਹਮਲੇ ਦਾ ਹੱਲ ਲੱਭਿਆ ਤਾਂ ਕੀ ਲੱਭਿਆ ? ਜਿਹਨੂੰ ਹਰਾਮਜ਼ਾਦੇ ਅਪਰੇਸ਼ਨ ਕਹਿੰਦੇ ਐ ਹੁਣ ਪਤਾ ਲੱਗੂ ਜਦ ਅਪਰੇਸ਼ਨ ਦਾ ਕੈਂਸਰ ਬਣੂ। ਠੂਠਾ ਭੱਜ ਕੇ ਕਟੋਰਾ ਬਣਿਆ ਬਲਿਹਾਰੇ ਤੇਰੀ ਕੁਦਰਤ ਦੇ", ਨਜ਼ਰ ਵਾਲੀਆਂ ਐਨਕਾਂ 'ਚੋਂ ਕੰਡਕਟਰ ਦੀਆਂ ਅੱਖਾਂ ਬੈਟਰੀ ਵਾਂਗ ਜਗ ਰਹੀਆਂ ਸਨ।

ਪ੍ਰਸ਼ੋਤਮ ਨੇ ਕੰਡਕਟਰ ਤੋਂ ਪਾਸਾ ਵੱਟਣਾ ਹੀ ਠੀਕ ਸਮਝਿਆ। ਉਸਨੇ ਉਸਦੀ ਗੱਲ 'ਚ ਘੱਟ ਹੀ ਹਾਂ ਮਿਲਾਈ ਤੇ ਇਸ ਤਰ੍ਹਾਂ ਦਾ ਅਭਿਨੈ ਕੀਤਾ ਜਿਵੇਂ ਉਸਨੇ ਉਸਦੀ ਗੱਲ ਸੁਣੀ ਹੀ ਨਾ ਹੋਵੇ। ਦੂਜੇ ਪਾਸੇ ਸਰਦਾਰ ਕੰਡਕਟਰ ਨੇ ਹਿੰਦੂ ਪ੍ਰੋਫ਼ੈਸਰ ਤੇ ਪ੍ਰੋਫ਼ੈਸਰਨੀ ਦੇ ਤਿੱਖੀ ਚੋਭ ਲਾਈ ਤੇ ਅੱਗੇ ਨੂੰ ਤੁਰ ਗਿਆ।

"ਲੈ ਲਿਆ ਸੁਆਦ ਕੰਡਕਟਰ ਨਾਲ ਸਾਂਝ ਪਾ ਕੇ। ਏਦਾਂ ਦੇ ਹਲਾਤਾਂ ਵਿੱਚ ਕਿਸੇ ਨਾਲ ਬਹੁਤ ਘੱਟ ਗੱਲ ਕਰਨੀ ਚਾਹੀਦੀ ਏ। ਨਾਲੇ ਤੁਹਾਨੂੰ ਪਤਾ ਏ ਕੰਡਕਟਰ ਤਾਂ ਕੁੱਤੇ ਦੀਆਂ ਪੂਛਾ ਹੁੰਦੇ ਨੇ। ਠੇਠ ਪੰਜਾਬੀ 'ਚ ਕਹਿੰਦੇ ਹੁੰਦੇ ਆ "ਪੁੱਠਾ ਪੰਗਾ ਲੈ ਲਿਆ ਜੱਟੀਏ ਐਂਵੇ ਬੋਕ ਦੇ ਸਿੰਗਾਂ ਨੂੰ ਹੱਥ ਲਾ ਕੇ"। ਪੰਗਾ ਵੀ ਉਸ ਕੰਡਕਟਰ ਨਾਲ ਲਿਆ ਜਿਹੜਾ ਖੁੱਲੀ ਦਾੜ੍ਹੀ ਵਾਲਾ ਏ", ਕਾਂਤਾ ਦੇਖਣ ਨੂੰ ਭਾਵੇਂ ਸ਼ਹਿਰਨ ਲਗਦੀ ਸੀ ਪਰ ਉਹਨੇ ਠੇਠ ਜਟਕੀ ਪੰਜਾਬੀ ਬੋਲ ਕੇ ਪ੍ਰਸ਼ੋਤਮ ਨੂੰ ਪਤਾ ਲਗਾ ਦਿੱਤਾ ਕਿ ਉਹ ਪੇਂਡੂ ਮੁਹਾਵਰਿਆਂ ਤੋਂ ਵੀ ਭਲੀ ਭਾਂਤ ਵਾਕਫ ਏ।

"ਮੈਡਮ, ਦਫਾ ਕਰ ਏਦਾਂ ਦੇ ਇੱਕੀ ਦੁੱਕੀ ਬੰਦਿਆਂ ਨੂੰ ! ਤੁਹਾਡੀ ਗੱਲ ਠੀਕ ਏ, ਅੱਜ ਕੱਲ੍ਹ ਦੇ ਹਾਲਾਤ ਵਿੱਚ ਕਿਸੇ ਨਾਲ ਵਾਧੀ ਗੱਲ ਨਹੀਂ ਕਰਨੀ ਚਾਹੀਦੀ। ਐਡੇ ਵੱਡੇ ਦੇਸ਼ ਦੀ ਸਰਕਾਰ ਨਾਲ ਆਢਾ ਲੈਣਾ ਤਾਂ ਇੱਕ ਦਿਨ ਮਹਿੰਗਾ ਹੀ ਪਊ। ਬਗਵਤਾਂ ਹੁੰਦੀਆਂ ਹੀ ਰਹੀਆਂ ਹਨ ਤੇ ਸਰਕਾਰਾਂ ਬਗ਼ਾਵਤਾਂ ਨੂੰ ਕੁਚਲਦੀਆਂ ਵੀ ਰਹੀਆਂ ਹਨ। ਇਨ੍ਹਾਂ ਗੱਲਾਂ ਨੂੰ ਛੱਡੋ। ਇਹ ਦੱਸੋ ਕਿ ਹੁਣ ਅਗਲੀ ਡਿਊਟੀ ਕਿਸ ਦਿਨ ਏ ? ਸ਼ਾਇਦ ਮੁੜ ਕੇ ਫਿਰ ਇਕੱਠੇ ਹੋ ਜਾਈਏ।"

"ਮੇਰੀ ਅਗਲੀ ਡਿਊਟੀ 20 ਤਾਰੀਖ ਨੂੰ ਸ਼ਾਮ ਦੇ ਪਰਚੇ ਵਿੱਚ ਏ", ਕਾਂਤਾ ਨੇ ਆਪਣੇ ਪਰਸ ਵਿੱਚੋਂ ਲਿਸਟ ਕੱਢ ਕੇ ਦੇਖਦੇ ਹੋਏ ਦੱਸਿਆ।

"ਮੇਰੀ ਉਸ ਦਿਨ ਸਵੇਰ ਦੇ ਪਰਚੇ ਵਿੱਚ ਏ।"

"ਤਾਰੀਖਾਂ ਬੜੀਆਂ ਜਬਾਨੀ ਯਾਦ ਕੀਤੀਆਂ ਹੋਈਆਂ ਨੇ?"

"ਹੁਣ ਹੋਰ ਥੋੜ੍ਹੀਆਂ ਹੀ ਡਿਊਟੀਆਂ ਹਨ। ਚੰਦ ਕੁ ਤਾਰੀਖਾਂ ਤਾਂ ਵੈਸੇ ਹੀ ਯਾਦ ਹੋ ਜਾਂਦੀਆਂ ਹਨ। ਇਹਦਾ ਮਤਲਬ ਇਹ ਕਿ 20 ਨੂੰ ਸ਼ਾਇਦ ਆਪਾਂ ਇਕੱਠੇ ਨਾ ਹੋ ਸਕੀਏ। ਜਦ ਮੈਂ ਡਿਊਟੀ ਖ਼ਤਮ ਕਰਾਂਗਾ ਤਾਂ ਤੁਸੀਂ ਕਾਲਜ ਪਹੁੰਚਣ ਵਾਲੇ ਹੋਵੋਗੇ। ਸ਼ਾਇਦ ਦੁਪਿਹਰ ਵੇਲੇ ਤੁਹਾਡੇ ਦਰਸ਼ਨ ਹੋ ਜਾਣ।"

"ਦੁਪਹਿਰ ਵੇਲੇ ਆਉਂਦੇ ਸਾਰ ਤੁਹਾਨੂੰ ਮਿਲ ਲਵਾਂਗੀ। ਉਸ ਤੋਂ ਬਾਅਦ ਮੈਂ ਡਿਊਟੀ ਦੇਵਾਂਗੀ ਤੇ ਤੁਸੀਂ ਘਰ ਨੂੰ ਚਾਲੇ ਪਾ ਦਿਓਗੇ। ਵਾਰ ਵਾਰ ਬੱਸਾਂ ਵਿੱਚ ਇਕੱਠੇ ਜਾਣਾ ਵੀ ਠੀਕ ਨਹੀਂ ਹੁੰਦਾ। ਦੁਨੀਆਂ ਦੀ ਨਜ਼ਰ ਬੜੀ ਭੈੜੀ ਏ।"

"ਜਿਵੇਂ ਤੁਹਾਡੀ ਇੱਛਾ।"

ਪ੍ਰਸ਼ੋਤਮ ਦਾ ਸਟੇਸ਼ਨ ਆ ਗਿਆ ਤੇ ਉਹ ਉਤਰ ਗਿਆ ਕਾਂਤਾ ਨੇ ਅਜੇ ਅੱਗੇ ਜਾਣਾ ਸੀ।



# ਕਾਂਡ ਅੱਠ

ਅੱਜ ਪ੍ਰਿੰਸੀਪਲ ਕਾਲਜ ਦੇ ਨਾਲ ਲੱਗਦੇ ਆਪਣੇ ਕੁਆਟਰ ਵਿੱਚ ਸੀ। ਸੈਂਟਰ ਵਿੱਚ ਸਿਰਫ ਇੱਕ ਛੋਟਾ ਜਿਹਾ ਆਨਰਜ਼ ਜਮਾਤ ਦੇ ਪ੍ਰੀਖਿਆਰਥੀਆਂ ਦਾ ਹੀ ਸ਼ਾਮ ਦਾ ਪਰਚਾ ਸੀ। ਇਨ੍ਹਾਂ ਪ੍ਰੀਖਿਆਰਥੀਆਂ ਦੀ ਗਿਣਤੀ ਸਿਰਫ਼ 10 ਕੁ ਹੀ ਸੀ। ਪਤਵੰਤ ਸਿੰਘ ਪਰਚਾ ਸ਼ੁਰੂ ਕਰਵਾਉਣ ਤੋਂ ਤਕਰੀਬਨ ਦੋ ਕੁ ਘੰਟੇ ਪਹਿਲਾਂ ਹੀ ਪਹੁੰਚ ਗਿਆ ਸੀ। ਉਸਨੇ ਪ੍ਰਿੰਸੀਪਲ ਤੋਂ ਪੈਨੀ ਦੇ ਕੇਸ ਬਾਰੇ ਜਾਣਕਾਰੀ ਵੀ ਲੈਣੀ ਸੀ ਤੇ ਕੁੱਝ ਹੋਰ ਵਿਚਾਰਾਂ ਵੀ ਕਰਨੀਆਂ ਸਨ। ਸੋ ਪਤਵੰਤ ਸਿੰਘ ਸਿੱਧਾ ਪ੍ਰਿੰਸੀਪਲ ਦੇ ਕੁਆਟਰ ਵਿੱਚ ਚਲਾ ਗਿਆ। ਜਦ ਉਹ ਅੰਦਰ ਗਿਆ ਤਾਂ ਉਸਨੇ ਦੇਖਿਆ ਪ੍ਰਿੰਸੀਪਲ ਲੰਬੀ ਜਿਹੀ ਪਿੱਛੇ ਨੂੰ ਵਿਛਵੀਂ ਕੁਰਸੀ ਤੇ ਬੈਠਾ ਕੁੱਝ ਪੜ੍ਹ ਰਿਹਾ ਸੀ।

"ਸਾਹਿਬ ਜੀ, ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ, ਡਾ. ਸਾਹਿਬ।"

"ਪੜ੍ਹਨ ਵਿੱਚ ਮਸ਼ਰੂਫ ਹੋ"

"ਹਾਂ। ਮੈਂ ਇੱਕ ਲੇਖ ਪੜ੍ਹ ਰਿਹਾ ਸਾਂ। ਵਿਸ਼ਾ ਏ-ਪੁਰਾਣੀ ਵਿੱਦਿਆ ਤੇ ਮੌਜੂਦਾ ਵਿਦਿਆ। ਅੱਜ ਦੇ ਜਵਾਨ ਤਬਕੇ ਵਿੱਚ ਬੜੀ ਬੇਚੈਨੀ ਰਹਿੰਦੀ ਏ। ਮੈਂ ਮੰਨਦਾ ਹਾਂ ਕਿ ਪੰਜਾਬ ਦੇ ਮੌਜੂਦਾ ਹਾਲਾਤ ਨੇ ਵਿਦਿਆਰਥੀ ਤਬਕੇ ਵਿੱਚ ਬਦਅਮਨੀ ਪੈਦਾ ਕਰਨ ਵਿੱਚ ਬੜਾ ਹਿੱਸਾ ਪਾਇਆ ਏ। ਅਗਰ ਇਸ ਹਾਲਾਤ ਨੂੰ ਪਰ੍ਹੇ ਵੀ ਰੱਖ ਲਈਏ ਫਿਰ ਵੀ ਸਾਨੂੰ ਮੰਨਣਾ ਪਵੇਗਾ ਕਿ ਪੁਰਾਣੇ ਵਿਦਿਆਰਥੀ ਵੱਧ ਆਗਿਆਕਾਰੀ, ਵੱਧ ਸਤਿਕਾਰ ਦੇਣ ਵਾਲੇ ਤੇ ਵੱਧ ਸਦਾਚਾਰਕ ਤੇ ਸਿਸ਼ਟਾਚਾਰ ਹੋਇਆ ਕਰਦੇ ਸਨ। ਮੈਨੂੰ ਇੰਝ ਲੱਗਦਾ ਏ ਕਿ ਅੱਜ ਦੀ ਵਿਦਿਆ ਸਿਖਲਾਈ ਪ੍ਰਧਾਨ ਜ਼ਿਆਦਾ ਹੋ ਗਈ ਏ ਤੇ ਪੜ੍ਹਾਈ ਪ੍ਰਧਾਨ ਘੱਟ। ਪੁਰਾਣੀ ਵਿਦਿਆ ਸਿਧਾਂਤਕ ਵੱਧ ਹੋਇਆ ਕਰਦੀ ਸੀ। ਅੱਜ ਦੀ ਵਿਦਿਆ ਅਮਲੀ ਤੇ ਪ੍ਰਯੋਜਕ ਜ਼ਿਆਦਾ ਹੋ ਗਈ ਏ। ਜਿਹੜੀ ਵਿਦਿਆ ਮਨੁੱਖ ਨੂੰ ਲੁਹਾਰ (Engineer) ਤਖਾਣ, ਮੁਨੀਮ, (Accountant) ਚਕਿਤਸਕ (Doctor) ਕਾਰਖਾਨੇਦਾਰ ਬਿਜ਼ਨਸ ਮੈਨ, ਹੋਟਲ ਮੈਨੇਜਰ, ਮਕਾਨ ਮਿਸਤਰੀ (Architect) ਆਦਿ ਬਣਾਉਣ 'ਤੇ ਹੀ ਸਾਰਾ ਜ਼ੋਰ ਲਗਾ ਦੇਵੇ ਉਹ ਸਦਾਚਾਰਕ ਤੇ ਸਿਸ਼ਟਾਚਾਰਕ ਹੋ ਵੀ ਕਿਵੇਂ ਸਕਦੀ ਏ? ਆਧੁਨਿਕ ਸਿੱਖਿਆ ਦੇ ਅਤੀ ਤਰਖਾਣੀਕਰਣ, ਲੁਹਾਰੀਕਰਣ, ਡਾਕਟਰੀਕਰਣ,

ਔਸ਼ਧੀਕਰਣ, ਮੁਨੀਮੀਕਰਣ, ਖੇਤੀਕਰਣ, ਬਾਗਬਾਨੀਕਰਣ, ਭੂਗੋਲੀਕਰਣ, ਬ੍ਰਹਿਮੰਡੀਕਰਣ ਅਤੇ ਕਾਰੋਬਾਰੀਕਰਣ ਸਰੂਪ ਨੇ ਇਸਨੂੰ ਮਨੁੱਖੀ ਕਦਰਾਂ ਕੀਮਤਾਂ, ਜੀਵਨ ਜਾਂਚ ਅਤੇ ਸਿਸ਼ਟਾਚਾਰਕ ਸਰੂਪ ਤੋਂ ਕਾਫ਼ੀ ਪਰ੍ਹੇ ਧੱਕੇ ਮਾਰਿਆ ਲਗਦਾ ਏ। ਆਧੁਨਿਕ ਸਿੱਖਿਆ ਨੇ ਮਨੁੱਖ ਵਿੱਚ ਬੌਧਿਕ ਕਦਰਾਂ ਕੀਮਤਾਂ, ਸਵੈਪੜਤਾਲ ਅਤੇ ਸਵੈਚੇਤਨਾ ਦੀ ਭਾਵਨਾ ਪ੍ਰਵਚਨ ਤੇ ਆਤਮ ਪਰਪੱਕਤਾ ਨੂੰ ਘਟਾਇਆ ਏ। ਤੁਹਾਡਾ ਕੀ ਖਿਆਲ ਏ?"

"ਸਾਹਿਬ ਜੀ, ਗੱਲ ਤੁਹਾਡੀ ਠੀਕ ਏ ਪਰ ਜਿਹੜੇ ਸ਼ਰਾਰਤੀ ਬੰਦਿਆਂ ਨੇ ਕਾਲਜ ਵਿੱਚ ਸ਼ਰਾਰਤ ਕੀਤੀ ਏ ਉਹ ਕੋਈ ਗੂੜ੍ਹੇ ਪੜ੍ਹਾਕੂ ਬੰਦੇ ਨਹੀਂ ਹਨ। ਇਸ ਤਰ੍ਹਾਂ ਦੇ ਬੰਦੇ ਸਮਾਜ ਵਿੱਚ ਹਮੇਸ਼ਾ ਹੀ ਰਹੇ ਹਨ। ਇਹ ਬੰਦੇ ਚਲ ਰਹੀ ਲਹਿਰ ਦੀ ਉਪਜ ਨਹੀਂ ਹਨ। ਆਪਣੇ ਨਾਵਲ 'ਮੁਕਤੀ ਸਾਗਰ' ਵਿੱਚ ਜਸਵੰਤ ਸਿੰਘ ਕੰਵਲ ਇਸ ਬਾਰੇ ਠੀਕ ਹੀ ਲਿਖਦਾ ਏ।"

"ਉਹ ਕੀ ਲਿਖਦਾ ਏ ?" ਆਪਣੇ ਹੱਥ ਵਿੱਚ ਫੜੇ ਇਸ ਨਾਵਲ ਦੇ ਆਖਰੀ ਹਿੱਸੇ 'ਚੋਂ ਪਤਵੰਤ ਸਿੰਘ ਕੁੱਝ ਸਤਰਾਂ ਪੜ੍ਹਨ ਲੱਗ ਪਿਆ।

'ਸਾਡੇ ਖਾੜਕੂਆਂ ਅਨਾੜੀਆਂ ਨੂੰ ਭਰਤੀ ਕੀਤਾ। ਦੁਸ਼ਮਣ ਤਾਕਤ ਦੇ ਚੋਰ ਉਚੱਕੇ ਆਪਣੇ ਵਿੱਚ ਸ਼ਾਮਲ ਕਰਕੇ ਬੁਰੀ ਤਰ੍ਹਾਂ ਤਬਾਹ ਹੋ ਗਏ। ਦਰਬਾਰ ਸਾਹਿਬ ਉੱਤੇ ਹਮਲਾ ਸਾਡੀ ਕੌਮ ਦੀ ਹਿੱਕ ਉੱਤੇ ਸਦਾ ਸੱਜਰਾ ਜ਼ਖ਼ਮ ਐ। ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਬੇਗੁਨਾਹਾਂ ਦੇ ਕਤਲਾਮ ਕਹਿਰ ਨੂੰ ਅਸੀਂ ਕਦੇ ਭੁੱਲਾਂਗੇ ਨਹੀਂ। ਪਰ ਅਸੀਂ ਫਿਰ ਵੀ ਅਸੀਂ ਕਹਿਰਾਂ ਤੇ ਪਹਿਰਾਂ ਵਿੱਚ ਆਪਣੇ ਗੌਰਵ ਨੂੰ ਸਰ ਬੁਲੰਦ ਰੱਖਿਆ ਹੈ।' ਕੁਝ ਲੋਕ ਦਰਬਾਰ ਸਾਹਿਬ ਕੰਪਲੈਕਸ ਵਿੱਚ ਖਾੜਕੂਆਂ ਦੀ ਮੌਜੂਦਗੀ ਨੂੰ ਗ਼ਲਤ ਕਹਿੰਦੇ ਹਨ। ਉਹ ਸੋਚਦੇ ਹਨ ਕਿ ਮਰਿਆਦਾ ਨੂੰ ਧਿਆਨ 'ਚ ਰੱਖਦਿਆਂ ਹੋਇਆਂ ਧਾਰਮਿਕ ਸਥਾਨਾਂ ਨੂੰ ਜੰਗੀ ਅਖਾੜਿਆਂ ਵਿੱਚ ਨਹੀਂ ਬਦਲਣਾ ਚਾਹੀਦਾ। ਇਸ ਪ੍ਰਕਾਰ ਦੇ ਬੰਦਿਆਂ ਦੀ ਸੋਚ ਦਾ ਜਵਾਬ ਮਸ਼ਹੂਰ ਕਵੀ ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ ਵਿੱਚ ਦਿੱਤਾ ਜਾ ਸਕਦਾ ਹੈ। 'ਅੰਮ੍ਰਿਤਸਰ ਸਰੋਵਰ ਦੀ ਪਰਿਕਰਮਾ ਕਰਨ ਵੇਲੇ ਸਲੈਬਾਂ ਉੱਤੇ ਸੰਭਲ ਕੇ ਕਦਮ ਰੱਖੋ। ਹਰ ਇੱਕ ਸਲੈਬ ਹੇਠਾ ਸੈਂਕੜੇ ਸ਼ਹੀਦ ਸਿੰਘਾਂ ਦੇ ਸਿਰ ਹਨ।' ਸਾਹਿਬ ਜੀ, ਤੁਸੀਂ ਜਾਣਦੇ ਹੀ ਹੋ ਸਿੱਖਾਂ ਦੀ ਲੜਾਈ ਸ਼ੁਰੂ ਤੋਂ ਹੀ ਜ਼ੁਲਮ ਦੇ ਖ਼ਿਲਾਫ਼ ਰਹੀ ਹੈ। ਇਹ ਜ਼ੁਲਮ ਭਾਵੇਂ ਮੁਸਲਮਾਨਾਂ ਦਾ ਸੀ, ਗੋਰਿਆਂ ਦਾ ਸੀ ਜਾਂ ਹਿੰਦੂਆਂ ਦਾ ਹੈ ਤੇ ਭਾਵੇਂ ਸਿੱਖਾਂ ਵਿੱਚੋਂ ਸਿੱਖਾਂ ਦੇ ਖ਼ਿਲਾਫ਼ ਹੀ ਪੈਦਾ ਹੋਏ ਘਟੀਆ ਬੰਦਿਆਂ ਦਾ ਹੋਵੇ। ਸਿੱਖਾਂ ਵਿੱਚ ਵੀ ਸ਼ੁਰੂ ਤੋਂ ਹੀ ਬਥੇਰੇ ਘਟੀਆ ਬੰਦੇ ਪੈਦਾ ਹੁੰਦੇ ਰਹੇ ਹਨ। ਸ਼ਾਮ ਸਿੰਘ ਅਟਾਰੀ ਸਭਰਾਓਂ ਦੀ ਲੜਾਈ ਵਿੱਚ ਗੋਰਿਆਂ ਦੇ ਖ਼ਿਲਾਫ਼ ਜੰਮ ਕੇ ਲੜਿਆ ਪਰ ਸਿੱਖ ਫ਼ੌਜ ਦੇ ਹੀ ਦੋ ਐਸੇ ਜਰਨੈਲ ਸਨ ਜਿਹੜੇ ਅੰਦਰੋਂ ਗਤੀ ਗੋਰਿਆਂ ਨਾਲ ਜਾ ਰਲੇ। ਇਸ ਪ੍ਰਕਾਰ 1849 ਵਿੱਚ ਪੰਜਾਬ ਗੋਰਿਆਂ ਦੇ ਕਬਜ਼ੇ ਵਿੱਚ ਆ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਡੋਗਰੇ



ਸਰਦਾਰਾਂ ਨੇ ਸਿੱਖ ਰਾਜ ਦੀ ਬੇੜੀ ਡੁਬਾਉਣ ਲਈ ਜੋ ਕਰਤੂਤਾਂ ਕੀਤੀਆਂ ਉਹਨਾਂ ਬਾਰੇ ਤੁਸੀਂ ਜਾਣਦੇ ਹੀ ਹੋ। ਬੱਬਰ ਅਕਾਲੀ ਲਹਿਰ ਦੌਰਾਨ ਕਈ ਸਰਦਾਰ ਅੰਗਰੇਜ਼ਾਂ ਦੇ ਟੋਡੀ ਬਣ ਗਏ। ਇਸੇ ਕਰਕੇ ਬੱਬਰਾਂ ਨੇ ਬੇਲਾ ਸਿੰਉ ਜਿਹੇ ਟੋਡੀਆਂ ਨੂੰ ਸੋਧਿਆ ਸੀ। ਦੀਵਾਨ ਸੁੱਚਾ ਨੰਦ ਦੀ ਮਿਸਾਲ ਤੁਹਾਡੇ ਸਾਹਮਣੇ ਹੀ ਹੈ। ਇਤਿਹਾਸ ਵਿੱਚ ਚੱਲੀਆਂ ਲਹਿਰਾਂ ਨੂੰ ਅਸਫਲ ਕਰਨ ਦਾ ਕੰਮ ਸ਼ੁਰੂ ਤੋਂ ਹੀ ਚਲਦਾ ਰਿਹਾ ਹੈ। ਮਾੜੇ ਅਨਸਰ ਹਰ ਲਹਿਰ ਵਿੱਚ ਪੈਦਾ ਹੁੰਦੇ ਰਹੇ ਹਨ। ਬਾਬਾ ਬੰਦਾ ਸਿੰਘ ਬਹਾਦਰ ਤੇ ਬਿਨੋਦ ਸਿੰਘ ਦੇ ਝਗੜੇ ਦੀ ਅਸਲੀਅਤ ਵੀ ਇਹੀ ਕੁੱਝ ਦੱਸਦੀ ਹੈ।

"ਡਾਕਟਰ ਸਾਹਿਬ, ਮੈਂ ਤਾਂ ਇਸ ਬਾਰੇ ਕੁੱਝ ਪੜ੍ਹਿਆ ਨਹੀਂ। ਇਹ ਅਸਲੀਅਤ ਕੀ ਸੀ?"

"ਰਤਨ ਸਿੰਘ ਭੰਗੂ ਇਸਦਾ ਮੁੱਢ ਸਰਹਿੰਦ ਦੇ ਕਬਜ਼ੇ ਤੋਂ ਲੈਂਦਾ ਹੈ। ਉਹ ਕਹਿੰਦਾ ਹੈ ਕਿ ਮੁਗਲਾਂ ਨੇ ਅਜੀਤ ਸਿੰਘ ਪਾਲਿਤ ਨੂੰ ਨਜ਼ਰ ਬੰਦ ਕਰਕੇ ਆਪਣੇ ਨਾਲ ਰਲਾ ਲਿਆ ਸੀ। ਉਸਨੂੰ ਇੱਕ ਜਗੀਰ ਦੇ ਦਿੱਤੀ। ਬਿਨੋਦ ਸਿੰਘ ਨੂੰ ਬੰਦਾ ਸਿੰਘ ਤੋਂ ਅਡਰਾ ਦਿਖਾ ਕੇ ਇਸ ਲੇਖਕ ਨੇ ਦੋਹਾਂ ਵਿੱਚ ਪਿੰਡ ਖੋਹਾਲੀ (ਕੋਹਾਲੀ) ਵਿਖੇ ਲੜਾਈ ਵੀ ਦਿਖਾਈ ਹੈ। ਤੱਤ ਖ਼ਾਲਸਾ ਦਾ ਮੁਗਲਾਂ ਨਾਲ ਸਮਝੌਤਾ ਦਿਖਾ ਕੇ ਉਹਨਾਂ ਤੋਂ ਨੌਕਰੀਆਂ, ਮਨਸਬਾਂ ਤੇ ਹੋਰ ਸਹੂਲਤਾਂ ਪ੍ਰਾਪਤ ਕਰਦੇ ਦਿਖਾਇਆ ਗਿਆ ਹੈ। ਇਸ ਮਗਰੋਂ ਬੰਦਾ ਸਿੰਘ ਗੁਰਦਾਸਪੁਰ ਚਲਾ ਜਾਂਦਾ ਹੈ ਤੇ ਅਖੌਤੀ ਤੱਤ ਖ਼ਾਲਸਾ ਅੰਮ੍ਰਿਤਸਰ ਵਿੱਚ ਡੇਰਾ ਜਮਾ ਲੈਂਦਾ ਹੈ। ਮੁਗਲ ਤੱਤ ਖ਼ਾਲਸਾ ਤੋਂ ਰਾਜ਼ ਲੈ ਕੇ (ਮੁਖ਼ਬਰੀ/ਟਾਊਟੀ ਕਰਵਾ ਕੇ) ਬੰਦਾ ਸਿੰਘ ਦਾ ਪਿੱਛਾ ਕਰਦੇ ਹਨ ਤੇ ਆਖ਼ੀਰ ਬੰਦਾ ਸਿੰਘ ਨੂੰ ਖ਼ਤਮ ਕਰ ਦਿੰਦੇ ਹਨ। ਰਤਨ ਸਿੰਘ ਤੇ ਗਿਆਨੀ ਗਿਆਨ ਸਿੰਘ ਕਹਿੰਦੇ ਹਨ ਕਿ ਬੰਦਾ ਸਿੰਘ ਤੇ ਤੱਤ ਖ਼ਾਲਸਾ ਵਿੱਚ ਫੁੱਟ ਪੈਣ ਤੇ ਮੁਗਲਾਂ ਨੇ ਘਿਓ ਦੇ ਦੀਵੇ ਜਗਾਏ :-

**ਫਰੁਖਸੇਰ ਪਤਸ਼ਾਹਿ ਜਬ ਇਹੁ ਸੁਣਿਓ ਹਾਲ ॥**
**ਜਲਸਾ ਕੀਨਾ ਖੁਸ਼ੀ ਕਾ ਘੀ ਕੇ ਦੀਵੇ ਬਾਲ ॥**

**(ਗਿਆਨ ਸਿੰਘ, ਕਾਂਡ 53, ਬੰਦ 3-ਪੰਥ ਪ੍ਰਕਾਸ਼)**

ਸਿੱਖ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਦਾ ਨਾਂ ਗੁਰੂ ਸਾਹਿਬਾਨਾਂ ਤੋਂ ਮਗਰੋਂ ਸਭ ਤੋਂ ਵੱਧ ਮਹੱਤਵ ਰੱਖਦਾ ਹੈ। ਉਸਨੇ ਪੰਜਾਬੀਆਂ ਤੇ ਹਿੰਦੁਸਤਾਨੀਆਂ ਨੂੰ ਕੌਮੀਅਤ ਦਾ ਪਹਿਲਾਂ ਸਬਕ ਪੜ੍ਹਾਇਆ ਸੀ। ਉਸਨੇ ਜਿਹੜੇ ਇਲਾਕੇ ਤੇ ਕਬਜ਼ਾ ਕੀਤਾ ਉੱਥੇ ਕਿਸੇ ਵੀ ਮਸਜਿਦ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਦੂਜੇ ਪਾਸੇ ਮੁਸਲਮਾਨਾਂ ਨੇ ਸਿੱਖਾਂ ਅਤੇ ਹਿੰਦੂਆਂ ਦੇ ਧਾਰਮਿਕ ਅਦਾਰਿਆਂ ਨੂੰ ਲੁੱਟਿਆ ਵੀ ਤੇ ਢਾਇਆ ਵੀ। ਮੁਸਲਮਾਨਾਂ ਨੇ ਤਾਂ ਸਰੋਵਰ ਮਿੱਟੀ, ਮਲਬੇ ਅਤੇ ਕੂੜੇ ਨਾਲ ਪੂਰ ਦਿੱਤੇ ਸਨ। ਬੰਦਾ ਹਰ ਸਿੱਖ ਤੇ ਮੁਸਲਮਾਨ ਨੂੰ 'ਜੀ' ਕਹਿ ਕੇ ਬੁਲਾਉਂਦਾ ਸੀ। ਉਸਨੇ ਇਸਲਾਮ ਦੇ ਤੇ ਇਸ ਦੇ ਬਾਨੀ

ਹਜ਼ਰਤ ਮੁਹੰਮਦ ਬਾਰੇ ਕਦੀ ਵੀ ਕੋਈ ਮਾੜਾ ਸ਼ਬਦ ਨਹੀਂ ਸੀ ਵਰਤਿਆ। ਦੂਜੇ ਪਾਸੇ ਮੁਸਲਮਾਨ ਸਿੱਖਾਂ ਨੂੰ ਨਫ਼ਰਤ ਕਰਦੇ ਰਹੇ ਤੇ ਆਮ ਬੋਲਚਾਲ ਜਾਂ ਲਿਖਤ ਵਿੱਚ ਉਹ ਉਹਨਾਂ ਨੂੰ ਕੁੱਤੇ ਜਾਂ ਕਾਫਰ ਜਾਂ ਚੋਰ ਕਹਿੰਦੇ ਰਹੇ ਹਨ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਨੇ ਤਾਂ ਇੱਕ ਫ਼ੁਰਮਾਨ ਵੀ ਜਾਰੀ ਕੀਤਾ ਸੀ।

'ਨਾਨਕ ਪ੍ਰਸਤਾ' ਰਾ ਹਰ ਕੁਜਾ ਕਿ ਬਿਯਾਬੰਦ, ਬ-ਕਤਲ ਰਸਾਨੰਦ

(ਜਿੱਥੇ ਕੋਈ ਵੀ ਸਿੱਖ ਦਿਖੇ ਉੱਥੇ ਹੀ ਮਾਰ ਦਿਓ)

ਸਾਹਿਬ ਜੀ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਬਗ਼ਾਵਤਾਂ ਤੇ ਲਹਿਰਾਂ ਹਮੇਸ਼ਾਂ ਹੀ ਚਲਦੀਆਂ ਰਹੀਆਂ ਹਨ। ਇਹਨਾਂ ਵਿੱਚ ਫੁੱਟ ਪਾਉਣ ਦੀ ਵੀ ਹਰ ਸਮੇਂ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਮੌਜੂਦਾ ਹਾਲਾਤਾਂ ਵਿੱਚ ਵੀ ਇਹੀ ਕੁਝ ਹੋ ਰਿਹਾ ਹੈ। ਅਸਲੀ ਜੁਝਾਰੂ ਲੜਾਈ ਲੜ ਰਹੇ ਹਨ। ਮਾੜੇ ਅਨਸਰ ਵੀ ਲਹਿਰ ਵਿੱਚ ਪੈਦਾ ਹੁੰਦੇ ਰਹੇ ਹਨ। ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਇਮਤਿਹਾਨ ਨੂੰ ਇਮਤਿਹਾਨ ਸਮਝ ਕੇ ਨੇਪਰੇ ਚਾੜ੍ਹਨਾ ਚਾਹੀਦਾ ਹੈ। ਪਰਚੇ ਚੋਰੀ ਹੋ ਗਏ ਕੋਈ ਗੱਲ ਨਹੀਂ। ਤੁਸੀਂ ਇਹ ਦੱਸੋ ਕਿ ਪੈਨੀ ਵਾਲੇ ਕੇਸ ਦਾ ਕੀ ਬਣਿਆ ਹੈ ?"

"ਡਾ. ਸਾਹਿਬ ! ਪੈਨੀ ਦਾ ਕੇਸ ਤਾਂ ਪੁਲਿਸ ਦੇ ਹਵਾਲੇ ਹੀ ਹੈ। ਉਸਦੀ ਪੜਚੋਲ ਚੱਲ ਰਹੀ ਹੈ। ਹਾਲ ਦੀ ਘੜੀ ਉਸਨੂੰ ਅੰਦਰ ਬੰਦ ਕੀਤਾ ਹੋਇਆ ਏ। ਸ਼ਾਇਦ ਉਸਦੀ ਅੱਜ ਕੱਲ੍ਹ ਜ਼ਮਾਨਤ ਹੋ ਜਾਵੇ । ਉਸਦਾ ਕੇਸ ਤਾਂ ਚੱਲੇਗਾ ਹੀ।"

"ਉਹ ਇਮਤਿਹਾਨ ਵੀ ਤਾਂ ਦੇ ਰਿਹਾ ਹੈ । ਉਸਦੇ ਇਮਤਿਹਾਨ ਦਾ ਕੀ ਬਣੇਗਾ?"

"ਉਸਦਾ ਅਗਲਾ ਪਰਚਾ ਅਜੇ ਤਿੰਨ ਚਾਰ ਦਿਨ ਬਾਅਦ ਹੈ। ਸ਼ਾਇਦ ਉਸਨੂੰ ਸਿਪਾਹੀ ਆਪਣੇ ਨਾਲ ਲਿਆ ਕੇ ਉਸਦਾ ਪਰਚਾ ਦਿਵਾਉਣ। ਇਮਤਿਹਾਨ ਦੇਣ ਦਾ ਤਾਂ ਹਰ ਇੱਕ ਨੂੰ ਅਧਿਕਾਰ ਹੈ। ਕੀ ਉਸਦਾ ਉਸ ਦਿਨ ਵੀ ਪਰਚਾ ਸੀ ਜਿਸ ਦਿਨ ਪੇਪਰ ਕੈਂਸਲ ਹੋਇਆ ਸੀ?"

"ਹਾਂ ਸਰ, ਪਰਚਾ ਸੀ । ਉਹ ਪਰਚਾ ਸਾਰੀ ਯੂਨੀਵਰਸਿਟੀ ਵਿੱਚ ਕੈਂਸਲ ਕਰ ਦਿੱਤਾ ਗਿਆ ਸੀ। ਸ਼ਾਇਦ ਉਹ ਪਰਚਾ ਸਾਰੇ ਇਮਤਿਹਾਨਾਂ ਦੇ ਆਖਰ ਵਿੱਚ ਪਵੇ। ਯੂਨੀਵਰਸਿਟੀ ਪਹਿਲਾਂ ਉਹ ਪਰਚਾ ਦੁਬਾਰਾ ਕਿਸੇ ਤੋਂ ਸੈੱਟ ਕਰਵਾਏਗੀ ਜਾਂ ਪਹਿਲਾਂ ਸੈੱਟ ਕਰਵਾਏ ਪਰਚੇ ਦਾ ਕੋਈ ਹੋਰ ਹਿੱਸਾ ਛਪਵਾ ਲਵੇਗੀ ਤੇ ਫਿਰ ਉਹ ਪਰਚਾ ਰੱਖਿਆ ਜਾਵੇਗਾ। ਉਸ ਦਿਨ ਹੋਰ ਵੀ ਜਮਾਤਾਂ ਦੇ ਪਰਚੇ ਸਨ। ਉਹਨਾਂ ਪਰਚਿਆਂ ਨੂੰ ਵੀ ਇੰਝ ਹੀ ਕੀਤਾ ਜਾਵੇਗਾ । ਇਸ ਸਭ ਬਾਰੇ ਜਾਣਕਾਰੀ ਸੈਂਟਰ ਨੂੰ ਆ ਹੀ ਜਾਵੇਗੀ । ਕੀ ਪੈਨੀ ਦੇ ਨਾਲ ਦੇ ਬਾਕੀ ਮੁੰਡੇ ਵੀ ਫੜੇ ਗਏ ਹਨ ?"

"ਹਾਂ, ਇਹ ਕੁੱਲ ਪੰਜ ਮੁੰਡੇ ਸਨ, ਚਾਰ ਉਹ ਜਿਹੜੇ ਪਰਚਾ ਚੋਰੀ ਕਰਨ ਗਏ ਸਨ ਤੇ ਪੰਜਵਾ ਪੈਨੀ।"



"ਉਹ ਚਾਰ ਕੌਣ ਸਨ?"

"ਇਹ ਸਾਡੇ ਕਾਲਜ ਦੇ ਨਹੀਂ ਸਨ। ਇਹਨਾਂ ਵਿੱਚੋਂ ਦੋ ਤਾਂ ਨਾਲ ਦੇ ਕਾਲਜ ਵਿੱਚ ਪੜ੍ਹਦੇ ਹੁੰਦੇ ਸਨ। ਅੱਜ ਕੱਲ੍ਹ ਉਹ ਪੜ੍ਹਾਈ ਵਿੱਚ ਹੀ ਛੱਡ ਚੁੱਕੇ ਹਨ। ਦੂਜੇ ਦੋ ਕਿਸੇ ਕਾਲਜ ਵਿੱਚ ਪੜ੍ਹੇ ਹੀ ਨਹੀਂ। ਸਿਰਫ ਸਕੂਲ ਤੱਕ ਹੀ ਪੜ੍ਹੇ ਹਨ। ਇਸਤੋਂ ਬਾਅਦ ਬਸ ਨਸ਼ਿਆਂ ਪੱਤਿਆਂ ਵਿੱਚ ਪੈ ਗਏ। ਇੱਕ ਤਾਂ ਪਹਿਲਾਂ ਵੀ ਪੁਲਿਸ ਕੇਸ ਵਿੱਚ ਫਸ ਚੁੱਕਾ ਸੀ। ਕਈ ਦਿਨ ਅੰਦਰ ਰਿਹਾ ਸੀ। ਬਾਅਦ ਵਿੱਚ ਪਿੰਡ ਦੀ ਪੰਚਾਇਤ ਉਸਨੂੰ ਆਪਣੀ ਜ਼ਿੰਮੇਵਾਰੀ ਤੇ ਲੈ ਗਈ ਸੀ। ਹੁਣ ਉਹ ਫਿਰ ਫਸ ਗਿਆ ਹੈ। ਪੈਨੀ ਉੱਤੇ ਸਖ਼ਤੀ ਕਰਕੇ ਪੁਲਿਸ ਨੇ ਸਾਰੇ ਸੁਰਾਗ ਕੱਢ ਲਏ ਹਨ। ਅਗਰ ਤੁਹਾਨੂੰ ਪੁਲਿਸ ਸੁਰੱਖਿਆ ਦੀ ਲੋੜ ਹੈ ਤਾਂ ਮੈਂ ਉਸਦਾ ਵੀ ਕੋਈ ਪ੍ਰਬੰਧ ਕਰ ਸਕਦਾ ਹਾਂ।"

"ਸਰ, ਮੈਂ ਕਿਹੜਾ ਕਿਸੇ ਦੇ ਖ਼ਿਲਾਫ਼ ਕੁੱਝ ਕੀਤਾ ਹੈ। ਮੈਂ ਤਾਂ ਆਪਣਾ ਫ਼ਰਜ਼ ਸਮਝ ਕੇ ਇਮਤਿਹਾਨ ਨੂੰ ਸੁਚੱਜੇ ਤਰੀਕੇ ਨਾਲ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਇੰਝ ਤਾਂ ਮੈਂ ਕਰਨਾ ਹੀ ਹੈ। ਇਹ ਮੇਰਾ ਫ਼ਰਜ਼ ਹੈ। ਅੱਜ ਦੇ ਹਾਲਾਤ ਤਾਂ ਇੰਝ ਹਨ ਕਿ ਚਲਦੀ ਲਹਿਰ ਵਿੱਚ ਪਕੜੇ ਜਾਣ ਵਾਲੇ ਗੰਦੇ ਅਨਸਰ ਪੁਲਿਸ ਦੀ ਸਖ਼ਤੀ ਦਾ ਸਾਹਮਣਾ ਕਰ ਰਹੇ ਹਨ। ਜਿੰਨ੍ਹਾਂ ਅਸਲੀ ਖਾੜਕੂਆਂ ਨੂੰ ਫੜ ਕੇ ਪੁਲਿਸ ਤੰਗ ਕਰ ਰਹੀ ਹੈ ਜਾਂ ਝੂਠੇ ਮੁਕਾਬਲੇ ਬਣਾ ਕੇ ਸ਼ਹੀਦ ਕਰ ਰਹੀ ਏ ਉੱਥੇ ਪੁਲਿਸ ਦੇ ਘਿਨਾਉਣੇ ਕਿਰਦਾਰ ਦਾ ਇਮਤਿਹਾਨ ਹੋ ਰਿਹਾ ਏ। ਨਾਲ-ਨਾਲ ਹੀ ਉਹਨਾਂ ਘਟੀਆਂ ਲੀਡਰਾਂ ਦਾ ਵੀ ਇਮਤਿਹਾਨ ਹੋ ਰਿਹਾ ਹੈ ਜਿਨ੍ਹਾਂ ਨੇ ਇਸ ਪ੍ਰਕਾਰ ਦੇ ਹਾਲਾਤ ਪੈਦਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।"

"ਡਾ. ਸਾਹਿਬ, ਇਹ ਤੁਹਾਡੀ ਗੱਲ ਸੋਲ੍ਹਾਂ ਆਨੇ ਸੱਚ ਏ ਕਿ ਚਾਲਬਾਜ਼ ਤੇ ਖ਼ੁਦਗਰਜ਼ ਲੀਡਰਾਂ ਨੇ ਹੀ ਇਸ ਪ੍ਰਕਾਰ ਦੇ ਹਾਲਾਤ ਪੈਦਾ ਕੀਤੇ ਹਨ । ਉੱਪਰ ਬੈਠੇ ਕਾਂਗਰਸ ਦੇ ਲੀਡਰ ਪੰਜਾਬ ਤੇ ਰਾਜ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਰਹੇ ਹਨ । ਇਨ੍ਹਾਂ ਦੀ ਹਮੇਸ਼ਾ ਇਹੀ ਕੋਸ਼ਿਸ਼ ਰਹਿੰਦੀ ਸੀ ਕਿ ਅਕਾਲੀਆਂ ਦੇ ਲੀਡਰਾਂ ਨੂੰ ਆਪਸ ਵਿੱਚ ਲੜਾ ਕੇ ਮਰਵਾ ਦਿਓ ਤੇ ਆਪ ਰਾਜ ਕਰੀ ਜਾਓ। ਇਹਨਾਂ ਨੂੰ ਸਮਝ ਨਹੀਂ ਆਉਂਦੀ ਕਿ ਕੋਈ ਲੀਡਰ ਐਸਾ ਵੀ ਪੈਦਾ ਹੋ ਸਕਦਾ ਹੈ ਜਿਹੜਾ ਉਹਨਾਂ ਦੀ ਜਾਨ ਦਾ ਖੌਅ ਬਣ ਸਕਦਾ ਹੈ। ਆਉਣ ਵਾਲੇ ਸਮਿਆਂ ਵਿੱਚ ਇਨ੍ਹਾਂ ਘਟੀਆਂ ਲੀਡਰਾਂ ਦੇ ਪੁਤਲੇ ਇਤਿਹਾਸ ਦੀਆਂ ਪ੍ਰਯੋਗਸ਼ਾਲਾਵਾਂ ਦੀਆਂ ਅਲਮਾਰੀਆਂ ਵਿੱਚ ਪਏ ਲੋਕਾਂ ਨੂੰ ਨਜ਼ਰ ਆਉਂਦੇ ਰਹਿਣਗੇ ਤੇ ਸਮੇਂ-ਸਮੇਂ 'ਤੇ ਇਤਿਹਾਸਕਾਰ ਇਨ੍ਹਾਂ ਪਿੰਜਰਾਂ ਤੋਂ ਧੂੜ ਹਟਾ ਕੇ ਇਨ੍ਹਾਂ ਦੇ ਦਿਮਾਗ਼ਾਂ ਦੀਆਂ ਪਰਤਾਂ ਤੇ ਪ੍ਰਯੋਗ ਕਰਦੇ ਰਹਿਣਗੇ। ਪੰਜਾਬ ਦੇ ਸੰਦਰਭ ਵਿੱਚ ਤਾਂ ਇਹ ਪ੍ਰੀਖਿਆ ਲੰਬੇ ਸਮੇਂ ਤੋਂ ਚਲਦੀ ਆ ਰਹੀ ਹੈ ਅਜੇ ਚਲਦੀ ਵੀ ਰਹੇਗੀ। ਕੀ ਸਿੱਖ ਜਗਤ ਅਹਿਮਦ ਸ਼ਾਹ ਅਬਦਾਲੀ ਦੇ ਦਰਬਾਰ ਸਾਹਿਬ ਨੂੰ ਢਹਿ ਢੇਰੀ ਕਰਨ ਤੇ ਮੱਸੇ ਰੰਘੜ ਦੇ

ਇਸ ਕੰਪਲੈਕਸ ਵਿੱਚ ਕੰਜਰੀਆਂ ਨਚਾਉਣ ਦੇ ਘਿਨਾਉਣੇ ਕਾਰਨਾਮਿਆਂ ਤੇ ਕਰਤੂਤਾਂ ਨੂੰ ਕੋਈ ਭੁੱਲ ਸਕਦਾ ਹੈ? ਇਸੀ ਪ੍ਰਕਾਰ ਕੀ ਸਿੱਖ ਜਗਤ 84 ਵਿੱਚ ਵਾਪਰੇ ਦੁਖਾਂਤ ਨੂੰ ਆਉਣ ਵਾਲੇ ਸਮਿਆਂ ਵਿੱਚ ਕਦੀ ਭੁੱਲ ਜਾਣਗੇ? ਕਦਾਚਿਤ ਨਹੀਂ ਇਸ ਪ੍ਰਕਾਰ ਦੀਆਂ ਘਟਨਾਵਾਂ ਚੋਂ ਪੈਦਾ ਹੋਏ ਜ਼ਖ਼ਮ ਕੌਮ ਦੇ ਸੀਨਿਆਂ ਨੂੰ ਹਮੇਸ਼ਾ ਲੂੰਹਦੇ ਤੇ ਵਲੂੰਧਰਦੇ ਰਹੇ ਹਨ ਤੇ ਹਮੇਸ਼ਾਂ ਲੂਹੰਦੇ ਰਹਿਣਗੇ। ਇਸ ਪ੍ਰਕਾਰ ਦੀਆਂ ਘਟਨਾਵਾਂ ਵਿੱਚੋਂ ਨਵੀਆਂ ਸੰਭਾਵਨਾਵਾਂ ਹਮੇਸ਼ਾ ਹੀ ਉਪਜਦੀਆਂ ਰਹਿਣਗੀਆਂ। ਬਾਗ਼ੀਆਂ (ਕੌਮ ਦੀ ਨਜ਼ਰ ਵਿੱਚ ਜ਼ਿੰਦਾ ਸ਼ਹੀਦਾਂ) ਨੂੰ ਫਾਹੇ ਲਾਈ ਜਾਣਾ ਮਸਲੇ ਦਾ ਪੱਕਾ ਹੱਲ ਨਹੀਂ ਏ। ਜ਼ਿੰਦਾ ਸ਼ਹੀਦ ਹੋਰ ਪੈਦਾ ਹੁੰਦੇ ਰਹਿੰਦੇ ਹਨ। ਕੀ 1857 ਦੇ ਗ਼ਦਰ ਤੋਂ ਬਾਅਦ ਜਾਂ ਬੱਬਰ ਅਕਾਲੀ ਲਹਿਰ ਤੋਂ ਬਾਅਦ ਜਾਂ ਕੂਕਾ ਲਹਿਰ ਤੋਂ ਬਾਅਦ ਭਾਰਤ ਦੀ ਆਜ਼ਾਦੀ ਦੀ ਲੜਾਈ ਖ਼ਤਮ ਹੋ ਗਈ ਸੀ ? ਅਗਰ ਅੱਡ ਹੋਣ ਵੱਲ ਨੂੰ ਤੁਰਨ ਤੋਂ ਬਗੈਰ ਕੋਈ ਨਿਆ ਮਿਲ ਜਾਂਦਾ ਤਾਂ ਚੰਗਾ ਸੀ। ਹੁਣ ਵੀ ਕਿਤੇ ਤੇ ਪਛਤਾਵਾ ਕਰਕੇ ਹੱਲ ਲੱਭਿਆ ਜਾ ਸਕਦਾ ਹੈ। ਰਾਜੀਵ ਗਾਂਧੀ ਦੁਆਰਾ ਇੰਦਰਾ ਦੇ ਮਰਨ ਤੇ ਗਿਣੀ ਮਿੱਥੀ ਸਾਜ਼ਿਸ਼ ਤਹਿਤ ਮਾਰੇ ਗਏ ਸਿੱਖਾਂ ਨੂੰ ਧਰਤੀ ਕੰਬਣ ਨਾਲ ਤਰਜੀਹ ਦੇਣੀ ਕਤਲੋ ਗਾਰਤ ਨੂੰ ਠੀਕ ਤੇ ਜਾਇਜ਼ ਕਰਾਰ ਦੇਣਾ ਹੈ। ਕੋਈ ਸਮਝਦਾਰ ਨੇਤਾ ਕਦੀ ਵੀ ਇਸ ਪ੍ਰਕਾਰ ਦੀ ਤੁਲਨਾ ਨਹੀਂ ਕਰ ਸਕਦਾ। ਮੈਨੂੰ ਲੱਗਦਾ ਏ ਦੇਸ਼ ਦੇ ਰਾਜਨੀਤਕ ਢਾਂਚੇ ਵਿੱਚ ਕੋਈ ਵੱਡੀ ਤਬਦੀਲੀ ਹੋਣੀ ਚਾਹੀਦੀ ਹੈ।"

"ਸਰ, ਗੱਲ ਤੁਹਾਡੀ ਠੀਕ ਏ ਪਰ ਸਵਾਲ ਕੌਮੀ ਏਕਤਾ (national integration) ਦਾ ਵੀ ਏ? ਦੋ ਹਿੱਸੇ ਪਹਿਲ਼ਾ ਹੀ ਅੱਡ ਹੋ ਚੁੱਕੇ ਹਨ, ਤੀਜਾ ਹੋਣ ਨੂੰ ਫਿਰਦਾ ਹੈ। ਰਾਜਨੀਤਕ ਤਬਦੀਲੀ ਵਿਧਾਨਕਾਰਾਂ ਤੇ ਕਾਨੂੰਨਦਾਨਾਂ ਨੇ ਕਰਨੀ ਹੈ। ਜਿੱਥੇ ਵਿਧਾਨਕਾਰ ਤੇ ਕਾਨੂੰਨਦਾਨ ਹੀ ਆਯੋਗ ਹੋਣ ਉੱਥੇ ਵੱਡੀ ਤਬਦੀਲੀ ਕੀ ਹੋ ਸਕਦੀ ਹੈ ? ਕਈ ਲੋਕ ਹਿੰਦੂ ਮੱਤ ਨੂੰ ਐਵੇਂ ਹੀ ਸਿੱਖ ਮੱਤ ਨਾਲ ਜੋੜੀ ਜਾਣਗੇ। ਤੁਸੀਂ ਮੈਨੂੰ ਇਹ ਦੱਸੋ ਕਿ ਭਾਰਤ ਦੇ ਇਤਿਹਾਸ ਵਿੱਚ ਮੌਰੀਆ ਤੇ ਗੁਪਤਾਂ ਦੇ ਜ਼ਮਾਨੇ ਤੋਂ ਬਾਅਦ ਹਿੰਦੂਆਂ ਨੇ ਭਾਰਤ ਤੇ ਕਿੰਨਾ ਸਮਾਂ ਰਾਜ ਕੀਤਾ ਏ?"

"ਨਹੀਂ ਸਰ...ਤੁਹਾਨੂੰ ਸ਼ਾਇਦ ਭੁੱਲ ਗਿਐ। ਭਾਰਤ ਵਿੱਚ ਵਿਜੇ ਨਗਰ ਸਲਤਨਤ ਵੀ ਤਾਂ ਰਾਜ ਕਰਦੀ ਰਹੀ ਏ। ਉਹ ਵੀ ਤਾਂ ਹਿੰਦੂ ਹੀ ਸਨ।"

"ਡਾ. ਸਾਹਿਬ, ਇੱਕ ਹੋਰ ਸਲਤਨਤ ਵੀ ਹਿੰਦੂ ਸੀ।" "ਉਹ ਕਿਹੜੀ ਸਰ?"

"ਬਾਹਮਣੀ ਸਲਤਨਤ"

"ਸਰ ਉਹ ਹਿੰਦੂ ਨਹੀਂ ਸੀ। ਉਹ ਮੁਸਲਮਾਨ ਸਲਤਨਤ ਸੀ। ਤੁਹਾਨੂੰ ਨਾਮ ਤੋਂ ਹੀ ਐਵੇਂ ਹਿੰਦੂ ਲੱਗਦੀ ਏ। ਵਿਜੇ ਨਗਰ ਤੇ ਬਾਹਮਣੀ ਸਲਤਨਤਾਂ ਵੈਸੇ ਵੀ ਦੱਖਣੀ ਭਾਰਤ ਵਿੱਚ ਰਾਜ ਕਰਦੀਆਂ ਰਹੀਆਂ ਹਨ। ਹਾਂ, ਤੁਸੀਂ ਉੱਤਰੀ ਭਾਰਤ ਦੀ ਗੱਲ ਕਰ ਸਕਦੇ ਹੋ। ਮੈਨੂੰ ਇੰਝ ਲੱਗਦਾ ਹੈ ਕਿ ਉੱਤਰੀ ਭਾਰਤ ਵਿੱਚ ਹਰਸ਼ ਵਰਧਨ ਤੋਂ ਬਾਅਦ ਕੋਈ ਖ਼ਾਸ



ਹਿੰਦੂ ਰਾਜਾ ਨਹੀਂ ਹੋਇਆ ਜਿਸ ਨੇ ਆਪਣੇ ਰਾਜ ਦੀ ਧਾਕ ਜਮਾਈ ਹੋਵੇ। ਹਾਂ, ਕੁੱਝ ਪਾਕਟਾਂ ਵਿੱਚ ਰਾਜਪੂਤ ਰਾਜੇ ਜ਼ਰੂਰ ਰਾਜ ਕਰਦੇ ਰਹੇ ਹਨ। ਉੱਤਰੀ ਭਾਰਤ ਵਿੱਚ ਸਿਰਫ ਇੱਕ ਸਿੱਖ ਕੌਮ ਹੀ ਐਸੀ ਕੌਮ ਹੈ ਜਿਹਨੇ ਮੁਸਲਮਾਨਾਂ ਦੇ ਗੜ੍ਹ ਲਾਹਰ ਵਿੱਚ ਬੈਠਕੇ 50 ਸਾਲ ਰਾਜ ਕੀਤਾ। ਸਭ ਤੋਂ ਵੱਧ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਭਾਰਤ ਵਿੱਚ ਮੁਸਲਮਾਨਾਂ ਦੇ ਆਗਮਨ ਤੋਂ ਬਾਅਦ ਹਿੰਦੂ ਭਾਰਤ ਦੇ ਬਹੁਤ ਵੱਡੇ ਹਿੱਸੇ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਆਪਣੇ ਪੈਰ ਜਮਾ ਹੀ ਨਹੀਂ ਸਕੇ। ਅਗਰ ਕਿਸੇ ਨੇ ਪੈਰ ਜਮਾਏ ਤਾਂ ਉਹ ਸਿੱਖ ਹੀ ਸਨ। ਫਿਰ ਵੀ ਜੇ ਦੇਸ਼ ਦੇ ਸ਼ਾਤਰ ਦਿਮਾਗ਼ ਹਿੰਦੂ ਲੀਡਰ ਸਿੱਖਾਂ ਨਾਲ ਅਨਿਆਂ ਕਰੀ ਜਾਣ ਤਾਂ ਉਹਨਾਂ ਜਿਹਾ ਘਟੀਆ ਹੋਰ ਕੋਈ ਨਹੀਂ। ਸੰਨ 47 ਵਿੱਚ ਜਿਨਾਹ ਨੇ ਸਿੱਖਾਂ ਨੂੰ ਸਾਫ-ਸਾਫ ਕਿਹਾ ਸੀ ਕਿ ਉਹ ਪਾਕਿਸਤਾਨ ਵਿੱਚ ਰਲ ਜਾਣ। ਜਵਾਬ ਵਿੱਚ ਉਸ ਸਮੇਂ ਦੇ ਸਿੱਖ ਲੀਡਰਾਂ ਨੇ ਜਿਨਾਹ ਨੂੰ ਕਿਹਾ ਸੀ ਕਿ ਇੰਝ ਕਰਨ ਲਈ ਉਨ੍ਹਾਂ ਨੂੰ ਇਤਿਹਾਸ ਇਜ਼ਾਜਤ ਨਹੀਂ ਦਿੰਦਾ। ਇਤਿਹਾਸ ਦਾ ਮਤਲਬ ਤੁਸੀਂ ਸਮਝਦੇ ਹੀ ਹੋ। ਇਤਿਹਾਸ ਵਿੱਚ ਸਿੱਖਾਂ ਦੀ ਮੁਸਲਮਾਨਾਂ ਨਾਲ ਹਮੇਸ਼ਾ ਟੱਕਰ ਰਹੀ ਏ। ਇਸ ਲਈ ਸਿੱਖ ਤਾਂ ਉਸ ਕੌਮ ਨੂੰ ਹੀ ਪਰਖਣਾ ਚਾਹੁੰਦੇ ਸਨ ਜਿਹਦੇ ਵਿੱਚੋਂ ਉਹ ਨਿਕਲੇ ਸਨ। ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਗਾਂਧੀ ਤੇ ਨਹਿਰੂ ਆਪਣੇ ਕੀਤੇ ਹੋਏ ਵਾਅਦੇ ਜ਼ਰੂਰ ਪੂਰੇ ਕਰਨਗੇ। ਪ੍ਰੰਤੂ ਇਹ ਪੂਰੇ ਨਹੀਂ ਕੀਤੇ ਗਏ। ਸਾਹਿਬ ਜੀ ਇੱਕ ਗੱਲ ਹੋਰ ਵੀ ਵਿਚਾਰਨ ਵਾਲੀ ਏ।"

"ਉਹ ਕੀ?"

"ਜਿਹੜਾ ਰਾਜ ਕਰੂ ਜ਼ੁਲਮ ਵੀ ਤਾਂ ਉਹ ਹੀ ਕਰੂ। ਜਿਸਨੇ ਸਦੀਆਂ ਭਰ ਰਾਜ ਹੀ ਨਹੀਂ ਕੀਤਾ ਉਸਨੂੰ ਸਿੱਖ ਕੀ ਪਰਖ ਲੈਂਦੇ? ਜਦ ਹੁਣ ਹਿੰਦੂਆਂ ਨੇ ਰਾਜ ਕਰਨਾ ਸ਼ੁਰੂ ਕੀਤਾ ਤਾਂ ਉਹ ਵੀ ਪਰਖ ਹੋਣ ਲੱਗ ਪਏ। ਤਾਕਤ ਹੀ ਬੰਦੇ ਨੂੰ ਵਿਗਾੜਦੀ ਏ। ਹਾਂ, ਮੁਸਲਮਾਨਾਂ ਬਾਰੇ ਇੱਕ ਗੱਲ ਕੁੱਝ ਠੀਕ ਲੱਗਦੀ ਰਹਿੰਦੀ ਏ। ਉਹ ਇਹ, ਅਗਰ ਕੋਈ ਮੁਸਲਮਾਨ ਵਾਅਦਾ ਕਰ ਲਵੇ ਤਾਂ ਉਹ ਹਿੰਦੂਆਂ ਨਾਲੋਂ ਕਿਤੇ ਜ਼ਿਆਦਾ ਸ਼ਿੱਦਤ ਅਤੇ ਗੰਭੀਰਤਾ ਨਾਲ ਸਿਰੇ ਚਾੜ੍ਹ ਸਕਦਾ ਹੈ। ਮੁਸਲਮਾਨਾਂ ਦੀ ਮਨੋਵਿਰਤੀ ਕਾਫੀ ਹੱਦ ਤੱਕ ਸਿੱਖਾਂ ਜਿਹੀ ਹੀ ਹੈ। ਸ਼ਾਇਦ ਸਿੱਖ ਜਿਨਾਹ ਦਾ ਕਿਹਾ ਮੰਨ ਕੇ ਹੁਣ ਨਾਲੋਂ ਕੁੱਝ ਠੀਕ ਵੀ ਰਹਿ ਜਾਂਦੇ। ਰਣਜੀਤ ਸਿੰਘ ਦੇ ਸਮੇਂ ਮੁਸਲਮਾਨ ਉਸਦੀ ਪੂਰੀ ਇੱਜ਼ਤ ਕਰਦੇ ਰਹੇ ਸਨ।"

"ਇਸ ਸਬੰਧ ਵਿੱਚ ਕੁੱਝ ਹੋਰ?"

"ਸਰ ਤੁਹਾਨੂੰ ਪਤਾ ਹੀ ਏ ਪਿਛਲੇ ਲੰਬੇ ਸਮੇਂ ਤੋਂ ਸਿੱਖਾਂ ਦੀ ਕਿਵੇਂ ਪ੍ਰੀਖਿਆ ਹੁੰਦੀ ਰਹੀ ਏ। 1929 ਵਿੱਚ ਲਾਹੌਰ ਵਿੱਚ ਰਾਵੀ ਦੇ ਕੰਢੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਸਮਾਗਮ ਹੋਇਆ। ਇਸ ਸੰਮੇਲਨ ਵਿੱਚ ਹਿੰਦੁਸਤਾਨ ਲਈ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ। ਉਸਤੋਂ ਇੱਕ ਦਿਨ ਪਹਿਲਾਂ ਸਿੱਖਾਂ ਨੇ ਆਪਣੇ ਲੀਡਰ ਬਾਬਾ ਖੜਕ

ਸਿੰਘ ਦੀ ਰਹਿਨੁਮਾਈ ਹੇਠ ਪੰਜ ਲੱਖ ਲੋਕਾਂ ਦਾ ਸ਼ਾਨਦਾਰ ਜਲੂਸ ਕੱਢਿਆ ਜਿਸ ਬਾਰੇ ਲੰਡਨ ਦੇ ਅਖ਼ਬਾਰ 'ਟਾਈਮਜ਼' ਨੇ ਲਿਖਿਆ ਕਿ:

"ਇਸ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ।"

ਦੂਜੇ ਦਿਨ ਮਹਾਤਮਾ ਗਾਂਧੀ, ਪੰਡਿਤ ਮੋਤੀ ਲਾਲ ਨਹਿਰੂ ਤੇ ਪੰਡਿਤ ਜਵਾਹਰ ਲਾਲ ਨਹਿਰੂ ਬਾਬਾ ਖੜਕ ਸਿੰਘ ਦੇ ਘਰ ਗਏ ਤੇ ਇਹ ਵਿਸ਼ਵਾਸ ਦੁਆਇਆ ਕਿ ਜਦ ਦੇਸ਼ ਆਜ਼ਾਦ ਹੋ ਜਾਵੇਗਾ ਉਦੋਂ ਕੋਈ ਐਸਾ ਵਿਧਾਨ ਨਹੀਂ ਬਣਾਇਆ ਜਾਵੇਗਾ ਜਿਹੜਾ ਸਿੱਖਾਂ ਨੂੰ ਕਬੂਲ ਨਾ ਹੋਵੇ। ਲੇਕਿਨ ਜਦ 1950 ਵਿੱਚ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਗਿਆ ਤਾਂ ਇਸ ਮਤੇ ਉੱਤੇ ਅਮਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਸਮੇਂ ਦੌਰਾਨ ਮੁਸਲਮਾਨਾਂ ਤੇ ਅੰਗਰੇਜ਼ਾਂ ਵੱਲੋਂ ਸਿੱਖਾਂ ਨੂੰ ਕਈ ਵਾਰ ਦਰਿਆ ਘੱਗਰ ਤੋਂ ਲੈ ਕੇ ਦਰਿਆ ਚਨਾਬ ਤੱਕ ਸੁਤੰਤਰ ਰਾਜ ਦੇਣ ਦੇ ਯਤਨ ਹੋਏ ਪਰ ਸਿੱਖਾਂ ਨੇ ਇਸਨੂੰ ਲੈਣ ਤੋਂ ਇਨਕਾਰ ਕਰ ਦਿੱਤਾ।

ਜਦ 1932 ਵਿੱਚ ਲੰਡਨ ਵਿੱਚ ਦੂਜੀ ਗੋਲ ਮੇਜ਼ ਕਾਨਫ਼ਰੰਸ ਹੋ ਰਹੀ ਸੀ ਉਸ ਸਮੇਂ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਕੌਂਸਲ ਆਫ ਇੰਡੀਆ ਦੇ ਮੈਂਬਰ ਸਨ। ਉਸ ਸਮੇਂ ਬਰਤਾਨਵੀ ਸਰਕਾਰ ਨੇ ਸ਼ਿਵਦੇਵ ਸਿੰਘ ਰਾਹੀਂ ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਕਾਂਗਰਸ ਨਾਲੋਂ ਪੱਕੇ ਤੌਰ 'ਤੇ ਆਪਣਾ ਸਬੰਧ ਤੋੜ ਲੈਣ ਤਾਂ ਅੰਗਰੇਜ਼ ਸਿੱਖਾਂ ਨੂੰ ਹਿੰਦੁਸਤਾਨ ਵਿੱਚ ਇੰਨੀ ਠੋਸ ਸ਼ਕਤੀ ਦੇ ਦੇਣਗੇ ਕਿ ਸਿੱਖ ਹਿੰਦੁਸਤਾਨ ਦੇ ਤੀਜੇ ਭਾਈਵਾਲ ਬਣ ਜਾਣਗੇ। ਮਾਸਟਰ ਤਾਰਾ ਸਿੰਘ ਨੇ ਇਹ ਪੇਸ਼ਕਸ਼ ਨਾ ਮਨਜ਼ੂਰ ਕਰ ਦਿੱਤੀ। ਤੀਸਰੀ ਗੱਲ 1946 ਵਿੱਚ ਆਲ ਇੰਡੀਆ ਕਮੇਟੀ ਦਾ ਜਲਸਾ ਕਲਕੱਤੇ ਹੋਇਆ। ਇਸ ਵਿੱਚ ਸਿੱਖਾਂ ਨਾਲ ਕੀਤੇ ਰਾਜਸੀ ਪ੍ਰਣ ਦੁਹਰਾਏ ਗਏ। ਕਾਂਗਰਸ ਪ੍ਰਧਾਨ ਜਵਾਹਰ ਲਾਲ ਨਹਿਰੂ ਨੇ ਕਲਕੱਤੇ ਵਿੱਚ ਕੀਤੀ ਆਪਣੀ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ ਸੀ ਕਿ :

"ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿੱਚ ਕੋਈ ਅਪੱਤੀ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉੱਤਰ ਵਿੱਚ ਇੱਕ ਅਜਿਹਾ ਹਿੱਸਾ ਵੱਖਰਾ ਕਰ ਦਿੱਤਾ ਜਾਵੇ ਜਿੱਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।"



# ਕਾਂਡ ਨੌਂ

ਸਿੱਖਾਂ ਦੀ ਚੌਥੀ ਪ੍ਰੀਖਿਆ 1946 ਦੀਆਂ ਸਰਦੀਆਂ ਵਿਚ ਲਈ ਗਈ। ਕੈਬਨਿਟ ਮਿਸ਼ਨ ਦਿੱਲੀ ਆਇਆ। ਸਰਦਾਰ ਕਪੂਰ ਸਿੰਘ ਆਈ. ਸੀ. ਐਸ. ਲਿਖਦੇ ਹਨ ਕਿ ਉਹ ਇਸ ਸਮੇਂ ਸਰ ਜੋਗਿੰਦਰ ਸਿੰਘ ਨੂੰ ਨਵੀਂ ਦਿੱਲੀ ਮਿਲੇ। ਸਰ ਜੋਗਿੰਦਰ ਸਿੰਘ ਉਨ੍ਹਾਂ ਦਿਨਾਂ ਵਿੱਚ ਵਾਇਸਰਾਏ ਦੀ ਅਗਜ਼ੈਕਟਿਵ ਕੌਂਸਲ ਦੇ ਸਿੱਖ ਮੈਂਬਰ ਸਨ। ਜਦ ਕਪੂਰ ਸਿੰਘ ਨੇ ਉਨ੍ਹਾਂ ਨਾਲ ਕੈਬਨਿਟ ਮਿਸ਼ਨ ਬਾਰੇ ਗੱਲ ਚਲਾਈ ਤਾਂ ਉਹ ਕਹਿਣ ਲੱਗੇ ਕਿ ਇੰਗਲੈਂਡ ਦੀ ਇਹ ਵਜ਼ੀਰ ਮੰਡਲੀ ਚਾਹੁੰਦੀ ਹੈ ਕਿ ਅੰਗਰੇਜ਼ਾਂ ਦੇ ਭਾਰਤ ਛੱਡਣ ਤੋਂ ਪਹਿਲਾਂ ਕੋਈ ਐਸਾ ਉਪਾਅ ਕੀਤਾ ਜਾਵੇ ਜਿਸ ਨਾਲ ਸਿੱਖ ਸੁਤੰਤਰ ਭਾਰਤ ਵਿੱਚ ਆਪਣੇ ਪੈਰਾਂ 'ਤੇ ਪੱਕੇ ਤੌਰ 'ਤੇ ਖੜ੍ਹ ਸਕਣ। ਇਸ ਸੰਬੰਧ ਵਿਚ ਸਰ ਜੋਗਿੰਦਰ ਸਿੰਘ ਨੇ ਅੰਮ੍ਰਿਤਸਰ ਨੂੰ ਸੁਨੇਹਾ ਭੇਜਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦੇ ਆ ਕੇ ਕੈਬਨਿਟ ਮਿਸ਼ਨ ਨੂੰ ਮਿਲ ਸਕਦੇ ਹਨ। ਜਵਾਬ ਵਿੱਚ ਅੱਗਿਓਂ ਤਾਰ ਆਈ ਜਿਸ ਵਿੱਚ ਲਿਖਿਆ ਸੀ : 'ਤੁਹਾਨੂੰ ਕੈਬਨਿਟ ਮਿਸ਼ਨ ਨਾਲ ਸਿੱਖਾਂ ਬਾਰੇ ਕੋਈ ਗੱਲਬਾਤ ਕਰਨ ਦਾ ਅਧਿਕਾਰ ਪੰਥ ਵਲੋਂ ਨਹੀਂ ਹੈਠ। ਕਰੋਗੇ ਤਾਂ ਅਕਾਲੀ ਦਲ ਤੁਹਾਡੀ ਜਹੀ ਤਹੀ ਫੇਰੇਗਾ।'

(ਗਿਆਨੀ ਕਰਤਾਰ ਸਿੰਘ ਸ਼੍ਰੋਮਣੀ ਅਕਾਲੀ ਦਲ)

"ਸਰ, ਸਿੱਖਾਂ ਦੀ ਪੰਜਵੀਂ ਪ੍ਰੀਖਿਆ 1947 ਵਿੱਚ ਅਪ੍ਰੈਲ ਮਹੀਨੇ ਵਿੱਚ ਹੋਈ। ਜਿਨਾਹ ਨੇ ਬਰਤਾਨਵੀ ਸਰਕਾਰ ਦੇ ਕੁੱਝ ਉੱਘੇ ਲੀਡਰਾਂ ਨਾਲ ਸਲਾਹ ਕਰਕੇ ਸਿੱਖਾਂ ਨੂੰ ਪੇਸ਼ਕਸ਼ ਕੀਤੀ। ਪਹਿਲਾਂ ਇਹ ਗੱਲ ਮਾਸਟਰ ਤਾਰਾ ਸਿੰਘ ਨਾਲ ਤੇ ਪਿੱਛੋਂ ਮਹਾਰਾਜਾ ਪਟਿਆਲਾ ਨਾਲ ਹੋਈ ਸੁਝਾਅ ਇਹ ਸੀ ਕਿ ਪਟਿਆਲੇ ਦੀ ਰਿਆਸਤ ਨੂੰ ਇਕ ਆਜ਼ਾਦ ਦੇਸ਼ ਸਥਾਪਤ ਕਰ ਦਿੱਤਾ ਜਾਵੇ। ਪਾਣੀਪਤ ਤੋਂ ਲੈ ਕੇ ਰਾਵੀ ਦਰਿਆ ਤੱਕ ਦਾ ਇਲਾਕਾ ਇਸ ਵਿੱਚ ਮਿਲਾ ਦਿੱਤਾ ਜਾਵੇ। ਮਾਸਟਰ ਤਾਰਾ ਸਿੰਘ ਨੇ ਤਾਂ ਇਹ ਸੁਝਾਅ ਯਕਦਮ ਠੁਕਰਾ ਦਿੱਤਾ। ਮਹਾਰਾਜਾ ਪਟਿਆਲਾ ਨੇ ਨਹਿਰੂ ਅਤੇ ਪਟੇਲ ਨਾਲ ਸਲਾਹ ਕਰਕੇ ਇਹ ਠੁਕਰਾ ਦਿੱਤਾ।"

"ਸਰ ਜੀ, ਛੇਵੀਂ ਪ੍ਰੀਖਿਆ ਸੁਣੋ। ਇਹ 9 ਦਸੰਬਰ 1946 ਨੂੰ ਹੋਈ ਜਦ ਭਾਰਤ ਦੀ ਕਨਸਟੀਚੁਐਂਟ ਅਸੈਂਬਲੀ (Constituent Assembly) ਦੀ ਪਹਿਲੀ ਬੈਠਕ ਦਿੱਲੀ ਵਿੱਚ ਹੋਈ। ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ ਪੰਡਿਤ ਨਹਿਰੂ ਨੇ ਪਹਿਲਾ ਮਤਾ ਪਾਸ

ਕੀਤਾ 'ਘੱਟ ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂਬਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆਂ ਨੂੰ ਦੇਂਦਾ ਹਾਂ। ਇਸ ਲਈ ਇਹ ਇਕ ਪਵਿੱਤਰ ਸੌਗੰਧ ਹੈ ਜਿਸਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ।'

"ਸਰ, ਮੈਂ ਤੁਹਾਨੂੰ ਇਹ ਸਭ ਕੁੱਝ ਆਪਣੇ ਥੀਸਸ ਵਿੱਚੋਂ ਪੜ੍ਹ ਕੇ ਸੁਣਾਇਆ ਹੈ। ਪਵਿੱਤਰ ਸੌਗੰਧਾਂ ਤੇ ਵਾਅਦਿਆਂ ਤੋਂ ਕਾਂਗਰਸ ਹਮੇਸ਼ਾਂ ਮੁਕਰਦੀ ਰਹੀ। 16 ਮਾਰਚ 1931 ਨੂੰ ਮਹਾਤਮਾ ਗਾਂਧੀ ਗੁਰਦੁਆਰਾ ਸੀਸਗੰਜ ਦੇ ਇਕ ਸਮਾਗਮ ਵਿੱਚ ਆਏ ਸਨ। ਉਹਨਾਂ ਨੂੰ ਸਿੱਖਾਂ ਨਾਲ ਕੀਤੇ ਵਾਅਦਿਆਂ ਬਾਰੇ ਪੁੱਛਿਆ ਗਿਆ ਸੀ। ਗਾਂਧੀ ਨੇ ਜੋ ਉੱਤਰ ਦਿੱਤਾ ਸੀ ਉਹ ਉਹਨਾਂ ਦੇ ਅਖ਼ਬਾਰ ਯੰਗ ਇੰਡੀਆ ਵਿੱਚ 19 ਮਾਰਚ 1931 ਨੂੰ ਛਪਿਆ ਸੀ। ਮੈਂ ਉਸਦਾ ਜ਼ਿਕਰ ਵੀ ਆਪਣੇ ਥੀਸਿਸ ਵਿੱਚ ਕੀਤਾ ਹੈ।"

"ਉਹ ਕੀ?"

ਸਰ, ਆਹ ਲਓ, ਮੈਂ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ-'ਸਰਦਾਰ ਮਧੂਸੂਦਨ ਸਿੰਘ ਜੀ ਨੇ ਮੈਨੂੰ ਇਹ ਭਰੋਸਾ ਦਿਵਾਉਣ ਲਈ ਕਿਹਾ ਹੈ ਕਿ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਦਾ ਪਾਲਣ ਕਰੇਗੀ ਅਤੇ ਕੋਈ ਅਜਿਹਾ ਕਦਮ ਨਹੀਂ ਚੁੱਕੇਗੀ ਜਿਸ ਨਾਲ ਕਿ ਸਿੱਖਾਂ ਦੀ ਹਮਦਰਦੀ ਕਾਂਗਰਸ ਨਾਲੋਂ ਟੁੱਟ ਜਾਵੇ। ਭਰਾਵੋ, ਕਾਂਗਰਸ ਨੇ ਲਾਹੌਰ ਵਿੱਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਕੋਈ ਵਿਧਾਨ ਨਹੀਂ ਬਣਾਏਗੀ ਜਿਸਨੂੰ ਸਿੱਖ ਆਪੂੰ ਪਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ ? ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉੱਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਜਾਤੀ ਨਾਲ ਤਾਂ ਕੀ ਕਿਸੇ ਇਕ ਵਿਅਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰੇਗੀ। ਜੇ ਉਸਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤੇ ਆਪ ਹੀ ਮਰ ਜਾਵੇਗੀ ਸਿੱਖੋ, ਭਾਈਓ ਤੇ ਭੈਣੋ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਤੇ ਸੰਸੇ ਛੱਡ ਦਿਉ। ਇਸ ਤੋਂ ਵੱਧ ਮੈਂ ਹੋਰ ਕੀ ਆਖਾਂ? ਪ੍ਰਮਾਤਮਾ ਸਾਕਸ਼ੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ ਉਹਨਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ।'

"ਲੇਕਿਨ ਕੀਤਾ ਕੁਝ ਨਾ ਗਿਆ। ਕਾਂਗਰਸ ਨੇ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ।"

"ਸੱਤਵੀਂ ਪ੍ਰਸਥਿਤੀ 12 ਮਈ 1947 ਭਾਰਤ ਦੇ ਗਵਰਨਰ ਜਨਰਲ ਲਾਰਡ ਮਾਉਂਟਬੇਟਨ, ਪੰਡਿਤ ਨਹਿਰੂ, ਨਵਾਬ ਲਿਆਕਤ ਅਲੀ ਖਾਂ ਤੇ ਸਰਦਾਰ ਬਲਦੇਵ ਸਿੰਘ ਬਰਤਾਨਵੀ ਸਰਕਾਰ ਦੇ ਸੱਦੇ ਤੇ ਲੰਡਨ ਗਏ ਤਾਂ ਕਿ ਭਾਰਤ ਦੀ ਸੰਪਰਦਾਇਕ ਅੜਚਨ ਦਾ ਕੋਈ ਸਥਾਈ ਹੱਲ ਲੱਭਿਆ ਜਾ ਸਕੇ। ਜਦ ਮੁਸਲਿਮ ਲੀਗ ਤੇ ਕਾਂਗਰਸ ਨਾਲ ਕੋਈ



ਗੱਲ ਬੰਨੇ ਕੰਢੇ ਨਾ ਲੱਗੀ ਤਾਂ ਨਹਿਰੂ ਨੇ ਵਾਪਸ ਜਾਣਾ ਮਿਥ ਲਿਆ। ਬ੍ਰਿਟਿਸ਼ ਸਰਕਾਰ ਦੇ ਇਕ ਖ਼ਾਸ ਨੇਤਾ ਨੇ ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਕੁੱਝ ਸਮਾਂ ਹੋਰ ਠਹਿਰ ਜਾਣ ਤਾਂ 'ਅਜਿਹੇ ਪ੍ਰਬੰਧ ਸੰਭਵ ਹਨ ਜਿੰਨ੍ਹਾਂ ਦੁਆਰਾ ਸਿੱਖ ਆਪਣੇ ਪੈਰਾਂ ਉੱਤੇ ਹੋ ਕੇ ਸੰਸਾਰ ਦੀ ਤਵਾਰੀਖ ਵਿੱਚ ਭਾਈਵਾਲੀ ਪਾ ਸਕਣ।'

ਬਲਦੇਵ ਸਿੰਘ ਨੇ ਇਹ ਭੇਤ ਇਕ ਦਮ ਨਹਿਰੂ ਨੂੰ ਦੱਸ ਦਿੱਤਾ। ਨਹਿਰੂ ਉਸਨੂੰ ਆਪਣੇ ਨਾਲ ਭਾਰਤ ਨੂੰ ਲੈ ਖੜਿਆ। ਵਿਦਾਇਗੀ ਵੇਲੇ ਜਦ ਪੱਤਰਕਾਰਾਂ ਨੇ ਪੁੱਛਿਆ ਤਾਂ ਬਲਦੇਵ ਸਿੰਘ ਬੋਲਿਆ।

'ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁੱਝ ਮੰਗਦੇ ਹਨ, ਨਾ ਕੁਝ ਲੋਚਦੇ ਹਨ ਸਿਵਾਏ ਇਸ ਗੱਲ ਦੇ ਕਿ ਅੰਗਰੇਜ਼ ਬੋਰੀਆ ਬਿਸਤਰਾ ਗੋਲ ਕਰਕੇ ਹਿੰਦੁਸਤਾਨ ਨੂੰ ਛੱਡ ਜਾਣ। ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ ਕਰਨਗੇ।'

ਅਗਲਾ ਇਮਤਿਹਾਨ ਜੁਲਾਈ 1947 ਵਿੱਚ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਤੇ ਸਿੱਖ ਮੈਂਬਰਾਂ ਦੀ ਇਕ ਮੀਟਿੰਗ ਦਿੱਲੀ ਵਿੱਚ ਹੋਈ। ਸਰਬ ਸੰਮਤੀ ਨਾਲ ਮਤਾ ਪਾਸ ਹੋਇਆ। ਇਸ ਮਤੇ ਵਿੱਚ ਇਹ ਸ਼ਬਦ ਸਨ।

'ਹਿੰਦੁਸਤਾਨ ਦੀ ਵੰਡ ਤੋਂ ਪਿੱਛੋਂ ਪੰਜਾਬ ਦਾ ਜੋ ਭਾਗ ਭਾਰਤ ਵਿੱਚ ਰਹਿ ਜਾਵੇਗਾ ਉਸ ਵਿੱਚ ਇਹ ਅਤੀ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਬੰਨ੍ਹਣ ਬੰਨ੍ਹਿਆ ਜਾਵੇ।'

ਬਾਅਦ ਵਿੱਚ ਹਿੰਦੂਆਂ ਨੇ ਇਸ ਮਤੇ ਤੇ ਕੋਈ ਵੀ ਅਮਲ ਨਹੀਂ ਕੀਤਾ। ਇੱਥੋਂ ਤੱਕ ਕਿ ਹਿੰਦੂਆਂ ਨੇ ਪੰਜਾਬੀ ਸੂਬੇ ਦਾ ਵੀ ਡੱਟ ਕੇ ਵਿਰੋਧ ਕੀਤਾ। ਪਿੱਛੋਂ ਪੰਜਾਬੀ ਨੂੰ ਮਾਤ ਭਾਸ਼ਾ ਮੰਨਣ ਤੋਂ ਵੀ ਇਨਕਾਰ ਕਰ ਦਿੱਤਾ। ਜਦ 1950 ਵਿਚ ਆਜ਼ਾਦ ਹਿੰਦੁਸਤਾਨ ਦਾ ਨਵਾਂ ਵਿਧਾਨ ਤਿਆਰ ਕੀਤਾ ਗਿਆ ਤਾਂ ਅਕਾਲੀ ਮੈਂਬਰਾਂ ਨੇ ਇਸ ਨੂੰ ਇਹ ਕਹਿ ਕੇ ਦਿਰਕਾਰ ਦਿੱਤਾ ਸੀ।

'ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ। ਸਿੱਖ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।'

ਜਦ 1954 ਵਿੱਚ ਮਾਸਟਰ ਤਾਰਾ ਸਿੰਘ ਨੇ ਨਹਿਰੂ ਨੂੰ ਸਿੱਖਾਂ ਨਾਲ ਕੀਤੇ ਵਾਅਦਿਆਂ ਬਾਰੇ ਯਾਦ ਕਰਵਾਇਆ ਤਾਂ ਨਹਿਰੂ ਨੇ ਸਿਰਫ ਇੰਨਾ ਹੀ ਕਿਹਾ ਸੀ।

'ਹੁਣ ਸਮਾਂ ਬਦਲ ਗਿਆ ਹੈ' ਸਾਹਿਬ ਜੀ, ਜੋ ਅੱਜ-ਕੱਲ੍ਹ ਇਹ ਹਾਲਾਤ ਚੱਲ ਰਹੇ ਹਨ ਇਹ ਪੰਜਾਬ ਨਾਲ ਵਾਪਰੇ ਪਿਛਲੇ ਲੰਬੇ ਦੁਖਾਂਤ ਦਾ ਸਿੱਟਾ ਹਨ, ਮੈਂ ਅੱਜ ਇਹ ਆਪਣਾ ਥੀਸਿਸ ਆਪਣੇ ਨਾਲ ਇਸ ਲਈ ਲਿਆਇਆ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਅੱਜ ਇਸ ਪ੍ਰਕਾਰ ਦੀਆਂ ਗੂੜੀਆਂ ਗੱਲਾਂ ਚਲ ਸਕਦੀਆਂ ਹਨ। ਸੈਂਟਰ ਵਿੱਚ ਪਰਚਾ

ਆਨਰਜ਼ ਦਾ ਬੜਾ ਛੋਟਾ ਹੈ। ਸਮਾਂ ਕਾਫੀ ਵਿਹਲਾ ਹੈ। ਮੋਰ ਓਵਰ, ਪਰਚਾ ਦੇਣ ਵਾਲੇ ਪ੍ਰੀਖਿਆਰਥੀ ਅੰਗਰੇਜ਼ੀ ਆਨਰਜ਼ ਦੇ ਵਿਦਿਆਰਥੀ ਹਨ। ਉਹ ਬੜੇ ਮਿਹਨਤੀ ਹਨ। ਅਸੀਂ ਉਹਨਾਂ ਨੂੰ ਸਾਰਾ ਸਾਲ ਅੰਤਾਂ ਦੀ ਮਿਹਨਤ ਕਰਦੇ ਦੇਖਦੇ ਰਹੇ ਹਾਂ।'

ਪਤਵੰਤ ਸਿੰਘ ਦੇ ਹੱਥ ਵਿੱਚ ਉਸਦਾ ਥੀਸਿਸ ਸੀ। ਇਸ ਵਿਚੋਂ ਹਵਾਲੇ ਦੇ ਦੇ ਕੇ ਉਸਨੇ ਅੱਜ ਦੇ ਦੁਖਾਂਤ ਦਾ ਇਤਿਹਾਸ ਦੱਸਿਆ ਸੀ। ਪ੍ਰਿੰਸੀਪਲ ਇਨ੍ਹਾਂ ਠੋਸ ਹਵਾਲਿਆਂ ਤੋਂ ਬੜਾ ਹੀ ਪ੍ਰਭਾਵਤ ਹੋਇਆ ਸੀ। ਫਿਰ ਪਤਵੰਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ 'ਚੋਂ ਇਕ ਤੁਕ ਬੋਲੀ ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।

ਬਿਖ ਫਲਿ ਮੀਠਾ ਚਾਰਿ ਦਿਨਿ ਫਿਰਿ ਹੋਵੈ ਤਾਤਾ ਰਾਮ ॥

ਪ੍ਰਿੰਸੀਪਲ ਦੀ ਪਤਨੀ ਜਾਬ ਤੇ ਗਈ ਹੋਈ ਸੀ। ਨੌਕਰਾਣੀ ਨੀਰਾ ਆਕੇ ਚਾਹ ਦੇ ਦੋ ਕੱਪ ਰੱਖ ਗਈ।

"ਡਾ, ਸਾਹਿਬ, ਚਾਹ ਛਕੋ। ਫਿਰ ਤੁਸੀਂ ਪਰਚਾ ਵੀ ਸ਼ੁਰੂ ਕਰਵਾਉਣਾ ਏ।"

"ਮਿਹਰਬਾਨੀ ਸਰ, ਤੁਸੀਂ ਚਾਹ ਦੀ ਖੇਚਲ ਕੀਤੀ। ਪਰਚਾ ਸ਼ੁਰੂ ਕਰਵਾਉਣ ਵਿੱਚ ਤਾਂ ਅਜੇ ਤਕਰੀਬਨ ਘੰਟਾ ਪਿਆ ਏ। ਨਾਲੇ ਪਰਚਾ ਹੈ ਵੀ ਬੜਾ ਛੋਟਾ। ਸਿਰਫ 10 ਪ੍ਰੀਖਿਆਰਥੀ ਹਨ ਆਨਰਜ਼ ਦੇ। ਕੋਈ ਖ਼ਾਸ ਤਿਆਰੀ ਕਰਨ ਦੀ ਜ਼ਰੂਰਤ ਨਹੀਂ। ਕਲਰਕ ਨੇ ਹੀ ਸਾਰੀ ਤਿਆਰੀ ਕਰ ਦਿੱਤੀ ਹੋਵੇਗੀ। ਬਸ ਦਸ ਮਿੰਟ ਪਹਿਲਾਂ ਅੰਦਰ ਜਾ ਕੇ ਮਾੜਾ ਮੋਟਾ ਪ੍ਰਬੰਧ ਦਾ ਜਾਇਜ਼ਾ ਲੈ ਕੇ ਪਰਚਾ ਸ਼ੁਰੂ ਕਰਵਾ ਦੇਵਾਂਗਾ। ਸਖ਼ਤੀ ਦਾ ਪ੍ਰਭਾਵ ਪਹਿਲਾਂ ਪੈ ਹੀ ਚੁੱਕਾ ਏ। ਹੁਣ ਕੋਈ ਨਕਲ ਕਰਨ ਦਾ ਹੀਆ ਨਹੀਂ ਕਰਦਾ। ਨਾਲੇ ਆਨਰਜ਼ ਦੇ ਵਿਦਿਆਰਥੀ ਤਾਂ ਵੈਸੇ ਵੀ ਲਾਇਕ ਹੀ ਹੁੰਦੇ ਹਨ। ਹਰ ਜਣਾ ਖਣਾ ਤਾਂ ਆਨਰਜ਼ ਰੱਖਦਾ ਨਹੀਂ।"

"ਇਹ ਕਿਹੜੇ ਮਜ਼ਮੂਨ ਦੀ ਆਨਰਜ਼ ਦਾ ਪਰਚਾ ਏ?"

"ਸਰ, ਅੰਗਰੇਜ਼ੀ ਦਾ ਏ। ਬੀ.ਏ. ਭਾਗ ਦੂਜਾ ਦਾ।"

"ਉਹ ਵਿਦਿਆਰਥੀ ਤਾਂ ਬੜੇ ਸੀਰੀਅਸ ਹਨ। ਸਾਰੇ ਆਪਣੇ ਕਾਲਜ ਦੇ ਰੈਗੂਲਰ ਵਿਦਿਆਰਥੀ ਹੀ ਹਨ। ਆਪਣੇ ਪ੍ਰੋਫ਼ੈਸਰਾਂ ਸ਼ਰਮਾ ਸਾਹਿਬ ਤੇ ਅਰੋੜਾ ਸਾਹਿਬ ਨੇ ਬੜੀ ਮਿਹਨਤ ਕਰਵਾਈ ਏ ਇਹਨਾਂ ਨੂੰ। ਅਰੋੜਾ ਸਾਹਿਬ ਤਾਂ ਇਹਨਾਂ ਵਿਚੋਂ ਕਈ ਵਿਦਿਆਰਥੀਆਂ ਨਾਲ ਲਾਇਬਰੇਰੀ ਵਿੱਚ ਖੁਦ ਕਿਤਾਬਾਂ ਲੱਭਣ ਵਿੱਚ ਮਦਦ ਕਰਿਆ ਕਰਦੇ ਸਨ। ਉਹ ਮੇਰੇ ਪਾਸ ਇਕ ਵਾਰ ਉਚੇਚੇ ਆਏ ਤੇ ਕਹਿਣ ਲੱਗੇ ਕਿ ਆਨਰਜ਼ ਨਾਲ ਸੰਬੰਧਤ ਕੁੱਝ ਹੋਰ ਕਿਤਾਬਾਂ ਲਾਇਬਰੇਰੀ ਵਿੱਚ ਚਾਹੀਦੀਆਂ ਹਨ। ਮੈਂ ਕਿਹਾ ਲਿਸਟ ਬਣਾ ਲਓ ਤੇ ਲਾਇਲ ਬੁੱਕ ਡਿਪੂ ਤੋਂ ਜਾ ਕੇ ਲੈ ਆਵੋ। ਜਿੰਨੀਆਂ ਵੀ ਕਿਤਾਬਾਂ ਚਾਹੀਦੀਆਂ ਸਨ ਉਹ ਲੈ ਆਏ ਸੀ ਬਾਅਦ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਦੀ ਕਿਸੇ ਪਰਾਬਲਮ ਬਾਰੇ ਵੀ ਪੁੱਛਿਆ ਸੀ। ਉਹਨਾਂ ਨੇ ਕਿਹਾ ਸੀ ਕਿ ਉਹ ਪੂਰੇ ਸੰਤੁਸ਼ਟ ਹਨ ਪੜ੍ਹਾਈ ਨਾਲ



ਵੀ ਤੇ ਲਾਇਬਰੇਰੀ ਵਿਚਲੇ ਸਟਾਕ ਨਾਲ ਵੀ। ਹੋਰ ਤੁਸੀਂ ਇਹ ਦੱਸੋ ਕਿ ਤੁਹਾਡੀ ਪਰਚੇ ਮਾਰਕ ਕਰਨ ਤੇ ਡਿਊਟੀ ਤਾਂ ਨਹੀਂ ਲੱਗੀ?"

"ਸਰ, ਮੇਰੀ ਡਿਊਟੀ ਟੇਬਲ ਮਾਰਕਿੰਗ ਤੇ ਲੱਗੀ ਹੋਈ ਏ। ਅਜੇ ਦਸ ਦਿਨ ਬਾਅਦ ਏ। ਉਹਨਾਂ ਦਿਨਾਂ ਵਿਚ ਤੁਸੀਂ ਮੇਰੀ ਥਾਂ ਤੇ ਕੋਈ ਹੋਰ ਬੰਦਾ ਸੁਪਰਡੈਂਟ ਲਗਾ ਹੀ ਦਿਓਗੇ ਪਲੀਜ਼। ਇਕ ਗੱਲ ਦਾ ਖਿਆਲ ਰੱਖਣਾ, ਜਿਹੜਾ ਬੰਦਾ ਵੀ ਮੇਰੀ ਥਾਂ ਤੇ ਕੰਮ ਕਰੇ ਸੈਂਟਰ ਨੂੰ ਖਿੱਚ ਕੇ ਰੱਖੇ। ਇੱਕ ਵਾਰ ਕੰਮ ਢਿੱਲਾ ਛੱਡ ਦਿਓ ਤਾਂ ਦੁਆਰਾ ਕੱਸਣਾ ਬੜਾ ਔਖਾ ਹੋ ਜਾਂਦਾ ਏ। ਮੈਂ ਉਜਾਗਰ ਮੱਲ ਦੀ ਮਾੜੀ ਪਾਈ ਪਿਰਤ ਨੂੰ ਮਸਾਂ ਹੀ ਠੀਕ ਕੀਤਾ ਸੀ।"

"ਮੈਂ ਤੁਹਾਡੀ ਥਾਂ ਤੇ ਡਿਊਟੀ ਸੁਪਰਡੈਂਟ ਇਕਬਾਲ ਸਿੰਘ ਨੂੰ ਹੀ ਉਹਨਾਂ ਦਿਨਾਂ ਲਈ ਸੁਪਰਡੈਂਟ ਨਿਯੁਕਤ ਕਰ ਦੇਵਾਂਗਾ। ਉਹ ਬੰਦਾ ਠੀਕ ਹੀ ਏ। ਮਿਹਨਤੀ ਵੀ ਏ ਤੇ ਸਖ਼ਤ ਵੀ। ਕਹਿਣੇਕਾਰ ਵੀ ਪੂਰਾ ਏ। ਟੀਚਰ ਯੂਨੀਅਨ ਵਿੱਚ ਵੀ ਘੱਟ ਹੀ ਹਿੱਸਾ ਲੈਂਦਾ ਏ।"

"ਸਰ, ਆਹ ਟੀਚਰ ਯੂਨੀਅਨ ਦੀ ਗੱਲ ਤੁਸੀਂ ਬੜੀ ਵਧੀਆ ਕਹੀ ਏ। ਮੈਂ ਯੂਨੀਅਨਵਾਦ ਦੇ ਵਿਰੁੱਧ ਨਹੀਂ ਪਰ ਦੇਖਿਆ ਹੈ ਕਿ ਕਈ ਵਾਰ ਯੂਨੀਅਨ ਬੜੇ ਘਟੀਆ ਮੁੱਦਿਆਂ ਨੂੰ ਲੈ ਕੰਮ ਕਰਨਾ ਬੰਦ ਕਰ ਦਿੰਦੀ ਏ। ਯੂਨੀਅਨ ਵਾਲੇ ਕਈ ਵਾਰ ਨਿਕੰਮਿਆਂ ਦਾ ਪੱਖ ਵੀ ਪੂਰਨ ਲੱਗ ਪੈਂਦੇ ਹਨ। ਜਿਹੜੇ ਨਿਕੰਮੇ ਬੰਦੇ ਯੂਨੀਅਨ ਦੇ ਨਾਲ ਤੁਰਦੇ ਹਨ ਉਹ ਵੀ ਯੂਨੀਅਨ ਨੂੰ ਚੰਗੇ ਲੱਗਣ ਲੱਗ ਪੈਂਦੇ ਹਨ। ਉਹਨਾਂ ਨੂੰ ਤਾਂ ਆਪਣੇ ਨਾਲ ਤੁਰਨ ਵਾਲਿਆਂ ਦੀ ਵੱਧ ਤੋਂ ਵੱਧ ਗਿਣਤੀ ਚਾਹੀਦੀ ਹੁੰਦੀ ਏ। ਆਪਣੇ ਕਾਲਜ ਦੀ ਟਰੇਡ ਯੂਨੀਅਨ ਦੀ ਇਕਾਈ ਦਾ ਲੀਡਰ ਪ੍ਰੋ: ਔਜਲਾ ਕਦੀ ਵੀ ਆਪਣਾ ਸਿਲੇਬਸ ਪੂਰਾ ਨਹੀਂ ਕਰਦਾ। ਹਰ ਸਮੇਂ ਬਗਲ ਵਿੱਚ ਝੋਲਾ ਲਟਕਾ ਕੇ ਜਲਸੇ ਮੁਜਾਹਰਿਆਂ ਵਿੱਚ ਹਿੱਸਾ ਲੈਣ ਲਈ ਹੀ ਤੁਰਿਆ ਰਹਿੰਦਾ ਏ। ਕਾਲਜ ਤੋਂ ਅੰਤਾਂ ਦੀਆਂ ਛੁੱਟੀਆਂ ਵੀ ਕਰਦਾ ਰਹਿੰਦਾ ਹੈ। ਯੂਨੀਅਨਵਾਦ ਦੇ ਧੌਂਸ ਨਾਲ ਤੁਹਾਨੂੰ ਤੇ ਸਾਨੂੰ ਡਰਾਉਣ ਦੀ ਕੋਸ਼ਿਸ਼ ਵੀ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਬੰਦਿਆਂ ਨੂੰ ਤੁਸੀਂ ਕਿਸੇ ਜ਼ਿੰਮੇਵਾਰੀ ਵਾਲੇ ਕੰਮ ਤੇ ਕਿਵੇਂ ਲਗਾ ਸਕਦੇ ਹੋ? ਤੁਸੀਂ ਡਿਊਟੀ ਤੇ ਲਾਓਗੇ ਤੇ ਉਹ ਉਸ ਦਿਨ ਕਿਸੇ ਬਹਾਨੇ ਛੁੱਟੀ ਲੈ ਕੇ ਬਹਿ ਜਾਵੇਗਾ। ਤੁਹਾਡਾ ਕੰਮ ਖ਼ਰਾਬ ਹੋਣਾ ਸ਼ੁਰੂ ਹੋ ਜਾਵੇਗਾ। ਬੰਦਾ ਵੈਸੇ ਚੰਗਾ ਏ। ਮੋਟਾ ਬਥੇਰਾ ਹੋਈ ਜਾਂਦਾ ਏ। ਸਾਥੀਆਂ ਨੇ ਉਸਦੀ ਅੱਲ 'ਘੜੇ ਜਿੱਡਾ ਮੋਤੀ' ਪਾਈ ਹੋਈ ਏ।"

"(ਹੱਸਦੇ ਹੋਏ)" ਗੱਲ ਤੁਹਾਡੀ ਠੀਕ ਏ, ਡਾ. ਸਾਹਿਬ। ਯੂਨੀਅਨ ਨੂੰ ਚਾਹੀਦਾ ਏ ਕਿ ਅਤੀ ਜ਼ਰੂਰੀ ਡਿਊਟੀਆਂ ਕਰਨ ਤੋਂ ਆਪਣੇ ਮੈਂਬਰਾਂ ਨੂੰ ਨਾ ਰੋਕੇ ਪਰ ਇੱਥੇ ਤਾਂ ਸਭ ਕੁੱਝ ਇਸਦੇ ਉਲਟ ਹੋ ਰਿਹਾ ਏ। ਸਾਡੇ ਦੇਸ਼ ਦੇ ਲੋਕਤੰਤਰ ਦਾ ਇਹ ਸਭ ਤੋਂ ਵੱਡਾ ਦੁਖਾਂਤ ਹੈ। ਸਮਝ ਨਹੀਂ ਆਉਂਦਾ, ਦੇਸ਼ ਲੋਕਤੰਤਰ ਦੇ ਕਾਬਲ ਨਹੀਂ ਜਾਂ ਲੋਕਤੰਤਰ ਦੇਸ਼ ਦੇ ਕਾਬਲ ਨਹੀਂ। ਗ਼ੈਰ-ਜ਼ਿੰਮੇਵਾਰ ਲੋਕਾਂ ਨੂੰ ਅੰਤਾਂ ਦੇ ਅਧਿਕਾਰ ਦੇ ਦੇਣੇ ਅਧਿਕਾਰਾਂ ਦਾ ਦੀਵਾਲਾ ਕੱਢਣ ਦੇ ਸਮਾਨ ਹੁੰਦਾ ਏ। ਮੈਨੂੰ ਲੱਗਦਾ ਰਹਿੰਦਾ ਏ ਕਿ ਸਾਡੇ ਲੀਡਰਾਂ ਦੀ

ਮਨੋਬਿਰਤੀ ਅਜੇ ਉਸ ਤਰ੍ਹਾਂ ਦੇ ਹੱਕ ਪ੍ਰਾਪਤ ਕਰਨ ਦੇ ਕਾਬਲ ਨਹੀਂ ਜਿਸ ਤਰ੍ਹਾਂ ਦੇ ਹੱਕ ਪ੍ਰਾਪਤ ਕਰਨ ਦੇ ਕਾਬਲ ਵਿਕਸਤ ਦੇਸ਼ਾਂ ਦੇ ਲੋਕ ਤੇ ਲੀਡਰ ਹਨ। ਆਸਟਰੇਲੀਆ ਵਿੱਚ ਰਹਿੰਦਾ ਮੇਰਾ ਇਕ ਦੋਸਤ ਦੱਸਦਾ ਹੁੰਦਾ ਏ ਕਿ ਉਥੇ ਸਾਲ ਵਿੱਚ ਸਿਰਫ ਛੇ ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਕੋਈ ਮਰੇ ਕੋਈ ਜੰਮੇ ਕਦੇ ਕੋਈ ਵਾਧੂ ਛੁੱਟੀ ਨਹੀਂ ਹੁੰਦੀ। ਕਦੇ ਕੋਈ ਅਦਾਰੇ ਬੰਦ ਨਹੀਂ ਹੁੰਦੇ। ਸਾਡੇ ਦੇਸ਼ ਵਿੱਚ ਤਾਂ ਅਜੇ ਲੋਕਤੰਤਰ ਦੀ ਪਰਖ ਤੇ ਪ੍ਰੀਖਿਆ ਹੀ ਹੋ ਰਹੀ ਏ। ਜਿਸ ਵਿਧਾਨ ਵਿੱਚ ਆਏ ਦਿਨ ਤਰਮੀਮ ਕਰਨ ਦੀ ਜ਼ਰੂਰਤ ਪੈਂਦੀ ਰਹੇ ਉਹ ਕਾਹਦਾ ਵਿਧਾਨ? ਕਈ ਵਾਰ ਤਾਂ ਇੰਞ ਲੱਗਦਾ ਰਹਿੰਦਾ ਏ ਕਿ ਵਿਧਾਨ ਨੂੰ ਐਧਰੋਂ ਓਧਰੋਂ ਚੋਰੀ ਕਰਕੇ ਬਣਾ ਲਿਆ ਗਿਆ। ਇਹ ਨਹੀਂ ਦੇਖਿਆ ਕਿ ਭਾਰਤ ਦੀ ਮਿੱਟੀ ਨੂੰ ਕਿਹੜੀ ਚੀਜ਼ ਮਾਫਕ ਰਹਿੰਦੀ ਏ। ਅੰਤਾਂ ਦੀ ਆਜ਼ਾਦੀ ਦੇ ਨਾਲ ਕੁੱਝ ਪ੍ਰਭਾਵਸ਼ਾਲੀ ਪਾਬੰਦੀਆਂ ਵੀ ਹੋਣੀਆਂ ਚਾਹੀਦੀਆਂ ਹਨ। ਅਸੀਂ ਵਿਕਸਤ ਦੇਸ਼ਾਂ ਦੀ ਹਮੇਸ਼ਾ ਨਕਲ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਕਿੱਥੇ ਪਹਿਲੀ ਦੁਨੀਆਂ (First world) ਤੇ ਕਿੱਥੇ ਤੀਸਰੀ ਦੁਨੀਆਂ (Third world)। ਪਹਿਲੀ ਦੁਨੀਆਂ ਦੇ ਦੇਸ਼ਾਂ ਵਿੱਚ ਫ਼ਰਜ਼ ਸਭਿਆਚਾਰ (Duty Culture) ਪੂਰੀ ਤਰ੍ਹਾਂ ਵਿਕਸਤ ਹੋ ਚੁੱਕਾ ਏ, ਤੀਸਰੀ ਦੁਨੀਆਂ ਵਿੱਚ ਇਹ ਅਜੇ ਵਿਕਸਤ ਹੋਣ ਵੱਲ ਵੱਧ ਰਿਹਾ ਏ। ਜਿੱਥੇ ਇਸ ਸਭਿਆਚਾਰ ਨੇ ਅਜੇ ਵਿਕਸਤ ਹੋਣਾ ਏ ਉਥੇ ਤੁਸੀਂ ਵਿਕਸਤ ਦੇਸ਼ਾਂ ਵਾਲਾ ਢਾਂਚਾ ਕਿਵੇਂ ਲਾਗੂ ਕਰ ਸਕਦੇ ਹੋ? ਉਨ੍ਹਾਂ ਦੇਸ਼ਾਂ ਵਿੱਚ ਫਾਈਲਾਂ ਕੰਪਿਊਟਰ ਵਿੱਚ ਖੁੱਲ੍ਹਦੀਆਂ ਹਨ, ਸਾਡੇ ਏਥੇ ਅੱਜ ਮੇਜਾਂ ਤੇ ਫਾਈਲਾਂ ਦੇ ਢੇਰ ਲੱਗੇ ਹੋਏ ਹਨ। ਉੱਥੇ ਦਰਵਾਜ਼ੇ ਸਵੈਚਾਲਕ (automatic) ਹਨ, ਸਾਡੇ ਇਥੇ ਦਰਵਾਜ਼ਿਆਂ ਨੂੰ ਧੱਕੇ ਮਾਰ-ਮਾਰ ਕੇ ਖੋਲ੍ਹਣਾ ਪੈਂਦਾ ਏ। ਉਥੇ ਆਮਦਨ ਕਰ ਐਟ ਸੋਰਸ (at source) ਕੱਟ ਹੋ ਜਾਂਦਾ ਏ, ਸਾਡੇ ਇੱਥੇ ਟੈਕਸ ਦਾ ਜਾਇਜ਼ਾ ਲੈਣ ਲਈ ਸਾਲ ਦੇ ਆਖਰ ਵਿੱਚ ਵਕੀਲਾਂ ਨਾਲ ਮੱਥਾ ਮਾਰਨਾ ਪੈਂਦਾ ਹੈ। ਉਥੇ ਪ੍ਰੀਖਿਆਂ ਦਾ ਅੱਧੇ ਤੋਂ ਵੀ ਜ਼ਿਆਦਾ ਕੰਮ ਅਸਾਈਨਮੈਂਟਾਂ (assignments) ਜਮਾਂ ਕਰਵਾ ਕੇ ਹੀ ਨਿੱਬੜ ਜਾਂਦਾ ਏ, ਸਾਡੇ ਇੱਥੇ ਸਾਰੀ ਪ੍ਰੀਖਿਆ ਰੱਟੇ ਲਗਾ ਲਗਾ ਕੇ ਸਵਾਲਾਂ ਦੇ ਉੱਤਰ ਯਾਦ ਕਰਨ ਤੇ ਹੀ ਅਧਾਰਤ ਹੈ।"

"ਸਰ, ਸੁਣਿਐ, ਉਥੇ ਤਾਂ ਹੁਣ ਅਸਾਈਨਮੈਂਟਾਂ ਵੀ ਕੰਪਿਊਟਰਾਂ ਰਾਹੀਂ ਹੀ ਜਮਾਂ ਕਰਵਾ ਦਿੱਤੀਆਂ ਜਾਂਦੀਆਂ ਹਨ?"

"ਡਾ. ਸਾਹਿਬ, ਤੁਸੀਂ ਬਿਲਕੁਲ ਠੀਕ ਕਿਹਾ ਏ। ਮੇਰਾ ਇਕ ਰਿਸ਼ਤੇਦਾਰ ਅਮਰੀਕਾ ਵਿੱਚ ਪੜ੍ਹ ਰਿਹਾ ਏ। ਉਨ੍ਹੇ ਵੀ ਮੈਨੂੰ ਇਹੀ ਗੱਲ ਦੱਸੀ ਸੀ।"

"ਸਰ, ਸਾਡੇ ਤਾਂ ਏਥੇ ਪਹਿਲਾਂ ਪਰਚੇ ਦੇਖਣ ਨੂੰ ਘਰ ਆਉਂਦੇ ਸਨ ਤੇ ਜਦ ਦੇ ਹਾਲਾਤ ਖ਼ਰਾਬ ਹਨ ਟੇਬਲ ਮਾਰਕਿੰਗ ਲਈ ਦੌੜ ਲੱਗੀ ਰਹਿੰਦੀ ਏ। ਸਰ, ਸੁਣਨ ਵਿੱਚ ਆਇਆ ਏ ਕਿ ਉਨ੍ਹਾਂ ਦੇਸ਼ਾਂ ਵਿੱਚ ਤਾਂ ਉੱਤਰ ਕਾਪੀਆਂ (answerbooks) ਵੀ



ਬੜੀਆਂ ਛੋਟੀਆਂ (handy) ਹਨ?"

"ਤੁਸੀਂ ਸੱਚ ਕਹਿ ਰਹੇ ਹੋ। ਉਥੇ ਛੋਟੀ ਜਿਹੀ ਉੱਤਰ ਪੱਤਰੀ ਨਾਲ ਹੀ ਪ੍ਰੀਖਿਆਰਥੀ ਦੀ ਯੋਗਤਾ ਅਤੇ ਕਲਾ ਦੀ ਪਰਖ ਕਰ ਲਈ ਜਾਂਦੀ ਏ। ਸਾਡੇ ਏਥੇ ਪ੍ਰੀਖਿਆਰਥੀ ਵਰਕਿਆਂ ਤੇ ਵਰਕੇ ਭਰਦੇ ਰਹਿੰਦੇ ਹਨ। ਬਾਅਦ ਵਿੱਚ ਕਈ ਪਾਰਖੂ (examiner) ਉਹਨਾਂ ਨੂੰ ਚੰਗੀ ਤਰ੍ਹਾਂ ਚੈਕ ਵੀ ਨਹੀਂ ਕਰਦੇ। ਉਥੇ ਤਾਂ ਹੁਣ ਬਹੁਪੱਖੀ (multiple choice) ਵਾਲੇ ਸਵਾਲਾਂ ਨਾਲ ਹੀ ਕਿਸੇ ਦੀ ਯੋਗਤਾ ਪਰਖ ਲਈ ਜਾਂਦੀ ਹੈ। ਇਹ ਪਰਖ ਕਰ ਵੀ ਕੰਪਿਊਟਰ ਹੀ ਦਿੰਦੇ ਹਨ।"

ਪਤਵੰਤ ਸਿੰਘ ਨੇ ਗੱਲ ਵਿਚੋਂ ਹੀ ਕੱਟ ਦਿੱਤੀ, "ਸਾਹਿਬ ਜੀ, ਤੁਸੀਂ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਮੈਂਬਰ ਹੋ। ਅੱਜ ਦੇ ਯੁੱਗ ਵਿੱਚ ਯੂਨੀਵਰਸਿਟੀਆਂ ਨੂੰ ਚਾਹੀਦਾ ਹੈ ਕਿ ਸਿਸਟਮ ਨੂੰ ਵੱਧ ਨਵਾਂ ਤੇ ਨਿਵੇਕਲਾ ਬਣਾਉਣ। ਸੈਨੇਟ ਇਸ ਸੰਬੰਧ ਵਿੱਚ ਵੱਧ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਏ।"

"ਡਾ. ਸਾਹਿਬ, ਨਵੀਆਂ ਤੇ ਨਿਵੇਕਲੀਆਂ ਪਾਲਿਸੀਆਂ ਚੰਗੇ ਆਧਾਰ 'ਤੇ ਹੀ ਲਾਗੂ ਕੀਤੀਆਂ ਜਾ ਸਕਦੀਆਂ ਹਨ। ਅਗਰ ਸਾਡੀਆਂ ਯੂਨੀਵਰਸਿਟੀਆਂ ਇੱਥੋਂ ਦੇ ਵਿੱਦਿਆ ਦੇ ਨੀਵੇਂ ਪੱਧਰ ਦੇ ਆਧਾਰ ਤੇ ਬਾਹਰਲੀਆਂ ਸਕੀਮਾਂ ਲਾਗੂ ਕਰ ਦੇਣ ਤਾਂ ਇਹਨਾਂ ਸਕੀਮਾਂ ਦਾ ਵੀ ਓਹੀ ਹਾਲ ਹੋਵੇਗਾ ਜੋ ਅੱਜ ਸਾਡੇ ਦੇਸ਼ ਦੇ ਸੰਵਿਧਾਨ ਦਾ ਹੋ ਰਿਹਾ ਹੈ। ਦੇਸ਼ ਵਿਕਾਸ ਵਲ ਨੂੰ ਜਾ ਰਹੇ ਪੜਾ (transitional phase) ਵਿਚੋਂ ਲੰਘ ਰਿਹਾ ਏ। ਕਿਸੇ ਵੀ ਦੇਸ਼ ਦੀ ਅਰਧ ਵਿਕਸਤ ਪ੍ਰਸਥਿਤੀ ਸਭ ਤੋਂ ਵੱਧ ਜ਼ੋਖ਼ਮ ਭਰਪੂਰ ਹੁੰਦੀ ਏ। ਮੈਕਾਲੇ (Macaulay) ਦੇ ਦਿੱਤੇ ਵਿਦਿਅਕ ਢਾਂਚੇ ਵਿੱਚ ਹੌਲੀ-ਹੌਲੀ ਤਬਦੀਲੀਆਂ ਆ ਰਹੀਆਂ ਹਨ। ਜਿਵੇਂ ਸੰਵਿਧਾਨ ਨੂੰ ਵੱਧ ਘੋਖ ਤੇ ਪਰਖ ਦੀ ਲੋੜ ਹੈ ਉਵੇਂ ਹੀ ਦੇਸ਼ ਦਾ ਵਿੱਦਿਅਕ ਢਾਂਚਾ ਵੀ ਤਿੱਖੀ ਪਰਖ ਦੀ ਮੰਗ ਕਰਦਾ ਹੈ। ਬਾਹਰਲਾ ਸਾਰਾ ਕੁੱਝ ਇੱਕੋ ਵਾਰੀ ਲਾਗੂ ਕਰਨ ਨਾਲੋਂ ਥੋੜ੍ਹਾ-ਥੋੜ੍ਹਾ ਕਰਕੇ ਲਾਗੂ ਕਰਨਾ ਚਾਹੀਦਾ ਏ। ਅਸੀਂ ਬਹੁਪੱਖੀ ਚੋਣ (multiple choice) ਵਾਲੇ ਸਵਾਲਾਂ ਵਲ ਨੂੰ ਆ ਰਹੇ ਹਾਂ। ਇਸੀ ਪ੍ਰਕਾਰ ਸਾਨੂੰ ਅਸਾਇਨਮੈਂਟ ਸਿਸਟਮ (assignment system), ਅਸੈਸਮੈਂਟ ਸਿਸਟਮ (assessment system) ਤੇ ਯੋਗ ਫੀਡਬੈਕ ਸਿਸਟਮ (Proper feedback system) ਵਲ ਨੂੰ ਵੀ ਆਉਣਾ ਹੀ ਚਾਹੀਦਾ ਏ। ਲਿਖਤੀ ਪ੍ਰੀਖਿਆਵਾਂ ਅੱਧੀਆਂ ਪਚੱਧੀਆਂ ਜਾਂ ਇਸਤੋਂ ਵੀ ਘੱਟ ਕਰ ਦੇਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਸਾਨੂੰ ਸੰਖੇਪ ਤੇ ਪਾਰਦਰਸ਼ੀ ਵੀ ਬਣਾ ਦੇਣਾ ਚਾਹੀਦਾ ਏ। ਸਕੂਲਾਂ ਕਾਲਜਾਂ ਵਿੱਚ ਕੰਪਿਊਟਰ ਤੇ ਫੋਟੋ ਕਾਪੀ ਦੀਆਂ ਮਸ਼ੀਨਾਂ ਪਈਆਂ ਹੋਣੀਆਂ ਚਾਹੀਦੀਆਂ ਹਨ। ਅਧਿਆਪਕ ਸਭ ਤੋਂ ਵਧ ਸੱਜਰੀ ਸਮੱਗਰੀ ਕੰਪਿਊਟਰ 'ਚੋਂ ਕੱਢਣ ਤੇ ਇਸਦੀਆਂ ਪਰਤਾਂ ਵਿਦਿਆਰਥੀਆਂ ਵਿੱਚ ਵੰਡਣ। ਇੱਕ ਦਿਨ ਮੈਨੂੰ ਇਕ ਅਮਰੀਕਾ ਤੋਂ ਆਇਆ ਅਧਿਆਪਕ ਮਿਲਿਆ। ਗੱਲ ਚੱਲੀ ਅੰਗਰੇਜ਼ੀ

ਦੇ ਟੈਨਸਾਂ (Tenses) ਬਾਰੇ। ਜਦ ਮੈਂ ਵਰਤਮਾਨ ਕਾਲ ਦੇ ਪਹਿਲੇ ਟੈਨਸ ਦਾ ਨਾਮ Present indefinite Tense ਲਿਆ ਤਾਂ ਉਹ ਹੱਸ ਪਿਆ। ਉਹ ਬੋਲਿਆ ਇਹ ਨੂੰ Simple present Tense ਕਿਉਂ ਨਹੀਂ ਕਹਿੰਦੇ? ਇਸਨੂੰ indefinite ਕਹਿਣ ਨਾਲ ਇਕ ਤਾਂ ਇਹ ਪੁਰਾਣਾ ਨਾਮ ਲੱਗਦਾ ਹੈ ਤੇ ਦੂਜਾ ਇਸਦੇ Continuous Tense ਜਿਹੇ ਮਹਿਸੂਸ ਹੋਣ ਦਾ ਭੁਲੇਖਾ ਜਿਹਾ ਪੈਣ ਲੱਗ ਜਾਂਦਾ ਏ ਕਿਉਂਕਿ ਸ਼ਬਦ 'Indefinite' ਤੇ 'Continuous' ਲਗਾਤਾਰਤਾ ਦਾ ਭੁਲੇਖਾ ਪਾਉਂਦੇ ਹਨ। ਜਦ ਕੁੱਝ Indefinite ਹੋਵੇ ਤਾਂ ਉਹ Continuous ਜਿਹਾ ਹੀ ਹੁੰਦਾ ਏ। ਜਦ ਮੈਂ ਉਸਨੂੰ ਸਾਡੇ ਤਨਖ਼ਾਹ ਵਿਚੋਂ ਕੱਟੇ ਜਾਣ ਵਾਲੇ ਫੰਡ ਨੂੰ ਪਰਾਵੀਡੈਂਟ ਫੰਡ (Provident Fund) ਕਿਹਾ, ਫਿਰ ਤਾਂ ਉਹ ਮਜ਼ਾਕ ਹੀ ਕਰਨ ਲੱਗ ਪਿਆ। ਕਹਿੰਦਾ-'ਇਹ ਸ਼ਬਦ ਪ੍ਰਗਟਾਵਾ ਪੁਰਾਣਾ ਏ, ਇਸ ਵਾਸਤੇ ਢੁੱਕਵਾਂ ਸ਼ਬਦ ਪ੍ਰਗਟਾਵਾ ਸੁਪਰੈਨੂਏਸ਼ਨ ਫੰਡ (Superannuation Fund) ਏ।' ਮੈਂ ਪੁੱਛਿਆ-'ਇਹ ਪੁਰਾਣਾ ਕਿਵੇਂ ਹੋਇਆ?' ਕਹਿੰਦਾ-ਸ਼ਬਦ 'Providence' ਕਿਸਮਤਵਾਦੀ ਵੱਧ ਏ। ਇਸਦਾ ਅਰਥ ਹੈ- God's Care or the Kindness of Fate, 'provident' ਇਸੇ ਸ਼ਬਦ ਦਾ ਵਿਸ਼ੇਸ਼ਣ ਹੈ। ਅੱਜ ਦਾ ਯੁੱਗ ਇੰਨਾ ਕਿਸਮਤਵਾਦੀ ਯੁੱਗ ਨਹੀਂ। ਫੰਡ ਤੁਹਾਡਾ ਆਪਣਾ ਹੁੰਦਾ ਏ। ਨੌਕਰੀ ਕਰਦੇ ਸਮੇਂ ਤਨਖਾਹ ਵਿੱਚੋਂ ਕੱਟਿਆ ਹੁੰਦਾ ਏ। ਇਸ ਵਿੱਚ ਕਿਸਮਤ ਕਿੱਥੋਂ ਆ ਗਈ?

ਤੁਹਾਨੂੰ ਪਤਾ ਏ 'Superannuation' ਦਾ ਮਤਲਬ ਹੁੰਦਾ ਏ "ਸੇਵਾ ਮੁਕਤੀ"। ਢੁੱਕਵੇਂ ਸਪੱਸ਼ਟ ਸ਼ਬਦ ਵਰਤਣੇ ਚਾਹੀਦੇ ਹਨ। ਅਸੱਪਸ਼ਟ ਸ਼ਬਦ ਪ੍ਰਗਟਾਵਿਆਂ ਲਈ ਅੱਜ ਦੇ ਯੁੱਗ ਵਿੱਚ ਕੋਈ ਥਾਂ ਨਹੀਂ।"

"ਸਾਹਿਬ ਜੀ, ਗੱਲ ਉਹਦੀ ਠੀਕ ਲੱਗਦੀ ਏ। ਅਮਰੀਕਾ ਵਾਲਿਆਂ ਨੇ ਤਾਂ ਕਈ ਸ਼ਬਦਾਂ ਦੇ ਸਪੈਲਿੰਗ ਵੀ ਛੋਟੇ ਕਰ ਦਿੱਤੇ ਹਨ। ਅਸੀਂ ਹੋਰ ਵੀ ਕਈ ਸ਼ਬਦ ਪ੍ਰਗਟਾਵੇ ਢੁੱਕਵੇਂ ਨਹੀਂ ਵਰਤਦੇ। ਮਿਸਾਲ ਦੇ ਤੌਰ ਤੇ ਸਾਡੇ ਇਥੇ ਕਈ ਕਾਰੋਬਾਰਾਂ ਦੇ ਸਾਈਨਬੋਰਡ ਤੇ ਲਿਖਿਆ ਹੁੰਦਾ ਏ Pvt. Ltd ਅਸਲ ਵਿੱਚ ਇਹ Pty.Ltd ਚਾਹੀਦਾ ਏ। ਦੋ ਵਿਸ਼ੇਸ਼ਣਾਂ ਦੀ ਬਜਾਏ, ਇਕ ਕ੍ਰਿਆ ਵਿਸ਼ੇਸ਼ਣ (adverb) ਚਾਹੀਦਾ ਏ ਤੇ ਦੂਜਾ ਵਿਸ਼ੇਸ਼ਣ (adjective)"

"ਡਾ. ਸਾਹਿਬ, ਤੁਹਾਡਾ ਵਿਆਕਰਣ ਦਾ ਗਿਆਨ ਵੀ ਚੰਗਾ ਏ?"

"ਸਾਹਿਬ ਜੀ, ਮਨੁੱਖ ਦੀ ਅਲੋਚਨਾਤਮਕ ਬਿਰਤੀ (Critical sensibility) ਉਸਨੂੰ ਹਮੇਸ਼ਾ ਨਵੇਂਪਣ ਤੇ ਨਿਵੇਕਲੇਪਣ (novelty and innovation) ਵੱਲ ਨੂੰ ਤੋਰਦੀ ਰਹਿੰਦੀ ਏ।"

"ਧੰਨਵਾਦ, ਡਾ. ਸਾਹਿਬ।"



# ਕਾਂਡ ਦੱਸ

ਉਜਾਗਰ ਮੱਲ ਠੀਕ ਹੋ ਕੇ ਹਸਪਤਾਲ ਤੋਂ ਆਪਣੇ ਘਰ ਪਹੁੰਚ ਗਿਆ ਸੀ। ਬਹਾਨਾ ਬਣਾ ਕੇ ਕੁੱਝ ਦਿਨਾਂ ਲਈ ਉਸਨੇ ਕਾਲਜ ਵਿੱਚ ਜਾਣ ਤੋਂ ਛੁੱਟੀ ਲੈ ਲਈ ਸੀ। ਜੇਕਰ ਕੋਈ ਸਟਾਫ਼ ਮੈਂਬਰ ਇਮਤਿਹਾਨ ਵਿੱਚ ਡਿਊਟੀ ਤੇ ਨਾ ਹੋਵੇ ਤਾਂ ਉਸਨੂੰ ਕੁਝ ਸਮੇਂ ਲਈ ਕਾਲਜ ਜਾ ਕੇ ਬੈਠਣਾ ਹੀ ਹੁੰਦਾ ਸੀ। ਡਾਕਟਰ ਅਕਸਰ ਲਿਖ ਹੀ ਦਿੰਦੇ ਹਨ ਕਿ ਮਰੀਜ਼ ਨੂੰ ਕੁੱਝ ਦਿਨ ਹੋਰ ਆਰਾਮ ਕਰਨਾ ਚਾਹੀਦਾ ਹੈ। ਡਾਕਟਰ ਦੀ ਇਸ ਲਿਖਤ ਨੇ ਉਸਨੂੰ ਕੁੱਝ ਹੋਰ ਦਿਨਾਂ ਲਈ ਕਾਲਜ ਜਾਣ ਤੋਂ ਵੀ ਛੁਟਕਾਰਾ ਦੁਆ ਦਿੱਤਾ ਸੀ।

ਪ੍ਰਸ਼ੋਤਮ ਨੇ ਉਜਾਗਰ ਮੱਲ ਨੂੰ ਮਿਲਣਾ ਚਾਹਿਆ। ਉਹ ਉਸਦੀ ਖ਼ਬਰ ਵੀ ਲੈਣੀ ਚਾਹੁੰਦਾ ਸੀ ਤੇ ਉਸ ਨਾਲ ਗੱਪ ਸ਼ੱਪ ਵੀ ਮਾਰਨਾ ਚਾਹੁੰਦਾ ਸੀ। ਅੱਜ ਪ੍ਰਸ਼ੋਤਮ ਦੀ ਇਮਤਿਹਾਨ ਵਿੱਚ ਡਿਊਟੀ ਨਹੀਂ ਸੀ। ਉਜਾਗਰ ਮੱਲ ਦੇ ਘਰ ਫ਼ੋਨ ਨਹੀਂ ਸੀ। ਉਸ ਸਮੇਂ ਵੇਸੇ ਵੀ ਫ਼ੋਨ ਸਭ ਘਰਾਂ ਵਿੱਚ ਨਹੀਂ ਹੋਇਆ ਕਰਦੇ ਸਨ। ਪ੍ਰਸ਼ੋਤਮ ਨੇ ਪਤਾ ਮੰਗਵਾ ਲਿਆ ਕਿ ਉਜਾਗਰ ਮੱਲ ਘਰ ਹੀ ਸੀ। ਸਮਾਂ ਕੱਢ ਕੇ ਸ਼ਾਮ ਨੂੰ ਉਹ ਉਸਦੇ ਘਰ ਚਲਾ ਗਿਆ। "ਪ੍ਰੋਫ਼ੈਸਰ ਸਾਹਿਬ, ਸਤਿ ਸ੍ਰੀ ਅਕਾਲ।" ਪ੍ਰਸ਼ੋਤਮ ਕੀ ਹਾਲ ਏ ਸੈਂਟਰ ਕਿਵੇਂ ਚੱਲ ਰਿਹਾ ਏ? ਕਹਿੰਦੇ, ਬਾਅਦ ਵਿੱਚ ਬੜੀਆਂ ਸਖ਼ਤੀਆਂ ਹੋ ਗਈਆਂ ਸੀ। ਸੁਣਿਐਂ, ਪਤਵੰਤ ਸਿੰਘ ਨੇ ਸੈਂਟਰ ਤੇ ਠੀਕਰੀ ਪਹਿਰਾ ਲਗਾ ਰੱਖਿਆ ਏ? ਜਿਹੜੇ ਜ਼ਿਆਦਾ ਹੀ ਵੱਡੇ ਥਾਣੇਦਾਰ ਬਣਦੇ ਹੁੰਦੇ ਕਈ ਵਾਰ ਢੁੰਡੇ ਵੀ ਜਾਂਦੇ ਆ। ਤੇਰਾ ਕੰਮ ਕਿਵੇਂ ਚਲ ਰਿਹਾ ਏ?"

"ਸਰ, ਮੇਰਾ ਕੰਮ ਤਾਂ ਠੀਕ ਹੀ ਚੱਲ ਰਿਹਾ ਏ। ਸਰ ਮੈਨੂੰ ਇੱਕ ਗੱਲ ਦੱਸੋ?"

"ਉਹ ਕੀ?"

ਜਦ ਯੂਨੀਵਰਸਿਟੀ ਦੇ ਤਕਰੀਬਨ ਸਾਰੇ ਕਾਲਜਾਂ ਵਿੱਚ ਹੀ ਪ੍ਰੀਖਿਆਵਾਂ ਦਾ ਬੁਰਾ ਹਾਲ ਏ ਤਾਂ ਕੀ ਇੱਕ ਦੋ ਸੈਂਟਰਾਂ ਵਿੱਚ ਸਖਤੀ ਕਰਨੀ ਬੱਚਿਆਂ ਨਾਲ ਅਨਿਆ ਨਹੀਂ? ਕੀ ਸਖਤੀ ਕਰਨ ਨਾਲ ਪਤਵੰਤ ਸਿੰਘ ਨੂੰ ਸੋਨ ਤਮਗਾ ਮਿਲਜੂ? ਸਖ਼ਤੀ ਹੋਵੇ ਤਾਂ ਸਾਰੇ ਹੀ ਹੋਵੇ। ਅਗਰ ਨਰਮੀ ਹੋਵੇ ਤਾਂ ਉਹ ਵੀ ਸਾਰੇ ਹੀ ਹੋਵੇ? "ਪ੍ਰਸ਼ੋਤਮ, ਤੇਰੀ ਇਹ ਧਾਰਨਾ ਠੀਕ ਏ ਪਰ ਆਮ ਹਾਲਾਤਾਂ ਵਿੱਚ ਇੰਝ ਨਹੀਂ ਹੋਇਆ ਕਰਦਾ। ਜਦ ਚੰਗੇ ਸਮੇਂ ਹੁੰਦੇ ਸਨ ਉਦੋਂ ਵੀ ਕਈ ਸੁਪਰਡੈਂਟ ਬੜੇ ਹੀ ਸਖ਼ਤ ਹੋਇਆ ਕਰਦੇ ਸਨ ਤੇ ਕਈ ਨਰਮ। ਇੱਕ ਵਾਰ ਸਾਡੇ ਕਾਲਜ ਵਿੱਚ ਇਕ ਸੁਪਰਡੈਂਟ ਬਰਾੜ ਆਇਆ ਸੀ। ਇਹ ਤੁਹਾਡੇ ਇੱਥੇ

ਲੈਕਚਰਾਰ ਲੱਗਣ ਤੋਂ ਪਹਿਲਾਂ ਦੀ ਗੱਲ ਏ। ਉਹ ਗਲ ਵਿੱਚ ਪਿਸਤੌਲ ਪਾ ਕੇ ਰੱਖਦਾ ਹੁੰਦਾ ਸੀ। ਉਤੋਂ ਕਾਲਜ ਵਿੱਚ ਸਟੂਡੈਂਟਸ ਫੈਡਰੇਸ਼ਨ ਦਾ ਬੜਾ ਜ਼ੋਰ ਹੁੰਦਾ ਸੀ। ਇਕ ਪਾਸੇ ਕਾਂਗਰਸੀ ਮੁੰਡਿਆਂ ਦਾ ਧੜਾ ਹੁੰਦਾ ਸੀ। ਸਟੂਡੈਂਟ ਫੈਡਰੇਸ਼ਨ ਵਾਲੇ ਖੱਬੇ ਪੱਖੀ ਮੁੰਡੇ ਕਾਂਗਰਸੀਆਂ ਦਾ ਸਾਥ ਦਿਆ ਕਰਦੇ ਸਨ। ਦੂਜੇ ਪਾਸੇ ਗੁਰਜੰਟ ਹੋਰਾਂ ਦਾ ਖਾਲਸਿਆਂ ਦਾ ਗਰੁੱਪ ਹੁੰਦਾ ਸੀ। ਇੱਕ ਕਾਂਗਰਸੀ ਮੁੰਡਾ ਨਰਿੰਦਰ ਕਾਲਜ ਵਿੱਚ ਹਮੇਸ਼ਾ ਮਨ ਮਰਜੀਆਂ ਕਰਦਾ ਹੁੰਦਾ ਸੀ। ਗੁਰਜੰਟ ਹੋਰੀਂ ਉਸਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਨਰਿੰਦਰ ਨੇ ਨਕਲ ਕਰਨੀ ਹੀ ਏ। ਉਹ ਬਰਾੜ ਨੂੰ ਜਾ ਮਿਲੇ। ਬਰਾੜ ਨੇ ਉਨ੍ਹਾਂ ਨੂੰ ਯਕੀਨ ਦੁਆ ਦਿੱਤਾ ਕਿ ਅਗਰ ਨਰਿੰਦਰ ਨਕਲ ਕਰੂਗਾ ਤਾਂ ਉਸ ਉਸਦਾ ਹਰ ਹਾਲਤ ਵਿੱਚ ਕੇਸ ਬਣਾ ਕੇ ਯੂਨੀਵਰਸਿਟੀ ਨੂੰ ਭੇਜੇਗਾ ਹੀ। ਪਰਚਾ ਸ਼ੁਰੂ ਹੋਇਆ। ਘੰਟੇ ਕੁ ਬਾਅਦ ਬਰਾੜ ਨੂੰ ਪਤਾ ਲਗ ਗਿਆ ਕਿ ਨਰਿੰਦਰ ਨਕਲ ਕਰ ਰਿਹਾ ਸੀ। ਨਰਿੰਦਰ ਵਾਲੇ ਕਮਰੇ ਵਿੱਚ ਇਕ ਮੈਡਮ ਡਿਊਟੀ ਦੇ ਰਹੀ ਸੀ। ਬਰਾੜ ਨੇ ਕਮਰੇ ਵਿੱਚ ਗੇੜਾ ਮਾਰਿਆ ਤੇ ਨਰਿੰਦਰ ਤੋਂ ਪਰਚੀ ਲੈ ਕੇ ਕੇਸ ਠੋਕ ਦਿੱਤਾ। ਮੈਡਮ ਨੂੰ ਤਾਂ ਕੇਸ ਉਪਰ ਸਹੀ ਪਾਉਣੀ ਹੀ ਪੈਣੀ ਸੀ।

"ਕੀ ਫਿਰ ਨਰਿੰਦਰ ਦੇ ਸਾਥੀਆਂ ਨੇ ਬਰਾੜ ਨੂੰ ਘੇਰਿਆ ਨਹੀਂ?"

"ਜਦ ਪਰਚਾ ਖ਼ਤਮ ਹੋਇਆ ਤਾਂ ਬਾਹਰ ਦੋਹਾਂ ਹੀ ਧੜਿਆਂ ਦੇ ਮੁੰਡੇ ਖੜ੍ਹੇ ਸਨ। ਦੋਨੋਂ ਹੀ ਬਰਾੜ ਨੂੰ ਉਡੀਕ ਰਹੇ ਸਨ। ਬਰਾੜ ਆਰਾਮ ਨਾਲ ਬਾਹਰ ਨਿਕਲਿਆ। ਗੁਰਜੰਟ ਹੁਰੀਂ ਉਸ ਨੂੰ ਉੱਡ ਕੇ ਮਿਲੇ। ਕਹਿਣ ਲੱਗੇ-'ਸਰ, ਆਓ ਪਹਿਲਾਂ ਗੁਰਦੁਆਰਾ ਸਾਹਿਬ ਚਲਦੇ ਹਾਂ। ਲੰਗਰ ਛੱਕ ਕੇ ਜਾਇਓ।' ਬਰਾੜ ਤੇ ਗੁਰਜੰਟ ਹੁਰੀਂ ਗੁਰਦੁਆਰਾ ਸਾਹਿਬ ਵੱਲ ਨੂੰ ਚੱਲ ਪਏ। ਪਿੱਛੇ ਪਿੱਛੇ ਨਰਿੰਦਰ ਦਾ ਗਰੁੱਪ ਵੀ ਉਧਰ ਨੂੰ ਚੱਲ ਪਿਆ। ਬਰਾੜ ਨੇ ਲੰਗਰ ਛੱਕਿਆ। ਗੁਰਜੰਟ ਹੋਰੀ ਬਾਅਦ ਵਿੱਚ ਉਸਨੂੰ ਕਾਰ ਤੱਕ ਛੱਡ ਕੇ ਆਏ ਤੇ ਉਹ ਆਰਾਮ ਨਾਲ ਚਲਾ ਗਿਆ। ਇਸ ਤੋਂ ਬਾਅਦ ਵੀ ਗੁਰਜੰਟ ਹੁਰਾਂ ਨਰਿੰਦਰ ਹੁਰਾਂ ਦੀ ਫੂਕ ਕੱਢੀ ਰੱਖੀ। ਨਰਿੰਦਰ ਤਿੰਨ ਸਾਲ ਲਈ ਅੜੰਗਿਆ ਗਿਆ ਸੀ। ਪ੍ਰਸ਼ੋਤਮ, ਅੱਜ ਦੇ ਤੇ ਉਦੋਂ ਦੇ ਸਮੇਂ ਵਿੱਚ ਬੜਾ ਫਰਕ ਏ।"

"ਕੀ ਭਾਵ, ਸਰ ਜੀ?"

"ਉਦੋਂ ਹਾਲਾਤ ਆਮ ਸਨ। ਅਗਰ ਬਰਾੜ ਨਾਲ ਕੋਈ ਮਾੜੀ ਕਰਦਾ ਤਾਂ ਇਕ ਦਮ ਪਤਾ ਲੱਗ ਜਾਣਾ ਸੀ ਕਿ ਨਰਿੰਦਰ ਦੇ ਸਾਥੀਆਂ ਨੇ ਕੀਤੀ ਹੈ ਜਾਂ ਕਰਵਾਈ ਹੈ। ਅੱਜ ਤਾਂ ਹਾਲਾਤ ਐਸੇ ਹਨ ਕਿ ਪਤਾ ਹੀ ਨਹੀਂ ਲੱਗਦਾ ਕਿ ਕੌਣ ਕਰ ਗਿਐ।

ਮੰਨ ਲਓ ਮੈਂ ਸੈਂਟਰ ਵਿੱਚ ਸਖ਼ਤੀ ਕਰਕੇ ਕੋਈ ਕਾਰਨਾਮਾ ਕਰ ਦਿੰਦਾ। ਮੈਨੂੰ ਧਮਕੀ ਭਰੀ ਚਿੱਠੀ ਮੇਰੇ ਵਿਰੋਧੀ ਪ੍ਰੋਫ਼ੈਸਰਾਂ ਨੇ ਹੀ ਕਿਸੇ ਵੱਲੋਂ ਲਿਖ ਕੇ ਪਾ ਦੇਣੀ ਸੀ। ਅੱਜ ਕੱਲ੍ਹ ਤਾਂ ਇਸ ਪ੍ਰਕਾਰ ਦੇ ਹਾਲਾਤ ਹਨ ਕਿ ਜੇਕਰ ਕੋਈ ਆਮ ਜਿਹਾ ਖੁੱਲ੍ਹੀ ਦਾੜ੍ਹੀ ਵਾਲਾ ਬੰਦਾ



ਵੀ ਕਿਸੇ ਵੱਲ ਗਹਿਰੀ ਅੱਖ ਕਰਕੇ ਦੇਖ ਜਾਵੇ ਤਾਂ ਬੰਦਾ ਸੋਚਾਂ ਵਿੱਚ ਪੈ ਜਾਂਦਾ ਏ। ਅੱਜ ਦੇ ਹਾਲਾਤ ਵਿੱਚ ਤਾਂ ਹੱਥਾਂ ਨਾਲ ਦਿੱਤੀਆਂ ਗੰਢਾ ਦੰਦਾਂ ਨਾਲ ਵੀ ਨਹੀਂ ਖੁਲ੍ਹਦੀਆਂ।"

"ਸਰ ਜੀ, ਇਸਦਾ ਮਤਲਬ ਇਹ ਹੋਇਆ ਕਿ ਸਮਾਂ ਲੰਘਾਉਣਾ ਹੀ ਠੀਕ ਏ। ਤੁਸੀਂ ਸੱਚਮੁੱਚ ਹੀ ਬੜੇ ਸਮਝਦਾਰ ਹੋ। ਮੌਕੇ ਦੀ ਨਜ਼ਾਕਤ ਨੂੰ ਪੂਰੀ ਤਰ੍ਹਾਂ ਭਾਪ ਲੈਂਦੇ ਹੋ। ਸਰ, ਹੋਰ ਆਪਣਾ ਹਾਲ ਚਾਲ ਸੁਣਾਓ। ਹੁਣ ਸਿਹਤ ਕਿਵੇਂ ਐ ? ਸੀਰੀਅਸ ਅਟੈਕ ਸੀ ਜਾਂ ਹਲਕਾ ਹੀ ਸੀ?"

"ਪ੍ਰਸ਼ੋਤਮ, ਅਟੈਕ ਹਲਕਾ ਜਿਹਾ ਹੀ ਸੀ। ਮੈਂ ਅਟੈਕ ਦਾ ਬਹਾਨਾ ਵੱਧ ਬਣਾ ਲਿਆ ਸੀ। ਮੈਂ ਸੋਚਿਆ ਸੀ ਕਿ ਕਾਹਨੂੰ ਪੰਗੇ ਵਿੱਚ ਰਹਿਣਾ। ਡਿਊਟੀ ਕਟਵਾ ਹੀ ਲਈਏ ਤਾਂ ਚੰਗਾ। ਹਾਲਾਤ ਬੜੇ ਮਾੜੇ ਚੱਲਦੇ ਆ। ਇੱਦਾਂ ਦੇ ਹਾਲਾਤ ਵਿੱਚ ਡਿਊਟੀ ਦੇਣ ਦਾ ਕੀ ਫਾਇਦਾ? ਸ਼ੁਰੂ ਵਿੱਚ ਮੈਂ ਪ੍ਰਿੰਸੀਪਲ ਨੂੰ ਨਾਂਹ ਨਹੀਂ ਸੀ ਕਰ ਸਕਿਆ। ਮੈਂ ਚਾਹੁੰਦਾ ਸੀ ਕਿ ਪ੍ਰਿੰਸੀਪਲ ਨਾਲ ਵੀ ਬਣੀ ਰਹਿ ਜਾਵੇ ਤੇ ਇਧਰੋਂ ਵੀ ਜਾਨ ਛੁੱਟ ਜਾਵੇ। ਆਪਾਂ ਹੁਣ ਬੜੇ ਠੀਕ ਹਾਂ। ਕਾਲਜ ਤੋਂ ਵੀ ਕੁੱਝ ਦਿਨਾਂ ਦੀ ਛੁੱਟੀ ਮਿਲ ਗਈ ਏ। ਜਦੋਂ ਤੱਕ ਇਹ ਛੁੱਟੀ ਖ਼ਤਮ ਹੋਵੇਗੀ ਉਦੋਂ ਤੱਕ ਵੈਸੇ ਵੀ ਇਮਤਿਹਾਨ ਖ਼ਤਮ ਹੋ ਜਾਣਗੇ। ਗਰਮੀਆਂ ਦੀਆਂ ਲੰਬੀਆਂ ਛੁੱਟੀਆਂ ਸ਼ੁਰੂ ਹੋ ਜਾਣਗੀਆਂ। ਤੂੰ ਇਹ ਦੱਸ ਤੇਰਾ ਕਿਵੇਂ ਰਿਹਾ?"

"ਮੇਰਾ ਠੀਕ ਹੀ ਏ, ਸਰ।"

"ਸ਼ੁਰੂ ਸ਼ੁਰੂ ਵਿੱਚ ਤਾਂ ਬੜੀ ਸੇਵਾ ਕਰਵਾ ਲਈ ਸੀ ਮੁੰਡਿਆਂ ਤੋਂ। ਬੋਤਲਾਂ ਇਕੱਠੀਆਂ ਕਰਵਾਉਣ ਲੱਗ ਗਿਆ ਸੀ। ਮੈਂ ਤੁਹਾਨੂੰ ਕਿਹਾ ਸੀ ਕਿ ਇਸ ਤਰ੍ਹਾਂ ਦੇ ਹਾਲਾਤ ਵਿੱਚ ਪ੍ਰੀਖਿਆਰਥੀਆਂ ਤੋਂ ਸ਼ਰਾਬ ਨਹੀਂ ਲੈਣੀ ਚਾਹੀਦੀ।"

"ਸਰ, ਮੈਂ ਤਾਂ ਬਾਅਦ ਵਿੱਚ ਵੀ ਇਕ ਦੋ ਵਾਰੀ ਦਾਅ ਲਾ ਲਿਆ ਸੀ", ਇਹ ਕਹਿੰਦੇ ਹੋਏ ਪ੍ਰਸ਼ੋਤਮ ਨੇ ਮੇਜ਼ ਤੇ ਰੈੱਡ ਨਾਈਟ ਦੀ ਬੋਤਲ ਠਾਹ ਕਰਕੇ ਰੱਖ ਦਿੱਤੀ। "ਇਹ ਕਿਸ ਤੋਂ ਲਈ?" ਉਜਾਗਰ ਮੱਲ ਨੇ ਪੁੱਛਿਆ।

"ਸਰ, ਲੈਣ ਦਾ ਤਰੀਕਾ ਬਣਾ ਹੀ ਲਈਦਾ ਏ। ਤੁਸੀਂ ਪੀਣ ਲਈ ਤਿਆਰ ਰਿਹਾ ਕਰੋ। ਹਿੰਮਤੇ ਮਰਦਾਂ, ਮੱਦਦੇ ਖ਼ੁਦਾ।"

"ਜਿਸ ਦਿਨ ਦਾ ਮੈਂ ਹਸਪਤਾਲ ਗਿਆ ਹਾਂ ਉਸ ਦਿਨ ਤੋਂ ਅੱਜ ਤੱਕ ਤਾਂ ਮੈਂ ਪੀਤੀ ਨਹੀਂ। ਅੱਜ ਪੂਰੇ ਵੀਹ ਕੁ ਦਿਨ ਤਾਂ ਹੋ ਹੀ ਗਏ ਹਨ।"

"ਸਰ ਜੀ, ਡਾਕਟਰ ਕਹਿੰਦੇ ਹਨ ਕਿ ਥੋੜ੍ਹੀ ਪੀਣੀ ਦਿਲ ਦਾ ਦੌਰਾ ਪੈਣ ਹੀ ਨਹੀਂ ਦਿੰਦੀ। ਮੈਂ ਕਈ ਅਖ਼ਬਾਰਾਂ ਵਿੱਚ ਵੀ ਇਵੇਂ ਹੀ ਪੜ੍ਹਿਆ ਏ।"

"ਪ੍ਰਸ਼ੋਤਮ, ਤੁਸੀਂ ਇਹ ਦੱਸੋ ਕਿ ਤੁਸੀਂ ਇਹ ਲਈ ਕਿਹਦੇ ਕੋਲੋਂ ?"

"ਇਮਤਿਹਾਨ ਦੇ ਰਹੇ ਇਕ ਲੜਕੇ ਤੋਂ।"

"ਉਹ ਕਿਵੇਂ? ਪਤਵੰਤ ਸਿੰਘ ਤਾਂ ਨਕਲ ਹੋਣ ਹੀ ਨਹੀਂ ਦਿੰਦਾ? ਜੇ ਫੱਟਾ ਸਾਹ ਦਊ

ਤਾਂ ਹੀ ਬਾਜੀਗਰ ਛਾਲ ਮਾਰੂ।"

"ਛੱਡੋ ਜੀ, ਨਕਲ ਕਦੀ ਪੂਰੀ ਤਰ੍ਹਾਂ ਵੀ ਬੰਦ ਹੋਈ ਏ ? ਹਰ ਕੰਮ ਕਰਨ ਦਾ ਸਲੀਕਾ ਹੁੰਦਾ ਏ। ਅਗਰ ਸਲੀਕਾ ਆਉਂਦਾ ਹੋਵੇ ਤਾਂ ਸਾਹ ਦੇਣ ਵਾਲਾ ਫੱਟਾ ਵੀ ਲੱਭ ਹੀ ਲਈਦਾ ਏ।"

"ਤੁਸੀਂ ਕੀ ਸਲੀਕਾ ਵਰਤ ਲਿਆ?"

"ਸਰ ਜੀ, ਇਕ ਲੜਕਾ ਮੇਰੇ ਤੋਂ ਮਦਦ ਲੈਣ ਲਈ ਆਇਆ ਮੈਂ ਉਸਨੂੰ ਕਿਹਾ, ਕਿ ਪਤਾ ਨਹੀਂ ਮੇਰੀ ਡਿਊਟੀ ਉਹਦੇ ਵਾਲੇ ਕਮਰੇ ਵਿੱਚ ਹੋਵੇ ਵੀ ਕਿ ਨਾ। ਮੈਂ ਕਿਵੇਂ ਮਦਦ ਕਰ ਸਕਾਂਗਾ ? ਕਹਿਣ ਲੱਗਾ ਅਗਰ ਮੈਂ ਸੈਂਟਰ ਦੇ ਕਲਰਕ ਸੇਵਕ ਸਿੰਘ ਤੋਂ ਪਤਾ ਕਰ ਲਵਾਂ ਕਿ ਤੁਹਾਡੀ ਡਿਊਟੀ ਕਿਥੇ ਲੱਗਣੀ ਹੈ ਫਿਰ ਤਾਂ ਤੁਸੀਂ ਮਦਦ ਕਰ ਹੀ ਸਕਦੇ ਹੋ? ਮੈਂ ਕਿਹਾ-ਡਿਊਟੀਆਂ ਤਾਂ ਸੁਪਰਡੈਂਟ ਸਵੇਰੇ ਪਰਚਾ ਸ਼ੁਰੂ ਕਰਵਾਉਣ ਤੋਂ ਪਹਿਲਾਂ ਲਗਾਉਂਦਾ ਹੈ। ਤੂੰ ਕਿਵੇਂ ਪਹਿਲਾਂ ਪਤਾ ਕਰਵਾ ਸਕਦਾ ਏਂ? ਕਹਿਣ ਲੱਗਾ 'ਕਮਰੇ ਸਿਰਫ ਦੋ ਹੀ ਲੱਗੇ ਹੋਏ ਹਨ। ਮੇਰਾ ਰੋਲ ਨੰਬਰ ਸੁਪਰਡੈਂਟ ਵਾਲੇ ਕਮਰੇ ਵਿੱਚ ਨਹੀਂ ਏ, ਦੂਸਰੇ ਵਿੱਚ ਏ। ਮੇਰੇ ਵਾਲੇ ਕਮਰੇ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ 20 ਤੋਂ ਵੱਧ ਨਹੀਂ। ਜ਼ਾਹਰ ਹੈ ਕਿ ਉੱਥੇ ਇੱਕ ਨਿਗਰਾਨ ਦੀ ਡਿਊਟੀ ਹੀ ਹੋਵੇਗੀ। ਸੁਪਰਡੈਂਟ ਵਾਲੇ ਕਮਰੇ ਵਿੱਚ ਖੁੱਦ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਹੋਣਗੇ। ਅੱਜ ਸੁਪਰਡੈਂਟ ਨੇ ਡਿਪਟੀ ਅਤੇ ਸਿਰਫ ਤੁਹਾਨੂੰ ਹੀ ਸੱਦਿਆ ਹੋਇਆ ਏ। ਇਸ ਗੱਲ ਨੂੰ ਤਾਂ ਭੋਲੇ ਤੋਂ ਭੋਲਾ ਬੰਦਾ ਵੀ ਸਮਝ ਲਵੇਗਾ ਕਿ ਦੂਸਰੇ ਕਮਰੇ ਵਿੱਚ ਤੁਸੀਂ ਇਕੱਲੇ ਹੀ ਹੋਵੋਗੇ। ਮੈਨੂੰ ਮੁੰਡੇ ਦੀ ਹੁਸ਼ਿਆਰੀ ਤੇ ਸੱਚਮੁੱਚ ਹੀ ਹੈਰਾਨੀ ਹੋਈ। ਮੈਂ ਨਕਲ ਕਰਵਾਉਣ ਲਈ ਉਸਨੂੰ ਹਾਮੀ ਭਰ ਦਿੱਤੀ। ਬੀ. ਏ. ਭਾਗ ਤੀਜਾ ਇਕਨਾਮਿਕਸ ਦਾ ਪਰਚਾ ਸੀ। ਉਹ ਸ਼ਾਮ ਨੂੰ ਹੀ ਮੈਨੂੰ ਦੋ ਬੋਤਲਾਂ ਫੜਾ ਗਿਆ ਸੀ। ਮੈਂ ਸੋਚਿਆ ਕਿ ਤੁਸੀਂ ਮੇਰੇ ਹਮਰਾਜ ਹੋ। ਇਸ ਲਈ ਇਕ ਬੋਤਲ ਤੁਹਾਡੇ ਪਾਸ ਲੈ ਆਵਾਂ ਤੇ ਨਾਲੇ ਤੁਹਾਡਾ ਹਾਲ ਚਾਲ ਪੁੱਛ ਜਾਵਾਂ।"

"ਜਦੋਂ ਤੁਸੀਂ ਮੁੰਡੇ ਨੂੰ ਨਕਲ ਕਰਵਾਈ ਉਦੋਂ ਪਤਵੰਤ ਸਿੰਘ ਕਿੱਥੇ ਸੀ?"

"ਪਹਿਲਾਂ ਤਾਂ ਉੱਪਰ ਆਪਣੇ ਕਮਰੇ ਵਿੱਚ ਹੀ ਬੈਠਾ ਕਲਰਕ ਨਾਲ ਕਈ ਪ੍ਰਕਾਰ ਦੇ ਹਿਸਾਬ ਕਿਤਾਬ ਲਗਾਉਂਦਾ ਰਿਹਾ। ਮੈਂ ਦੋਹਾਂ ਕਮਰਿਆਂ ਦੇ ਸੈਂਟਰ ਵਿੱਚ ਖੜ੍ਹਾ ਰਿਹਾ। ਮੈਂ ਮੁੰਡੇ ਨੂੰ ਮਾੜੀ ਜਿਹੀ ਅੱਖ ਦੱਬ ਦਿੱਤੀ। ਉਹ ਆਪਣਾ ਕੰਮ ਕਰਦਾ ਰਿਹਾ। ਬਾਅਦ ਵਿੱਚ ਪਤਵੰਤ ਸਿੰਘ ਉੱਠ ਕੇ ਪ੍ਰਿੰਸੀਪਲ ਦੇ ਦਫ਼ਤਰ ਚਲਾ ਗਿਆ। ਪ੍ਰਿੰਸੀਪਲ ਨੇ ਚਾਹ ਮੰਗਵਾ ਲਈ। ਉਹ ਤਾਂ ਤਕਰੀਬਨ ਪੌਣੇ ਘੰਟੇ ਬਾਅਦ ਸੈਂਟਰ ਵਿੱਚ ਵਾਪਸ ਆਇਆ। ਉਸਨੇ ਸੋਚਿਆ ਸੀ ਕਿ ਸੈਂਟਰ ਛੋਟਾ ਏ। ਉਸਨੂੰ ਬਹੁਤਾ ਖੱਪਖਾਨਾ ਨਜ਼ਰ ਨਹੀਂ ਆਇਆ। ਨਾਲੇ ਇੱਕ ਹੋਰ ਅਜੀਬ ਗੱਲ ਹੋਈ।"

"ਉਹ ਕੀ?"



"ਕਾਲਜ ਦਾ ਸਟੈਨੋ ਬਿਮਲ ਆਪਣਾ ਹੀ ਕੰਮ ਕਰਵਾ ਗਿਆ। ਪਰਫੈਕਟ ਇਮਪਰਸੋਨੇਸ਼ਨ ਕੇਸ (perfect impersonation case)।" "ਉਹ ਕਿਵੇਂ? ਬਾਹਰ ਖਾਲੀ ਉੱਤਰ ਪੱਤਰੀ ਕਿਵੇਂ ਗਈ ?"

"ਉਹਨੇ ਤੁਹਾਡੇ ਵੇਲੇ ਹੀ ਇੱਕ ਖਾਲੀ ਉੱਤਰ ਪੱਤਰੀ ਬੰਡਲਾਂ ਵਿੱਚੋਂ ਕੱਢ ਲਈ ਸੀ। ਸਾਰੀਆਂ ਉੱਤਰ ਪੱਤਰੀਆਂ ਉਸ ਦੀ ਕਸਟਡੀ ਵਿੱਚ ਹੀ ਤਾਂ ਹਨ। ਇਹ ਕਾਪੀ ਉਸਨੇ ਉਸ ਵੇਲੇ ਹੀ ਬਾਹਰ ਇੱਕ ਲੜਕੀ ਨੂੰ ਅਲੱਗ ਕਮਰੇ 'ਚ ਬਿਠਾ ਕੇ ਕਿਤਾਬ ਤੋਂ ਦੇਖ ਕੇ ਲਿਖਵਾ ਲਈ।"

"ਜਿਹੜੀ ਉੱਤਰ ਪੱਤਰੀ ਅੰਦਰ ਲੜਕੀ ਲਿਖ ਰਹੀ ਸੀ ਉਸਦਾ ਕੀ ਬਣਿਆ?"

"ਪਰਚਾ ਖ਼ਤਮ ਹੋਣ ਵੇਲੇ ਬਿਮਲ ਨੇ ਉਹ ਅੰਦਰ ਲਿਖੀ ਕਾਪੀ ਉਸਤੋਂ ਲੈ ਲਈ ਤੇ ਉਸਦੀ ਥਾਂ ਤੇ ਬਾਹਰ ਲਿਖੀ ਗਈ ਉਸਨੂੰ ਦੇ ਦਿੱਤੀ। ਉਸ ਤੋਂ ਅੰਦਰੋਂ ਲਈ ਗਈ ਮਾੜੀ ਕਾਪੀ ਨੂੰ ਡੈਮੇਜ (ਧਓਮਓਗਏ) ਵਿੱਚ ਸ਼ੋਅ ਕਰ ਦਿੱਤਾ।"

"ਜੇ ਹੈਂਡਰਾਈਟਿੰਗ ਚੈੱਕ ਹੋ ਜਾਵੇ?"

"ਸਰ, ਜੇ ਕੋਈ ਸ਼ਕਾਇਤ ਕਰੂ ਤਾਂ ਹੀ ਹੈਂਡਰਾਈਟਿੰਗ ਚੈੱਕ ਹੋਊ। ਕਿਸੇ ਨੂੰ ਤਾਂ ਇਸ ਗੱਲ ਦਾ ਪਤਾ ਹੈ ਹੀ ਨਹੀਂ।"

"ਤੁਸੀਂ ਸ਼ਿਕਾਇਤ ਕਰ ਦਿਓ। ਕੀ ਤੁਹਾਨੂੰ ਉਸਦੇ ਰੋਲ ਨੰਬਰ ਦਾ ਪਤਾ ਏ?"

"ਸਰ, ਮੈਂ ਕਿਉਂ ਪੰਗੇ 'ਚ ਪਵਾਂ ? ਇਹ ਕੁੱਝ ਵੀ ਤਾਂ ਮੇਰੇ ਕਮਰੇ ਵਿੱਚ ਹੀ ਹੋਇਆ ਏ। ਅਗਰ ਮੈਂ ਸ਼ਿਕਾਇਤ ਕਰਾਂ ਤਾਂ ਉਲਟੀ ਮੇਰੀ ਪੁੱਛ ਗਿੱਛ ਹੋ ਸਕਦੀ ਏ।"

"ਪ੍ਰਸ਼ੋਤਮ ਜੀ, ਕਿਸੇ ਤੋਂ ਬੇਨਾਮ ਚਿੱਠੀ ਪੁਆ ਦਿਓ। ਨਾਲੇ ਪਤਵੰਤ ਸਿੰਘ ਦੀ ਸਖਤੀ ਦਾ ਜਨਾਜ਼ਾ ਨਿਕਲਦਾ ਫਿਰੂ। ਜ਼ਿਆਦਾ ਹੀ ਆਪਣੇ ਆਪ ਨੂੰ ਗਾਜੀਆਣੇ ਦਾ ਕੁੰਡਾ ਸਿਹੁੰ ਸਮਝੀ ਬੈਠਾ ਏ।"

"ਸਰ, ਛੱਡੋ ਪਰ੍ਹਾਂ। ਆਪਾਂ ਕਾਹਨੂੰ ਐਵੇਂ ਪੰਗਾ ਲੈਣਾ ਏ। ਨਾਲੇ ਮੇਰਾ ਨਾਮ ਵੀ ਵਿੱਚ ਆ ਸਕਦਾ ਏ ਕਿਉਂਕਿ ਮੈਂ ਉਥੇ ਨਿਗਰਾਨ ਸੀ।"

"ਉਹ ਕੁੜੀ ਬਿਮਲ ਦੀ ਕੀ ਲੱਗਦੀ ਏ ?"

"ਸਰ, ਸੁਣਿਆ ਕੋਈ ਇਸ਼ਕ ਮਸ਼ੂਕ ਦਾ ਚੱਕਰ ਏ। ਬਿਮਲ ਪੂਰਾ ਬਹਿਬਤੀ ਏ। ਬਣ ਠਣ ਕੇ ਵੀ ਪੂਰਾ ਰਹਿੰਦਾ ਏ।"

"ਇਸਦਾ ਮਤਲਬ ਪਤਵੰਤ ਕਾਫੀ ਸਮਾਂ ਬਾਹਰ ਹੀ ਰਿਹਾ?"

"ਸਰ, ਭਾਵੇਂ ਬਾਹਰ ਵੀ ਨਾ ਰਹਿੰਦਾ ਫਿਰ ਕਿਹੜੀ ਇਹ ਹੇਰਾ ਫੇਰੀ ਹੋ ਨਹੀਂ ਸੀ ਸਕਦੀ? ਇਮਪਰਸੋਨੇਸ਼ਨ ਕਰਨ ਨੂੰ ਤਾਂ ਇੱਕ ਮਿੰਟ ਲੱਗਦਾ ਏ। ਬਾਹਰੋਂ ਲਿਆਂਦੀ ਉੱਤਰ ਪੱਤਰੀ ਕੈਂਡੀਡੇਟ ਨੂੰ ਫੜਾ ਦਿਓ ਤੇ ਅੰਦਰਲੀ ਉਸਤੋਂ ਲੈ ਕੇ ਬਾਹਰ ਲੈ ਆਓ। ਇਸ ਕੰਮ ਵਿੱਚ ਤਾਂ ਮਾੜਾ ਮੋਟਾ ਖੱਪਖਾਨਾ ਵੀ ਨਹੀਂ ਪੈਂਦਾ। ਜ਼ਿਆਦਾ ਚੌਕਸੀ ਤਾਂ ਕਿਸੇ ਦੇ

ਲਗਾਤਾਰ ਨਕਲ ਕਰਨ ਜਾਂ ਕਰਵਾਉਣ ਵੇਲੇ ਰੱਖਣੀ ਪੈਂਦੀ ਏ। ਨਾਲੇ ਪਤਵੰਤ ਦੀ ਇੱਕ ਖ਼ਾਸ ਕਮਜ਼ੋਰੀ ਵੀ ਏ।"

"ਉਹ ਕੀ?"

"ਉਹ ਜਦ ਕਿਤੇ ਜਾ ਕੇ ਬਹਿਸ ਵਿੱਚ ਪੈ ਜਾਂਦਾ ਏ ਤਾਂ ਕਈ ਵਾਰ ਖਾਸਾ ਸਮਾਂ ਲਗਾ ਆਉਂਦਾ ਏ। ਜਦ ਪ੍ਰਿੰਸੀਪਲ ਤੇ ਪਤਵੰਤ ਸਿੰਘ ਇਕੱਠੇ ਹੁੰਦੇ ਹਨ ਤਾਂ ਉਹ ਅਕਸਰ ਡੂੰਘੀਆਂ ਵਿਚਾਰਾਂ ਵਿੱਚ ਪੈ ਜਾਂਦੇ ਹਨ। ਉਹ ਚਲ ਰਹੀ ਲਹਿਰ ਅਤੇ ਸਿੱਖ ਇਤਿਹਾਸ ਵਿੱਚ ਬੜੀ ਦਿਲਚਸਪੀ ਲੈਂਦੇ ਹਨ। ਪਤਵੰਤ ਸਿੰਘ ਪ੍ਰਿੰਸੀਪਲ ਨੂੰ ਸਿੱਖ ਇਤਿਹਾਸ ਦੀਆਂ ਬਰੀਕ ਪਰਤਾਂ ਫੋਲ-ਫੋਲ ਕੇ ਵੀ ਦੱਸਦਾ ਰਹਿੰਦਾ ਏ। ਉਹ ਸੋਚਦਾ ਰਹਿੰਦਾ ਏ ਕਿ ਇਸ ਲਹਿਰ ਨੇ ਹਮੇਸ਼ਾ ਹੀ ਚਲਦਾ ਰਹਿਣਾ ਏ। ਉਸਨੂੰ ਇਹ ਨਹੀਂ ਪਤਾ ਕਿ ਇਤਿਹਾਸ ਵਿੱਚ ਵੱਡੀਆਂ ਵੱਡੀਆਂ ਲਹਿਰਾਂ ਵੀ ਬਥੇਰੀ ਵਾਰ ਕੁਚਲ ਦਿੱਤੀਆਂ ਗਈਆਂ ਸਨ। ਬਗ਼ਾਵਤਾਂ ਹਰ ਸਮੇਂ ਹੁੰਦੀਆਂ ਰਹੀਆਂ ਹਨ ਤੇ ਦਬਾਈਆਂ ਵੀ ਜਾਂਦੀਆਂ ਰਹੀਆਂ ਹਨ। ਹਕੂਮਤਾਂ ਬਾਗੀਆਂ ਤੇ ਹਮੇਸ਼ਾ ਨਜ਼ਰ ਰੱਖਦੀਆਂ ਰਹੀਆਂ ਹਨ ਤੇ ਬਾਗ਼ੀ ਹਕੂਮਤਾਂ ਨਾਲ ਹਮੇਸ਼ਾਂ ਆਢਾ ਲੈਂਦੇ ਰਹੇ ਹਨ। ਕਈ ਵਾਰ ਅੱਜ ਦੇ ਬਾਗ਼ੀ ਕੱਲ ਦੇ ਹੀਰੋ ਵੀ ਬਣਦੇ ਰਹੇ ਹਨ। ਆਪਾਂ ਤਾਂ ਨਾ ਲਹਿਰ ਦੇ ਵਿਰੁੱਧ ਹਾਂ ਤੇ ਨਾ ਹੀ ਹੱਕ ਵਿੱਚ ਹਾਂ। ਬਸ ਅੱਧ ਵਿਚਕਾਰ ਹੀ ਰਹੀਦਾ ਏ। ਜਿੱਦਾਂ ਦਾ ਬੰਦਾ ਹੋਵੇ ਓਦਾਂ ਦੀ ਉਸ ਨਾਲ ਗੱਲ ਕਰ ਲਈਦੀ ਏ। ਅਗਰ ਕੋਈ ਖੁੱਲ੍ਹੀ ਦਾੜ੍ਹੀ ਵਾਲਾ ਸਰਦਾਰ ਮਿਲ ਜਾਵੇ ਤਾਂ ਲਹਿਰ ਦੇ ਹੱਕ ਵਿੱਚ ਸਿਰ ਹਿਲਾ ਦੇਈਦਾ ਏ। ਜੇਕਰ ਕੋਈ ਹਿੰਦੂ ਮਿਲ ਜਾਵੇ ਤਾਂ ਲਹਿਰ ਦੇ ਖ਼ਿਲਾਫ਼ ਹਾਮੀ ਭਰ ਦੇਈਦੀ ਏ। ਅੱਧਾ ਪਰਿਵਾਰ ਸਿੱਖ ਏ ਤੇ ਅੱਧਾ ਮੋਨਾ। ਅਗਰ ਲੋੜ ਪਈ ਤਾਂ ਸਿਰ ਤੇ ਪਗੜੀ ਰੱਖਣ ਲੱਗ ਪਵਾਂਗੇ।"

"ਇਸਦਾ ਮਤਲਬ ਇਹ ਹੋਇਆ ਕਿ ਤੁਸੀਂ ਤਾਂ ਪੂਰੇ ਮੌਕਾਪ੍ਰਸਤ ਹੋ?"

"ਇਹਦੇ ਵਿੱਚ ਮੌਕਾਪ੍ਰਸਤੀ ਵਾਲੀ ਕਿਹੜੀ ਗੱਲ ਏ? ਫ਼ਰਕ ਤਾਂ ਰਾਜਿਆਂ ਨੂੰ ਪੈਂਦਾ ਏ, ਪਰਜਾ ਨੂੰ ਕੋਈ ਫਰਕ ਨਹੀਂ ਪੈਂਦਾ। ਪਰਜਾ ਹਮੇਸ਼ਾ ਮੌਕੇ ਦੇ ਅਨੁਸਾਰ ਢਲਦੀ ਹੀ ਰਹੀ ਏ। ਜਿਹੜੇ ਕਿਸੇ ਵਿਚਾਰਧਾਰਾ ਦੇ ਅਲੰਬਰਦਾਰ ਬਣ ਕੇ ਕੋਈ ਅਹੁਦਾ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਰਾਜੇ ਹੁੰਦੇ ਹਨ। ਜਿਹੜੇ ਲਹਿਰ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਮਰਨ ਤੱਕ ਨੂੰ ਤਿਆਰ ਹੋ ਜਾਂਦੇ ਹਨ ਉਹ ਰਾਜਿਆਂ ਦੇ ਵੀ ਪਿਓ ਹੁੰਦੇ ਹਨ। ਉਹ ਸੱਚਮੁੱਚ ਹੀ ਤਲਵਾਰ ਦੀ ਧਾਰ ਤੇ ਤੁਰਦੇ ਹਨ। ਅਸੀਂ ਇਹਨਾਂ ਵਿੱਚੋਂ ਕੋਈ ਵੀ ਨਹੀਂ ਹਾਂ। ਇਸ ਲਈ ਸਾਡਾ ਮਕਸਦ ਤਾਂ ਮਹਿਜ਼ ਟਾਈਮ ਪਾਸ ਕਰਨਾ ਹੀ ਏ। ਤੁਹਾਨੂੰ ਪਤਾ ਹੋਣਾ ਏ ਕਿ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਕਰਿੰਦਿਆਂ ਵਿੱਚ ਬਹੁਤ ਸਾਰੇ ਫਰਾਂਸ ਅਤੇ ਇਟਲੀ ਦੇ ਸਨ। ਮਹਾਰਾਜੇ ਦੇ ਰਾਜ ਦੀ ਮਹਿਮਾ ਅਤੇ ਚੜ੍ਹਤ ਸੁਣ ਕੇ ਬਹੁਤ ਸਾਰੇ ਬਾਹਰਲੇ ਕਰਿੰਦੇ ਉਸ ਪਾਸ ਨੌਕਰੀ ਲੈਣ ਲਈ ਆਏ। ਜਦ ਮਹਾਰਾਜਾ ਇਹਨਾਂ ਨੂੰ ਨੌਕਰੀਆਂ ਤੇ ਰੱਖਦਾ ਸੀ ਤਾਂ ਉਹ ਉਹਨਾਂ ਮੂਹਰੇ ਚਾਰ ਸ਼ਰਤਾਂ ਰੱਖਿਆ ਕਰਦਾ ਸੀ। (1) ਗਊ ਮਾਸ ਦੀ ਮਨਾਹੀ (2) ਤੰਬਾਕੂ ਪੀਣਾ ਬੰਦ ਕਰੋ (3) ਹਰ ਇੱਕ ਨੂੰ ਦਾਹੜਾ ਸੁੱਚਾ ਰੱਖਣਾ ਪਵੇਗਾ (4) ਖ਼ਾਲਸਾ ਸਰਕਾਰ ਦੀ ਪ੍ਰਵਾਨਗੀ ਬਗੈਰ ਤੁਸੀਂ ਨੌਕਰੀ ਨਹੀਂ ਛੱਡ ਸਕਦੇ। ਉਹਨਾਂ ਨੇ ਰਣਜੀਤ ਸਿੰਘ ਦੀਆਂ ਇਹ ਸ਼ਰਤਾਂ ਕਬੂਲ ਕਰ ਲਈਆਂ ਤੇ ਵੱਡੀਆਂ ਵੱਡੀਆਂ ਨੌਕਰੀਆਂ ਤੇ ਲੱਗ ਗਏ। ਜਨਰਲ ਵੈਨਤੂਰਾ ਤੇ ਐਲਰਡ ਦੇ ਨਾਮ ਇਸ ਪ੍ਰਕਾਰ ਦੇ ਅਫ਼ਸਰਾਂ ਵਿੱਚ ਵਰਣਨਯੋਗ ਹਨ। ਰਣਜੀਤ ਸਿੰਘ ਹਮੇਸ਼ਾਂ ਫਰਾਂਸੀਸੀਆਂ ਅਤੇ ਇਤਾਲਵੀ ਲੋਕਾਂ ਤੇ ਵੱਧ ਯਕੀਨ ਕਰਦਾ ਸੀ। ਅੰਗਰੇਜ਼ਾਂ ਤੇ ਯਕੀਨ ਇਸ ਲਈ ਨਹੀਂ ਕੀਤਾ ਜਾ ਸਕਦਾ ਸੀ ਕਿਉਂਕਿ ਉਹ ਮਹਾਰਾਜੇ ਦੇ ਸ਼ਰੀਕ ਸਨ ਤੇ ਭਾਰਤ ਦੇ ਬਾਕੀ ਸਾਰੇ ਹਿੱਸੇ ਤੇ ਰਾਜ ਕਰਦੇ ਸਨ।"

ਉਜਾਗਰ ਮੱਲ ਕਹਿਣ ਲਈ ਕਾਹਲਾ ਪੈ ਗਿਆ, "ਮੈਨੂੰ ਲੱਗਦਾ ਏ ਕਿ ਉਸਦੇ ਕਈ ਕਰਿੰਦੇ ਅੰਗਰੇਜ਼ ਸਨ?" "ਸਰ, ਮੈਂ ਤੁਹਾਡੇ ਨਾਲ ਸਹਿਮਤ ਹਾਂ। ਇਹ ਬਹੁਤ ਹੀ ਥੋੜ੍ਹੇ ਸਨ। ਇਹਨਾਂ ਵਿੱਚ ਜੇਮਜ਼, ਜੋਨਜ਼, ਜਾਨ ਗੇਲਡਜ਼, ਗਿਲਮੋਰ, ਮੈਕਡਾਨਲਡ, ਹਾਰਵੇ, ਕੋਰਟਲੈਂਡ, ਜੌਨ ਬ੍ਰਾਨ, ਫੋਲਕਸ, ਜਾਨ ਹੋਲਮਜ਼, ਪਰੀਸ ਆਦਿ ਦੇ ਨਾਮ ਹੀ ਸੁਣਨ ਵਿੱਚ ਆਉਂਦੇ ਹਨ। ਇਨ੍ਹਾਂ ਵਿੱਚੋਂ ਜਾਨ ਹੋਲਮਜ਼ ਨੇ ਤਾਂ ਖ਼ਾਲਸਾ ਰਾਜ ਨਾਲ ਗੱਦਾਰੀ ਵੀ ਕੀਤੀ ਸੀ। ਇਕ ਵਾਰੀ ਉਸਨੂੰ ਮਾਲਗੁਜਾਰੀ ਉਗਰਾਹਣ ਲਈ ਡੇਰਾ ਅਸਮਾਈਲ ਖਾਨ ਵੱਲ ਭੇਜਿਆ ਸੀ। ਉਥੋਂ ਉਸਨੇ ਹੈਨਰੀ ਲਾਰੈਂਸ ਨੂੰ ਇਕ ਖਤ ਲਿਖਿਆ ਸੀ ਜਿਸ ਤੋਂ ਉਸਦੀ ਖ਼ਾਲਸਾ ਸਰਕਾਰ ਲਈ ਨਿਮਕ ਹਰਾਮੀ ਦਾ ਸਾਫ ਸਬੂਤ ਮਿਲਦਾ ਏ। ਇਸ ਜਾਸੂਸੀ ਕਾਰਨ ਅੱਧੀ ਰਾਤ ਨੂੰ ਬੰਨੂ ਦੇ ਕੈਂਪ ਵਿੱਚ ਕਈ ਖ਼ਾਲਸਾ ਫ਼ੌਜ ਦੇ ਅਖ਼ਰੀਲੇ ਜੁਆਨ ਹੋਲਮਜ਼ ਦੇ ਤੰਬੂ ਵਿੱਚ ਜਾ ਵੜੇ ਸਨ ਤੇ ਉਸਨੂੰ ਗੋਲੀ ਨਾਲ ਉਡਾ ਦਿੱਤਾ ਸੀ। ਇਸੀ ਪ੍ਰਕਾਰ ਦੀ ਗਦਾਰੀ ਇਕ ਹੋਰ ਅੰਗਰੇਜ਼ ਜੌਨਬ੍ਰਾਨ ਨੇ ਕੀਤੀ ਸੀ। ਇਸ ਨੇ ਆਪਣੀ ਕੌਮੀਅਤ ਇੰਗਲਿਸ਼ ਦੀ ਬਿਜਾਏ ਅਮਰੀਕਨ ਦੱਸੀ ਸੀ। ਇਹ ਬੰਗਾਲ ਆਰਮੀ ਦੇ ਤੋਪਖਾਨੇ ਤੋਂ ਭਗੌੜਾ ਹੋ ਗਿਆ ਸੀ। ਅੰਗਰੇਜ਼ਾਂ ਤੇ ਖ਼ਾਲਸੇ ਦੀ ਪਹਿਲੀ ਜੰਗ ਸਮੇਂ ਇਹ ਬ੍ਰਾਨ ਖ਼ਾਲਸਾ ਕੈਂਪ 'ਚੋਂ ਨਿਕਲ ਕੇ ਅੰਗਰੇਜ਼ਾਂ ਪਾਸ ਲੁਧਿਆਣੇ ਜਾ ਪੁੱਜਾ ਸੀ।"

"ਸਰ ਜੀ, ਉਹ ਸਮਾਂ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਦੋਸਤੀ ਤੇ ਦੁਸ਼ਮਣੀ ਦੇ ਸੁਮੇਲ ਦਾ ਸਮਾਂ ਸੀ। ਇਹ ਦੋਸਤੀ 40 ਸਾਲ ਚਲਦੀ ਰਹੀ ਕਿਉਂਕਿ ਦੋਵੇਂ ਧਿਰਾਂ ਬਰਾਬਰ ਦੀ ਟੱਕਰ ਦੀਆਂ ਸਨ। ਰਣਜੀਤ ਸਿੰਘ ਇਸ ਗੱਲ ਪ੍ਰਤੀ ਚੁਕੰਨਾ ਸੀ ਕਿ ਦਰਬਾਰ ਵਿੱਚ ਭਰਤੀ ਕੀਤਾ ਗਿਆ ਕੋਈ ਵੀ ਕਰਿੰਦਾ ਉਸਦੇ ਖ਼ਿਲਾਫ਼ ਅੰਗਰੇਜ਼ਾਂ ਨੂੰ ਕੋਈ ਸੂਹ ਵੀ ਦੇ ਸਕਦਾ ਸੀ। ਅੰਗਰੇਜ਼ਾਂ ਦੀ ਹਮੇਸ਼ਾ ਇਹੀ ਸੋਚ ਹੁੰਦੀ ਸੀ ਕਿ ਕਿਸੇ ਤਰ੍ਹਾਂ ਪੰਜਾਬ ਨੂੰ ਆਪਣੇ ਰਾਜ ਭਾਗ ਵਿੱਚ ਮਿਲਾਇਆ ਜਾਵੇ। ਸਰ, ਇਕ ਇਤਿਹਾਸਕਾਰ ਅੰਗਰੇਜ਼ਾਂ ਅਤੇ ਰਣਜੀਤ ਸਿੰਘ ਦੇ ਰਾਜ ਨੂੰ ਇੱਕ ਮਿਆਨ ਵਿੱਚ ਦੋ ਤਲਵਾਰਾਂ ਦੇ ਸਮਾਨ ਵੀ ਕਹਿੰਦਾ ਏ। ਜਦ ਕੋਈ ਰਣਜੀਤ ਸਿੰਘ ਨੂੰ ਕਹਿੰਦਾ ਸੀ ਕਿ ਉਸ ਪਾਸ ਅੰਗਰੇਜ਼ਾਂ ਨੂੰ ਜਿੱਤਣ ਦੀ ਪੂਰੀ ਸਮਰੱਥਾ ਹੈ ਤਾਂ ਰਣਜੀਤ ਸਿੰਘ ਇਹ ਕਹਿ ਕੇ ਟਾਲ ਦਿੰਦਾ ਸੀ। ਸਭ ਲਾਲ ਹੋ ਜਾਵੇਗਾ।"

ਉਜਾਗਰ ਮੱਲ ਗੱਲ ਕੱਟ ਕੇ ਵਿੱਚ ਹੀ ਬੋਲ ਪਿਆ,

"ਇਸਦਾ ਮਤਲਬ ਇਹ ਕਿ ਰਣਜੀਤ ਸਿੰਘ ਖ਼ੂਨ ਖ਼ਰਾਬੇ ਤੋਂ ਡਰਦਾ ਸੀ? ਜੇ ਉਹ ਖ਼ੂਨ ਖ਼ਰਾਬੇ ਤੋਂ ਡਰਦਾ ਹੁੰਦਾ ਤਾਂ ਉਸਨੇ ਬਾਕੀ ਸਾਰੀਆਂ ਲੜਾਈਆਂ ਕਿਵੇਂ ਲੜੀਆਂ? ਹਰੀ ਸਿੰਘ ਨਲੂਆ ਅਤੇ ਸ਼ੇਰ ਸਿੰਘ ਨੇ ਉਸਨੂੰ ਬਥੇਰੇ ਇਲਾਕੇ ਜਿੱਤ ਕੇ ਦਿੱਤੇ ਸਨ। ਇਸ ਪ੍ਰਕਾਰ ਉਸਦਾ ਰਾਜ ਪੇਸ਼ਾਵਰ ਤੇ ਕਸ਼ਮੀਰ ਤੱਕ ਫੈਲ ਗਿਆ ਸੀ।"

"ਪ੍ਰੋਫ਼ੈਸਰ ਸਾਹਿਬ, ਤੁਸੀਂ 'ਲਾਲ ਹੋ ਜਾਣ' ਦਾ ਮਤਲਬ ਨਹੀਂ ਸਮਝਦੇ। ਇਥੇ 'ਲਾਲ ਹੋ ਜਾਣ' ਦਾ ਮਤਲਬ ਖ਼ੂਨ ਖ਼ਰਾਬਾ ਨਹੀਂ ਏ।"

"ਹੋਰ ਲਾਲ ਹੋ ਜਾਣ ਦਾ ਮਤਲਬ ਕੀ ਹੋ ਸਕਦਾ ਏ।"

"ਉਸ ਸਮੇਂ ਹਿੰਦੁਸਤਾਨ ਦੇ ਨਕਸ਼ੇ ਵਿੱਚ ਅੰਗਰੇਜ਼ਾਂ ਦੇ ਇਲਾਕੇ ਦਾ ਰੰਗ ਲਾਲ ਹੋਇਆ ਕਰਦਾ ਸੀ ਤੇ ਸਿੱਖਾਂ ਦੇ ਇਲਾਕੇ ਦਾ ਪੀਲਾ। ਜਦ ਰਣਜੀਤ ਸਿੰਘ ਕਹਿੰਦਾ ਸੀ ਕਿ 'ਸਭ ਲਾਲ ਹੋ ਜਾਵੇਗਾ' ਤਾਂ ਇਸ ਦਾ ਮਤਲਬ ਇਹ ਹੁੰਦਾ ਸੀ ਕਿ ਉਹ ਅੰਗਰੇਜ਼ਾਂ ਨਾਲ ਲੜਾਈ ਵਿੱਚ ਹਾਰ ਵੀ ਸਕਦਾ ਸੀ। ਇਸ ਪ੍ਰਕਾਰ ਸਾਰੇ ਨਕਸ਼ੇ ਵਿੱਚ ਲਾਲ ਰੰਗ ਵੀ ਭਰ ਹੋ ਸਕਦਾ ਸੀ।"

"ਅੱਛਾ ਤਾਂ ਇਹ ਮਤਲਬ ਹੈ ਇਸਦਾ। ਪ੍ਰਸ਼ੋਤਮ, ਛੱਡ ਇਤਿਹਾਸ ਦੀਆਂ ਗੱਲਾਂ ਨੂੰ, ਕੋਈ ਹੋਰ ਗੱਲ ਕਰ?"

"ਸਰ, ਹੋਰ ਬਾਅਦ ਵਿੱਚ ਕਰਾਂਗੇ, ਪਹਿਲਾਂ ਪੈੱਗ ਤਾਂ ਪਾਓ। ਤੁਸੀਂ ਵੱਡੇ ਹੋ। ਤੁਸੀਂ ਹੀ ਪੈੱਗ ਪਾਓਗੇ।"

"ਪ੍ਰਸ਼ੋਤਮ, ਮੈਂ ਤਾਂ ਚਾਹੁੰਦਾ ਸੀ ਕਿ ਮੈਂ ਨਾ ਪੀਂਦਾ।"

"ਸਰ, ਅੱਜ ਤਾਂ ਮੈਂ ਪਿਆ ਕੇ ਹੀ ਛੱਡਣੀ ਏ, ਭਾਵੇਂ ਥੋੜ੍ਹੀ ਹੀ ਪੀਓ।"

"ਮੈਨੂੰ ਕੁੱਝ ਖਾਣ ਲਈ ਵੀ ਮੰਗਵਾਉਣਾ ਚਾਹੀਦਾ ਏ। ਮੈਂ ਆਪ ਹੀ ਬਾਜ਼ਾਰ ਜਾ ਕੇ ਆਉਂਦਾ ਹਾਂ।"

"ਨਹੀਂ ਸਰ, ਮੈਂ ਤੁਹਾਨੂੰ ਬਾਜ਼ਾਰ ਜਾਣ ਦਾ ਕਸ਼ਟ ਨਹੀਂ ਦੇ ਸਕਦਾ, ਮੈਂ ਖੁਦ ਜਾਂਦਾ ਹਾਂ।" ਸਕੂਟਰ ਮੇਰੇ ਪਾਸ ਹੈ ਹੀ। ਦੱਸੋ ਕੀ ਲਿਆਵਾਂ? "ਇੱਕ ਤਲਿਆ ਹੋਇਆ ਮੁਰਗਾ ਫੜ ਲਿਆਵਾਂ।"

"ਚਲੋ ਠੀਕ ਏ। ਪੈਸੇ ਮੈਂ ਦੇ ਦਿੰਦਾ ਹਾਂ?"

"ਜਾਣ ਦਿਓ, ਸਰ। ਅੱਜ ਐਨੀ ਦੇਰ ਬਾਅਦ ਮਸਾਂ ਮਸਾਂ ਤੁਹਾਡੇ ਨਾਲ ਬੈਠਣ ਦਾ ਮੌਕਾ ਮਿਲਿਆ ਏ। ਸ਼ਰਾਬ ਤਾਂ ਮੁਫ਼ਤ ਦੀ ਹੀ ਏ। ਅਗਰ ਮੈਂ ਚਿਕਨ ਦੇ ਪੈਸੇ ਖ਼ਰਚ ਕਰ ਦਿੱਤੇ ਤਾਂ ਕੀ ਕਹਿਰ ਆ ਜਾਓ ? ਨਾਲੇ ਤੁਹਾਡੀ ਮਿਹਰਬਾਨੀ ਕਰਕੇ ਤਾਂ ਮੈਂ ਸੈਂਟਰ ਵਿਚ ਡਿਊਟੀ ਤੇ ਲੱਗਾ ਸੀ। ਜੇ ਤੁਸੀਂ ਮੈਨੂੰ ਆਪਣੇ ਨਾਲ ਨਾ ਲੈ ਕੇ ਜਾਂਦੇ ਤਾਂ ਮੈਂ ਡਿਊਟੀ ਤੋਂ ਵਾਂਝਾ ਰਹਿ ਜਾਣਾ ਸੀ।"

"ਚੰਗਾ ਤੇਰੀ ਮਰਜ਼ੀ। ਜਾਓ, ਫੜ ਲਿਆਓ।"



# ਕਾਂਡ ਗਿਆਰਾਂ

ਪ੍ਰਸ਼ੋਤਮ ਸਿਆਲਕੋਟੀਆਂ ਦੇ ਰੈਸਟੋਰੈਂਟ 'ਤੇ ਗਿਆ ਤੇ ਗਰਮ-ਗਰਮ ਤਲਿਆ ਹੋਇਆ ਮੁਰਗਾ ਫੜ ਲਿਆਇਆ।

ਉਜਾਗਰ ਮੱਲ ਨੇ ਸ਼ਰਾਬ ਦੇ ਪੈੱਗ ਪਾਏ। ਦੋਹਾਂ ਨੇ 'ਚੀਅਰਜ਼' ਕੀਤੇ ਤੇ ਡੀਕ ਲਾ ਕੇ ਪੀ ਗਏ।

"ਪ੍ਰਸ਼ੋਤਮ, ਮੈਂ ਤੈਨੂੰ ਛੜਾ ਦੇਖ ਕੇ ਤੇਰੀ ਡਿਊਟੀ ਕਾਂਤਾ ਮੈਡਮ ਨਾਲ ਲਾਈ ਸੀ। ਮੈਂ ਸੋਚਦਾ ਸੀ ਕਿ ਤੇਰਾ ਕੁੱਝ ਬਣ ਜਾਵੇ। ਮੇਰੇ ਸੈਂਟਰ ਵਿੱਚੋਂ ਚਲੇ ਜਾਣ ਤੋਂ ਬਾਅਦ ਦੀ ਕੋਈ ਪ੍ਰਾਗਰੈੱਸ?"

"ਆਲਮ ਨਾ ਪੂਛੀਏ ਜੋ ਹਮਾਰਾ ਹੈ ਆਜ ਕੱਲ੍ਹ,
ਕਸ਼ਤੀ ਭੰਵਰ ਮੇਂ ਦੂਰ ਕਿਨਾਰਾ ਹੈ ਆਜ ਕਲ੍ਹ।"
ਜਵਾਬ ਵਿੱਚ ਉਜਾਗਰ ਮੱਲ ਤੋਂ ਵੀ ਇੱਕ ਸ਼ੇਅਰ ਬੋਲ ਹੋ ਗਿਆ।
"ਹਮ ਹੈ ਉਨਕੀ ਖ਼ੁਸ਼ੀ ਹੈ ਆਜ ਕੱਲ੍ਹ
ਜ਼ਿੰਦਗੀ ਹੀ ਜਿੰਦਗੀ ਹੈ ਆਜ ਕੱਲ੍ਹ।"

"ਸਰ, ਜੇ ਤੁਹਾਡੇ ਫ਼ੁਰਮਾਏ ਮੁਤਾਬਕ ਹੋ ਜਾਵੇ ਤਾਂ ਤੁਹਾਡੇ ਮੂੰਹ ਵਿੱਚ ਗੁੜ ਸ਼ੱਕਰ ਪਰ ਇੰਝ ਹੋ ਨਹੀਂ ਰਿਹਾ। ਕਾਂਤਾ ਕੋਈ ਅੱਲੜ੍ਹ ਕੁੜੀ ਨਹੀਂ ਜਿਹੜੀ ਇਕ ਦਮ ਹੀ ਮੇਰੇ ਵੱਲ ਖਿੱਚੀ ਜਾਵੇਗੀ। ਆਫਟਰ ਆਲ ਪ੍ਰੋਫ਼ੈਸਰ ਹੈ। ਆਪਣੇ ਨਫੇ ਨੁਕਸਾਨ ਬਾਰੇ ਬਹੁਤ ਸੋਚਦੀ ਏ।

ਉਸਦੇ ਸੰਬੰਧ ਵਿੱਚ ਮੈਨੂੰ ਪੂਰੀ ਅਗਨੀ ਪ੍ਰੀਖਿਆ ਵਿਚੋਂ ਗੁਜਰਨਾ ਪੈ ਰਿਹਾ ਹੈ। ਉਹ ਸ਼ਰਾਬ ਨੂੰ ਵੀ ਬੜੀ ਘ੍ਰਿਣਾ ਕਰਦੀ ਏ। ਤੁਹਾਨੂੰ ਪਤਾ ਏ ਕਿ ਸ਼ਰਾਬ ਮੇਰੀ ਕਮਜ਼ੋਰੀ ਬਣਦੀ ਜਾ ਰਹੀ ਏ। ਮੇਰੇ ਨਾਲ ਗੱਲਾਂ ਬਾਤਾਂ ਬਥੇਰੀਆਂ ਮਾਰ ਲੈਂਦੀ ਏ ਪ੍ਰੰਤੂ ਉਸ ਮੁਕਾਮ ਤੇ ਨਹੀਂ ਪਹੁੰਚ ਰਹੀ ਜਿਸ ਮੁਕਾਮ ਤੇ ਮੈਂ ਉਸਨੂੰ ਲਿਜਾਉਣਾ ਚਾਹੁੰਦਾ ਹਾਂ।"

"ਪ੍ਰਸ਼ੋਤਮ, ਪਿਆਰ ਵਿੱਚ ਜਲਦੀ ਨਹੀਂ ਕਰਨੀ ਚਾਹੀਦੀ। ਆਦਮੀ ਹਮੇਸ਼ਾ ਕਰਨ ਲੱਗ ਪੈਂਦਾ ਏ, ਜਨਾਨੀ ਬੜੇ ਬੋਚ ਬੋਚ ਕੇ ਪੈਰ ਰੱਖਦੀ ਹੁੰਦੀ ਏ। ਅਗਰ ਤੂੰ ਥੋੜ੍ਹਾ ਸਬਰ ਰੱਖੇਂ ਤਾਂ ਕਿਸੇ ਸਟੇਜ ਤੇ ਜਾ ਕੇ ਕੰਮ ਬਣ ਸਕਦਾ ਹੈ। ਉਸਦੀ ਬਰਾਦਰੀ ਕੀ ਏ?"

"ਸਰ ਜੀ, ਉਹ ਖੱਤਰੀ ਏ ਤੇ ਮੈਂ ਸੁਨਿਆਰਾ ਹਾਂ। ਮੇਰਾ ਤਾਂ ਅੱਧਾ ਪਰਿਵਾਰ ਸਰਦਾਰ

ਵੀ ਏ।"

"ਪੰਡਿਤ ਸਰਦਾਰਾਂ ਦੇ ਰਿਸ਼ਤੇ ਬਹੁਤ ਘੱਟ ਕਰਦੇ ਹਨ, ਖੱਤਰੀ ਤਾਂ ਅਕਸਰ ਕਰ ਹੀ ਦਿੰਦੇ ਹਨ। ਸੁਨਿਆਰੇ ਵੀ ਤਾਂ ਖੱਤਰੀ ਹੀ ਹੁੰਦੇ ਹਨ। ਅਗਰ ਤੁਹਾਡਾ ਉਸ ਨਾਲ ਵਧ ਪਿਆਰ ਪੈ ਜਾਵੇ ਤਾਂ ਜਾਤ ਪਾਤ ਦਾ ਰੇੜਕਾ ਅਰਥਹੀਣ ਵੀ ਹੋ ਸਕਦਾ ਏ। ਪਿਆਰ ਮੁਹੱਬਤ ਵਿੱਚ ਬਥੇਰੀਆਂ ਲੜਕੀਆਂ ਬਗਾਵਤ ਵੀ ਕਰ ਦਿੰਦੀਆਂ ਹਨ। ਮੇਰੇ ਨਾਨਕਿਆਂ ਦੇ ਸ਼ਹਿਰ ਵਿੱਚ ਇੱਕ ਖਤਰੀਆਂ ਦੀ ਕੁੜੀ ਨੇ ਹਰੀਜਨਾ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ ਸੀ। ਕੁੜੀ ਦੇ ਮਾਪੇ ਕੁੱਝ ਵੀ ਨਹੀਂ ਸਨ ਕਰ ਸਕੇ। ਅੱਜ ਕੱਲ੍ਹ ਤਾਂ ਵੈਸੇ ਵੀ ਜਾਤਾਂ ਬਰਾਦਰੀਆਂ ਦੇ ਬੰਧਨ ਟੁੱਟ ਰਹੇ ਹਨ। ਬਹੁਤ ਸਾਰੇ ਵਿਆਹ ਅੰਤਰ ਜਾਤੀ ਵੀ ਹੋ ਰਹੇ ਹਨ। ਪਿੱਛੇ ਜਿਹੇ ਮੇਰਾ ਇੱਕ ਦੋਸਤ ਕੈਨੇਡਾ ਤੋਂ ਆਇਆ। ਕਹਿਣ ਲੱਗਾ ਉਥੇ ਤਾਂ ਜਾਤਾਂ ਬਰਾਦਰੀਆਂ ਨੂੰ ਕੋਈ ਪੁੱਛਦਾ ਹੀ ਨਹੀਂ।"

"ਸਰ ਜੀ, ਇੱਕ ਗੱਲ ਦੱਸੋ, ਸਮਾਜ ਵਿੱਚ ਜਾਤਪਾਤ ਖ਼ਤਮ ਕਿਵੇਂ ਹੋ ਸਕਦੀ ਏ। ਅੰਤਾਂ ਦੇ ਸਮਾਜ ਸੁਧਾਰਕ ਜ਼ੋਰ ਲਾ ਕੇ ਚਲੇ ਗਏ। ਜਾਤਪਾਤ ਉਵੇਂ ਦਾ ਉਵੇਂ ਏ। ਰਾਖਵੇਂਕਰਨ ਨਾਲ ਕੁੱਝ ਘਟਿਆ ਜ਼ਰੂਰ ਏ।"

"ਪ੍ਰਸ਼ੋਤਮ ਜੀ, ਤੁਸੀਂ ਅਨਾੜੀ ਲਗਦੇ ਹੋ। ਤੁਹਾਨੂੰ ਇਹ ਵੀ ਨਹੀਂ ਪਤਾ ਕਿ ਜਾਤਪਾਤ ਖ਼ਤਮ ਕਿਵੇਂ ਹੋ ਸਕਦੀ ਏ?"

"ਛੋਟੀਆਂ ਜਾਤਾਂ ਨੂੰ ਵੱਧ ਸਹੂਲਤਾਂ ਦੇ ਦਿਓ । ਇਸ ਤਰ੍ਹਾਂ ਉਹ ਆਰਥਕ ਤੌਰ 'ਤੇ ਵਧ ਚੰਗੀਆਂ ਹੋ ਜਾਣਗੀਆਂ । ਇਸ ਤਰ੍ਹਾਂ ਜਾਤਪਾਤ ਘਟਦਾ ਜਾਵੇਗਾ।"

"ਇਹ ਗੱਲ ਪੂਰੀ ਠੀਕ ਨਹੀਂ । ਸੰਵਿਧਾਨ ਮੁਤਾਬਕ ਇਹ ਸਹੂਲਤਾਂ ਮਿਲੀਆਂ ਨੂੰ ਤਾਂ ਕਿੰਨੇ ਸਾਲ ਹੋ ਗਏ । ਜਾਤਪਾਤ ਫਿਰ ਵੀ ਚਲਦਾ ਹੀ ਜਾ ਰਿਹਾ ਏ। ਜਾਤ ਪਾਤ ਇਕੱਠੇ ਬੈਠ ਕੇ ਖਾਣ ਪੀਣ ਨਾਲ ਹੀ ਖ਼ਤਮ ਨਹੀਂ ਹੋ ਸਕਦਾ ?"

"ਹੋਰ ਕਿਵੇਂ ਹੋ ਸਕਦਾ ਹੈ?"

ਪ੍ਰਸ਼ੋਤਮ ਜਾਨਣ ਲਈ ਕਾਹਲਾ ਪੈ ਗਿਆ।

"ਜਾਤਪਾਤ ਨੂੰ ਖ਼ਤਮ ਕਰਨ ਦੇ ਦੋ ਤਰੀਕੇ ਹਨ। ਰੋਟੀ ਦਾ ਤੁਆਲਕ ਤੇ ਬੇਟੀ ਦਾ ਤੁਆਲਕ। ਸਾਡੇ ਸਮਾਜ ਵਿੱਚ ਛੋਟੀਆਂ ਵੱਡੀਆਂ ਜਾਤਾਂ ਵਿੱਚ ਰੋਟੀ ਦਾ ਤੁਆਲਕ ਤਾਂ ਕਿਸੇ ਹੱਦ ਤਕ ਪੈਦਾ ਹੋ ਰਿਹਾ ਹੈ ਪ੍ਰੰਤੂ ਬੇਟੀ ਦਾ ਤੁਆਲਕ ਅਜੇ ਬਹੁਤ ਘੱਟ ਏ। ਬੇਟੀ ਦਾ ਤੁਆਲਕ ਦਾ ਮਤਲਬ ਏ ਅੰਤਰਜਾਤੀ ਵਿਆਹ। ਅਗਰ ਸਮਾਜ ਵਿੱਚ ਅੰਤਰਜਾਤੀ ਵਿਆਹ ਆਮ ਹੋ ਜਾਣ ਤਾਂ ਜਾਤਪਾਤ ਕੁੱਝ ਕੁ ਸਾਲਾਂ ਵਿੱਚ ਹੀ ਪੰਖ ਲਾ ਕੇ ਉੱਡ ਜਾਵੇਗੀ। ਸਰਕਾਰਾਂ ਤੇ ਸਮਾਜ ਸੁਧਾਰਕਾਂ ਨੂੰ ਚਾਹੀਦਾ ਹੈ ਕਿ ਅੰਤਰਜਾਤੀ ਵਿਆਹ ਲਈ ਕੋਈ ਵੱਡਾ ਪ੍ਰੋਤਸਾਹਨ ਨਿਸ਼ਚਿਤ ਕਰਨ ਅਗਰ ਇੰਝ ਹੋ ਜਾਵੇ ਤਾਂ ਅੰਤਰਜਾਤੀ ਵਿਆਹ ਵੱਧ ਸਕਦੇ ਹਨ ਤੇ ਜਾਤਪਾਤ ਕਾਫੀ ਘੱਟ ਸਕਦੀ ਏ।"



"ਸਾਹਿਬ ਜੀ, ਗੱਲ ਤੁਹਾਡੀ ਠੀਕ ਏ। ਅਸੀਂ ਜ਼ਿਆਦਾ ਹੀ ਸੀਰੀਅਸ ਗੱਲਾਂ ਵਿੱਚ ਪੈ ਗਏ। ਪੈੱਗ ਹੋਰ ਪਾਓ। ਅੱਜ ਅਸੀਂ ਮਜ਼ਾ ਕਰਨ ਲਈ ਇਕੱਠੇ ਹੋਏ ਹਾਂ, ਕੋਈ ਥੀਸਸ ਲਿਖਣ ਨਹੀਂ। ਇਸ ਪ੍ਰਕਾਰ ਦੀਆਂ ਗੱਲਾਂ ਤਾਂ ਫਿਰ ਕਦੀ ਸੋਫੀ ਮੂਡ ਵਿੱਚ ਵੀ ਕੀਤੀਆਂ ਜਾ ਸਕਦੀਆਂ ਹਨ।"

ਉਜਾਗਰ ਮੱਲ ਨੇ ਪ੍ਰਸ਼ੋਤਮ ਲਈ ਇੱਕ ਹੋਰ ਮੋਟਾ ਜਿਹਾ ਪੈੱਗ ਬਣਾ ਦਿੱਤਾ। ਆਪਣੇ ਲਈ ਘੱਟ ਪਾਈ।

"ਸਰ ਜੀ, ਦੋ ਤਿੰਨ ਤਾਂ ਮੋਟੇ ਮੋਟੇ ਲਾਵੋ। ਬਾਅਦ ਵਿੱਚ ਘੱਟ ਪਾ ਲਿਓ?"

"ਨਹੀਂ ਪ੍ਰਸ਼ੋਤਮ, ਤੁਹਾਨੂੰ ਪਤਾ ਹੀ ਏ। ਮੈਂ ਅਜੇ ਹੁਣੇ ਹੁਣੇ ਤਾਂ ਹਸਪਤਾਲ ਤੋਂ ਆਇਆ ਹਾਂ। ਨਾਲੇ ਆਪਣੀ ਤੇ ਮੇਰੀ ਉਮਰ ਦਾ ਫ਼ਰਕ ਵੀ ਦੇਖੋ। ਕਿੱਥੇ 27 ਸਾਲ ਤੇ ਕਿੱਥੇ 54 ਸਾਲ। ਅੱਧੋ ਅੱਧ ਦਾ ਫ਼ਰਕ ਏ। ਜਦ ਅਸੀਂ ਤੇਰੀ ਉਮਰ ਵਿੱਚ ਹੋਇਆ ਕਰਦੇ ਸਾਂ ਤਾਂ ਕਈ ਵਾਰੀ ਪੂਰੀ ਬੋਤਲ ਵੀ ਚਾੜ੍ਹ ਜਾਇਆ ਕਰਦੇ ਸਾਂ। ਇੰਝ ਦੱਸਕੇ ਮੈਂ ਤੁਹਾਨੂੰ ਵੱਧ ਸ਼ਰਾਬ ਪੀਣ ਲਈ ਇਨਕਰੇਜ਼ (ਇਨਚੋਰਓਗਏ) ਨਹੀਂ ਕਰ ਰਿਹਾ। ਸੀਮਤ ਸ਼ਰਾਬ ਪੀਓ ਤਾਂ ਇਹ ਬਹੁਤੀ ਮਾੜੀ ਨਹੀਂ। ਪੀਣ ਵਿੱਚ ਨਾਗੇ ਵੀ ਜ਼ਰੂਰ ਪਾਉਣੇ ਚਾਹੀਦੇ ਹਨ। ਹਫ਼ਤੇ ਵਿੱਚ ਦੋ ਕੁ ਵਾਰ ਥੋੜ੍ਹੀ-ਥੋੜ੍ਹੀ ਪੀ ਲਈ ਜਾਵੇ ਤਾਂ ਇਹ ਬਹੁਤੀ ਮਾੜੀ ਨਹੀਂ ਰਹਿੰਦੀ। ਅਗਰ ਹਰ ਰੋਜ਼ ਵੱਧ ਪੀਂਦੇ ਜਾਓ ਫਿਰ ਤਾਂ ਇਹ ਬੰਦੇ ਨੂੰ ਥੋੜ੍ਹੇ ਜਿਹੇ ਸਾਲਾਂ ਵਿੱਚ ਹੀ ਨਕਾਰਾ ਕਰ ਦਿੰਦੀ ਏ। ਦੂਜੀ ਗੱਲ ਇਹ ਹੈ, ਅਗਰ ਪੀਣੀ ਹੀ ਏ ਤਾਂ ਵਧੀਆ ਪੀਓ। ਮਾੜੀ ਸ਼ਰਾਬ ਕਦੇ ਨਹੀਂ ਪੀਣੀ ਚਾਹੀਦੀ।"

ਦੋ ਪੈੱਗ ਪੀਣ ਤੋਂ ਬਾਅਦ ਪ੍ਰਸ਼ੋਤਮ ਨੇ ਸਿਗਰਟ ਸੁਲਗਾ ਲਈ। ਉਜਾਗਰ ਮੱਲ ਨੇ ਉਸਨੂੰ ਪਹਿਲਾਂ ਸਿਗਰਟ ਪੀਂਦੇ ਨੂੰ ਕਦੀ ਨਹੀਂ ਸੀ ਦੇਖਿਆ। ਉਸ ਤੋਂ ਬੋਲਣੋਂ ਰਿਹਾ ਨਾ ਗਿਆ, "ਪ੍ਰਸ਼ੋਤਮ, ਸ਼ਰਾਬ ਨਾਲ ਸਿਗਰਟ ਪੀਣਾ ਵੱਧ ਖ਼ਤਰਨਾਕ ਬਣ ਜਾਂਦਾ ਏ। ਜਨਾਨੀਆਂ ਵੀ ਅਕਸਰ ਇਹਨਾਂ ਦੋਹਾਂ ਚੀਜ਼ਾਂ ਨੂੰ ਬੜੀ ਘਿਰਣਾ ਕਰਦੀਆਂ ਹਨ। ਅਗਰ ਕਾਂਤਾ ਦੇ ਮਨ ਨੂੰ ਜਿੱਤਣਾ ਹੈ ਤਾਂ ਤੁਹਾਨੂੰ ਇਹਨਾਂ ਦੋਹਾਂ ਲਿਆਮਤਾਂ ਤੋਂ ਪਰ੍ਹੇ ਰਹਿਣਾ ਚਾਹੀਦਾ ਏ। ਮੈਨੂੰ ਇੰਝ ਲੱਗਦਾ ਏ ਕਿ ਉਸਨੂੰ ਅਜੇ ਤੁਹਾਡੀਆਂ ਇਹਨਾਂ ਆਦਤਾਂ ਬਾਰੇ ਕੋਈ ਗਿਆਨ ਨਹੀਂ।" "ਸਰ ਜੀ, ਮੈਨੂੰ ਤਾਂ ਇੰਝ ਲੱਗਦਾ ਏ ਕਿ ਕਾਂਤਾ ਦਾ ਪਿਓ ਵੀ ਸਿਗਰਟ ਪੀਂਦਾ ਸੀ।"

"ਭਾਵੇਂ ਪੀਂਦਾ ਵੀ ਹੋਵੇ ਫਿਰ ਵੀ ਤੁਹਾਨੂੰ ਚੁਕੰਨੇ ਰਹਿਣਾ ਚਾਹੀਦਾ ਏ। ਜਨਾਨੀਆਂ ਪਹਿਲ ਕਦਮੀ ਵੇਲੇ ਕਈ ਕੁੱਝ ਸੋਚਦੀਆਂ ਹੁੰਦੀਆਂ ਹਨ। ਬਾਅਦ ਵਿੱਚ ਕਈ ਵਾਰ ਇਸ ਪ੍ਰਕਾਰ ਦੀਆਂ ਲਿਆਮਤਾਂ ਨਾਲ ਸਮਝੌਤਾ ਵੀ ਕਰ ਲੈਂਦੀਆਂ ਹਨ। ਅਗਰ ਜਨਾਨੀ ਕਿਸੇ ਚੀਜ਼ ਨਾਲ ਸਮਝੌਤਾ ਨਹੀਂ ਕਰਦੀ ਤਾਂ ਉਹ ਸਿਰਫ ਇੱਕ ਹੀ ਚੀਜ਼ ਏ।"

"ਸਰ, ਉਹ ਕੀ?"

"ਤੁਹਾਨੂੰ ਇੰਨਾ ਵੀ ਨਹੀਂ ਪਤਾ?"

"ਸਰ, ਫਿਰ ਵੀ ਦੱਸੋ ਤਾਂ ਸਹੀ?"

ਅਗਰ ਤੀਵੀਂ ਨੂੰ ਪਤਾ ਲੱਗ ਜਾਵੇ ਕਿ ਤੁਹਾਡੇ ਕਿਸੇ ਹੋਰ ਤੀਵੀਂ ਨਾਲ ਸੰਬੰਧ ਹਨ ਤਾਂ ਉਹ ਬਿਲਕੁਲ ਵੀ ਸਹਿਣ ਨਹੀਂ ਕਰਦੀ। ਇਹ ਸਭ ਤੋਂ ਵੱਧ ਮਹੱਤਵਪੂਰਨ ਗੱਲ ਏ। ਕਈ ਵਿਅਕਤੀ ਲਵ ਅਫੇਅਰ ਵੇਲੇ ਜਾਂ ਵਿਆਹ ਹੋ ਜਾਣ ਤੋਂ ਬਾਅਦ ਬੜੇ ਆਦਰਸ਼ਵਾਦੀ ਬਣ ਕੇ ਆਪਣਾ ਸਾਰਾ ਪਿਛਲਾ ਪਿਆਰ ਮੁਹੱਬਤ ਵਾਲਾ ਇਤਿਹਾਸ ਜਨਾਨੀ ਮੂਹਰੇ ਬਿਆਨ ਕਰਨ ਲੱਗ ਪੈਂਦੇ ਹਨ। ਇੰਝ ਕਰਨਾ ਸਰਾਸਰ ਖ਼ਤਰਨਾਕ ਏ। ਇੰਝ ਕਰਨ ਨਾਲ ਕਿਸੇ ਦਾ ਮੌਜੂਦਾ ਅਫੇਅਰ ਇੱਕ ਦਮ ਖ਼ਰਾਬ ਹੋ ਸਕਦਾ ਹੁੰਦਾ ਏ। ਇੱਕ ਗੱਲ ਹੋਰ ਮੈਂ ਤੁਹਾਨੂੰ ਪਹਿਲਾਂ ਵੀ ਦੱਸੀ ਏ। ਉਹ ਹੈ, ਕਾਹਲੀ ਨਾ ਕਰਨੀ ਕਿਸੇ ਨੇ ਕਿਹਾ ਏ-

'man begins loving a love and ends loving a woman but a woman begins to loving a man and ends loving a love.'

"ਸਰ, ਬੜਾ ਗੂੜ੍ਹਾ ਗਿਆਨ ਏ ਤੁਹਾਨੂੰ ਇਸ ਪ੍ਰਕਾਰ ਦੀਆਂ ਗੱਲਾਂ ਦਾ। ਕਿਸੇ ਸਖ਼ਤ ਪ੍ਰੀਖਿਆ ਵਿੱਚੋਂ ਗੁਜ਼ਰੇ ਲਗਦੇ ਹੋ?"

"ਆਜ ਕੇ ਛੋਕਰੇ ਆਸ਼ਕ ਮੀਜਾਜ਼ ਬਨਤੇ ਹੈਂ
ਕਿਸੀ ਬਜ਼ੁਰਗ ਸੇ ਪੂਛੇਂ ਕਿ ਆਸ਼ਕੀ ਕਿਆ ਹੈ।"

"ਵਾਹ ਵਾਹ! ਸਰ ਜੀ ਕਮਾਲ ਕਰਤੀ। ਕੋਈ ਸ਼ਰਾਬ ਬਾਰੇ ਸ਼ੇਅਰ ਸੁਣਾਓ।"

"ਜ਼ਾਹਿਦ ਸ਼ਰਾਬ ਪੀਨੇ ਸੇ ਕਾਫਰ ਹੁਆ ਮੈਂ ਕਿਉਂ ਕਯਾ ਚੁੱਲੂ ਭਰ ਪਾਨੀ ਮੇ ਈਮਾਨ ਬਹਿ ਗਿਆ ?"

"ਵਾਹ ਜੀ, ਵਾਹ! ਫਨਟਾਸਟਿਕ! ਸਰ ਮੈਨੂੰ ਵੀ ਇੱਕ ਸ਼ੇਅਰ ਯਾਦ ਆ ਗਿਆ।"

"ਅਰਸ਼ਾਦ!"

"ਮੈਂ ਮੈਕਦੇ ਕੀ ਰਾਹ ਸੇ ਹੋ ਕਰ ਗੁਜ਼ਰ ਗਯਾ।
ਵਰਨਾ ਸਫਰ ਹਯਾਤ ਕਾ ਕਾਫੀ ਤਾਬੀਲ ਥਾ।"

ਦੋਨੋਂ ਹੁਣ ਸ਼ਰਾਬੀ ਹੋ ਗਏ ਸਨ। ਸ਼ਰਾਬੀ ਹਾਲਤ ਵਿੱਚ ਉਜਾਗਰ ਮੱਲ ਨੇ ਪ੍ਰਸ਼ੋਤਮ ਨੂੰ ਆਪਣੇ ਘਰ ਹੀ ਰੱਖ ਲਿਆ। ਅਗਰ ਹਾਲਾਤ ਠੀਕ ਹੁੰਦੇ ਤਾਂ ਸ਼ਾਇਦ ਉਹ ਆਪਣੇ ਘਰ ਜਾਣ ਦੀ ਜ਼ਿੱਦ ਕਰਦਾ। ਸ਼ਰਾਬ ਦਾ ਨਸ਼ਾ ਹੋਣ ਦੇ ਬਾਵਜੂਦ ਵੀ ਪ੍ਰਸ਼ੋਤਮ ਦੇ ਮਨ ਤੇ ਹਾਲਾਤਾਂ ਦਾ ਡਰ ਭਾਰੂ ਸੀ। ਖੌਫਨਾਕ ਹਾਲਾਤਾਂ ਨੇ ਨਸ਼ੱਈਆਂ ਨੂੰ ਵੀ ਥੋੜ੍ਹਾ-ਥੋੜ੍ਹਾ ਹੋਸ਼ਮੰਦ ਰੱਖਿਆ ਹੋਇਆ ਸੀ। ਉਨ੍ਹਾਂ ਦੀ ਪ੍ਰੀਖਿਆ ਲੈਣ ਨੂੰ ਵੀ ਹਾਲਾਤ ਮੋੜ ਕੱਟ ਸਕਦੇ ਸਨ।

ਕਾਂਤਾ ਦੀ ਵੱਡੀ ਭੈਣ ਸ਼ਾਂਤਾ ਨੇ ਸਿਰਫ਼ ਦਸਵੀਂ ਜਮਾਤ ਪਾਸ ਕੀਤੀ ਸੀ। ਇਸਤੋਂ



ਬਾਅਦ ਉਸਨੇ ਸਿਲਾਈ ਦਾ ਕੋਰਸ ਕੀਤਾ ਸੀ। ਉਹ ਘਰ ਵਿੱਚ ਹੀ ਸਿਲਾਈ ਦਾ ਕੰਮ ਕਰਿਆ ਕਰਦੀ ਸੀ। ਮਾਂ ਉਸਦੇ ਵਿਆਹ ਬਾਰੇ ਜ਼ਿਆਦਾ ਚਿੰਤਤ ਸੀ। ਦੁਖਾਂਤ ਇਹ ਸੀ ਕਿ ਕਾਂਤਾ ਨੂੰ ਰਿਸ਼ਤੇ ਆਉਂਦੇ ਰਹਿੰਦੇ ਸਨ ਤੇ ਸ਼ਾਂਤਾ ਨੂੰ ਰਿਸ਼ਤੇ ਘੱਟ ਹੀ ਆਉਂਦੇ ਸਨ। ਕਾਂਤਾ ਨੂੰ ਜਿਹੜੇ ਰਿਸ਼ਤੇ ਆਉਂਦੇ ਸਨ ਉਹ ਉਸਨੂੰ ਪਸੰਦ ਨਹੀਂ ਸਨ ਆਉਂਦੇ। ਕੋਈ ਸਕੂਲ ਅਧਿਆਪਕ ਸੀ, ਕੋਈ ਕਿਸੇ ਮਹਿਕਮੇ ਵਿੱਚ ਕਲਰਕ ਸੀ, ਕੋਈ ਛੋਟਾ ਮੋਟਾ ਦੁਕਾਨਦਾਰ ਸੀ, ਕੋਈ ਕਿਤੇ ਸੁਪਰਵਾਈਜ਼ਰ ਸੀ ਆਦਿ। ਉਹ ਆਪ ਕਾਫੀ ਪੜ੍ਹੀ ਲਿਖੀ ਸੀ ਤੇ ਲੈਕਚਰਾਰ ਵੀ ਲੱਗੀ ਹੋਈ ਸੀ। ਪਿਓ ਦੀ ਮੌਤ ਹੋ ਜਾਣ ਤੋਂ ਬਾਅਦ ਕਾਂਤਾ ਦੀ ਮਾਂ ਲਈ ਆਮਦਨੀ ਦਾ ਵੱਡਾ ਸਾਧਨ ਵੀ ਕਾਂਤਾ ਸੀ। ਜਦ ਵੀ ਕਦੀ ਵੱਡੀ ਭੈਣ ਦਾ ਰਿਸ਼ਤਾ ਤਹਿ ਹੋਣਾ ਸੀ ਤਾਂ ਵਿਆਹ ਤੇ ਬਹੁਤਾ ਖ਼ਰਚਾ ਵੀ ਕਾਂਤਾ ਵੱਲੋਂ ਹੀ ਕੀਤਾ ਜਾਣਾ ਸੀ। ਮਾਂ ਧੀ ਚਾਹੁੰਦੀਆਂ ਸਨ ਕਿ ਸ਼ਾਂਤਾ ਲਈ ਕੋਈ ਐਸਾ ਲੜਕਾ ਮਿਲ ਜਾਵੇ ਜੋ ਕਮਾਈ ਵੀ ਠੀਕ ਜਿਹੀ ਕਰ ਰਿਹਾ ਹੋਵੇ ਤੇ ਵਿਆਹ ਤੇ ਜ਼ਿਆਦਾ ਖ਼ਰਚਾ ਵੀ ਨਾ ਹੋਣ ਦੇਵੇ। ਜਿਹੜੇ ਲੜਕਿਆਂ ਦੇ ਰਿਸ਼ਤੇ ਕਾਂਤਾ ਲਈ ਆਉਂਦੇ ਸਨ ਉਹ ਕਾਂਤਾ ਅਤੇ ਉਸਦੀ ਮਾਂ ਨੂੰ ਸ਼ਾਂਤਾ ਲਈ ਵੱਧ ਅਨੁਕੂਲ ਮਹਿਸੂਸ ਹੋਇਆ ਕਰਦੇ ਸਨ। ਉਹਨਾਂ ਵਿੱਚੋਂ ਸ਼ਾਂਤਾ ਵਾਸਤੇ ਹਾਮੀ ਕੋਈ ਨਹੀਂ ਸੀ ਭਰਦਾ। ਇਸਦਾ ਕਾਰਨ ਕਾਂਤਾ ਦੀ ਜ਼ਿਆਦਾ ਪੜ੍ਹਾਈ ਤੇ ਵੱਡੀ ਨੌਕਰੀ ਹੀ ਨਹੀਂ ਸੀ ਬਲਕਿ ਦੋਹਾਂ ਦਾ ਡੀਲ ਡੌਲ ਤੇ ਲਾਣ ਪਾਣ ਦੀ ਸੀ। ਜਿਹੜੀ ਕੱਪੜੇ ਸਿਉਂਦੀ ਸੀ ਉਹ ਕੱਪੜੇ ਪਹਿਨਣ ਵਿੱਚ ਓਨੀ ਸਲੀਕੇਵਾਜ਼ ਤੇ ਸ਼ੌਕੀਨ ਨਹੀਂ ਸੀ। ਦੂਜੇ ਪਾਸੇ ਕਾਂਤਾ ਭਾਵੇਂ ਸੂਟ ਪਹਿਨੇ ਤੇ ਭਾਵੇਂ ਸਾੜ੍ਹੀ ਸੱਚਮੁੱਚ ਹੀ ਬੜੀ ਕਲਾਕਾਰ ਤੇ ਤਰੀਕੇਬਾਜ਼ ਸੀ। ਕਾਂਤਾ ਦੀ ਫਿਗਰ ਪਤਲੀ ਤੇ ਲੰਮ ਸਲੱਮੀ ਸੀ। ਸਾਂਤਾ ਥੋੜ੍ਹੀ ਮੋਟੀ ਸੀ। ਕਾਂਤਾ ਦਾ ਕੱਦ ਤਕਰੀਬਨ ਪੰਜ ਫੁੱਟ ਪੰਜ ਇੰਚ ਸੀ, ਸ਼ਾਂਤਾ ਮਸਾਂ ਪੰਜ ਫੁੱਟ ਇੱਕ ਇੰਚ ਸੀ। ਕਾਂਤਾ ਦਾ ਰੰਗ ਓਨਾ ਚਿੱਟਾ ਨਹੀਂ ਸੀ ਕਿ ਜਿੰਨਾ ਸ਼ਾਂਤਾ ਦਾ। ਖ਼ੂਬਸੂਰਤੀ ਵਧਾਉਣ ਵਿੱਚ ਰੰਗ, ਨੈਣ ਨਕਸ਼ ਤੇ ਕੱਦ ਤੋਂ ਇਲਾਵਾ ਕੁੱਝ ਹੋਰ ਦਾ ਯੋਗਦਾਨ ਵੀ ਹੁੰਦਾ ਏ। ਕੁੱਝ ਹੋਰ ਵਿੱਚ ਸਲੀਕਾ, ਨਾਜ਼ ਨਖਰਾ, ਹਾਵ ਭਾਵ, ਭਾਵਨਾਤਮਕ ਪ੍ਰਗਟਾਵੇ ਤੇ ਕਈ ਕੁੱਝ ਹੋਰ ਵੀ ਹੁੰਦਾ ਏ ਜਿਸਨੂੰ ਕਈ ਵਾਰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੋ ਜਾਂਦਾ ਏ। ਸਾਹਿਰ ਲੁਧਿਆਣਵੀ ਦਾ ਇੱਕ ਸ਼ੇਅਰ ਹੈ :

ਤੇਰੇ ਸਾਸੋਂ ਕੀ ਥਕਨ, ਤੇਰੀ ਨਿਗਾਹੋਂ ਕਾ ਸਕੂਤ
ਦਰ ਹਕੀਕਤ ਕੋਈ ਰੰਗੀਨ
ਸ਼ਰਾਰਤ ਹੀ ਨਾ ਹੋ,
ਜਿਸੇ ਪਿਆਰ ਕਾ ਅੰਦਾਜ਼ ਮੈਂ ਸਮਝ ਬੈਠਾ,
ਬੋਹ ਤਕੱਲਮ, ਬੋਹ ਤਵੱਸਮ ਕਹੀਂ
ਤੇਰੀ ਆਦਤ ਹੀ ਨਾ ਹੋ।

ਇਹ ਹੋਰ ਕੁਝ 'ਸਾਸੋਂ ਕੀ ਥਕਨ', 'ਨਿਗਾਹੋਂ ਕਾ ਸਕੂਤ', 'ਤਕੱਲਮ' ਤੇ 'ਤਵੱਸਮ' ਜਿਹੀਆਂ ਅਦਾਵਾਂ ਹੁੰਦੀਆਂ ਹਨ। ਇਹ ਅਦਾਵਾਂ ਕਾਂਤਾ ਵਿੱਚ ਨਜ਼ਰ ਆਉਂਦੀਆਂ ਹੀ ਸਨ। ਇਸ ਪ੍ਰਕਾਰ ਦੇ ਸਲੀਕੇ, ਅਦਾਵਾਂ ਤੇ ਬਣ ਸੰਵਰਨ ਵਿੱਚ ਕਾਂਤਾ ਦੀ ਉੱਚੀ ਪੜ੍ਹਾਈ ਅਤੇ ਚੰਗੀਆਂ ਸੰਸਥਾਵਾਂ ਵਿੱਚ ਪੜ੍ਹਾਈ ਨੇ ਵੀ ਚੋਖਾ ਯੋਗਦਾਨ ਪਾਇਆ ਸੀ। ਕਈ ਵਿਅਕਤੀ ਇਹ ਸੋਚਦੇ ਹਨ ਕਿ ਸੰਗ ਇਸਤਰੀ ਦਾ ਅਦੁੱਤੀ ਗਹਿਣਾ ਹੈ ਤੇ ਜ਼ਿਆਦਾ ਪੜ੍ਹਾਈ ਇਸਤਰੀ ਵਿੱਚੋਂ ਸੰਗ ਖ਼ਤਮ ਕਰ ਦਿੰਦੀ ਏ। ਮੈਂ ਇਸ ਵਿਚਾਰ ਨਾਲ ਪੂਰਾ ਸਹਿਮਤ ਨਹੀਂ। ਮੈਨੂੰ ਇੰਝ ਲੱਗਦਾ ਏ ਕਿ ਉਚੇਰੀ ਵਿੱਦਿਆ ਨੇ ਇਸਤਰੀ ਦੀ ਸੰਗ, ਸ਼ਰਮ ਤੇ ਹਿਆ ਨੂੰ ਐਸੀ ਪਾਕੀਜ਼ਗੀ ਦਿੱਤੀ ਹੈ ਕਿ ਉਹ ਵਿੱਦਿਆ ਦੀ ਕੋਠਾਲੀ ਵਿੱਚੋਂ ਨਿਕਲ ਕੇ ਵੱਧ ਸੁਹਜ, ਵੱਧ ਵਿਲੱਖਣ ਤੇ ਵੱਧ ਸੋਫਿਸਟੀਕੇਟਡ ਬਣ ਜਾਂਦੀ ਹੈ।

ਇਕ ਦਿਨ ਕਾਂਤਾ ਤੇ ਉਸਦੀ ਮਾਂ ਵਿਚਕਾਰ ਰਿਸ਼ਤੇ ਨਾਤੇ ਬਾਰੇ ਕਾਫੀ ਵਿਚਾਰਾਂ ਹੋਈਆਂ।

"ਬੇਟੀ, ਸ਼ਾਂਤਾ ਲਈ ਤਾਂ ਠੀਕ ਰਿਸ਼ਤਾ ਮਿਲਦਾ ਹੀ ਨਹੀਂ ਕੀ ਕੀਤਾ ਜਾਵੇ? ਜੇ ਤੇਰੀ ਸ਼ਾਦੀ ਪਹਿਲਾਂ ਕਰ ਦਈਏ?"

"ਨਹੀਂ ਮਾਂ, ਸ਼ਾਦੀ ਤਾਂ ਪਹਿਲਾਂ ਵੱਡੀ ਭੈਣ ਦੀ ਹੀ ਕਰਨੀ ਚਾਹੀਦੀ ਹੈ। ਹੌਲੀ-ਹੌਲੀ ਰਿਸ਼ਤਾ ਮਿਲ ਹੀ ਜਾਉ। ਤੁਸੀਂ ਜ਼ਿਆਦਾ ਫਿਕਰ ਨਾ ਕਰਿਆ ਕਰੋ।"

"ਧੀਏ, ਫਿਕਰ ਕਿਉਂ ਨਾ ਕਰਾਂ। ਉਹ ਅਠਾਈਆਂ ਨੂੰ ਢੁੱਕਣ ਲੱਗੀ ਏ। ਛੱਬੀ ਦੀ ਤਾਂ ਤੂੰ ਵੀ ਹੋ ਗਈ ਏਂ। ਕਾਲਜ ਵਿੱਚ ਤੇਰੀਆਂ ਕਈ ਸਹੇਲੀਆਂ ਹੋਣਗੀਆਂ। ਕਈਆਂ ਦੇ ਭਰਾ ਵਿਆਹੁਣ ਯੋਗ ਹੁੰਦੇ ਨੇ। ਥੋੜ੍ਹਾ ਖਿਆਲ ਰੱਖਿਆ ਕਰ। ਪੁੱਛ-ਗਿੱਛ ਕਰਨ ਨਾਲ ਹੀ ਕੰਮ ਸਿਰੇ ਚੜ੍ਹੇਗਾ।"

"ਮਾਂ, ਮੇਰੀਆਂ ਵਾਕਫ ਕੁੜੀਆਂ ਦੇ ਭਰਾ ਵਿਆਹੁਣ ਯੋਗ ਨਹੀਂ ਹਨ। ਮੇਰੇ ਕਾਲਜ ਵਿੱਚ ਖੱਤਰੀਆਂ ਦੀਆਂ ਸਿਰਫ ਦੋ ਮੈਡਮਾਂ ਹਨ। ਦੂਜੀਆਂ ਕਈ ਸਰਦਾਰਨੀਆਂ ਹਨ। ਮੇਰੇ ਕਾਲਜ ਵਿੱਚ ਕੁੱਲ ਅਠਾਰਾਂ ਤਾਂ ਸਟਾਫ ਮੈਂਬਰ ਹਨ। ਤਿੰਨ ਕੁ ਰਿਟਾਇਰਡ ਬੁੱਢੇ ਵੀ ਹਨ।

"ਫਿਰ ਅਖ਼ਬਾਰ ਵਿੱਚ ਦੇ ਕੇ ਦੇਖ ਲਈਏ ?"

"ਮਾਂ, ਅਖ਼ਬਾਰ ਵਿੱਚ ਆਮ ਤੌਰ 'ਤੇ ਵੱਧ ਪੜ੍ਹੀਆਂ ਲਿਖੀਆਂ ਕੁੜੀਆਂ ਦੇ ਇਸ਼ਤਿਹਾਰ ਹੁੰਦੇ ਨੇ। ਸਿਰਫ ਦਸਵੀਂ ਪਾਸ ਦੀ ਤੁਸੀਂ ਉਥੇ ਕੀ ਯੋਗਤਾ ਲਿਖੋਗੇ।"

"ਕਾਂਤਾ, ਤੂੰ ਅੰਗਰੇਜ਼ੀ ਦੀ ਅਖ਼ਬਾਰ ਦੀ ਗੱਲ ਕਰ ਰਹੀਂ ਏਂ। ਪੰਜਾਬੀ ਜਾਂ ਹਿੰਦੀ ਦੀਆਂ ਅਖ਼ਬਾਰਾਂ ਵਿੱਚ ਕਈ ਵਾਰ ਘੱਟ ਪੜ੍ਹੀਆਂ ਲਿਖੀਆਂ ਕੁੜੀਆਂ ਦੇ ਇਸ਼ਤਿਹਾਰ ਵੀ ਦਿੱਤੇ ਹੁੰਦੇ ਹਨ। ਇਹ ਗੱਲ ਮੈਨੂੰ ਮੇਰੀ ਭੈਣ ਨੇ ਦੱਸੀ ਸੀ।"

"ਮਾਂ, ਤੁਹਾਡੀ ਮਰਜ਼ੀ ਅਗਰ ਇੰਝ ਕਰਕੇ ਦੇਖਣਾ ਹੈ ਤਾਂ ਇੰਝ ਕਰ ਲਵੋ। ਤੁਸੀਂ ਮਾਸੀ ਜੀ ਨੂੰ ਵੀ ਕੋਈ ਰਿਸ਼ਤਾ ਲੱਭਣ ਲਈ ਕਹਿ ਸਕਦੇ ਹੋ। ਬਾਕੀ ਮੈਂ ਤਾਂ ਸਲਾਹ



ਦੇਵਾਂਗੀ ਕਿ ਨੌਕਰੀ ਪੇਸ਼ੇ ਵਾਲੇ ਛੱਡੋ। ਕਿਸੇ ਛੋਟੇ ਮੋਟੇ ਦੁਕਾਨਦਾਰ ਨੂੰ ਲੱਭ ਲਵੋ। ਨੌਕਰੀ ਪੇਸ਼ੇ ਵਾਲੇ ਤਾਂ ਵੱਧ ਚੌੜੇ ਹੋ ਜਾਂਦੇ ਹਨ ਤੇ ਉਹ ਨੌਕਰੀ ਪੇਸ਼ਾ ਲੜਕੀਆਂ ਹੀ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਤੁਸੀਂ ਸ਼ਾਂਤਾ ਨੂੰ ਮੈਟ੍ਰਿਕ ਤੋਂ ਬਾਅਦ ਹੋਰ ਕਿਉਂ ਨਹੀਂ ਪੜ੍ਹਾਇਆ ?"

"ਇੱਕ ਤਾਂ ਇਹ ਪੜ੍ਹਨ ਨੂੰ ਜ਼ਿਆਦਾ ਹੁਸ਼ਿਆਰ ਨਹੀਂ ਸੀ। ਦੂਜੇ ਘਰ ਦੀ ਮਾਲੀ ਹਾਲਤ ਵੀ ਓਨੀ ਵਧੀਆ ਨਹੀਂ ਸੀ। ਤੇਰੇ ਪਿਤਾ ਦੀ ਮੌਤ ਤੋਂ ਬਾਅਦ ਘਰ ਦੀ ਹਾਲਤ ਖ਼ਰਾਬ ਹੀ ਹੁੰਦੀ ਗਈ। ਜਦ ਉਹ ਜਿਉਂਦੇ ਵੀ ਸਨ ਤਾਂ ਵੀ ਅੱਧੀ ਤਨਖ਼ਾਹ ਤਾਂ ਸ਼ਰਾਬ ਦੇ ਮੂੰਹ ਹੀ ਗੁਆ ਦਿਆ ਕਰਦੇ ਸਨ। ਜ਼ਿਆਦਾ ਬਰਬਾਦੀ ਇਸ ਕਰਕੇ ਵੀ ਹੋਈ ਕਿ ਉਹ ਘਰ ਰਹਿ ਕੇ ਇਕੱਲੇ ਬੈਠ ਕੇ ਨਹੀਂ ਪੀਆ ਕਰਦੇ ਸਨ। ਹਮੇਸ਼ਾ ਪੀਣ ਲਈ ਕਿਸੇ ਨਾ ਕਿਸੇ ਦਾ ਸਾਥ ਲੱਭਿਆ ਕਰਦੇ ਸਨ। ਜਦ ਕੋਈ ਦੂਜਿਆਂ ਨਾਲ ਬੈਠ ਕੇ ਸ਼ਰਾਬ ਪੀਣ ਗਿੱਝ ਜਾਵੇ ਤਾਂ ਹਮੇਸ਼ਾ ਹੀ ਖ਼ਰਚਾ ਜ਼ਿਆਦਾ ਹੁੰਦਾ ਏ। ਇਹ ਦੋ ਜਣੇ ਬੈਠੇ ਗੱਲਾਂ ਮਾਰਦੇ ਪੂਰੀ ਬੋਤਲ ਹੀ ਮੁਕਾ ਦਿਆ ਕਰਦੇ ਸਨ। ਤੂੰ ਤਾਂ ਆਪਣੀ ਹਿੰਮਤ ਕਰਕੇ ਪੜ੍ਹ ਗਈ। ਤੇਰੇ ਪਿਤਾ ਜੀ ਤਾਂ ਇਹੀ ਕਿਹਾ ਕਰਦੇ ਸਨ ਕਿ ਤੈਨੂੰ ਵੀ ਮੈਟ੍ਰਿਕ ਤੋਂ ਬਾਅਦ ਕੋਈ ਕੋਰਸ ਕਰਵਾ ਦਿੱਤਾ ਜਾਵੇ ਤੇ ਵਿਆਹ ਦਿੱਤਾ ਜਾਵੇ। ਜਦ ਵੀ ਮੈਂ ਆਪਣੀ ਭੈਣ ਨੂੰ ਮਿਲਦੀ ਹਾਂ ਤਾਂ ਉਹ ਤੇਰੇ ਵਾਸਤੇ ਰਿਸ਼ਤੇ ਦੀ ਤਾਂ ਵਾਰ-ਵਾਰ ਗੱਲ ਤੋਰਦੇ ਰਹਿੰਦੇ ਨੇ ਪਰ ਸਾਂਤਾ ਬਾਰੇ ਕੋਈ ਗੱਲ ਨਹੀਂ ਕਰਦੇ। ਤੇਰਾ ਵਿਆਹ ਬਾਰੇ ਕੀ ਖਿਆਲ ਏ?"

"ਮਾਂ, ਤੁਸੀਂ ਮੇਰਾ ਫ਼ਿਕਰ ਨਾ ਕਰਿਆ ਕਰੋ। ਪਹਿਲਾਂ ਮੈਨੂੰ ਨੌਕਰੀ ਵਿੱਚ ਪੱਕੀ ਹੋਣ ਦਿਓ। ਫੇਰ ਸੋਚਾਂਗੇ। ਪੱਕੀ ਹੋਣ ਤੇ ਮੈਨੂੰ ਵਧੀਆ ਰਿਸ਼ਤਾ ਵੀ ਮਿਲ ਸਕਦਾ ਏ।"

"ਜੇ ਤੂੰ ਮੁੰਡੇ ਕੁੜੀਆਂ ਦੇ ਸਾਂਝੇ ਕਾਲਜ ਵਿੱਚ ਪੜ੍ਹਾਉਂਦੀ ਹੁੰਦੀ ਤਾਂ ਚੰਗਾ ਹੁੰਦਾ। ਸ਼ਾਇਦ ਤੈਨੂੰ ਉੱਥੇ ਹੀ ਤੇਰਾ ਕੋਈ ਸਾਥੀ ਮਿਲ ਪੈਂਦਾ। ਨਿਰੋਲ ਕੁੜੀਆਂ ਦੇ ਕਾਲਜ ਵਿੱਚ ਪੜ੍ਹਾਉਣਾ ਵੀ ਬਹੁਤਾ ਫਾਇਦੇਮੰਦ ਨਹੀਂ।"

"ਮਾਂ, ਸਭ ਸੰਜੋਗਾਂ ਦੇ ਵੱਸ ਏ। ਜਦ ਹੋਣਾ ਏ ਤਾਂ ਕੁੜੀਆਂ ਦੇ ਕਾਲਜ ਵਿੱਚ ਪੜ੍ਹਾਉਂਦਿਆਂ ਵੀ ਹੋ ਜਾਣਾ ਏ। ਅੱਜ ਦੇ ਯੁੱਗ ਵਿੱਚ ਚੰਗਾ ਪੜ੍ਹ ਲਿਖ ਕੇ ਚੰਗੀ ਤਰ੍ਹਾਂ ਕਿਸੇ ਨੌਕਰੀ ਵਿੱਚ ਸੈੱਟ ਹੋਣਾ ਪਹਿਲੀ ਗੱਲ ਏ। ਸਾਡੇ ਕਾਲਜ ਦੀਆਂ ਤਿੰਨ ਚਾਰ ਲੈਕਚਰਾਰਾਂ ਨੇ ਨਾਲ ਲਗਦੇ ਸ਼ਹਿਰ ਦੇ ਹਿੰਦੂ ਕਾਲਜ ਦੇ ਲੈਕਚਰਾਰਾਂ ਨਾਲ ਵਿਆਹ ਕਰਵਾਇਆ ਹੋਇਆ ਏ। ਮੇਰੀ ਇੱਕ ਸਹੇਲੀ ਐਮ.ਸੀ. ਐਮ. ਡੀ. ਏ. ਵੀ ਕਾਲਜ ਚੰਡੀਗੜ੍ਹ ਪੜ੍ਹਾਉਂਦੀ ਹੁੰਦੀ ਸੀ। ਦੱਸਦੀ ਹੁੰਦੀ ਸੀ ਕਿ ਉਹ ਕੁੜੀਆਂ ਦੇ ਕਾਲਜ ਦੀਆਂ ਲੈਕਚਰਾਰਾਂ ਨੇ 10 ਸੈਕਟਰ ਵਿਚਲੇ ਮੁੰਡਿਆਂ ਦੇ ਡੀ. ਏ.ਵੀ. ਕਾਲਜ ਦੇ ਲੈਕਚਰਾਰਾਂ ਨਾਲ ਵਿਆਹ ਕਰਵਾਏ ਹੋਏ ਹਨ। ਵਰ ਚੰਗਾ ਹੋਣਾ ਚਾਹੀਦਾ ਏ। ਵਿਆਹ ਕਿਤੇ ਵੀ ਕੀਤਾ ਜਾ ਸਕਦਾ ਏ। ਨਾਲੇ ਦੋ ਕੁ ਸਾਲ ਹੋਰ ਕਮਾਈ ਕਰ ਲੈਣ ਦਿਓ। ਘਰ ਦੀ ਮਾਲੀ

ਹਾਲਤ ਕੁੱਝ ਚੰਗੀ ਹੋ ਜਾਊ। ਨਾਲੇ ਵਿਆਹ ਲਈ ਕੋਲ ਪੈਸੇ ਵੀ ਹੋ ਜਾਣਗੇ।"

"ਦੇਖੀਂ ਬੇਟੀ, ਸ਼ਰਾਬੀ ਬੰਦਿਆਂ ਤੋਂ ਬਚ ਕੇ ਰਹੀਂ। ਮੇਰਾ ਘਰ ਸ਼ਰਾਬ ਨੇ ਹੀ ਤਬਾਹ ਕੀਤਾ ਏ। ਅਗਰ ਮੇਰੇ ਘਰ ਸ਼ਰਾਬ ਨਾ ਹੁੰਦੀ ਤਾਂ ਮੈਂ ਹੁਣ ਤੱਕ ਕੋਠੀ ਪਾ ਕੇ ਬੈਠੀ ਹੁੰਦੀ।"

"ਮਾਂ, ਜ਼ਿਆਦਾ ਪੜ੍ਹੇ ਲਿਖੇ ਨਸ਼ੇ ਵੀ ਤਰੀਕੇ ਨਾਲ ਹੀ ਕਰਦੇ ਹੁੰਦੇ ਆਂ। ਚੰਗੀ ਪੜ੍ਹਾਈ ਬੰਦੇ ਵਿੱਚ ਅਨੁਸ਼ਾਸਨ ਵੀ ਪੈਦਾ ਕਰਦੀ ਏ। ਤੁਸੀਂ ਸ਼ਰਾਬ ਦੇ ਨਾਂ ਤੇ ਐਵੇਂ ਘਬਰਾਇਆ ਨਾ ਕਰੋ।"

"ਮੈਨੂੰ ਤਾਂ ਕਈ ਜ਼ਿਆਦਾ ਪੜ੍ਹਿਆਂ ਲਿਖਿਆਂ ਦੀਆਂ ਆਦਤਾਂ ਨੇ ਵੀ ਹੈਰਾਨ ਕੀਤਾ ਏ। ਆਰੀਆ ਕਾਲਜ ਵਿੱਚ ਇੱਕ ਮੋਹਣ ਲਾਲ ਹੁੰਦਾ ਸੀ। ਪਹਿਲਾਂ ਘੱਟ ਪੀਂਦਾ ਹੁੰਦਾ ਸੀ। ਪਰ ਫਿਰ ਉਸਦੀ ਪੀਣ ਦੀ ਆਦਤ ਹੀ ਬਣ ਗਈ। ਫਿਰ ਇੱਕ ਐਸੀ ਸਟੇਜ ਆਈ ਕਿ ਉਹ ਸਵੇਰ ਤੋਂ ਹੀ ਪੀਣਾ ਸ਼ੁਰੂ ਕਰ ਦਿੰਦਾ ਸੀ। ਕਾਲਜ ਵਿੱਚ ਪੜ੍ਹਾਉਂਦੇ ਸਮੇਂ ਵੀ ਥੋੜ੍ਹੀ ਬਹੁਤੀ ਪੀ ਕੇ ਹੀ ਰੱਖਦਾ ਸੀ। ਨਾਲ ਸਿਗਰਟਾਂ ਵੀ ਫੂਕਦਾ ਰਹਿੰਦਾ ਸੀ। ਕਾਲਜ ਵਾਲਿਆਂ ਨੇ ਉਸਨੂੰ ਦੋ ਤਿੰਨ ਚੇਤਾਵਨੀਆਂ ਵੀ ਦਿੱਤੀਆਂ। ਮਿੰਨਤਾਂ ਕਰਕੇ ਬਚ ਜਾਇਆ ਕਰਦਾ ਸੀ। ਘਰ ਵਾਲੀ ਹਰ ਸਮੇਂ ਦੁਖੀ ਰਹਿੰਦੀ ਸੀ। ਬੱਚੇ ਵੀ ਸਾਧਾਰਨ ਜਿਹੇ ਸਕੂਲਾਂ ਵਿੱਚ ਪੜ੍ਹਨੇ ਪਾਏ ਹੋਏ ਸੀ। ਪੰਜਾਹ ਕੁ ਸਾਲ ਦੀ ਉਮਰ ਵਿੱਚ ਮਸਾਂ ਪਹੁੰਚ ਸਕਿਆ। ਪੂਰਾ ਹੋ ਗਿਆ। ਬਾਅਦ ਵਿੱਚ ਬੀਵੀ ਬੱਚੇ ਰੁਲ ਗਏ। ਕਈ ਜ਼ਿਆਦਾ ਪੜ੍ਹਿਆਂ ਲਿਖਿਆਂ ਦਾ ਵੀ ਬਥੇਰਾ ਬੁਰਾ ਹਾਲ ਏ। ਕਈ ਤਾਂ ਘਟੀਆਂ ਸ਼ਰਾਬਾਂ ਵੀ ਪੀਣ ਲੱਗ ਜਾਂਦੇ ਹਨ। ਹਾਲਾਤ ਇੱਥੋਂ ਤੱਕ ਪਹੁੰਚ ਜਾਂਦੇ ਹਨ ਕਿ ਪੈਸੇ ਤੋਂ ਹਮੇਸ਼ਾ ਟੁੱਟੇ ਹੋਣ ਕਰਕੇ ਜਿਹੜੀ ਵੀ ਸਸਤੀ ਮਿਲੀ ਓਹੀ ਪੀ ਲਈ। ਇੱਕ ਮਨੋਹਰ ਲਾਲ ਸਾਇੰਸ ਪੜ੍ਹਾਇਆ ਕਰਦਾ ਸੀ। ਉਹ ਕੁੱਝ ਸਮਾਂ ਟੀਚਰ ਯੂਨੀਅਨ ਦਾ ਪੰਜਾਬ ਪੱਧਰ ਦਾ ਜਨਰਲ ਸੈਕਟਰੀ ਵੀ ਰਿਹਾ ਸੀ।

ਉਹ ਵੀ ਸ਼ਰਾਬ ਪੀਣ ਲੱਗ ਪਿਆ ਸੀ। ਬਾਅਦ ਵਿੱਚ ਉਹ ਕਾਲਜ ਦਾ ਪ੍ਰਿੰਸੀਪਲ ਬਣ ਗਿਆ। ਉਸਦੀ ਸ਼ਰਾਬ ਪੀਣ ਦੀ ਐਸੀ ਆਦਤ ਵਧੀ ਕਿ ਉਹ ਬਾਵਰਾ ਜਿਹਾ ਹੋ ਗਿਆ। ਜਦ ਵੀ ਕਾਲਜ ਵਿੱਚ ਮੁੰਡੇ ਕੋਈ ਪੰਗਾ ਖੜ੍ਹਾ ਕਰਦੇ ਹੁੰਦੇ ਸੀ ਉਹ ਉਹਨਾਂ ਦੇ ਮਗਰ-ਮਗਰ ਦੌੜਿਆ ਕਰਦਾ ਸੀ। ਸਿੱਧੀਆਂ ਗਾਹਲਾਂ ਕੱਢਿਆ ਕਰਦਾ ਸੀ। ਲੋਕ ਤਮਾਸ਼ਾ ਦੇਖਿਆ ਕਰਦੇ ਸਨ। ਇੱਕ ਵਾਰ ਕਿਸੇ ਕਾਲਜ ਵਿੱਚ ਇਮਤਿਹਾਨ ਦਾ ਸੈਂਟਰ ਚੈੱਕ ਕਰਨ ਗਿਆ। ਸਿਰ 'ਤੇ ਕੱਪੜੇ ਦਾ ਝੁੰਬ ਜਿਹਾ ਮਾਰ ਕੇ ਸਿਸ਼ਤ ਲਗਾ ਕਿ ਬੈਠ ਗਿਆ। ਨਕਲ ਕਰਨ ਵਾਲੇ ਬੱਚਿਆਂ ਨੂੰ ਇਵੇਂ ਲੱਗਾ ਜਿਵੇਂ ਕੋਈ ਸਫਾਈ ਕਰਨ ਵਾਲਾ ਹੋਵੇ। ਥੋੜ੍ਹੇ ਸਮੇਂ ਵਿੱਚ ਹੀ 2-3 ਕੇਸ ਬਣਾ ਦਿੱਤੇ। ਉਹ ਸੋਫੀ ਹੁੰਦਾ ਹੋਇਆ ਵੀ ਇਸ ਪ੍ਰਕਾਰ ਦੀਆਂ ਹਰਕਤਾਂ ਕਰਨ ਲੱਗ ਪਿਆ ਸੀ।"

"ਮਾਂ, ਨਕਲ ਕਰਨ ਵਾਲਿਆਂ ਨੂੰ ਫੜਨ ਲਈ ਇਹ ਹਰਕਤ ਤੇ ਕਲਾਕਾਰੀ ਤਾਂ



ਉਹਦੀ ਮਾੜੀ ਗੱਲ ਨਹੀਂ ਕਹੀ ਜਾ ਸਕਦੀ। ਇਹ ਤਾਂ ਉਹਦਾ ਤਰੀਕਾ ਸੀ।"

"ਮੈਂ ਤਾਂ ਤੈਨੂੰ ਵੈਸੇ ਹੀ ਉਸਦੇ ਬਾਵਰੇ ਦੇ ਮਨਚਲੇਪਨ ਦੀ ਗੱਲ ਦੱਸ ਰਹੀ ਹਾਂ। ਕਾਲਜ ਦੀ ਕਮੇਟੀ ਨੇ ਬਾਅਦ ਵਿੱਚ ਉਹਦੀ ਪ੍ਰਿੰਸੀਪਲ ਦੀ ਨੌਕਰੀ ਤੋਂ ਛੁੱਟੀ ਕਰ ਦਿੱਤੀ। ਅਜੇ ਰਿਟਾਇਰ ਹੋਣ ਨੂੰ 3 ਕੁ ਸਾਲ ਰਹਿੰਦੇ ਸਨ।"

"ਮਾਂ ਜੀ, ਛੱਡੋ ਇਹਨਾਂ ਗੱਲਾਂ ਨੂੰ। ਗੱਲ ਰਿਸ਼ਤੇ ਦੀ ਚੱਲ ਰਹੀ ਸੀ ਤੇ ਤੁਸੀਂ ਹੋਰ ਹੀ ਕਹਾਣੀਆਂ ਪਾਉਣ ਲੱਗ ਪਏ।"

"ਮਾਂ, ਤੁਸੀਂ ਕਿਸੇ ਬਾਰੇ ਸੌ ਫੀਸਦੀ ਅੰਦਾਜ਼ਾ ਕਿਵੇਂ ਲਗਾ ਸਕਦੇ ਹੋ? ਰਿਸ਼ਤਾ ਕਰਨ ਵੇਲੇ ਕਈ ਗੱਲਾਂ ਕਿਸਮਤ ਤੇ ਵੀ ਛੱਡਣੀਆਂ ਪੈਂਦੀਆਂ ਹਨ। ਮੇਰੇ ਸਾਹਮਣੇ ਕਈ ਕੇਸ ਐਸੇ ਵੀ ਹਨ ਜਿਹੜੇ ਵਿਆਹ ਕਰਵਾਉਣ ਤੋਂ ਬਾਅਦ ਜ਼ਿਆਦਾ ਹੀ ਸੁਧਰ ਗਏ। ਇਕੱਲਾ ਮਨੁੱਖ ਇਧਰ ਉਧਰ ਭਟਕਿਆ ਫਿਰਦਾ ਰਹਿੰਦਾ ਏ। ਜਦ ਸ਼ਾਦੀ ਹੁੰਦੀ ਹੈ ਤਾਂ ਉਹ ਵੱਧ ਅਨੁਸ਼ਾਸਤ ਹੋ ਜਾਂਦਾ ਹੈ। ਪਿੱਛੇ ਜਿਹੇ ਮੈਂ ਇੱਕ ਰਸਾਲੇ ਵਿੱਚ ਇੱਕ ਕਹਾਣੀ ਪੜ੍ਹੀ ਸੀ ਜਿਸਦਾ ਨਾਮ ਸੀ Serpentine Course। ਪੰਜਾਬੀ 'ਚ ਇਸਦਾ ਮਤਲਬ ਹੁੰਦਾ ਹੁੰਦਾ ਏ-ਸੱਪ ਦੀ ਸ਼ਕਲ ਦਾ ਵਿੰਗਾ ਟੇਢਾ ਰਸਤਾ। ਇਸ ਕਹਾਣੀ ਵਿੱਚ ਲਿਖਾਰੀ ਨੇ ਛੜਾ ਬੰਦਾ ਦਿਖਾਇਆ ਹੈ ਜਿਹੜਾ ਹਮੇਸ਼ਾ ਭਟਕਦਾ ਹੀ ਫਿਰਦਾ ਰਹਿੰਦਾ ਹੈ। ਨਾ ਉਹ ਸਮੇਂ ਸਿਰ ਖਾਣਾ ਬਣਾਉਂਦਾ ਏ ਤੇ ਨਾ ਹੀ ਸਮੇਂ ਸਿਰ ਖਾਂਦਾ ਏ। ਕਦੀ ਕਿਤੇ ਬੈਠਾ ਰਹਿ ਗਿਆ ਤੇ ਕਦੀ ਕਿਤੇ। ਰਾਤ ਦੇਰ ਨੂੰ ਆਪਣੇ ਕਮਰੇ ਵਿੱਚ ਪਹੁੰਚਦਾ ਏ। ਲਿਖਾਰੀ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਏ ਕਿ ਜੇਕਰ ਉਹ ਵਿਆਹਿਆ ਵਰਿਆ ਹੁੰਦਾ ਤਾਂ ਉਸਦੀ ਜ਼ਿੰਦਗੀ ਵਿੱਚ ਅਨੁਸ਼ਾਸਨ ਹੋਣਾ ਸੀ। ਉਹਨੂੰ ਘਰ ਬਣਾਉਣ ਦੀਆਂ ਚਿੰਤਾਵਾਂ ਹੋਣੀਆਂ ਸਨ। ਬੀਵੀ ਦਾ ਫਿਕਰ ਹੋਣਾ ਸੀ। ਇਸ ਲਈ ਮੈਂ ਤਾਂ ਇਹੀ ਕਹਾਂਗੀ ਕਿ ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ। ਵਿਆਹ ਕਿਸੇ ਨੂੰ ਸੁਧਾਰਦਾ ਤਾਂ ਹੈ ਹੀ। ਇਸਤੋਂ ਬਾਅਦ ਵੱਧ ਵਿਗੜ ਜਾਣ ਦੇ ਬਹੁਤ ਜ਼ਿਆਦਾ ਕੇਸ ਨਹੀਂ ਮਿਲਦੇ। ਮਾਂ, ਅੱਜ ਦੇ ਯੁੱਗ ਵਿੱਚ ਤਾਂ ਬਹੁਤ ਸਾਰੇ ਅੰਤਰਜਾਤੀ ਵਿਆਹ ਵੀ ਹੋਣ ਲੱਗ ਪਏ ਹਨ। ਸ਼ਾਂਤਾ ਵਾਸਤੇ ਕਿਸੇ ਹੋਰ ਬਰਾਦਰੀ ਦਾ ਲੜਕਾ ਲੱਭਣ ਦੀ ਕੋਸ਼ਿਸ਼ ਕਰਨ ਬਾਰੇ ਤੇਰਾ ਕੀ ਖਿਆਲ ਏ ?"

"ਬੇਟੀ, ਬਰਾਦਰੀਆਂ-ਬਰਾਦਰੀਆਂ ਦਾ ਫਰਕ ਏ। ਹਿੰਦੂਆਂ ਦੀ ਕਿਸੇ ਹੋਰ ਬਰਾਦਰੀ ਨੂੰ ਮੈਂ ਬਹੁਤਾ ਮਾੜਾ ਨਹੀਂ ਸਮਝਦੀ। ਸਰਦਾਰਾਂ ਵਿੱਚ ਵਿਆਹੁਣ ਦੇ ਮੈਂ ਹੱਕ ਵਿੱਚ ਨਹੀਂ ਹਾਂ।"

"ਉਹ ਕਿਉਂ?"

"ਤੇਰੇ ਸਾਹਮਣੇ ਹੀ ਏ ਜੋ ਅੱਜ ਕੱਲ੍ਹ ਪੰਜਾਬ ਵਿੱਚ ਅੱਗ ਬਲੀ ਹੋਈ ਹੈ। ਪਹਿਲਾਂ ਦੋਹਾਂ ਧਰਮਾਂ ਦੇ ਲੋਕ ਬੜੇ ਸੁਹਣੇ ਇਕੱਠੇ ਰਹਿੰਦੇ ਆ ਰਹੇ ਸੀ। ਆਹ ਪਿਛਲੇ 6-7 ਸਾਲਾਂ ਤੋਂ ਪਤਾ ਨਹੀਂ ਰਿਸ਼ਤੇ ਨਾਤਿਆਂ ਨੂੰ ਕੀ ਸੱਪ ਸੁੰਘ ਗਿਆ। ਹੁਣ ਤਾਂ ਹਿੰਦੂ ਸਿੱਖ ਇੱਕ

ਦੂਜੇ ਨੂੰ ਦੇਖ ਕੇ ਵੀ ਰਾਜੀ ਨਹੀਂ। ਮੌਤ ਦਾ ਨੰਗਾ ਨਾਚ ਤੂੰ ਦੇਖ ਹੀ ਰਹੀ ਹੈ। ਅਜੇ ਤੇਰੇ ਸਾਹਮਣੇ ਪਰਸੋਂ ਲੁਧਿਆਣੇ ਨੇੜੇ ਫੈਕਟਰੀ 'ਚੋਂ ਨਿਕਲਦੇ ਸਾਰ 50-60 ਬੰਦੇ ਭੁੰਨ ਮਾਰੇ। ਬਹੁਤ ਸਾਰੇ ਹਿੰਦੂਆਂ ਨੇ ਤਾਂ ਹਰਿਆਣੇ ਤੇ ਦਿੱਲੀ ਵਿੱਚ ਮਕਾਨ ਵੀ ਖ਼ਰੀਦ ਲਏ ਹਨ। ਸੋਚਦੇ ਨੇ ਪਤਾ ਨੀ ਕਦੋਂ ਪੰਜਾਬ ਛੱਡ ਕੇ ਦੌੜਨਾ ਪੈ ਜਾਵੇ। ਆਹ ਆਪਣੇ ਗੁਆਂਢੀਆਂ ਵਰਮਾ ਸਾਹਿਬ ਤੇ ਅਗਰਵਾਲ ਸਾਹਿਬ ਨੇ ਜਮਨਾ ਨਗਰ ਪਲਾਟ ਲੈ ਰੱਖੇ ਹਨ। ਤੇਰੇ ਨਾਨਕੀਂ ਅਨੀਤਾ ਹੋਰੀਂ ਪਹਿਲਾਂ ਹੀ ਦਿੱਲੀ ਜਾ ਕੇ ਵਸ ਗਈਆਂ ਹਨ। ਬਹੁਤ ਸਾਰੇ ਸਿੱਖ ਦਿੱਲੀ, ਯੂ. ਪੀ. ਤੇ ਬਿਹਾਰ ਛੱਡ ਕੇ ਪੰਜਾਬ ਆ ਕੇ ਵੱਸਣੇ ਸ਼ੁਰੂ ਹੋ ਗਏ ਹਨ। ਆਪਣੇ ਮੁਹੱਲੇ ਵਿੱਚ ਹੀ ਇੱਕ ਨਵੀਂ ਲਿਫ਼ਾਫ਼ੇ ਬਣਾਉਣ ਦੀ ਫੈਕਟਰੀ ਲੱਗ ਗਈ ਏ।

"ਉਹ ਕਿੱਥੇ?"

"ਔਹ ਸੜਕ ਦੇ ਪਾਰ ਨਵੀਂ ਅਬਾਦੀ ਵਿੱਚ"

"ਉਹ ਕਿਹਨੇ ਲਾਈ?"

"ਸੁਣਿਐ, ਕੋਈ ਲਛਮਣ ਸਿੰਘ ਏ।" "ਪਹਿਲਾਂ ਉਹਦੀ ਬਿਹਾਰ ਵਿੱਚ ਫੈਕਟਰੀ ਹੋਇਆ ਕਰਦੀ ਸੀ। 84 ਦੇ ਦੰਗਿਆਂ ਤੋਂ ਭੈ ਭੀਤ ਹੋ ਕੇ ਪੂਰਾ ਪਰਿਵਾਰ ਪੰਜਾਬ ਨੂੰ ਦੌੜ ਆਇਆ। ਵਿਚਾਰਿਆਂ ਨਵਾਂ ਨਵਾਂ ਕੰਮ ਸ਼ੁਰੂ ਕੀਤਾ ਏ। ਅਜੇ ਚੱਜ ਨਾਲ ਚਲਦਾ ਵੀ ਨਹੀਂ। ਨਵੇਂ ਥਾਂ ਆ ਕੇ ਨਵੇਂ ਕਾਰੋਬਾਰ ਸ਼ੁਰੂ ਕਰਨੇ ਸੌਖੇ ਐ। ਅਜੇ ਸੰਨ 47 ਲੋਕਾਂ ਨੂੰ ਭੁੱਲਿਆ ਨਹੀਂ। ਹੁਣ ਹਿਜ਼ਰਤ ਹੋਰ ਸ਼ੁਰੂ ਹੋ ਗਈ। ਜਿਹੜੇ ਰਿਸ਼ਤੇ ਪਹਿਲਾਂ ਹਿੰਦੂਆਂ ਸਿੱਖਾਂ ਵਿਚ ਹੋਏ ਹਨ। ਉਹ ਵੀ ਸੋਚਾਂ ਵਿੱਚ ਪਏ ਹੋਏ ਹਨ। ਪੰਡਤਾਂ ਦੀ ਪ੍ਰੇਮਾਂ ਨੇ ਦਿੱਲੀ ਇਕ ਸਰਦਾਰ ਨਾਲ ਵਿਆਹ ਕਰਵਾਇਆ ਹੋਇਆ ਏ। ਉਹ ਕਹਿੰਦਾ ਰਹਿੰਦਾ ਏ ਮੈਂ ਬੱਚਿਆਂ ਦੀ ਛਟੀ ਕਰਵਾਉਣੀ ਏ ਤੇ ਉਹ ਆਪ ਮੁੰਡਣ ਕਰਵਾਉਣ ਲਈ ਜ਼ਿੱਦ ਕਰਦੀ ਰਹਿੰਦੀ ਏ। ਉਹ ਉਸਨੂੰ ਗੁਰਦੁਆਰੇ ਨੂੰ ਖਿੱਚਦਾ ਏ ਤੇ ਉਹ ਵੈਸ਼ਣੋ ਦੇਵੀ ਤੁਰੀ ਰਹਿੰਦੀ ਏ। ਕਈ ਵਾਰ ਇਸ ਵਿਸ਼ੇ ਤੇ ਦੋਹਾਂ ਵਿੱਚ ਝਗੜਾ ਵੀ ਹੋ ਜਾਂਦਾ ਏ। ਪਿਛਲੀ ਵਾਰ ਵੈਸ਼ਣੋ ਦੇਵੀ ਗਈ, ਦੋਨੋਂ ਜੰਮੂ ਪਹੁੰਚ ਕੇ ਆਪਸ ਵਿੱਚ ਲੜ ਪਏ। ਦਿੱਲੀ ਦੰਗਿਆਂ ਵੇਲੇ ਟੱਬਰ ਮਸਾਂ ਮਸਾਂ ਬਚਿਆ। ਉਹ ਵੀ ਇਸ ਕਰਕੇ ਬਚ ਗਿਆ ਕਿਉਂਕਿ ਪ੍ਰੇਮਾਂ ਦੇ ਆਦਮੀ ਨੇ ਵਾਲ ਕਟਵਾਏ ਹੋਏ ਹਨ। ਦੰਗਾਕਾਰੀ ਘਰ ਦੇ ਨੇੜੇ ਤਾਂ ਆਏ ਸਨ ਪ੍ਰੰਤੂ ਵਿਚੋਂ ਹੀ ਕਿਸੇ ਨੇ ਕਹਿ ਦਿੱਤਾ ਕਿ ਪ੍ਰੇਮਾਂ ਦਾ ਘਰਵਾਲਾ ਤਾਂ ਬਹੁਤ ਦੇਰ ਦਾ ਹਿੰਦੂ ਬਣ ਚੁੱਕਾ ਏ। ਭਾਵੇਂ ਬੱਚਿਆਂ ਦੇ ਨਾਮ ਵੀ ਦੋ ਦੋ ਰੱਖੇ ਹੋਏ ਸਨ ਫਿਰ ਵੀ ਦੰਗਾਕਾਰੀ ਘਰ ਨੂੰ ਛੱਡ ਕੇ ਨਿਕਲ ਗਏ ਸੀ।"

"ਬੱਚਿਆਂ ਦੇ ਦੋ ਦੋ ਨਾਮ ਕਿਸ ਪ੍ਰਕਾਰ ਰੱਖੇ ਹੋਏ ਸਨ।"

"ਪੂਰਾ ਨਾਮ ਰਜਿੰਦਰ ਸਿੰਘ ਏ ਤੇ ਛੋਟਾ ਨਾਮ ਰਾਜੂ। ਇਸੀ ਪ੍ਰਕਾਰ ਲੜਕੀ ਦਾ ਪੂਰਾ ਨਾਮ ਸੁਸ਼ੀਲ ਕੌਰ ਏ, ਵੈਸੇ ਉਸਨੂੰ ਪੂਨਮ ਕਹਿ ਕੇ ਬੁਲਾਉਂਦੇ ਹਨ। ਤੂੰ ਹੀ ਦੱਸ ਅੱਜ ਦੇ



ਹਾਲਾਤ ਵਿੱਚ ਦੋਹਾਂ ਧਰਮਾਂ ਦੇ ਆਪਸੀ ਰਿਸ਼ਤੇ ਪੱਕੇ ਤੇ ਪੀਡੇ ਕਿਵੇਂ ਰਹਿ ਸਕਦੇ ਹਨ? ਤੂੰ ਵਿਆਹ ਦੀ ਗੱਲ ਕਰਦੀ ਪਈ ਏਂ। ਅੱਜ ਹਾਲਾਤ ਤਾਂ ਇਸ ਕਦਰ ਬਦਲ ਰਹੇ ਹਨ ਕਿ ਦੋਨੋਂ ਫਿਰਕੇ ਇੱਕ ਦੂਜੇ ਨੂੰ ਦੇਖ ਕੇ ਵੀ ਰਾਜੀ ਨਹੀਂ। ਪਿੰਡਾਂ ਵਿੱਚ ਸਭ ਮੋਨਿਆਂ ਨੇ ਆਪਣੇ ਸਿਰ ਪੀਲੇ ਪਟਕਿਆਂ ਨਾਲ ਢੱਕ ਲਏ ਹਨ। ਆਹ ਸਾਡੇ ਮੁਹੱਲੇ ਦੇ ਪਾਰ ਇੱਕ ਖ਼ਾਲਸਾ ਸਕੂਲ ਏ। ਉੱਥੋਂ ਦੇ ਪ੍ਰਿੰਸੀਪਲ ਨੇ ਬੱਚਿਆਂ ਦੀ ਵਰਦੀ ਹੀ ਸਿੱਖੀ ਸਰੂਪ ਵਾਲੀ ਕਰ ਦਿੱਤੀ ਏ। ਲੜਕਿਆਂ ਨੇ ਸਿਰਾਂ ਤੇ ਪੀਲੇ ਪਟਕੇ ਬੰਨ੍ਹੇ ਹੋਏ ਹੁੰਦੇ ਹਨ। ਲੜਕੀਆਂ ਨੇ ਨੀਲੀਆਂ ਚੁੰਨੀਆਂ ਨਾਲ ਸਿਰ ਢਕੇ ਹੋਏ ਹੁੰਦੇ ਹਨ। ਲੜਕੀਆਂ ਨੇ ਸਕਰਟਾਂ ਦੀ ਥਾਂ ਤੇ ਸਲਵਾਰਾਂ ਪਹਿਨਣੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿੱਚ-ਵਿੱਚ ਕਈ ਬੱਚੇ ਗਾਤਰੇ ਪਹਿਨੇ ਵੀ ਨਜ਼ਰ ਆ ਰਹੇ ਹਨ। ਸੁਣਿਐ ਸਕੂਲ ਦੀ ਪ੍ਰਾਰਥਨਾ ਵੀ ਬਦਲ ਦਿੱਤੀ ਏ। ਪਹਿਲਾਂ ਜਨ ਗਨ ਮਨ ਦੀ ਆਵਾਜ਼ ਆਇਆ ਕਰਦੀ ਸੀ ਤੇ ਹੁਣ ਦੇਹ ਸ਼ਿਵਾ ਬਰਿ ਮੁਹਿ ਇਹੈ ਦੀ ਆਵਾਜ਼ ਆਉਂਦੀ ਹੁੰਦੀ ਏ। ਲੋਕ ਸਰਕਾਰ ਦੇ ਆਦੇਸ਼ਾਂ ਨਾਲੋਂ ਖਾੜਕੂ ਜਥੇਬੰਦੀਆਂ ਦੇ ਆਦੇਸ਼ਾਂ ਨੂੰ ਵੱਧ ਜਲਦੀ ਮੰਨਣ ਲੱਗ ਪਏ ਹਨ। ਸਰਕਾਰ ਐਂਵੀ ਰੌਲਾ ਪਾਈ ਜਾਂਦੀ ਏ ਕਿ ਲਹਿਰ ਦਬਾ ਦਿੱਤੀ ਗਈ ਏ।"

ਇੰਨੇ ਚਿਰ ਵਿੱਚ ਸ਼ਾਂਤਾ ਵੀ ਆਪਣੀ ਮਾਂ ਤੇ ਭੈਣ ਪਾਸ ਆ ਕੇ ਬੈਠ ਗਈ।

"ਮੰਮੀ, ਬੜੀਆਂ ਲੰਮੀਆਂ ਚੌੜੀਆਂ ਵਿਚਾਰਾਂ ਵਿੱਚ ਪਏ ਹੋਏ ਹੋ। ਜਦੋਂ ਦੀਆਂ ਤੁਸੀਂ ਗੱਲਾਂ ਕਰ ਰਹੀਆਂ ਹੋ ਮੈਂ ਪੂਰਾ ਸੂਟ ਸੀਅ ਲਿਆ। ਮੈਂ ਤੁਹਾਨੂੰ ਦੱਸੇ ਬਗੈਰ ਹੀ ਚਾਹ ਵੀ ਬਣਾ ਲਈ। ਕਹੋ ਤਾਂ ਚਾਹ ਲਿਆਵਾਂ। ਪਹਿਲਾਂ ਮੈਂ ਤੁਹਾਨੂੰ ਆ ਕਰ ਸਰਪ੍ਰਾਈਜ਼ ਦੇਣਾ ਚਾਹੁੰਦੀ ਸੀ। ਇਸ ਲਈ ਮੈਂ ਚਾਹ ਲਿਆ ਕਿ ਤੁਹਾਡੇ ਮੂਹਰੇ ਨਹੀਂ ਰੱਖੀ।

"ਮੈਨੂੰ ਪਤਾ ਸੀ ਕਿ ਮਾਂ ਧੀ ਵਿਚਾਰਾਂ ਕਰਦੀਆਂ ਥੱਕ ਗਈਆਂ ਹੋਣਗੀਆਂ।"

"ਧੀਏ, ਚਾਹ ਬਣਾ ਕੇ ਤਾਂ ਤੂੰ ਬਹੁਤ ਵਧੀਆ ਕੀਤਾ ਸੱਚਮੁੱਚ ਚਾਹ ਪੀਣ ਨੂੰ ਦਿਲ ਕਰ ਰਿਹਾ ਸੀ।"

ਸ਼ਾਂਤਾ ਨੇ ਚਾਹ ਲਿਆ ਕੇ ਰੱਖ ਦਿੱਤੀ। ਤਿੰਨੇ ਜਣੀਆਂ ਚਾਹ ਪੀਣ ਲੱਗ ਪਈਆਂ।

ਸ਼ਾਂਤਾ ਬੋਲੀ, "ਹੁਣ ਦੱਸੋ ਕੀ ਵਿਚਾਰਾਂ ਹੋ ਰਹੀਆਂ ਸਨ?"

'ਧੀਏ, ਤੈਨੂੰ ਪਤਾ ਹੀ ਏ। ਦੋ ਹੀ ਤਾਂ ਮਸਲੇ ਹਨ-ਅੱਜ ਤੇ ਤੇਜੀ ਨਾਲ ਬਦਲ ਰਹੇ ਹਾਲਾਤ ਤੇ ਤੁਹਾਡੇ ਦੋਹਾਂ ਦੇ ਵਿਆਹਾਂ ਦਾ ਫਿਕਰ। ਕਾਂਤਾ ਤਾਂ ਅਜੇ ਮੰਨਦੀ ਹੀ ਨਹੀਂ। ਸ਼ਾਂਤਾ, ਤੇਰੇ ਵਿਆਹ ਬਾਰੇ ਵਿਚਾਰਾਂ ਕਰ ਰਹੀਆਂ ਸੀ।"

"ਮੰਮੀ, ਮੇਰੇ ਵਿਆਹ ਬਾਰੇ ਐਨੀ ਫਿਕਰ ਨਾ ਕਰਿਆ ਕਰੋ। ਮੈਂ ਵਿਆਹ ਕਰਵਾਉਣਾ ਹੀ ਨਹੀਂ।"

"ਧੀਏ, ਲੜਕੀਆਂ ਆਪਣੇ ਘਰੀਂ ਹੀ ਚੰਗੀਆਂ ਲੱਗਦੀਆਂ ਹੁੰਦੀਆਂ ਨੇ। ਧੀਆਂ ਤੋਰੀਆਂ ਰਾਜਿਆਂ ਰਾਣਿਆਂ ਨੇ। ਤੂੰ ਵੀ ਤਾਂ ਇੱਕ ਦਿਨ ਜਾਣਾ ਹੀ ਏ। ਤੂੰ ਥੋੜ੍ਹਾ ਹੋਰ

ਪੜ੍ਹ ਲੈਂਦੀ ਤਾਂ ਚੰਗਾ ਸੀ। ਉਸ ਵੇਲੇ ਤੂੰ ਪੜ੍ਹਾਈ ਵੱਲ ਧਿਆਨ ਹੀ ਨਹੀਂ ਦਿੱਤਾ। ਅੱਜ ਕੱਲ੍ਹ ਸਭ ਪੜ੍ਹੀਆਂ ਲਿਖੀਆਂ ਲੜਕੀਆਂ ਹੀ ਚਾਹੁੰਦੇ ਨੇ। ਆਹ ਆਪਣੀ ਨੁੱਕਰ ਵਿੱਚ ਖੰਨਾ ਬਜਾਜੀ ਵਾਲਾ ਏ। ਇਹਦਾ ਲੜਕਾ ਸਿਰਫ ਦਸਵੀਂ ਪੜ੍ਹਿਆ ਏ। ਦੁਕਾਨ ਤੇ ਹੀ ਬਹਿੰਦਾ ਏ। ਫਿਰ ਵੀ ਬੀ. ਏ. ਪਾਸ ਕੁੜੀ ਨਾਲ ਵਿਆਹ ਕਰਨ ਨੂੰ ਮੰਨਿਆ। ਕਈ ਸਾਧਾਰਨ ਜਿਹੇ ਦੁਕਾਨਦਾਰਾਂ ਨੇ ਐਮ. ਏ. ਪਾਸ ਕੁੜੀਆਂ ਨਾਲ ਵਿਆਹ ਕਰਵਾਏ ਹੋਏ ਨੇ।"

ਵਿੱਚ ਹੀ ਕਾਂਤਾ ਬੋਲ ਪਈ, "ਮੰਮੀ, ਐਨਾ ਜ਼ਿਆਦਾ ਫ਼ਰਕ ਵੀ ਨਹੀਂ ਹੋਣਾ ਚਾਹੀਦਾ। ਕਿੱਥੇ ਐਮ. ਏ. ਤੇ ਕਿੱਥੇ ਮੈਟ੍ਰਿਕ। ਇਸ ਪ੍ਰਕਾਰ ਦੇ ਵਿਆਹ ਬੇਜੋੜ ਸਿੱਧ ਹੋ ਜਾਂਦੇ ਹਨ। ਬਾਹਰ ਨੂੰ ਭੇਜਣ ਦੇ ਲਾਲਚ ਨਾਲ ਤਾਂ ਇਸ ਪ੍ਰਕਾਰ ਦੇ ਕਈ ਵਿਆਹ ਕੀਤੇ ਗਏ ਹਨ ਖ਼ਾਸ ਕਰਕੇ ਜੱਟਾਂ ਵਿੱਚ। ਕਈ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਤੋਂ ਬਹੁਤ ਹੀ ਘੱਟ ਪੜ੍ਹੇ ਲਿਖੇ ਮੁੰਡੇ ਆਉਂਦੇ ਹਨ ਤੇ ਆ ਕੇ ਇੱਧਰੋਂ ਐਮ. ਏ. ਪਾਸ ਕੁੜੀਆਂ ਲੈ ਕੇ ਜਾਂਦੇ ਹਨ। ਸਾਡੇ ਕਾਲਜ ਵਿੱਚ ਇਸ ਪ੍ਰਕਾਰ ਦੇ 6-7 ਕੇਸ ਵਾਪਰੇ ਹਨ। ਚਾਰ ਕੁੜੀਆਂ ਬੀ. ਏ. ਪਾਸ ਸਨ। ਇੱਕ ਬੀ.ਐਸ.ਸੀ. ਸੀ ਤੇ ਇਕ ਨੇ ਐਮ. ਏ. ਵੀ ਕਰ ਲਈ ਸੀ। ਪਿੰਡਾਂ ਦੇ ਜੱਟਾਂ ਨੇ ਤਾਂ ਬੱਸ ਕੁੜੀਆਂ ਦੀ ਬਲੀ ਦੇਣੀ ਹੀ ਠਾਣੀ ਹੋਈ ਏ। ਇੱਕ ਕੁੜੀ ਦੀ ਬਲੀ ਦੇ ਕੇ ਬਾਅਦ ਵਿੱਚ ਸਾਰਾ ਟੱਬਰ ਉਸਦੇ ਸਿਰ ਤੇ ਕੈਨੇਡਾ ਜਾ ਬੈਠਦਾ ਏ। ਅਸਾਂ ਹਿੰਦੂਆਂ ਵਿੱਚ ਇਸ ਪ੍ਰਕਾਰ ਦੇ ਬੇਜੋੜ ਰਿਸ਼ਤੇ ਘੱਟ ਹਨ।"

"ਕਾਂਤਾ, ਕੀ ਤੂੰ ਆਹ ਖੰਨਿਆਂ ਦੇ ਮੁੰਡੇ ਦੇ ਰਿਸ਼ਤੇ ਨੂੰ ਬੇਜੋੜ ਨਹੀਂ ਸਮਝਦੀ ? ਬਹੂ ਬੀ. ਐੱਡ. ਏ ਤੇ ਮੁੰਡਾ ਆਪ ਮਸਾਂ ਮੈਟ੍ਰਿਕ। ਕੀ ਇਹ ਜੱਟਾਂ ਦੇ ਪੜ੍ਹੀਆਂ ਲਿਖੀਆਂ ਕੁੜੀਆਂ ਦੇ ਬਾਹਰ ਘੱਟ ਪੜ੍ਹੇ ਲਿਖੇ ਮੁੰਡਿਆਂ ਨਾਲ ਕੀਤੇ ਰਿਸ਼ਤੇ ਤੋਂ ਬੇਹਤਰ ਏ?

ਬਿਲਕੁਲ ਵੀ ਨਹੀਂ। ਬੱਸ ਉਹੀ ਹਾਲ ਏ। ਅਸੀਂ ਐਵੇਂ ਦੂਸਰੇ ਦੀ ਗੱਲ ਨੂੰ ਚੁੱਕਦੇ ਰਹਿੰਦੇ ਹਾਂ। ਤੀਵੀਆਂ ਵਿੱਚ ਆਦਮੀ ਨਾਲੋਂ ਵੱਧ ਢਲਣ ਸ਼ਕਤੀ ਹੁੰਦੀ ਏ। ਅਗਰ ਪੈਸੇ ਕੋਲ ਹੋਣ ਤਾਂ ਸਭ ਪ੍ਰਕਾਰ ਦੀਆਂ ਤਬਦੀਲੀਆਂ ਹੀ ਹੋ ਜਾਂਦੀਆਂ ਹਨ।"

ਮਾਂ, ਮੈਂ ਤੇਰੇ ਇਸ ਵਿਚਾਰ ਨਾਲ ਸਹਿਮਤ ਨਹੀਂ। ਤੈਨੂੰ ਤਾਂ ਹਮੇਸ਼ਾ ਪੈਸਿਆਂ ਦੀ ਹੀ ਥੋੜ੍ਹ ਪਈ ਰਹਿੰਦੀ ਏ। ਮੈਂ ਤਾਂ ਆਪਣੇ ਵਾਸਤੇ ਹਮੇਸ਼ਾਂ ਲੜਕੇ ਦਾ ਦਿਮਾਗ਼ੀ ਪੱਧਰ ਦੇਖਾਂਗੀ ਹੀ। ਭੈਣ ਵਾਸਤੇ ਜਿਵੇਂ ਦਾ ਮਰਜ਼ੀ ਲੱਭੀ ਜਾਓ।"

ਸ਼ਾਂਤਾ ਕੜਕ ਕੇ ਬੋਲੀ, "ਮੇਰੇ ਪਿਆਰੇ ਮੰਮੀ ਜੀ ਤੇ ਮੇਰੀ ਪਿਆਰੀ ਪ੍ਰੋਫ਼ੈਸਰ ਭੈਣ ਜੀ, ਪਾਣੀ 'ਚ ਮਧਾਣੀ ਫੇਰਨੀ ਛੱਡੋ। ਸਭ ਕੰਮ ਸਮੇਂ ਸਿਰ ਹੋ ਹੀ ਜਾਇਆ ਕਰਦੇ ਨੇ। ਫਿਰ ਤਿੰਨੇ ਜਣੀਆਂ ਉੱਠ ਕੇ ਆਪਣੇ ਆਪਣੇ ਕੰਮੀ ਲੱਗ ਗਈਆਂ।



# ਕਾਂਡ ਬਾਰਾਂ

ਉਜਾਗਰ ਦੀ ਡਿਊਟੀ ਚੰਡੀਗੜ੍ਹ ਟੇਬਲ ਮਾਰਕਿੰਗ ਤੇ ਲੱਗੀ ਸੀ। ਉਸਨੇ ਸੋਚਿਆ ਸੀ ਕਿ ਸੈਂਟਰ ਦੀ ਸੁਪਰਡੈਂਟੀ ਤਾਂ ਉਸਦੇ ਹੱਥੋਂ ਜਾਂਦੀ ਲੱਗੀ ਸੀ ਕਿਉਂ ਨਾ ਚੰਡੀਗੜ੍ਹ ਜਾ ਕੇ ਹਫ਼ਤਾ ਕੁ ਟੇਬਲ ਮਾਰਕਿੰਗ ਹੀ ਕਰ ਲਈ ਜਾਵੇ। ਇੰਝ ਕਰਨ ਨਾਲ ਫੇਰਾ ਤੋਰਾ ਵੀ ਹੋ ਜਾਵੇਗਾ ਤੇ ਚਾਰ ਪੈਸੇ ਵੀ ਬਣ ਜਾਣਗੇ। ਹਫਤਾ ਭਰ ਪੇਪਰ ਮਾਰਕਿੰਗ ਕਰਕੇ ਉਹ ਅੱਜ ਆਪਣੇ ਘਰ ਪਹੁੰਚਿਆ ਸੀ। ਉਹ ਆਪਣੇ ਚੌਬਾਰੇ 'ਤੇ ਬੈਠਾ ਸੀ। ਉਸ ਦੀ ਘਰ ਵਾਲੀ ਚੌਬਾਰੇ ਦੇ ਵਿਹੜੇ ਵਿੱਚ ਬਣੀ ਰਸੋਈ ਵਿੱਚੋਂ ਚਾਹ ਲੈ ਕੇ ਕਮਰੇ ਵੱਲ ਨੂੰ ਤੁਰੀ ਤਾਂ ਗਵਾਂਢਣ ਕਰਤਾਰੀ ਨੇ ਡਰਦੀ ਡਰਦੀ ਨੇ ਉਸਨੂੰ ਅਵਾਜ਼ ਮਾਰੀ-

"ਕਸ਼ਮੀਰੋ, ਨੀ ਕਸ਼ਮੀਰੋ"

"ਤਾਈ ਜੀ ਕੀ ਗੱਲ ਹੋਈ?"

"ਚੌਬਾਰੇ ਚੋਂ ਬਾਹਰ ਨੂੰ ਦੇਖ ਮੁੰਡੇ ਜਾ ਰਹੇ ਆ।"

"ਕਿਹੜੇ ਮੁੰਡੇ?"

"ਤੈਨੂੰ ਮੁੰਡਿਆਂ ਦਾ ਹੀ ਨਹੀਂ ਪਤਾ ਜਿਨ੍ਹਾਂ ਦਾ ਅੱਜ ਕੱਲ੍ਹ ਸਾਰੇ ਪਾਸੇ ਰਾਜ ਚਲ ਰਿਹਾ ਹੈ। ਸਾਰੇ ਲੋਕ ਸ਼ਾਮ 6 ਵਜੇ ਆਪਣੇ ਦਰਵਾਜ਼ੇ ਢੋਅ ਕੇ ਅੰਦਰ ਵੜ ਜਾਂਦੇ ਐ। ਅੰਦਰ ਵੜ੍ਹ ਕੇ ਵੀ ਚੈਨ ਨਹੀਂ ਆਉਂਦਾ। ਰਾਤ ਨੂੰ ਵੀ ਡਰ ਲੱਗਦਾ ਰਹਿੰਦਾ ਏ, ਕਿਤੇ ਕੋਈ ਰੋਟੀ ਖਾਣ ਲਈ ਦਰਵਾਜ਼ਾ ਨਾ ਖੜਕਾ ਦੇਵੇ।" ਕਸ਼ਮੀਰੋ ਨੇ ਅੰਦਰ ਆ ਕੇ ਉਜਾਗਰ ਮੱਲ ਨੂੰ ਖ਼ਬਰ ਦਿੱਤੀ। ਪਹਿਲਾਂ ਕਸ਼ਮੀਰੋ ਨੇ ਛੁਪ ਕੇ ਬਾਰੀ ਵਿੱਚੋਂ ਬਾਹਰ ਝਾਕਿਆ। ਫਿਰ ਥੋੜ੍ਹੀ ਜਿਹੀ ਨਜ਼ਰ ਉਜਾਗਰ ਮੱਲ ਨੇ ਵੀ ਮਾਰੀ। ਦੇਖਿਆ ਤਾਂ ਬਾਹਰ ਦੋ ਸਕੂਟਰਾਂ ਤੇ ਪਤਲੇ ਸਰੀਰਾਂ ਵਾਲੇ ਤਿੰਨ-ਤਿੰਨ ਮੁੰਡੇ ਬੈਠੇ ਬਹੁਤ ਹੀ ਧੀਵੀਂ ਸਪੀਡ ਨਾਲ ਜਾ ਰਹੇ ਸਨ। ਸਿਰਾਂ ਤੇ ਕਾਲੇ ਪਟਕੇ ਬੰਨ੍ਹੇ ਹੋਏ ਸਨ। ਹੱਥਾਂ ਵਿੱਚ ਸਟੇਨਗੰਨਾਂ ਸਨ। ਰਾਹਗੀਰ ਆਪਣੇ ਰਾਹ ਤੁਰੇ ਜਾ ਰਹੇ ਸਨ। ਪਿੰਡ ਦਾ ਇਕ ਬੁੱਢਾ ਸਰਵਣ ਸਿੰਘ ਵੀ ਹੌਲੀ ਹੌਲੀ ਤੁਰਿਆ ਆਪਣੇ ਖੇਤਾਂ ਵੱਲ ਨੂੰ ਜਾ ਰਿਹਾ ਸੀ।

"ਬਾਬਾ ਜੀ, ਇੱਥੋਂ ਡੱਬਰੀ ਵੱਲ ਨੂੰ ਕਿਹੜਾ ਰਾਹ ਜਾਂਦਾ ਹੈ?"

ਇੱਕ ਮੁੰਡੇ ਨੇ ਪੁੱਛਿਆ।

"ਇਕ ਰਾਹ ਤਾਂ ਆਹ ਤੁਹਾਡੇ ਨੇੜੇ ਹੀ ਖੱਬੇ ਨੂੰ ਜਾ ਰਿਹਾ ਏ ਤੇ ਇੱਕ ਅੱਗੇ ਜਾ

ਕੇ ਪਿੰਡ ਦੇ ਬਸੀਵੇਂ ਤੋਂ ਜਾਂਦਾ ਏ" ਸਰਵਣ ਸਿੰਘ ਨੇ ਸਮਝਿਆ ਕੋਈ ਬਿਜਲੀ ਦੇ ਖੰਭੇ ਠੀਕ ਕਰਨ ਵਾਲੇ ਆ। ਉਹ ਇਹ ਪਛਾਣ ਹੀ ਨਹੀਂ ਸੀ ਸਕਿਆ ਕਿ ਉਹ ਖਾੜਕੂ ਮੁੰਡੇ ਸਨ। ਨਾਲੇ ਉਸਦੇ ਮਨ ਚਿੱਤ ਵੀ ਨਹੀਂ ਸੀ ਕਿ ਉਸਨੂੰ ਅਚਾਨਕ ਪਿੰਡ ਦੀ ਫਿਰਨੀ ਵਿੱਚ ਨੂੰ ਤੁਰੇ ਜਾਂਦੇ ਨੂੰ ਖਾੜਕੂ ਮੁੰਡੇ ਮਿਲ ਪੈਣਗੇ।

ਜਦੋਂ ਬਾਅਦ ਵਿੱਚ ਬਾਬੇ ਨੂੰ ਦੱਸਿਆ ਗਿਆ ਕਿ ਉਸ ਤੋਂ ਰਸਤਾ ਪੁੱਛਣ ਵਾਲੇ ਮੁੰਡੇ ਖਾੜਕੂ ਸਨ ਤਾਂ ਵੀ ਬਾਬੇ ਸਰਵਣ ਸਿੰਘ ਨੇ ਕੋਈ ਡਰ ਜ਼ਾਹਰ ਨਹੀਂ ਕੀਤਾ ਹੋਵੇ। ਸਰਵਣ ਸਿੰਘ ਤਾਂ ਇੱਕ ਸਾਦਾ ਜਿਹਾ ਪਿੰਡ ਦਾ ਬਜ਼ੁਰਗ ਸੀ। ਵਾਹਿਗੁਰੂ ਵਾਹਿਗੁਰੂ ਕਰਦਾ ਰਸਤੇ ਤੁਰਿਆ ਰਹਿੰਦਾ ਸੀ। ਉਸਨੂੰ ਚੱਲ ਰਹੀ ਲਹਿਰ ਨਾਲ ਕੋਈ ਸਰੋਕਾਰ ਨਹੀਂ ਸੀ।

ਥੋੜ੍ਹੀ ਦੇਰ ਬਾਅਦ ਪਤਾ ਲੱਗਾ ਕਿ ਮੁੰਡੇ ਪਿੰਡ ਦੀਆਂ ਤਿੰਨ ਦੁਕਾਨਾਂ ਤੇ ਜਾ ਕੇ ਸਿਗਰਟਾਂ ਸਾੜ ਕੇ ਆਏ ਸਨ। ਹੁਣ ਉਹ ਡੱਬਰੀ ਵਿੱਚ ਰਹਿੰਦੇ ਇਕ ਸਾਧ ਨੂੰ ਸੋਧਣ ਜਾ ਰਹੇ ਸਨ। ਇਹ ਸਾਧ ਡੱਬਰੀ ਵਿੱਚ ਬਣੀ ਇੱਕ ਸਨਾਤਬਲੀ ਵਿੱਚ ਰਹਿੰਦਾ ਸੀ। ਪੁੱਛਾਂ ਦਿਆ ਕਰਦਾ ਸੀ। ਪਿੰਡਾਂ ਦੇ ਵਹਿਮੀ ਲੋਕ ਅਕਸਰ ਇਸ ਪਾਸ ਜਾ ਕੇ ਪੁੱਛਾਂ ਪੁਆਇਆ ਕਰਦੇ ਸਨ। ਇਹ ਬੰਦਿਆਂ ਨੂੰ ਕੁੱਟ-ਕੁੱਟ ਕੇ ਉਹਨਾਂ ਵਿੱਚੋਂ ਭੂਤ ਚੜੇਲਾਂ ਵੀ ਕੱਢਿਆ ਕਰਦਾ ਸੀ। ਆਲੇ ਦੁਆਲੇ ਦੇ ਪਿੰਡਾਂ ਦੀਆਂ ਵਹਿਮੀ ਇਸਤਰੀਆਂ ਉਹ ਦੀਆਂ ਭਗਤਣੀਆਂ ਸਨ। ਜਦ ਉਹ ਸਨਾਤਬਲੀ ਪਹੁੰਚੇ ਤਾਂ ਦੇਖਿਆ ਸਾਧ ਉਸ ਵੇਲੇ ਉਥੇ ਹੈ ਹੀ ਨਹੀਂ ਸੀ। ਇਸ ਤੋਂ ਬਾਅਦ ਇਹਨਾਂ ਦਾ ਪੜਾਅ ਨਾਲ ਦੇ ਪਿੰਡ ਵਿੱਚ ਸੀ। ਇਸ ਪੜਾਅ ਵਿਚ ਹੋਰ ਪਾਸਿਆਂ ਤੋਂ ਹੋਰ ਮੁੰਡੇ ਸਿਗਰਟਾਂ ਦੀਆਂ ਦੁਕਾਨਾਂ ਤੇ ਪਈਆਂ ਸਿਗਰਟਾਂ ਸਾੜ ਕੇ ਪਹੁੰਚ ਰਹੇ ਸਨ। ਇੱਥੋਂ ਇਹਨਾਂ ਦੀ ਇੱਕ ਐਸੇ ਅਧਿਆਪਕ ਨੂੰ ਮਾਰਨ ਦੀ ਯੋਜਨਾ ਸੀ ਜਿਹੜਾ ਇਸ ਪਿੰਡ ਦਾ ਸਰਪੰਚ ਵੀ ਸੀ। ਇਸ ਪਿੰਡ ਵਿੱਚ ਇਹਨਾਂ ਖਾੜਕੂਆਂ ਦੇ ਇੱਕ ਸਾਥੀ ਦੇ ਨਾਨਕੇ ਵੀ ਸਨ। ਉਹ ਜਦ ਵੀ ਰਾਤ ਬਰਾਤੇ ਆਪਣੇ ਨਾਨਕੇ ਘਰ ਗੇੜਾ ਮਾਰਦਾ ਹੁੰਦਾ ਸੀ ਤਾਂ ਇਹ ਅਧਿਆਪਕ ਉਸ ਬਾਰੇ ਪੁਲਿਸ ਨੂੰ ਸੂਹ ਦੇਂਦਾ ਹੁੰਦਾ ਸੀ। ਪਿਛਲੇ ਮਹੀਨੇ ਇਹ ਖਾੜਕੂ ਆਪਣੇ ਨਾਲ ਦੇ ਹੋਰ ਸਾਥੀਆਂ ਨੂੰ ਲੈ ਕੇ ਆਪਣੇ ਨਾਨਕੇ ਘਰ ਆਇਆ ਸੀ। ਇਸ ਅਧਿਆਪਕ ਨੇ ਉਹਨਾਂ ਬਾਰੇ ਪੁਲਿਸ ਨੂੰ ਸੂਹ ਦਿੱਤੀ ਸੀ। ਪੁਲਿਸ ਆਈ ਸੀ। ਉਸਨੇ ਇਨ੍ਹਾਂ ਦਾ ਪਿੱਛਾ ਕੀਤਾ ਸੀ ਪਰ ਇਹ ਭੱਜਣ ਵਿੱਚ ਕਾਮਯਾਬ ਹੋ ਗਏ ਸਨ। ਉਸੇ ਦਿਨ ਇਹਨਾਂ ਨੇ ਇਸ ਅਧਿਆਪਕ ਨੂੰ ਸੋਧਣ ਦੀ ਠਾਣ ਲਈ ਸੀ। ਅੱਜ ਉਹ ਮਾਰਨ ਆਏ ਸਨ।

ਮੂੰਹ ਹਨੇਰਾ ਹੋ ਚੁੱਕਾ ਸੀ। ਅਧਿਆਪਕ ਆਪਣੇ ਘਰ ਦੇ ਵਿਹੜੇ ਵਿੱਚ ਬੈਠਾ ਖਾਣਾ ਖਾ ਰਿਹਾ ਸੀ। ਇਹਨਾਂ ਨੇ ਜਾਂਦੇ ਸਾਰ ਹੀ ਗੋਲੀ ਚਲਾ ਦਿੱਤੀ। ਅਧਿਆਪਕ ਦੀ ਭੈਣ ਆਪਣੇ ਭਰਾ ਨੂੰ ਬਚਾਉਣ ਲਈ ਖਾੜਕੂਆਂ ਦੀ ਮਿੰਨਤ ਕਰਨ ਅਗੇ ਵਧੀ। ਸਟੇਨਗੰਨ



ਦੇ ਬਰਸਟ ਨੇ ਭੈਣ ਤੇ ਭਰਾ ਦੋਹਾਂ ਨੂੰ ਢੇਰੀ ਕਰ ਦਿੱਤਾ। ਇਸਤੋਂ ਬਾਅਦ ਸਾਰੇ ਖਾੜਕੂਆਂ ਨੇ ਪਿੰਡ ਦੇ ਬਰੋਟੇ ਹੇਠ ਭੰਗੜਾ ਪਾਇਆ। ਤਰ੍ਹਾਂ-ਤਰ੍ਹਾਂ ਦੇ ਬੋਲੇ ਗਜਾਏ ਤੇ ਪੁਲਿਸ ਨੂੰ ਲਲਕਾਰੇ ਮਾਰੇ। ਘੰਟਾ ਕੁ ਭਰ ਉੱਥੇ ਜਸ਼ਨ ਮਨਾ ਕੇ ਉਹ ਉੱਥੋਂ ਆਰਾਮ ਨਾਲ ਗਏ। ਪੁਲਿਸ ਉਹਨਾਂ ਦੇ ਜਾਣ ਤੋਂ ਬਾਅਦ ਉੱਥੇ ਪਹੁੰਚੀ। ਦੂਜੇ ਦਿਨ ਸਵੇਰੇ ਭੈਣ ਤੇ ਭਰਾ ਇਕੱਠਿਆਂ ਹੀ ਦਾਗ਼ ਦਿੱਤੇ ਗਏ।

ਉਜਾਗਰ ਮੱਲ ਨੂੰ ਹੁਣ ਸਮਝ ਆ ਰਹੀ ਸੀ ਖਾੜਕੂਵਾਦ ਵਿੱਚੋਂ ਇਸ ਨਵੀਂ ਕਿਸਮ ਦੀ ਸਮਾਜ ਸੁਧਾਰ ਦੀ ਲਹਿਰ ਨੇ ਕਿਉਂ ਜਨਮ ਲਿਆ ਸੀ। ਉਸਦੀਆਂ ਅੱਖਾਂ ਮੂਹਰੇ ਓਹੀ ਖਾੜਕੂ ਕੈਦੀ ਘੁੰਮ ਰਿਹਾ ਸੀ ਜਿਹੜਾ ਉਸਦੇ ਸੈਂਟਰ ਵਿੱਚ ਜੇਲ੍ਹ 'ਚੋਂ ਪਰਚੇ ਦੇਣ ਆਇਆ ਸੀ। ਉਹ ਸੋਚਦਾ ਸੀ ਜਦ ਇਸ ਪ੍ਰਕਾਰ ਦੇ ਅਸਲੀ ਕਿਸਮ ਦੇ ਜੁਝਾਰੂਆਂ ਨੇ ਦੇਖਿਆ ਕਿ ਉਹਨਾਂ ਦੇ ਨਾਂ ਤੇ ਬਾਹਰ ਹੋਰ ਈ ਨਕਲੀ ਬੰਦੇ ਪੈਦਾ ਹੋ ਗਏ ਸਨ ਜਿਹੜੇ ਪਰਚੇ ਵੀ ਡਰਾਵਾ ਦੇ ਦੇ ਕੇ ਨਕਲ ਮਾਰ ਕੇ ਕਰ ਰਹੇ ਸਨ ਤੇ ਹੋਰ ਲੁੱਟਾਂ ਖੋਹਾਂ ਵੀ ਕਰ ਰਹੇ ਸਨ ਤਾਂ ਉਹਨਾਂ ਦੀਆਂ ਉਪਰਲੀਆਂ ਸਫ਼ਾਂ ਨੇ ਸਮਾਜ ਸੁਧਾਰ ਦੀ ਲਹਿਰ ਦੇ ਆਦੇਸ਼ ਜਾਰੀ ਕਰ ਦਿੱਤੇ ਹੋਣਗੇ। ਇਸ ਸਮਾਜ ਸੁਧਾਰ ਤਹਿਤ ਸ਼ਰਾਬ ਦੇ ਠੇਕੇ ਬੰਦ ਕਰਵਾ ਦਿੱਤੇ ਗਏ, ਮੀਟ ਦੇ ਖੋਖੇ ਬੰਦ ਕਰਾ ਦਿੱਤੇ ਗਏ, ਲੁਟੇਰਿਆਂ ਨੂੰ ਵੀ ਸੋਧਿਆ ਜਾਣ ਲੱਗਾ ਤੇ ਹੋਰ ਮਾੜੇ ਕਰਮ ਕਰਨ ਵਾਲਿਆਂ ਦੀ ਵੀ ਸ਼ਾਮਤ ਆ ਗਈ। ਐਸੀ ਹਫੜਾ ਦਫੜੀ ਮੱਚ ਗਈ ਕਿ ਪਤਾ ਹੀ ਨਾ ਲੱਗੇ ਕਿ ਅਸਲੀ ਕੌਣ ਏ ਤੇ ਨਕਲੀ ਕੌਣ ਏ। ਇਸ ਪ੍ਰਕਾਰ ਦੀ ਹਫੜਾ ਦਫੜੀ ਵਿੱਚ ਕੋਈ ਵੀ ਕਿਸੇ ਵੀ ਸਮੇਂ ਮਾਰਿਆ ਜਾ ਸਕਦਾ ਸੀ। ਪੁਲਿਸ ਵੀ ਭੰਬਲਭੂਸੇ ਵਿੱਚ ਪਈ ਰਹਿੰਦੀ ਸੀ। ਪੁਲਿਸ ਹੱਥੋਂ ਕਈ ਬੇਕਸੂਰ ਲੋਕਾਂ ਦੀ ਵੀ ਖਿੱਚ ਧੂਹ ਹੁੰਦੀ ਰਹੀ। ਮਿਸਾਲ ਦੇ ਤੌਰ ਤੇ ਜੇ ਪੁਲਿਸ ਸਰਵਣ ਸਿੰਘ ਜਿਹੇ ਬੰਦੇ ਨੂੰ ਲਿਜਾ ਕੇ ਥਾਣੇ ਬਿਠਾ ਲਵੇ ਤੇ ਕਹੇ-ਦੱਸ ਉਹ ਬੰਦੇ ਕੌਣ ਸਨ ਜਿਹਨਾਂ ਨੇ ਉਸਤੋਂ ਰਾਹ ਪੁੱਛਿਆ ਸੀ ਤਾਂ ਸਰਵਣ ਸਿੰਘ ਕੀ ਜਵਾਬ ਦੇਵੇਗਾ। ਜੇ ਕੋਈ ਬੰਦੇ ਰਾਤ ਸਮੇਂ ਆ ਕੇ ਕਿਸੇ ਦੇ ਘਰ ਦਾ ਦਰਵਾਜ਼ਾ ਖੜਕਾ ਦੇਣ ਤੇ ਕਹਿਣ ਕਿ ਰੋਟੀ ਤਿਆਰ ਕਰੋ ਤਾਂ ਘਰ ਵਾਲੇ ਕੀ ਕਰ ਸਕਦੇ ਸਨ? ਉਹ ਤਾਂ ਦੋਹਾਂ ਪਾਸਿਆਂ ਤੋਂ ਔਖੇ-ਪੁਲਿਸ ਵਲੋਂ ਵੀ ਤੇ ਹਥਿਆਰ ਬੰਦ ਬੰਦਿਆਂ ਵਲੋਂ ਵੀ। ਅਜਿਹੇ ਬੰਦਿਆਂ ਨੂੰ ਪੁਲਿਸ ਪਕੜ ਕੇ ਲੈ ਜਾਂਦੀ ਸੀ। ਤੰਗ ਕਰਦੀ ਸੀ ਤੇ ਇਹਨਾਂ ਪਾਸੋਂ ਪੈਸੇ ਵੀ ਬਟੋਰ ਲੈਂਦੀ ਸੀ। ਕਈ ਵਾਰ ਅਣਮਨੁੱਖੀ ਤਸੀਹੇ ਵੀ ਦਿੱਤੇ ਜਾਂਦੇ ਸਨ ਤੇ ਪੁਲਿਸ ਹਿਰਾਸਤ ਵਿੱਚ ਹੀ ਕਈਆਂ ਦੀਆਂ ਮੌਤਾਂ ਹੋ ਜਾਂਦੀਆਂ ਸਨ। ਜਦ ਉਜਾਗਰ ਮੱਲ ਸੁੱਤਾ ਤਾਂ ਉਸਨੂੰ ਇਕ ਸੁਪਨਾ ਆਇਆ ਜੇ ਮੈਂ ਸੈਂਟਰ ਵਿੱਚੋਂ ਛੁੱਟੀ ਨਾ ਕਰਦਾ ਤਾਂ ਸ਼ਾਇਦ ਮੈਂ ਅੱਜ ਮਾਰਿਆ ਜਾਂਦਾ...ਕੀ ਪਤਾ ਇਹ ਮੁੰਡੇ ਅਸਲੀ ਸਨ ਜਾਂ ਨਕਲੀ...ਹੋ ਸਕਦਾ ਏ ਕਈ ਕਾਲਜ ਦੇ ਮੁੰਡਿਆਂ ਦੇ ਵੀ ਇਹਨਾਂ ਨਾਲ ਲਿੰਕ ਹੋਣ...ਸੈਂਟਰ ਦੀ ਨਕਲ ਦੀ ਗੱਲ ਛੱਡੋ ਇਹ ਤਾਂ ਸ਼ਰਾਬ ਵੀ ਬੰਦ ਕਰਾ ਰਹੇ ਹਨ ਜੇ ਡਿਊਟੀ ਕਰਦਾ

ਰਹਿੰਦਾ ਤਾਂ ਸ਼ਰਾਬ ਤਾਂ ਕਦੀ ਕਦੀ ਪੀ ਹੀ ਹੋ ਜਾਇਆ ਕਰਨੀ ਸੀ...ਇਹ ਤਾਂ ਕਿਸੇ ਨੂੰ ਮਾਰਨ ਲਈ ਸ਼ਰਾਬ ਪੀਤੀ ਹੋਣ ਦਾ ਕਾਰਨ ਵੀ ਬਣਾ ਸਕਦੇ ਹਨ...ਜੇ ਮੈਂ ਅੱਜ ਸ਼ਰਾਬ ਪੀਤੀਓ ਹੁੰਦੀ ਤੇ ਉਹ ਮੇਰਾ ਦਰਵਾਜ਼ਾ ਖੜਕਾ ਦਿੰਦੇ, ਪਹਿਲਾਂ ਵੀ ਤਾਂ ਮੈਂ ਪਰਚੇ ਦੇਖ ਕੇ ਵਾਪਿਸ ਆਉਂਦਾ ਹੋਇਆ ਪੀ ਹੀ ਲੈਂਦਾ ਸੀ ਅੱਜ ਵੀ ਮੈਂ ਉਸ ਵੇਲੇ ਪੀਣ ਹੀ ਵਾਲਾ ਸੀ ਜਦ ਉਹ ਮੇਰੇ ਘਰ ਮੂਹਰਿਓਂ ਲੰਘੇ ਸਨ ਜਿਹੜੀ ਮੈਂ ਸ਼ਰਾਬ ਦੀ ਬੋਤਲ ਲੈ ਕੇ ਆਇਆ ਹਾਂ ਉਹ ਭੰਨ ਹੀ ਦੇਣੀ ਚਾਹੀਦੀ ਏਸ਼ਰਾਬ ਤੋਂ ਤੋਬਾ ਕਰ ਲੈਣੀ ਚਾਹੀਦੀ ਏ-ਬਸ ਵਿੱਚ ਵੀ ਸ਼ਰਾਬ ਪੀ ਕੇ ਨਹੀਂ ਬੈਠਣਾ ਚਾਹੀਦਾ...ਮੈਂ ਤਾਂ ਪ੍ਰਸ਼ੋਤਮ ਨੂੰ ਵੀ ਚੁਕੰਨਾ ਰਹਿਣ ਲਈ ਕਹਾਂਗਾ ਉਹ ਕਈ ਵਾਰ ਘੁੱਟ ਲਾ ਕੇ ਬੱਸ ਚੜ੍ਹ ਜਾਂਦਾ ਏ। ਸੋਫੀ ਨੂੰ ਤਾਂ ਉਹ ਚੇਤਾਵਨੀ ਦੇ ਕੇ ਵੀ ਛੱਡ ਸਕਦੇ ਹਨ ਸ਼ਰਾਬੀ ਨੂੰ ਬਿਲਕੁਲ ਵੀ ਨਹੀਂ ਛੱਡਣਗੇ। ਚੰਡੀਗੜ੍ਹ ਸਸਤੀ ਮਿਲ ਜਾਂਦੀ ਏ। ਬੰਦਾ ਸੋਚਦਾ ਚਲੋ ਇੱਕ ਦੋ ਬੋਤਲਾਂ ਲੈ ਹੀ ਚਲਦੇ ਤਾਂ, ਪੰਜਾਬ ਵਿੱਚ ਤਾਂ ਹਰ ਚੀਜ਼ ਨੂੰ ਅੱਗ ਲੱਗੀ ਪਈ ਏ ਜਿੰਨਾਂ ਅਮੀਰ ਸੂਬਾ ਓਨੀਆਂ ਹੀ ਮਹਿੰਗੀਆਂ ਚੀਜਾਂ। ਸਵੇਰੇ ਪ੍ਰਸ਼ੋਤਮ ਉਜਾਗਰ ਮੱਲ ਦਾ ਹਾਲ ਚਾਲ ਪੁੱਛਣ ਆ ਗਿਆ। ਜਦ ਉਸਨੂੰ ਪਤਾ ਲੱਗਾ ਕਿ ਉਜਾਗਰ ਮੱਲ ਨੇ ਤਾਂ ਹਥਿਆਰਬੰਦ ਮੁੰਡਿਆਂ ਦੇ ਦਰਸ਼ਨ ਕਰ ਲਏ ਹਨ ਤਾਂ ਉਹ ਬਹੁਤ ਹੈਰਾਨ ਹੋਇਆ। ਉਜਾਗਰ ਨੇ ਉਸਨੂੰ ਚੁਕੰਨਾ ਰਹਿਣ ਲਈ ਵੀ ਕਿਹਾ। ਨਾਲ ਹੀ ਉਸਨੇ ਯੂਨੀਵਰਸਿਟੀ ਵਿਖੇ ਪਰਚੇ ਦੇਖਦੇ ਸਮੇਂ ਪੇਸ਼ ਆਈ ਇੱਕ ਘਟਨਾ ਤੇ ਵੀ ਚਾਨਣਾ ਪਾਇਆ।

"ਪ੍ਰਸ਼ੋਤਮ, ਪਰਸੋਂ ਲੁਧਿਆਣੇ ਦੇ ਇੱਕ ਕਾਲਜ ਦਾ ਇੱਕ ਪ੍ਰੋਫ਼ੈਸਰ ਸਾਡੇ ਪਾਸ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ਦੇ ਸਾਹਮਣੇ ਆਇਆ। ਅਸੀਂ ਉਸ ਸਮੇਂ ਟੇਬਲ ਮਾਰਕਿੰਗ ਲਈ ਅੰਦਰ ਜਾਣ ਵਾਲੇ ਸਾਂ। ਸਾਡੇ ਵਿੱਚੋਂ ਤਿੰਨ ਚਾਰ ਅਗਜ਼ਾਮੀਨਰਾਂ ਦਾ ਤਾਂ ਉਹ ਪਹਿਲਾਂ ਤੋਂ ਵਾਕਫ਼ ਸੀ। ਬਾਕੀਆਂ ਨਾਲ ਉਹਨੇ ਉੱਥੇ ਪਹੁੰਚੇ ਕੇ ਵਾਕਫ਼ੀਅਤ ਕੱਢ ਲਈ। ਕਿਸੇ ਵਿਦਿਆਰਥੀ ਦੇ ਪਰਚੇ ਵਿੱਚ ਵੱਧ ਨੰਬਰ ਲਗਵਾਉਣੇ ਸਨ। ਉਸਨੇ ਇਹ ਪਤਾ ਕਰਵਾਇਆ ਹੋਇਆ ਸੀ ਕਿ ਇਹ ਪਰਚਾ ਚੰਡੀਗੜ੍ਹ ਵਾਲੇ ਲਾਟ ਵਿੱਚ ਹੀ ਏ। ਤੁਹਾਨੂੰ ਪਤਾ ਏ ਕਿ ਅਸਲੀ ਰੋਲ ਨੰਬਰ ਤਾਂ ਸੀਕਰੇਸੀ ਬਰਾਂਚ (Secrecy Branch) ਵਾਲੇ ਫਾੜ ਲੈਂਦੇ ਨੇ। ਉਹਨਾਂ ਦੀ ਥਾਂ 'ਤੇ ਨਕਲੀ ਰੋਲ ਨੰਬਰ ਲਾਏ ਹੋਏ ਹੁੰਦੇ ਹਨ।"

"ਸਰ ਜੀ, ਜਦ ਤੁਹਾਨੂੰ ਰੋਲ ਨੰਬਰ ਦਾ ਹੀ ਪਤਾ ਨਹੀਂ ਤਾਂ ਤੁਸੀਂ ਉੱਤਰ ਪੱਤਰੀ ਨੂੰ ਪਛਾਣ ਕਿਵੇਂ ਸਕਦੇ ਹੋ?"

"ਪ੍ਰਸ਼ੋਤਮ ਜੀ, ਉਸਨੇ ਇਕ ਨਵੀਂ ਹੀ ਪਛਾਣ ਦੱਸ ਦਿੱਤੀ।"

"ਉਹ ਕੀ?"

"ਕਹਿੰਦਾ, ਵਿਦਿਆਰਥੀ ਨੇ ਉੱਤਰ ਪੱਤਰੀ ਨਾਲ ਇੱਕ ਹੋਰ ਸ਼ੀਟ ਵੀ ਨੱਥੀ ਕੀਤੀ ਹੋਈ ਏ। ਨੱਥੀ ਕਰਨ ਲਈ ਉਸਨੇ ਚਾਰ ਧਾਗੇ ਲਗਾਏ ਹੋਏ ਹਨ। ਨਾਲੇ ਇਹ ਧਾਗੇ ਨੀਲੀ



ਸਿਆਹੀ ਨਾਲ ਰੰਗੇ ਹੋਏ ਵੀ ਹਨ। ਜਿਹੜਾ ਵੀ ਪਰਚਾ ਅਜਿਹਾ ਆਵੇ ਉਸਨੂੰ ਕ੍ਰਿਪਾ ਕਰਕੇ ਨਰਮੀ ਨਾਲ ਦੇਖ ਕੇ ਵੱਧ ਤੋਂ ਵੱਧ ਨੰਬਰ ਲਗਾ ਦੇਣੇ।

ਉਹ ਸਾਡੇ ਸਾਰਿਆਂ ਦੀਆਂ ਮਿੰਨਤਾਂ ਹੀ ਕਰਦਾ ਰਿਹਾ। ਨਾਲ ਹੀ ਉਸਨੇ ਸਾਨੂੰ ਸ਼ਾਮ ਦੇ ਖਾਣੇ ਵਾਸਤੇ ਵੀ ਨਿਉਂਦਾ ਦੇ ਦਿੱਤਾ।

"ਫਿਰ ਕੀ ਤੁਸੀਂ ਭੋਜਨ ਕੀਤਾ?"

"ਜਦ ਅਸੀਂ ਸ਼ਾਮ ਨੂੰ ਪ੍ਰਬੰਧਕੀ ਬਲਾਕ ਵਿੱਚੋਂ ਬਾਹਰ ਨਿਕਲੇ ਤਾਂ ਉਹ ਸਾਨੂੰ ਉੱੜ ਕੇ ਮਿਲਿਆ। ਸਾਡੇ ਵਿੱਚੋਂ ਭੋਗਲ ਸਾਹਿਬ ਤਾਂ ਉਸਨੂੰ ਮਿਲਦੇ ਸਾਰ ਹੀ ਕਹਿਣ ਲੱਗ ਪਏ ਕਿ ਪਰਚਾ ਉਸ ਪਾਸ ਆਇਆ ਸੀ ਤੇ ਉਸਨੇ ਉਸਦੇ ਫਸਟ ਡਿਵੀਜ਼ਨ ਦੇ ਨੰਬਰ ਵੀ ਲਗਾ ਦਿੱਤੇ ਸਨ। ਅਗਰ ਉਹ ਉਸ ਪਰਚੇ ਨੂੰ ਇਮਾਨਦਾਰੀ ਨਾਲ ਦੇਖਦਾ ਤਾਂ ਸੌ ਵਿੱਚੋਂ ਮਸਾਂ 40 ਕੁ ਨੰਬਰ ਆਉਣੇ ਸਨ। ਭੋਗਲ ਸਾਹਿਬ ਨੇ ਉਸਨੂੰ 62 ਨੰਬਰ ਦੇ ਦਿੱਤੇ ਸਨ। ਫਿਰ ਉਹ ਸਾਨੂੰ ਅੱਠ ਜਣਿਆਂ ਨੂੰ 15 ਸੈਕਟਰ ਦੇ ਇੱਕ ਰੇਸਟੋਰੈਂਟ ਵਿੱਚ ਲੈ ਗਿਆ। ਅਸਾਂ ਸਭ ਨੇ ਡਿਨਰ ਕੀਤਾ ਤੇ ਗੱਪਾਂ ਸ਼ੱਪਾਂ ਮਾਰੀਆਂ। ਸਾਰਿਆਂ ਦਾ ਬਿੱਲ ਉਸਨੇ ਦਿੱਤਾ ਤੇ ਨਾਲੇ ਉਸਨੇ ਸਾਡਾ ਸਾਰਿਆਂ ਦਾ ਧੰਨਵਾਦ ਕੀਤਾ।"

"ਫਿਰ ਤਾਂ ਉਹ ਆਪਣੀ ਸਕੀਮ ਵਿੱਚ ਪੂਰਾ ਕਾਮਯਾਬ ਹੋ ਗਿਐ। ਪਰਚਾ ਕਿਸਦਾ ਸੀ?"

"ਕਹਿੰਦਾ ਸੀ, ਉਸਦਾ ਕੋਈ ਮਿੱਤਰ ਡਾਕਟਰ ਏ। ਪਰਚਾ ਉਸ ਡਾਕਟਰ ਦੀ ਲੜਕੀ ਦਾ ਸੀ।"

"ਇਸਦਾ ਮਤਲਬ ਇਹ ਕਿ ਡਾਕਟਰ ਨੇ ਚੋਖੇ ਪੈਸੇ ਦੇ ਕੇ ਉਸਨੂੰ ਤੁਹਾਨੂੰ ਡਿਨਰ ਕਰਵਾਉਣ ਲਈ ਭੇਜਿਆ ਸੀ।"

"ਲਗਦਾ ਤਾਂ ਇੰਝ ਹੀ ਏ। ਤੁਸੀਂ ਵੀ ਤਾਂ ਸ਼ੁਰੂ ਸ਼ੁਰੂ ਵਿੱਚ ਦੋ ਕੰਡਕਟਰ ਉਮੀਦਵਾਰਾਂ ਤੋਂ ਸ਼ਰਾਬ ਲਈ ਹੀ ਸੀ।"

"ਸਰ ਜੀ, ਮੈਂ ਕੋਈ ਮੁਕਰਦਾ ਥੋੜ੍ਹਾਂ ਵਾਂ। ਇੰਝ ਸਭ ਪਾਸੇ ਚਲਦਾ ਹੀ ਏ। ਤੁਹਾਨੂੰ ਇੱਕ ਹੋਰ ਗੱਲ ਦਾ ਪਤਾ ਨਹੀਂ ਲੱਗਾ?"

"ਉਹ ਕੀ?"

"ਉਹ ਆਪਣੇ ਅੰਗਰੇਜ਼ੀ ਵਾਲੇ ਪ੍ਰੋਫ਼ੈਸਰ ਬਾਜਵਾ ਸਾਹਿਬ ਨਾਲ ਅਜੀਬ ਹੀ ਘਟਨਾ ਵਾਪਰੀ। ਤੁਹਾਨੂੰ ਪਤਾ ਏ ਉਹਨਾਂ ਦਾ ਆਪਣਾ ਨਿੱਜੀ ਸਕੂਲ ਏ। ਉਹਨਾਂ ਦੀ ਘਰਵਾਲੀ ਇਹ ਸਕੂਲ ਚਲਾਉਂਦੀ ਏ।"

"ਹਾਂ, ਮੈਨੂੰ ਪਤਾ ਏ, ਸਕੂਲ ਵੀ ਹੁਣ ਕਾਫੀ ਚਲਦਾ ਏ। ਉਹਦੇ ਨਾਲ ਕੀ ਵਾਪਰ ਗਿਐ?"

"ਜਿਸ ਦਿਨ ਬੀ. ਏ. ਭਾਗ ਤੀਜਾ ਦਾ ਅੰਗਰੇਜ਼ੀ ਦਾ ਬੀ ਪਰਚਾ ਸੀ ਉਸ ਦਿਨ

ਉਹਨਾਂ ਦੇ ਸਕੂਲ ਦੇ ਮੂਹਰੇ ਪੁਲਿਸ ਦੀ ਜੀਪ ਆ ਖੜ੍ਹੀ ਹੋਈ। ਚਾਰ ਸਿਪਾਹੀ ਤੇ ਨਾਲ ਥਾਣੇਦਾਰਠ। ਸਕੂਲ ਦਾ ਸਾਰਾ ਸਟਾਫ ਹੱਕਾ ਬੱਕਾ। ਅਧਿਆਪਕਾਵਾਂ ਕਮਰਿਆਂ ਦੇ ਮੂਹਰੇ ਖੜ੍ਹੀਆਂ ਸੋਚਣ ਪਤਾ ਨਹੀਂ ਬਾਜਵਾ ਸਾਹਿਬ ਨੇ ਕੀ ਕੁਤਾਹੀ ਕਰ ਦਿੱਤੀ ਕਿ ਪੁਲਿਸ ਦਗੜ ਦਗੜ ਕਰਦੀ ਸਕੂਲ ਵਿੱਚ ਆ ਢੁੱਕੀ ਜਾਂ ਫਿਰ ਸਕੂਲ ਵਿੱਚ ਕਿਸੇ ਨੇ ਕੋਈ ਐਸੀ ਕਰਤੂਤ ਕੀਤੀ ਹੋਊ ਕਿ ਪੁਲਿਸ ਉਸਨੂੰ ਫੜਨ ਆਈ ਹੋਓ। ਬਾਜਵਾ ਸਾਹਿਬ ਦੀ ਪਤਨੀ ਵੀ ਹੈਰਾਨ ਪ੍ਰੇਸ਼ਾਨ। ਬਾਜਵਾ ਸਾਹਿਬ ਦੀ ਖੁਦ ਵੀ ਉਸ ਦਿਨ ਡਿਊਟੀ ਨਹੀਂ ਸੀ। ਜਦ ਉਹਨਾਂ ਨੂੰ ਸਕੂਲ ਦੇ ਪਿਛਲੇ ਪਾਸੇ ਉਹਨਾਂ ਦੇ ਘਰ ਜਾ ਕੇ ਪੁਲਿਸ ਦੇ ਆਉਣ ਬਾਰੇ ਦੱਸਿਆ ਗਿਆ ਤਾਂ ਉਹ ਵੀ ਹੈਰਾਨ ਪ੍ਰੇਸ਼ਾਨ। ਉਹ ਸੋਚੀ ਜਾਣ ਕਿ ਥੋੜ੍ਹੀ ਦੇਰ ਪਹਿਲਾਂ ਖ਼ਤਮ ਹੋਏ ਪਲੱਸ ਟੂ ਦੇ ਇਮਤਿਹਾਨ ਵਿੱਚ ਉਹਨਾਂ ਤੋਂ ਕੁੱਝ ਪ੍ਰਾਈਵੇਟ ਮੁੰਡਿਆਂ ਨੇ ਆਪਣੀ ਮਦਦ ਕਰਵਾਈ ਸੀ, ਕਿਤੇ ਪੁਲਿਸ ਉਹਨਾਂ ਬਾਰੇ ਪਤਾ ਕਰਨ ਨਾ ਆ ਗਈ ਹੋਵੇ। ਉਹ ਮੁੰਡੇ ਪ੍ਰਾਈਵੇਟ ਉਮੀਦਵਾਰ ਸਨ ਤੇ ਨਾਲ ਦੇ ਜ਼ਿਲ੍ਹੇ ਦੇ ਕਿਸੇ ਪਿੰਡ ਵਿੱਚੋਂ ਉਹਨਾਂ ਦੇ ਕਾਲਜ ਦੇ ਸੈਂਟਰ ਵਿੱਚ ਕੰਪਾਰਟਮੈਂਟ ਦੇ ਪੇਪਰ ਦੇਣ ਆਏ ਸਨ।"

"ਪ੍ਰਸ਼ੋਤਮ ਜੀ, ਤੁਸੀਂ ਤਾਂ ਲੰਬੀਆਂ ਕਹਾਣੀਆਂ ਪਾਈ ਜਾ ਰਹੇ ਹੋ। ਦੱਸੋ ਤਾਂ ਸਹੀ, ਪੁਲਿਸ ਦੇ ਆਉਣ ਤੇ ਕੀ ਹੋਇਆ?"

"ਬਾਜਵਾ ਸਾਹਿਬ, ਘਰੋਂ ਸਕੂਲ ਵਲ ਆਏ ਤੇ ਉਹਨਾਂ ਨੇ ਪੁਲਿਸ ਨਾਲ ਮੁਲਾਕਾਤ ਕੀਤੀ। ਥਾਣੇਦਾਰ ਸਾਹਿਬ ਨੂੰ ਤੇ ਸਿਪਾਹੀਆਂ ਨੂੰ ਸਕੂਲ ਦੇ ਦਫ਼ਤਰ ਵਿੱਚ ਬਿਠਾ ਲਿਆ"

"ਕੀ ਹਾਲ ਚਾਲ ਏ? ਸੁਣਿਐ ਸਕੂਲ ਤਾਂ ਕਾਫ਼ੀ ਅੱਛਾ ਚੱਲ ਰਿਹਾ ਏ?" ਥਾਣੇਦਾਰ ਸਾਹਿਬ ਬੋਲੇ।

"ਸਭ ਠੀਕ ਏ, ਜਨਾਬ। ਕੀ ਖਿਦਮਤ ਕਰ ਸਕਦਾ ਹਾਂ ਵੀਰ ਜੀ?"

"ਬੱਸ ਕੁੱਝ ਨਹੀਂ। ਅਸੀਂ ਸੋਚਿਆ, ਪ੍ਰੋਫ਼ੈਸਰ ਸਾਹਿਬ ਦੇ ਦਰਸ਼ਨ ਹੀ ਕਰ ਆਈਏ।"

"ਬਾਜਵਾ ਸਾਹਿਬ ਇਸ ਵਾਰਤਾਲਾਪ ਤੋਂ ਬਾਅਦ ਕੁੱਝ ਡਰ ਗਏ। ਥਾਣੇਦਾਰ ਦਾ ਬੋਲਿਆ ਸ਼ਬਦ 'ਦਰਸ਼ਨ' ਉਹਨਾਂ ਦੇ ਜਿਹਨ ਵਿੱਚ ਦਰਜਨ ਪ੍ਰਸ਼ਨ ਚਿੰਨ੍ਹ ਖੜ੍ਹੇ ਕਰ ਗਿਆ।"

"ਜਨਾਬ, ਕੀ ਸੇਵਾ ਕਰ ਸਕਦਾ ਹਾਂ? ਬਾਜਵਾ ਸਾਹਿਬ ਨੇ ਫਿਰ ਪੁੱਛਿਆ।"

ਫਿਰ ਥਾਣੇਦਾਰ ਬੋਲਿਆ, "ਬਾਜਵਾ ਸਾਹਿਬ, ਮੁਆਫ਼ ਕਰਨਾ। ਅੱਜ ਦੇ ਹਾਲਾਤ ਵਿੱਚ ਸਾਡਾ ਕਿਤੇ ਵੀ ਆਉਣਾ ਆਫਤ ਸਮਝਿਆ ਜਾਂਦਾ ਏ। ਪਰ ਸਾਡਾ ਤੁਹਾਡੇ ਪਾਸ ਆਉਣਾ ਐਸਾ ਨਹੀਂ। ਦਰਅਸਲ ਗੱਲ ਇਹ ਹੈ ਕਿ ਮੇਰੀ ਲੜਕੀ ਸ਼ਹਿਰ ਦੇ ਇੱਕ ਸੈਂਟਰ ਵਿੱਚ ਬੀ. ਏ. ਦੇ ਆਖ਼ਰੀ ਸਾਲ ਦਾ ਪਰਚਾ ਦੇ ਰਹੀ ਏ। ਅੱਜ ਉਸਦਾ ਅੰਗਰੇਜ਼ੀ ਦਾ ਵਿਆਕਰਣ ਵਾਲਾ ਪਰਚਾ ਏ। ਸੁਣਿਆ ਪਰਚਾ ਕਾਫੀ ਔਖਾ ਆਇਆ ਏ। ਸਾਨੂੰ ਪਤਾ



ਲੱਗਾ ਏ ਕਿ ਤੁਸੀਂ ਆਪਣੇ ਕਾਲਜ ਵਿੱਚ ਇਸ ਜਮਾਤ ਨੂੰ ਅੰਗਰੇਜ਼ੀ ਪੜ੍ਹਾਉਂਦੇ ਹੋ। ਤੁਸੀਂ ਇਹ ਪਰਚਾ ਜਲਦੀ ਹੱਲ ਕਰ ਸਕਦੇ ਹੋ। ਅਸੀਂ ਪਰਚਾ ਆਊਟ ਕਰਵਾ ਕੇ ਨਾਲ ਲੈ ਕੇ ਆਏ ਹਾਂ। ਬਾਜਵਾ ਸਾਹਿਬ ਬਸ ਤਿੰਨ ਕੁ ਸਵਾਲ ਹੱਲ ਕਰ ਦਿਓ। ਅਸੀਂ ਇਹ ਸਵਾਲ ਘੰਟੇ ਕੁ ਵਿੱਚ ਲੜਕੀ ਨੂੰ ਅੰਦਰ ਪਹੁੰਚਾਉਣੇ ਹਨ। ਸੁਪਰਡੈਂਟ ਸਾਡਾ ਵਾਕਫ਼ ਏ।"

"ਪ੍ਰਸ਼ੋਤਮ ਜੀ, ਖੋਦਾ ਪਹਾੜ ਨਿਕਲਾ ਚੂਹਾ। ਐਨੀ ਲੰਬੀ ਕਹਾਣੀ ਪਾਉਣ ਦੀ ਕੀ ਜ਼ਰੂਰਤ ਸੀ।"

"ਸਰ ਜੀ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਸੀ ਕਿ ਸਕੂਲ ਵਿੱਚ ਸਾਰੇ ਲੋਕ ਕਿਵੇਂ ਡਰ ਗਏ।"

"ਇਸਦਾ ਮਤਲਬ, ਆਖਰ ਵਿੱਚ ਤਾਂ ਬਾਜਵਾ ਸਾਹਿਬ ਦੇ ਨੰਬਰ ਬਣ ਗਏ। ਪੁਲਿਸ ਨੂੰ ਉਹਨਾਂ ਤੱਕ ਲੋੜ ਸੀ ਤਾਂ ਹੀ ਉਹਨਾਂ ਪਾਸ ਆਈ। ਕੀ ਫਿਰ ਉਹ ਸਵਾਲ ਹੱਲ ਕਰਵਾ ਕੇ ਲੈ ਗਏ?"

"ਬਿਲਕੁਲ ਬਾਜਵਾ ਸਾਹਿਬ ਨੇ ਤਿੰਨ ਦੀ ਬਜਾਏ ਚਾਰ ਸਵਾਲ ਹੱਲ ਕਰ ਦਿੱਤੇ। ਨਾਲੇ ਅਗਾਂਹ ਲਈ ਐੱਸ. ਐੱਚ. ਓ. ਸਾਹਿਬ ਨਾਲ ਵਾਕਫ਼ੀਅਤ ਹੋ ਗਈ।"

"ਇਸਦਾ ਮਤਲਬ, ਬਾਜਵਾ ਸਿਆਣਾ ਨਿਕਲਿਆ? ਜੇ ਉਸਦੀ ਥਾਂ ਤੇ ਪਤਵੰਤ ਸਿੰਘ ਹੁੰਦਾ ਫਿਰ ਕੀ ਬਣਦਾ?"

"ਪਤਵੰਤ ਜਹਿਆਂ ਨੂੰ ਕੋਈ ਇੰਝ ਕਰਨ ਲਈ ਕਹਿੰਦਾ ਹੀ ਨਹੀਂ ਹੁੰਦਾ। ਲੋਕ ਬੰਦਾ ਦੇਖ ਕੇ ਉਸ ਤੱਕ ਪਹੁੰਚ ਕਰਦੇ ਨੇ।"

"ਗੱਲ ਤਾਂ ਤੁਹਾਡੀ ਠੀਕ ਏ।"

# ਕਾਂਡ ਤੇਰ੍ਹਾਂ

"ਸਰ ਜੀ, ਪਰਚਿਆਂ ਬਾਰੇ ਹੋਰ ਕੋਈ ਗੱਲਬਾਤ? ਤੁਸੀਂ ਤਾਂ ਕਈ ਸਾਲਾਂ ਤੋਂ ਪਰਚੇ ਲੈ ਵੀ ਰਹੇ ਹੋ ਤੇ ਦੇਖ ਵੀ ਰਹੇ ਹੋ।"

"ਹਾਂ, ਮੈਨੂੰ ਇੱਕ ਗੱਲ ਯਾਦ ਆ ਗਈ। ਕਈ ਵਾਰ ਅਜੀਬ ਜਿਹੀਆਂ ਗੱਲਾਂ ਵਾਪਰ ਜਾਂਦੀਆਂ ਨੇ।"

"ਕੀ ਅਜੀਬ ਵਾਪਰ ਗਿਆ, ਸਰ ਜੀ?"

"ਮੇਰਾ ਇਕ ਦੋਸਤ ਏ ਨਾਲ ਦੇ ਕਾਲਜ ਵਿੱਚ ਪੰਜਾਬੀ ਪੜ੍ਹਾਉਂਦਾ ਏ। ਉਸਨੇ ਇੱਕ ਕਹਾਣੀ ਸੰਗ੍ਰਹਿ ਛਪਵਾਇਆ। ਪੁਸਤਕ ਦਾ ਨਾਂ ਰੱਖਿਆ "ਗੁਆਚੀ ਮੁਸਕਾਨ।" ਆਪਣੀ ਕੋਸ਼ਿਸ਼ ਨਾਲ ਉਸਨੇ ਤਿੰਨ ਕੁ ਸੌ ਕਾਪੀ ਵੇਚੀ। ਦੋ ਕੁ ਸੌ ਕਾਪੀ ਉਸਦੇ ਪ੍ਰਕਾਸ਼ਕ ਨੇ ਵੇਚੀ। ਪੁਸਤਕ ਵੇਚੀ ਵੀ ਆਪਣੇ ਇਲਾਕੇ ਵਿੱਚ ਹੀ।"

"ਸਰ ਜੀ, ਆਪ ਪੁਸਤਕ ਵੇਚਣੀ ਤਾਂ ਬੜਾ ਮੁਸ਼ਕਲ ਕੰਮ ਏ। ਵੇਚਣ ਦਾ ਕੰਮ ਤਾਂ ਸਹੀ ਅਰਥਾਂ ਵਿੱਚ ਪ੍ਰਕਾਸ਼ਕ ਹੀ ਕਰ ਸਕਦੇ ਹਨ। ਜਦ ਪ੍ਰਕਾਸ਼ਕ ਲਾਇਬਰੇਰੀਆਂ ਨੂੰ ਪੁਸਤਕਾਂ ਭੇਜਦੇ ਹਨ ਤਾਂ ਉਹ ਮਸ਼ਹੂਰ ਕਿਤਾਬਾਂ ਦੇ ਨਾਲ ਨਵੀਆਂ ਛਪੀਆਂ ਕਿਤਾਬਾਂ ਦੀਆਂ ਇਕ ਦੋ ਕਾਪੀਆਂ ਵੀ ਭੇਜਦੇ ਰਹਿੰਦੇ ਹਨ। ਲੋਕ ਨਿੱਜੀ ਤੌਰ 'ਤੇ ਨਵੇਂ ਲਿਖਾਰੀਆਂ ਨੂੰ ਬਹੁਤ ਘਟ ਖ਼ਰੀਦਦੇ ਹਨ।"

"ਮੈਂ ਤੁਹਾਡੇ ਨਾਲ ਸਹਿਮਤ ਹਾਂ। ਉਸਦਾ ਵੇਚਣ ਦਾ ਆਪਣਾ ਹੀ ਤਰੀਕਾ ਸੀ। ਉਸਦੇ ਦੋਸਤ ਕਈ ਮਹਿਕਮਿਆਂ ਵਿੱਚ ਕੰਮ ਕਰਦੇ ਸਨ। ਉਸ ਨੇ ਕਿਹਾ ਕਿ ਮੇਰਾ ਖ਼ਰਚਾ ਹੋਇਆ ਏ। ਇਹ ਖ਼ਰਚਾ ਤਾਂ ਹੀ ਪੂਰਾ ਹੋ ਸਕਦਾ ਏ ਜੇਕਰ ਉਹ 10-10 ਕਾਪੀਆਂ ਅੱਗੇ ਆਪਣੇ ਦੋਸਤਾਂ ਤੇ ਵਾਕਫ਼ਾਂ ਨੂੰ 20-20 ਰੁਪਏ ਵਿੱਚ ਵੇਚਣ। ਦੋਸਤਾਂ ਨੇ ਇੰਝ ਕਰ ਦਿੱਤਾ ਤੇ ਇਸ ਤਰ੍ਹਾਂ ਉਸਦਾ ਕਿਤਾਬ 'ਤੇ ਆਇਆ ਹੋਇਆ ਖ਼ਰਚਾ ਪੂਰਾ ਹੋ ਗਿਆ।"

"ਸਰ ਜੀ, ਇਸ ਵਿੱਚ ਅਜੀਬ ਗੱਲ ਕਿਹੜੀ ਹੋ ਗਈ?"

"ਹੁਣੇ ਹੀ ਦੱਸਾਂਗਾ। ਤੁਸੀਂ ਪਰਚਿਆਂ ਦੀ ਗੱਲ ਕੀਤੀ ਸੀ। ਅਸੀਂ ਆਪਣੇ ਜ਼ਿਲ੍ਹੇ ਦੇ ਟੇਬਲ ਮਾਰਕਿੰਗ ਕੇਂਦਰ ਵਿੱਚ ਪਰਚੇ ਦੇਖ ਰਹੇ ਸਾਂ। ਮੇਰੇ ਨੇੜੇ ਦੇ ਕਾਲਜ ਦਾ ਇਕ ਪ੍ਰੋਫ਼ੈਸਰ ਦੌੜਾ ਦੌੜਾ ਮੇਰੇ ਉਸ ਦੋਸਤ ਲਿਖਾਰੀ ਪ੍ਰੋਫ਼ੈਸਰ ਪਾਸ ਆਇਆ ਤੇ ਕਹਿਣ ਲੱਗਾ "ਸਰਾਏ ਸਾਹਿਬ, ਪਾਰਟੀ ਹੋ ਗਈ। ਅੱਜ ਤਾਂ ਕਮਾਲ ਹੀ ਹੋ ਗਈ। ਜਨਾਬ ਦੀ ਬੱਲੇ ਬੱਲੇ।" ਸਰਾਏ



ਉਸਨੂੰ ਪੁੱਛਣ ਲੱਗਾ "ਦੱਸੋ ਤਾਂ ਸਹੀ ਹੋ ਕੀ ਗਿਆ?" ਉਹ ਕਹਿਣ ਲੱਗਾ, "ਆ ਦੇਖੋ ਪਰਚਾ। ਕਿਸੇ ਬੱਚੇ ਨੇ ਪਰਚੇ ਵਿੱਚ ਤੁਹਾਡੀ ਲਿਖੀ ਪੁਸਤਕ ਦੀਆਂ ਅੰਤਾਂ ਦੀਆਂ ਸਿਫ਼ਤਾਂ ਕੀਤੀਆਂ ਹੋਈਆਂ ਹਨ।" ਅਸਲ ਵਿਚ ਬੀ. ਏ. ਭਾਗ ਪਹਿਲਾ ਦਾ ਪੰਜਾਬੀ ਦਾ ਪਰਚਾ ਸੀ। ਪਰਚਾ ਯੂਨੀਵਰਸਿਟੀ ਨੇ ਸੈੱਟ ਕੀਤਾ ਹੋਇਆ ਸੀ। ਉਸ ਪ੍ਰਸ਼ਨ ਪੱਤਰ ਵਿੱਚ ਇੱਕ ਸਵਾਲ ਸੀ ਕਿ ਆਪਣੀ ਮਨਪਸੰਦ ਪੁਸਤਕ 'ਤੇ ਇਕ ਪੈਰ੍ਹਾ ਲਿਖੋ। ਇਕ ਪ੍ਰੀਖਿਆਰਥੀ ਨੇ ਉਸ ਪੁਸਤਕ ਨੂੰ ਹੀ ਚੁਣ ਲਿਆ ਸੀ ਜਿਹੜੀ ਸਰਾਏ ਸਾਹਿਬ ਨੇ ਕੁਝ ਮਹੀਨੇ ਪਹਿਲਾਂ ਛਪਵਾਈ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉੱਤਰ ਪੱਤਰੀਆਂ ਸਾਰੀ ਯੂਨੀਵਰਸਿਟੀ ਦੇ ਕਾਲਜਾਂ ਦੀਆਂ ਪਹਿਲਾਂ ਚੰਡੀਗੜ੍ਹ ਜਾਂਦੀਆਂ ਹਨ। ਚੰਡੀਗੜ੍ਹ ਤੋਂ ਫਿਰ ਇਹ ਉੱਤਰ ਪੱਤਰੀਆਂ ਯੂਨੀਵਰਸਿਟੀ ਦੇ ਚਾਰ ਟੇਬਲ ਮਾਰਕਿੰਗ ਕੇਂਦਰਾਂ ਵਿੱਚ ਭੇਜੀਆਂ ਜਾਂਦੀਆਂ ਹਨ। ਆਮ ਤੌਰ 'ਤੇ ਫ਼ਿਰੋਜ਼ਪੁਰ ਵੱਲ ਦੀਆਂ ਉੱਤਰ ਪੱਤਰੀਆਂ ਹੁਸ਼ਿਆਰਪੁਰ ਵੱਲ। ਭਾਵ (ਦੂਰ-ਦਰਾਡੇ) ਤੇ ਹੁਸ਼ਿਆਰਪੁਰ ਵੱਲ ਦੀਆਂ ਕਿਸੇ ਹੋਰ ਦੂਰ ਦਰਾਡੇ (ਜਿਵੇਂ ਚੰਡੀਗੜ੍ਹ) ਵੱਲ ਭੇਜੀਆਂ ਜਾਂਦੀਆਂ ਹਨ ਤਾਂ ਕਿ ਸਹਿਜੇ ਕੀਤੇ ਕੋਈ ਪ੍ਰੀਖਿਅਕ ਤੱਕ ਪਹੁੰਚ ਨਾ ਕਰ ਸਕੇ। ਜਿਸ ਵੀ ਪ੍ਰੀਖਿਆਰਥੀ ਦਾ ਇਹ ਪਰਚਾ ਸੀ ਉਸਨੇ ਪ੍ਰੋ. ਸਰਾਏ ਦੀ ਇਹ ਪੁਸਤਕ ਦੇਖੀ ਵੀ ਹੋਊ ਤੇ ਪੜ੍ਹੀ ਵੀ ਹੋਊ। ਹੈਰਾਨੀ ਵਾਲੀ ਗੱਲ ਇਹ ਸੀ ਕਿ ਇਹ ਉੱਤਰ ਪੱਤਰੀ ਉਸੇ ਪਾਸੇ ਕਿਵੇਂ ਆ ਗਈ ਜਿਸ ਪਾਸੇ ਸਰਾਏ ਸਾਹਿਬ ਤੇ ਅਸੀਂ ਪੜ੍ਹਾ ਰਹੇ ਹਾਂ। ਅਸਲ ਵਿੱਚ ਇਹ ਉੱਤਰ ਪੱਤਰੀ ਕਿਧਰੇ ਦੂਰ ਦੁਰਾਡੇ ਜਾਣੀ ਚਾਹੀਦੀ ਸੀ। ਇਕ ਹੋਰ ਹੈਰਾਨੀ ਵਾਲੀ ਗੱਲ ਇਹ ਸੀ ਕਿ ਕੋਈ ਪ੍ਰੀਖਿਆਰਥੀ ਜਦ ਵੀ ਆਪਣੀ ਮਨਪਸੰਦ ਪੁਸਤਕ 'ਤੇ ਲੇਖ ਜਾਂ ਪੈਰ੍ਹਾ ਲਿਖਦਾ ਏ ਤਾਂ ਉਹ ਕੋਈ ਕਾਫੀ ਮਸ਼ਹੂਰ ਪੁਸਤਕ ਚੁਣਦਾ ਏ। ਬਜ਼ਾਰ ਵਿੱਚ ਮਿਲਦੀਆਂ ਛਪੀਆਂ ਛਪਾਈਆਂ ਕੰਪੋਜੀਸ਼ਨ ਦੀਆਂ ਕਿਤਾਬਾਂ ਵਿੱਚ ਵੀ ਇਸ ਪ੍ਰਕਾਰ ਦੇ ਲੇਖ ਮਸ਼ਹੂਰ ਪੁਸਤਕਾਂ ਬਾਰੇ ਹੀ ਹੁੰਦੇ ਹਨ। ਕੋਈ 'ਗੀਤਾ' ਬਾਰੇ ਹੁੰਦਾ ਏ ਤੇ ਕੋਈ ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਬਾਰੇ। ਕਿਸੇ ਪ੍ਰੀਖਿਆਰਥੀ ਦਾ ਸਰਾਏ ਸਾਹਿਬ ਦੇ ਨਵੇਂ ਛਪੇ ਕਹਾਣੀ ਸੰਗ੍ਰਹਿ ਨੂੰ ਮਨਪਸੰਦ ਪੁਸਤਕ ਦੇ ਤੌਰ 'ਤੇ ਚੁਣਨਾ ਅਜੀਬ ਲੱਗ ਰਿਹਾ ਸੀ। ਸਰਾਏ ਸਾਹਿਬ ਵਾਸਤੇ ਇਹ ਖ਼ੁਸ਼ੀ ਦੀ ਗੱਲ ਤਾਂ ਹੈ ਹੀ ਸੀ?"

"ਕੀ ਫਿਰ ਸਰਾਏ ਸਾਹਿਬ ਨੇ ਪਾਰਟੀ ਦਿੱਤੀ?"

"ਹਾਂ, ਉਹ ਬੜੇ ਖ਼ੁਸ਼ ਹੋਏ। ਉਹਨਾਂ ਚਾਹ ਤੇ ਨਾਲ ਮਠਿਆਈ ਮੰਗਵਾ ਲਈ। ਨਾਲੇ ਪਾਰਟੀ ਤਾਂ ਇਕ ਬਹਾਨਾ ਹੀ ਸੀ। ਵੱਡੀ ਗੱਲ ਤਾਂ ਇਕ ਦੂਜੇ ਨਾਲ ਹੈਰਾਨੀ ਤੇ ਖ਼ੁਸ਼ੀ ਸ਼ੇਅਰ ਕਰਨ ਦੀ ਸੀ। ਇਹ ਹੈਰਾਨੀ ਤਿੰਨ ਕਾਰਨਾਂ ਕਰਕੇ ਸੀ : ਪ੍ਰੀਖਿਆਰਥੀ ਦੇ ਇਸ ਨਵੀਂ ਪੁਸਤਕ ਨੂੰ ਆਪਣੀ ਮਨਪਸੰਦ ਦੀ ਪੁਸਤਕ ਚੁਣਨ ਬਾਰੇ, ਪਰਚਾ ਉਸੇ ਕੇਂਦਰ ਵਿੱਚ ਆਉਣ ਬਾਰੇ ਜਿਥੇ ਸਰਾਏ ਸਾਹਿਬ ਪਰਚੇ ਦੇਖ ਰਹੇ ਸਨ ਅਤੇ ਯੂਨੀਵਰਸਿਟੀ ਦੀ ਉੱਤਰ ਪੱਤਰੀਆਂ ਦੇ ਵਟਾਂਦਰੇ ਦੀ ਅਣਗਹਿਲੀ ਬਾਰੇ।"

"ਸਰ ਜੀ, ਗੱਲ ਤਾਂ ਸੱਚਮੁੱਚ ਹੀ ਖ਼ੁਸ਼ੀ ਵਾਲੀ ਵੀ ਏ ਤੇ ਹੈਰਾਨੀ ਵਾਲੀ ਵੀ। ਕੀ ਸਰਾਏ ਸਾਹਿਬ ਨੇ ਇਸ ਪ੍ਰਕਾਰ ਦੀ ਘਟਨਾ ਤੋਂ ਉਤਸ਼ਾਹਤ ਹੋ ਕੇ ਹੋਰ ਕਿਤਾਬਾਂ ਨਹੀਂ ਲਿਖੀਆਂ ਤੇ ਛਪਵਾਈਆਂ?"

"ਪ੍ਰਸ਼ੋਤਮ, ਜਵਾਨੀ ਵਿੱਚ ਇਸ ਪ੍ਰਕਾਰ ਦੇ ਕੰਮ ਕਰਨ ਦਾ ਜੋਸ਼ ਹੁੰਦਾ ਏ। ਬਾਅਦ ਵਿੱਚ ਤਾਂ ਬਹੁਤਿਆਂ ਨੂੰ ਲੂਣ ਤੇਲ ਦਾ ਫਿਕਰ ਹੀ ਮਾਰ ਲੈਂਦਾ ਏ। ਕਈਆਂ ਨੂੰ ਜਵਾਨੀ ਵਿੱਚ ਕੋਈ ਸੱਟ ਵੱਜੀ ਹੁੰਦੀ ਏ, ਪਿਆਰ ਮੁਹੱਬਤ ਦੀ ਗਹਿਰੀ ਚੋਟ। ਇਸ ਚੋਟ ਨੂੰ ਉਹ ਆਪਣੀਆਂ ਕਵਿਤਾਵਾਂ ਰਾਹੀਂ ਪ੍ਰਗਟਾਉਣ ਲੱਗ ਪੈਂਦੇ ਹਨ। ਅਗਰ ਉਹ ਭਾਸ਼ਾ ਦੇ ਚੰਗੇ ਮਾਹਰ ਹੋਣ ਤੇ ਵਾਪਰੀ ਘਟਨਾ ਨਾਲ ਇਕਮਿਕ ਵੀ ਅੰਤਾਂ ਦੇ ਹੋ ਜਾਣ ਤਾਂ ਉਹ ਕਵੀ ਦੇ ਤੌਰ 'ਤੇ ਮਸ਼ਹੂਰ ਵੀ ਹੋ ਸਕਦੇ ਹਨ। ਪ੍ਰਸ਼ੋਤਮ ਜੀ, ਤੁਹਾਡਾ ਕੋਈ ਤਜਰਬਾ?"

"ਸਰ ਜੀ, ਮੈਂ ਵੀ ਕੁੱਝ ਸਾਲ ਪਹਿਲਾਂ ਕੁੱਝ ਕਵਿਤਾਵਾਂ ਲਿਖੀਆਂ ਸਨ।"

"ਪਿਆਰ ਮੁਹੱਬਤ ਦੀਆਂ ਜਾਂ ਕਿਸੇ ਹੋਰ ਕਿਸਮ ਦੀਆਂ?"

"ਉਹ ਤਾਂ ਹੋਰ ਕਿਸਮ ਦੀਆਂ ਸਨ। ਅਜੇ ਤੱਕ ਮੇਰੇ ਪਾਸ ਅਣਛਪੀਆਂ ਹੀ ਪਈਆਂ ਹਨ।"

"ਅੱਜ ਕੱਲ੍ਹ ਤੁਹਾਡੇ ਚਾਲੇ ਪਿਆਰ ਮੁਹੱਬਤ ਦੀਆਂ ਕਵਿਤਾਵਾਂ ਲਿਖਣ ਵਾਲੇ ਵੱਧ ਲੱਗ ਰਹੇ ਹਨ। ਮੈਂ ਕਹੀਂ ਕਵੀ ਨਾ ਬਣ ਜਾਊ ਤੇਰੇ ਪਿਆਰ ਮੇਂ ਐ ਕਾਂਤਾ।" ਉਜਾਗਰ ਮੱਲ ਨੇ ਸਿੱਧੀ ਪ੍ਰਸ਼ੋਤਮ ਦੇ ਮੌਰਾਂ ਤੇ ਟਿਕਾ ਦਿੱਤੀ।

"ਸਰ ਜੀ, ਕਿਉਂ ਮਖੌਲ ਕਰੀ ਜਾ ਰਹੇ ਹੋ? ਕਿਸੇ ਨਵੇਂ ਵਿਸ਼ੇ ਬਾਰੇ ਮੈਂ ਅਜੇ ਕੁਝ ਨਹੀਂ ਲਿਖਿਆ। ਪਹਿਲਾਂ ਪੁਰਾਣੀਆਂ ਲਿਖੀਆਂ ਦੇ ਛਪਵਾਉਣ ਬਾਰੇ ਕੁੱਝ ਦੱਸੋ। ਕੀ ਤੁਹਾਡਾ ਕੋਈ ਪਬਲਿਸ਼ਰ ਵਾਕਫ਼ ਹੈ?"

"ਪ੍ਰਸ਼ੋਤਮ, ਜੇ ਪਬਲਿਸ਼ਰ ਵਾਕਫ਼ ਵੀ ਹੋਣ ਤਾਂ ਕਿਹੜਾ ਉਹਨਾਂ ਨੇ ਨਵੇਂ ਲਿਖਾਰੀਆਂ ਨੂੰ ਮੁਫ਼ਤ ਛਾਪਣਾ ਏ। ਦੁਕਾਨਦਾਰ ਕਦੀ ਵੀ ਕੋਈ ਕੰਮ ਮੁਫ਼ਤ ਨਹੀਂ ਕਰਦਾ ਹੁੰਦਾ। ਕਲਾਕਾਰ ਆਪਣੀ ਕਲਾ ਮੁਫ਼ਤ ਵਿੱਚ ਕਿਸੇ ਤੇ ਫਿਦਾ ਕਰਨ ਲਈ ਤਤਪਰ ਰਹਿੰਦੇ ਹਨ। ਲੇਕਿਨ ਛਾਪਣ ਵਾਲੇ ਕਲਾਕਾਰ ਜਾਂ ਲਿਖਾਰੀ ਦੇ ਇਕ ਇਕ ਅੱਖਰ ਦੇ ਪੈਸੇ ਵੱਟਦੇ ਹਨ। ਕਲਾਕਾਰ ਹਮੇਸ਼ਾਂ ਦਰਿਆ ਦਿਲ ਹੁੰਦਾ ਏ ਤੇ ਛਾਪਕ ਹਮੇਸ਼ਾਂ ਮੱਖੀ ਚੂਸ ਹੁੰਦਾ ਏ। ਪਿੱਛੇ ਜਿਹੇ ਮੈਂ ਟੈਲੀਵੀਜ਼ਨ 'ਤੇ ਇਕ ਗੀਤਕਾਰ ਦੀ ਇੰਟਰਵਿਊ ਸੁਣੀ, ਕਹਿੰਦਾ ਅਸੀਂ ਗੀਤ ਲਿਖਦੇ ਹਾਂ ਸਾਨੂੰ ਖੇਸੀ ਵੀ ਨਹੀਂ ਜੁੜਦੀ। ਜਿਹੜੇ ਸਾਡੇ ਲਿਖੇ ਗੀਤ ਗਾਉਂਦੇ ਹਨ ਉਹ ਪਸ਼ਮੀਨੇ ਦੇ ਸ਼ਾਲ ਲਈ ਫਿਰਦੇ ਹਨ। ਲਿਖਾਰੀ ਦੀ ਇਹੋ ਕੋਸ਼ਿਸ਼ ਹੁੰਦੀ ਏ ਕਿ ਉਸਦਾ ਨਾਮ ਲੋਕਾਂ ਤੱਕ ਚਲਾ ਜਾਵੇ ਪ੍ਰੰਤੂ ਪ੍ਰਕਾਸ਼ਕ ਦਾ ਮਕਸਦ ਹੁੰਦਾ ਏ ਕਿ ਵਿਚੋਂ ਲੱਖਾਂ ਰੁਪਏ ਬਣਾਏ ਜਾਣ।" "ਜੇ ਕੋਈ ਲੇਖਕ ਮਸ਼ਹੂਰ ਹੋ ਜਾਵੇ ਤਾਂ?"

"ਪ੍ਰਸ਼ੋਤਮ, ਬਹੁਤ ਥੋੜ੍ਹੇ ਲੇਖਕ ਆਪਣੇ ਜੀਵਨ ਕਾਲ ਵਿੱਚ ਮਸ਼ਹੂਰ ਹੁੰਦੇ ਹਨ। ਅਗਰ



ਉਹ ਕੁਝ ਮਸ਼ਹੂਰ ਹੋ ਵੀ ਜਾਣ ਤਾਂ ਵੀ ਉਹ ਬਹੁਤੇ ਪੈਸੇ ਕਮਾਉਣ ਦੇ ਯੋਗ ਨਹੀਂ ਹੁੰਦੇ। ਜੇਕਰ ਉਨ੍ਹਾਂ ਨੂੰ ਕਿਧਰੇ ਚਾਰ ਪੈਸੇ ਮਿਲ ਵੀ ਜਾਣ ਤਾਂ ਉਹ ਉਨ੍ਹਾਂ ਪੈਸਿਆਂ ਨੂੰ ਬੈਠੇ- ਬੈਠੇ ਆਪਣੇ ਮਿੱਤਰਾਂ ਦੋਸਤਾਂ ਤੇ ਖ਼ਰਚ ਕਰਕੇ ਝੱਟ ਮੁਕਾ ਬਹਿੰਦੇ ਹਨ। ਮੇਰੇ ਸਾਹਮਣੇ ਸ਼ਿਵ ਬਟਾਲਵੀ ਨੂੰ ਉਸਦੇ ਕਾਵਿ-ਨਾਟਕ 'ਲੂਣਾ' ਤੇ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਇਨਾਮ ਪ੍ਰਾਪਤ ਕਰਨ ਸਮੇਂ ਕੁੱਝ ਝੋਲੀ ਚੁੱਕ ਉਸਦੇ ਨਾਲ ਦਿੱਲੀ ਚਲੇ ਗਏ। ਜਦ ਤੱਕ ਇਹ ਜੁੰਡਲੀ ਵਾਪਸ ਚੰਡੀਗੜ੍ਹ ਪਹੁੰਚੀ ਉਦੋਂ ਤੱਕ ਸ਼ਿਵ ਇਨਾਮ ਦੇ ਪੈਸਿਆਂ ਵਿਚੋਂ ਬਹੁਤੇ ਪੈਸੇ ਖ਼ਰਚ ਕਰ ਚੁੱਕਾ ਸੀ। ਮੈਂ ਇਹ ਸਭ ਕੁਝ ਆਪਣੀ ਅੱਖੀਂ ਦੇਖਿਆ ਨਹੀਂ। ਲੋਕਾਂ ਤੋਂ ਸੁਣਿਆ ਜ਼ਰੂਰ ਸੀ। ਸ਼ਾਇਦ ਇਸਦਾ ਜ਼ਿਕਰ ਕਿਸੇ ਲੇਖ ਵਿੱਚ ਵੀ ਪੜ੍ਹਿਆ ਸੀ।

"ਹੁਣ ਤਾਂ ਸ਼ਿਵ ਦੀਆਂ ਲਿਖਤਾਂ ਬਥੇਰੀਆਂ ਮਸ਼ਹੂਰ ਹੋ ਚੁੱਕੀਆਂ ਹਨ। ਇਹਨਾਂ ਦੇ ਪੈਸੇ ਵੀ ਤਾਂ ਕੋਈ ਪ੍ਰਾਪਤ ਕਰਦਾ ਹੀ ਹੋਊ ?"

"ਆਪ ਤਾਂ 73 ਵਿੱਚ ਮਰ ਗਿਆ। ਬਾਅਦ ਵਿੱਚ ਉਹਦੀ ਪਤਨੀ ਅਤੇ ਬੱਚਿਆਂ ਨੂੰ ਰਾਇਲਟੀ ਮਿਲਦੀ ਹੋਊ। ਇਹ ਰਾਇਲਟੀ ਤਾਂ ਹਮੇਸ਼ਾ ਹੀ ਮਿਲਦੀ ਰਹੂ ਕਿਉਂਕਿ ਉਸਦੀਆਂ ਲਿਖਤਾਂ ਹਮੇਸ਼ਾ ਹੀ ਜਿਉਂਦੀਆਂ ਰਹਿਣ ਵਾਲੀਆਂ ਹਨ।"

ਪ੍ਰਸ਼ੋਤਮ, ਇਹ ਦੋ ਪਹਿਲੂ ਹਨ। ਇੱਕ ਇਹ ਕਿ ਕਲਾਕਾਰ ਜਿਉਂਦੇ ਜੀਅ ਗ਼ਰੀਬ ਜਿਹਾ ਹੀ ਰਹਿੰਦਾ ਏ। ਉਹ ਖ਼ਰਚਖੋਹ ਵੀ ਅਕਸਰ ਹੁੰਦਾ ਏ ਕਿਉਂਕਿ ਉਹ ਫਿਰਾਖ਼ਦਿਲ ਹੁੰਦਾ ਏ। ਉਹ ਮਿੱਤਰਾਂ ਦੋਸਤਾਂ ਤੇ ਪੈਸੇ ਖ਼ਰਚ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਦੂਜਾ ਇਹ ਕਿ ਉਸਦੀ ਕਲਾਕਾਰੀ ਨੂੰ ਬਾਣੀਆ ਬਣ ਕੇ ਟਕਰਨ ਵਾਲਾ ਪ੍ਰਕਾਸ਼ਕ ਹੁੰਦਾ ਏ। ਪ੍ਰਕਾਸ਼ਕ ਉਦੋਂ ਕਿਸੇ ਕ੍ਰਿਤ ਨੂੰ ਛਾਪਣ ਲਈ ਕਾਹਲਾ ਪੈਂਦਾ ਏ ਜਦ ਉਸ ਕ੍ਰਿਤ ਦੀ ਬਾਜ਼ਾਰ ਵਿੱਚ ਜ਼ਰੂਰਤ ਵੱਧ ਜਾਵੇ। ਭਾਵੇਂ ਆਪ ਪ੍ਰਕਾਸ਼ਕ ਘੱਟ ਪੜ੍ਹਿਆ ਲਿਖਿਆ ਵੀ ਹੋਵੇ ਉਸਨੂੰ ਕਲਾ ਦੀ ਪਰਖ ਕਰਨੀ ਆਉਂਦੀ ਹੀ ਹੁੰਦੀ ਏ। ਉਸ ਪਾਸ ਇਹ ਪਰਖ ਕਰਨ ਲਈ ਮਾਹਰ ਵੀ ਹੁੰਦੇ ਹਨ ਤੇ ਗ੍ਰਾਹਕ ਵੀ। ਉਹ ਮੰਗ ਅਤੇ ਪੂਰਤੀ ਦੇ ਸਿਧਾਂਤ ਨੂੰ ਬਹੁਤ ਬਰੀਕੀ ਨਾਲ ਸਮਝਦਾ ਹੁੰਦਾ ਏ। ਤੁਸੀਂ ਦੇਖਦੇ ਹੀ ਹੋ, ਬਾਜ਼ਾਰ ਵਿੱਚ ਅੰਤਾਂ ਦੀਆਂ ਕੂੜਾ ਕਿਤਾਬਾਂ ਵੀ ਹਨ। ਅੱਛੀ ਲਿਖਤ ਉਹ ਹੁੰਦੀ ਏ ਜਿਹੜੀ ਵੱਧ ਪੜ੍ਹਿਆ ਲਿਖਿਆ ਅਤੇ ਘੱਟ ਪੜ੍ਹਿਆਂ ਲਿਖਿਆਂ ਦੋਹਾਂ ਨੂੰ ਹੀ ਪ੍ਰਭਾਵਤ ਕਰੇ। ਸਮਾਜ ਵਿੱਚ ਕਈ ਚਿੰਤਕ ਐਸੇ ਵੀ ਹਨ। ਅੱਛੀ ਲਿਖਤ ਉਹ ਹੁੰਦੀ ਏ ਜਿਹੜੀ ਵੱਧ ਪੜ੍ਹਿਆਂ ਲਿਖਿਆਂ ਅਤੇ ਘੱਟ ਪੜ੍ਹਿਆਂ ਲਿਖਿਆਂ ਦੋਹਾਂ ਨੂੰ ਹੀ ਪ੍ਰਭਾਵਤ ਕਰੇ। ਸਮਾਜ ਵਿੱਚ ਕਈ ਚਿੰਤਕ ਐਸੇ ਵੀ ਹਨ ਜਿਨ੍ਹਾਂ ਪਾਸ ਡਿਗਰੀਆਂ ਦੀਆਂ ਪੰਡਾਂ ਨਹੀਂ ਹਨ। ਪਾਰਖੂ ਉਹ ਵੀ ਹੋ ਸਕਦੇ ਹਨ। ਸੋਹਣੀ ਚੀਜ਼ ਹਰ ਕੋਈ ਨਹੀਂ ਬਣਾ ਸਕਦਾ ਹੁੰਦਾ। ਜੇਕਰ ਉਹਦੇ ਵਿੱਚ ਕੋਈ ਨੁਕਸ ਹੋਵੇ ਤਾਂ ਆਮ ਜਿਹੇ ਬੰਦੇ ਨੂੰ ਵੀ ਰੜਕਣ ਲੱਗ ਪੈਂਦਾ ਏ। ਭਾਵੇਂ ਤੁਸੀਂ ਆਪ ਸਬਜ਼ੀ ਨਹੀਂ ਬਣਾ ਸਕਦੇ, ਬੇਸੁਆਦ ਸਬਜ਼ੀ ਦਾ ਤੁਹਾਨੂੰ ਵੀ ਪਤਾ ਲੱਗ ਹੀ ਜਾਂਦਾ ਏ। ਫ਼ਰਕ ਸਿਰਫ਼

ਇਤਨਾ ਏ ਕਿ ਪੜ੍ਹਿਆ ਲਿਖਿਆ ਚਿੰਤਕ ਨੁਕਸਾਂ ਦੀ ਖੋਜ ਅਤੇ ਵਿਸ਼ਲੇਸ਼ਣ ਕਰਨਾ ਜਾਣਦਾ ਏ। ਉਸ ਪਾਸ ਇਹਨਾਂ ਨੁਕਸਾਂ ਨੂੰ ਪਛਾਨਣ ਅਤੇ ਬਿਆਨ ਕਰਨ ਲਈ ਸ਼ਬਦਾਵਲੀ ਵੀ ਹੁੰਦੀ ਏ। ਘੱਟ ਪੜ੍ਹਿਆ ਲਿਖਿਆ ਪਾਠਕ ਸਿਰਫ ਇੰਨਾ ਕਹਿ ਕੇ ਹੀ ਸਾਰ ਦਿੰਦਾ ਏ ਕਿ ਗੱਲ ਕੁਝ ਬਣੀ ਨਹੀਂ। ਬਾਜ਼ਾਰ ਵਿੱਚ ਪਈਆਂ ਮਾੜੀਆਂ ਕਿਤਾਬਾਂ ਦਾ ਬਸ ਇਕ ਹੀ ਐਡੀਸ਼ਨ ਛਪਦਾ ਏ। ਇਹ ਐਡੀਸ਼ਨ ਵੀ ਲਿਖਾਰੀ ਨੇ ਕੋਲੋਂ ਪੈਸੇ ਖ਼ਰਚ ਕੇ ਛਪਵਾਇਆ ਹੁੰਦਾ ਏ। ਕੁਝ ਕਿਤਾਬਾਂ ਐਸੀਆਂ ਹਨ ਜਿਹਨਾਂ ਦੇ ਧੜਾਧੜ ਕਈ ਕਈ ਐਡੀਸ਼ਨ ਛਪੀ ਜਾ ਰਹੇ ਹਨ। ਕੀ ਕਦੀ ਮੋਹਣ ਸਿੰਘ ਦੀ 'ਸਾਵੇਂ ਪੱਤਰ', ਸ਼ਾਇਰ ਲੁਧਿਆਣਵੀਂ ਦੀ 'ਤਲਖੀਆਂ' ਤੇ ਮੈਕਾਲਿਫ ਦਾ ਪੰਜਾਬ ਦਾ ਇਤਿਹਾਸ ਪੁਰਾਣੇ ਹੋ ਸਕਦੇ ਹਨ? ਤੁਸੀਂ ਇਤਿਹਾਸ ਦੇ ਕਿਹੜੇ ਯੁੱਗ ਨੂੰ ਸਭ ਤੋਂ ਵੱਧ ਪਸੰਦ ਕਰਦੇ ਹੋ?"

"ਸਰ ਜੀ, ਮੇਰਾ ਮਨਪਸੰਦ ਤਾਂ ਆਧੁਨਿਕ ਭਾਰਤ ਦਾ ਇਤਿਹਾਸ ਏ।"

"ਫਿਰ ਇਸ ਯੁੱਗ ਬਾਰੇ ਕਿਉਂ ਨਹੀਂ ਲਿਖਦੇ?"

"ਜਵਾਨੀ ਵਿੱਚ ਹੁਣੇ ਹੁਣੇ ਇਤਿਹਾਸ ਲਿਖ ਕੇ ਕੀ ਕਰਨਾ? ਇਸ ਤਰ੍ਹਾਂ ਦੇ ਕੰਮਾਂ ਲਈ ਅਜੇ ਬਥੇਰਾ ਵਕਤ ਪਿਆ ਏ।"

"ਮੈਨੂੰ ਲਗਦੈ, ਦੋਵੇਂ ਇਕੱਠੇ ਬੈਠ ਕੇ ਲਿਖਿਆ ਕਰੋਗੇ? ਉਹ ਵੀ ਤਾਂ ਇਤਿਹਾਸ ਹੀ ਪੜ੍ਹਾਉਂਦੀ ਏ।"

"ਸਰ ਜੀ, ਅਜੇ ਤਾਂ ਆਪਣਾ ਹੀ ਇਤਿਹਾਸ ਬਣਿਆ ਪਿਆ ਏ। ਪਹਿਲਾਂ ਜ਼ਿੰਦਗੀ ਵਿੱਚ ਸੈਟ ਤਾਂ ਹੋ ਲੈਣ ਦਿਓ। ਮੈਂ ਗੱਲ ਸ਼ੁਰੂ ਕੀਤੀ ਸੀ ਕਵਿਤਾਵਾਂ ਬਾਰੇ ਤੇ ਤੁਸੀਂ ਲੈ ਗਏ ਹੋਰ ਈ ਪਾਸੇ ਨੂੰ।"

"ਕਵਿਤਾਵਾਂ ਬਾਰੇ ਮੈਂ ਤਾਂ ਵੱਧ ਗੱਲ ਕਰਦਾ ਜੇਕਰ ਉਹ ਪਿਆਰ ਮੁਹੱਬਤ ਦੀਆਂ ਕਵਿਤਾਵਾਂ ਹੁੰਦੀਆਂ। ਤੁਸੀਂ ਆਪ ਹੀ ਤਾਂ ਦੱਸਿਆ ਏ ਕਿ ਉਹ ਪਿਆਰ ਦੀਆਂ ਕਵਿਤਾਵਾਂ ਨਹੀਂ ਹਨ। ਜੇ ਪਹਿਲੀਆਂ ਲਿਖੀਆਂ ਪਿਆਰ ਦੀਆਂ ਕਵਿਤਾਵਾਂ ਨਹੀਂ ਹਨ ਤਾਂ ਹੁਣ ਨਵੀਆਂ ਪਿਆਰ ਦੀਆਂ ਲਿਖ ਲਓ। ਐਸ ਵੇਲੇ ਤਾਂ ਪਿਆਰ ਦੀਆਂ ਕਵਿਤਾਵਾਂ ਲਿਖਣ ਦਾ ਬਹੁਤ ਵਧੀਆ ਦੌਰ ਚਲ ਰਿਹਾ ਏ।"

"ਸਰ ਜੀ, ਪ੍ਰਸ਼ੰਸਾ ਵਾਲੀਆਂ ਲਿਖਾਂ ਜਾਂ ਉਦਾਸੀ ਵਾਲੀਆਂ। ਅੱਜ ਉਸਦੇ ਮੂਡਜ਼ ਦਾ ਕੁੱਝ ਪਤਾ ਹੀ ਨਹੀਂ ਲੱਗ ਰਿਹਾ।"

"ਪ੍ਰਸ਼ੋਤਮ, ਨਿਰੀ ਤਰੇਲ ਚੱਟਿਆਂ ਤੇਹ ਨਹੀਂ ਲੱਥਣੀ। ਕੁੱਝ ਵੱਧ ਹਿੰਮਤ ਕਰਨੀ ਪਊ?"

"ਸਰ ਕੁੱਝ ਗਾਈਡ ਕਰੋ।" ਕਹਿੰਦੇ ਹੁੰਦੇ :

ਯੇਹ ਅਜ ਕੇ ਛੋਕਰੇ ਆਸ਼ਕ ਮਿਜ਼ਾਜ ਬਨਤੇ
ਕਿਸੀ ਬਜ਼ੁਰਗ ਸੇ ਪੂਛੇਂ ਕਿ ਆਸ਼ਕੀ ਕਯਾ ਹੈ।



"ਇਸਦਾ ਮਤਲਬ ਇਹ ਕਿ ਅਸੀਂ ਹੁਣ ਬਜ਼ੁਰਗ ਹੋ ਗਏ?"

"ਸਰ, ਵੱਡੇ ਬਜ਼ੁਰਗਾਂ ਸਮਾਨ ਹੀ ਹੁੰਦੇ ਨੇ। ਬਜ਼ੁਰਗ ਦਾ ਮਤਲਬ ਸਿਆਣੇ।" ਕੀ ਤੀਵੀਆਂ ਵੱਧ ਪੈਸੇ ਖ਼ਰਚ ਕਰਨ ਨਾਲ ਕਾਬੂ 'ਚ ਆਉਂਦੀਆਂ ਹਨ?

"ਪ੍ਰੋਫ਼ੈਸਰ ਪ੍ਰਸ਼ੋਤਮ ਜੀ, ਤੁਸੀਂ ਤਾਂ ਭੋਲੀਆਂ ਗੱਲਾਂ ਕਰਦੇ ਹੋ। ਇਸਤਰੀ ਹਮੇਸ਼ਾਂ ਵਫ਼ਾਦਾਰ ਬੰਦਾ ਲੱਭਦੀ ਏ। ਉਹ ਅਜੇ ਤੁਹਾਡੇ ਬਾਰੇ ਵੱਧ ਤੋਂ ਵੱਧ ਜਾਨਣ ਦੀ ਕੋਸ਼ਿਸ਼ ਕਰ ਰਹੀ ਏ। ਸਟੇਜ ਐਸੀ ਹੈ ਕਿ ਤੁਸੀਂ ਉਸ ਪ੍ਰਤੀ ਵੱਧ ਤੋਂ ਵੱਧ ਵਫਾਦਾਰ ਬਣਨ ਦਾ ਸਬੂਤ ਦੇਵੋ। ਤੁਹਾਡੀਆਂ ਆਦਤਾਂ ਵੀ ਉਸਨੂੰ ਬਹੁਤ ਹੀ ਵਧੀਆ ਜ਼ਾਹਿਰ ਹੋਣੀਆਂ ਚਾਹੀਦੀਆਂ ਹਨ। ਉਸਨੂੰ ਇਹ ਵੀ ਜ਼ਾਹਰ ਹੋਣਾ ਚਾਹੀਦਾ ਹੈ ਕਿ ਤੁਹਾਡਾ ਦਿਲ ਕਿਸੇ ਹੋਰ ਪਾਸੇ ਨਹੀਂ। ਇਸਤਰੀ ਬਾਕੀ ਸਭ ਕੁੱਝ ਝੱਲ ਲੈਂਦੀ ਏ ਪਰ ਉਹ ਆਪਣੇ ਮਰਦਾਂ ਦਾ ਝੁਕਾਅ ਕਿਸੇ ਹੋਰ ਪਾਸੇ ਵੱਲ ਕਦੀ ਵੀ ਨਹੀਂ ਝੱਲਦੀ। ਤੁਹਾਨੂੰ ਇਹ ਵੀ ਪਤਾ ਏ ਕਿ ਉਹ ਕੋਈ ਆਮ ਅੱਲ੍ਹੜ ਕੁੜੀ ਨਹੀਂ ਏ। ਪੂਰੀ ਪੜ੍ਹੀ ਲਿਖੀ ਏ, ਨੌਕਰੀ ਪੇਸ਼ਾ ਏ, ਜ਼ਿੰਦਗੀ ਦੀਆਂ ਛੱਬੀ ਸਤਾਈ ਬਹਾਰਾਂ ਹੰਡਾ ਚੁੱਕੀ ਏ। ਅਗਰ ਉਸ ਨਾਲ ਅੱਲ੍ਹੜ ਕੁੜੀਆਂ ਜਿਹਾ ਵਰਤਾਓ ਕਰੋਗੇ ਤਾਂ ਪਾਸਾ ਪੁੱਠਾ ਵੀ ਪੈ ਸਕਦਾ ਏ। ਪਹਿਲਾਂ ਤਾਂ ਇਕ ਵਾਰ ਉਸ ਤਰ੍ਹਾਂ ਦਾ ਬਣਨਾ ਹੀ ਪਊ ਜਿਸ ਤਰ੍ਹਾਂ ਦਾ ਉਹ ਪਸੰਦ ਕਰਦੀ ਏ। ਇਕ ਵਾਰ ਪੂਰੇ ਕਹਿਣੇਕਾਰ ਬਣ ਜਾਓ, ਬਾਅਦ ਵਿਚ ਭਾਵੇਂ ਕਦੀ ਕਦੀ ਮਨਮਾਨੀ ਵੀ ਕਰ ਲਿਆ ਕਰਿਓ।"

"ਸਰ, ਮੈਨੂੰ ਤਾਂ ਪਤਾ ਲੱਗਾ ਏ ਕਿ ਉਹ ਸ਼ਰਾਬ ਨੂੰ ਬਹੁਤ ਘ੍ਰਿਣਾ ਕਰਦੀ ਏ। ਉਸਦੀ ਮਾਂ ਵੀ ਸ਼ਰਾਬ ਦੇ ਖ਼ਿਲਾਫ਼ ਏ। ਆਪਾਂ ਸ਼ਰਾਬ ਅਕਸਰ ਪੀ ਹੀ ਲੈਂਦੇ ਹਾਂ। ਮੈਂ ਤਾਂ ਕਦੀ ਕਦੀ ਸਿਗਰਟ ਨੂੰ ਵੀ ਮੂੰਹ ਮਾਰ ਲੈਂਦਾ ਹਾਂ। ਤੁਸੀਂ ਹੀ ਦੱਸੋ ਕਿ ਇਸ ਹਾਲਾਤ ਵਿੱਚ ਗੱਲ ਬੰਨੇ ਕੰਢੇ ਕਿਵੇਂ ਲੱਗੂ?"

"ਤੁਹਾਨੂੰ ਮੈਂ ਦੱਸਿਆ ਤਾਂ ਏ। ਸ਼ਰਾਬ ਨੂੰ ਪੂਰੀ ਤਿਲਾਂਜਲੀ ਨਾ ਦਿਓ। ਗੁਪਤ ਥੋੜ੍ਹੀ ਬਹੁਤ ਪੀਈ ਜਾਓ। ਜ਼ੁਰਮ ਕਰਨਾ ਗੁਨਾਹ ਨਹੀਂ, ਜ਼ੁਰਮ 'ਚ ਫਸਣਾ ਗੁਨਾਹ ਏ। ਸਭ ਤੋਂ ਵੱਡੀ ਗੱਲ ਇਹ ਏ ਕਿ ਤੁਸੀਂ ਉਸ ਨੂੰ ਪੂਰੇ ਵਫ਼ਾਦਾਰ ਲੱਗਣੇ ਚਾਹੀਦੇ ਹੋ। ਦੂਸਰੀ ਗੱਲ ਏ ਆਰਥਿਕ ਸੁਰੱਖਿਆ। ਜਾਬ ਵਿੱਚ ਪੱਕੇ ਹੋਣ ਦੀ ਕੋਸ਼ਿਸ਼ ਕਰੋ। ਬਾਕੀ ਸਰੀਰਕ ਤੌਰ 'ਤੇ ਤੁਸੀਂ ਫਿੱਟ ਹੀ ਹੋ। ਸ਼ਕਲ ਸੂਰਤ ਤੋਂ ਵੀ ਸਮਾਰਟ ਹੀ ਹੋ। ਦੋਹਾਂ ਦੀ ਜੋੜੀ ਸੁਹਣੀ ਲੱਗਦੀ ਏ। ਮੈਨੂੰ ਲੱਗਦਾ ਏ ਇੱਕ ਦਿਨ ਕੰਮ ਬਣ ਹੀ ਜਾਊ। ਅਗਰ ਬਣ ਗਿਆ ਤਾਂ ਮੈਂ ਫਿਰ 'ਗੁਫਾ' ਵਿੱਚ ਪਾਰਟੀ ਲਵਾਂਗਾ।"

"ਸਰ ਜੀ ਤੁਹਾਡੇ ਮੂੰਹ ਵਿੱਚ ਘਿਓ ਸ਼ੱਕਰ। ਇਕ ਨਹੀਂ ਦੋ ਪਾਰਟੀਆਂ ਦੇਵਾਂਗਾ। ਇਕ ਆਪਣੇ ਵਲੋਂ ਤੇ ਦੂਜੀ ਉਹਦੇ ਵਲੋਂ।"

"ਪ੍ਰਸ਼ੋਤਮ ਜੀ ਕੰਮ ਜ਼ਰੂਰ ਬਣੇਗਾ, ਕੋਸ਼ਿਸ਼ ਜਾਰੀ ਰੱਖੋ।"

"ਥੈਂਕਯੂ, ਸਰ।"

# ਕਾਂਡ ਚੌਦਾਂ

ਕਾਲਜ ਵਿੱਚ ਪਰਚਾ ਸ਼ੁਰੂ ਹੋ ਜਾਣ ਤੋਂ ਬਾਅਦ ਬਾਹਰ ਖੇਡ ਦੇ ਮੈਦਾਨ ਨਾਲ ਲਗਦੇ ਦਰੱਖ਼ਤਾਂ ਹੇਠ ਕੁੱਝ ਬੰਦੇ ਬੈਠੇ ਸਨ। ਇਹ ਲੋਕ ਅੰਦਰ ਪ੍ਰੀਖਿਆ ਦੇ ਰਹੇ ਉਮੀਦਵਾਰਾਂ ਦੇ ਨਾਲ ਆਏ ਹੋਏ ਸਨ। ਇਹ ਹੁਣ ਸੋਚਾਂ ਵਿੱਚ ਪਏ ਹੋਏ ਸਨ। ਕਾਰਨ ਅੰਦਰ ਹੋ ਰਹੀ ਅੰਤਾਂ ਦੀ ਸਖ਼ਤੀ ਸੀ। ਪ੍ਰੀਖਿਆ ਕੇਂਦਰ ਦੇ ਨੇੜੇ ਪਤਵੰਤ ਸਿੰਘ ਚਿੜੀ ਤੱਕ ਵੀ ਫਰਕਣ ਨਹੀਂ ਸੀ ਦੇ ਰਿਹਾ। ਇਨ੍ਹਾਂ ਬਾਹਰ ਬੈਠੇ ਬੰਦਿਆਂ ਵਿੱਚ ਦੋ ਸਰਦਾਰ ਆਪਸ ਵਿੱਚ ਗੱਲਾਂ ਕਰ ਰਹੇ ਸਨ। ਇੱਕ ਨੇ ਤਾਂ ਗਾਤਰਾ ਪਾਇਆ ਹੋਇਆ ਸੀ ਤੇ ਦੂਜਾ ਵੈਸੇ ਹੀ ਖੁੱਲ੍ਹੀ ਦਾੜ੍ਹੀ ਵਾਲਾ ਸੀ।

"ਬਾਈ ਸਿਹ੍ਹਾਂ, ਕੀ ਬਣੂ ਆਪਣੇ ਬੱਚਿਆਂ ਦਾ ਐਤਕੀਂ? ਲਗਦਾ ਐਤਕੀਂ ਤਾਂ ਅੱਧੇ ਤੋਂ ਜ਼ਿਆਦਾ ਸੈਂਟਰ ਫੇਲ੍ਹ ਹੀ ਹੋ ਜਾਊ?" ਖੁੱਲ੍ਹੀ ਦਾੜ੍ਹੀ ਵਾਲਾ ਬੋਲਿਆ।

"ਪਿਛਲੇ ਦੋ ਤਿੰਨ ਸਾਲਾਂ ਦੀ ਖੁੱਲੀ ਨਕਲ ਨੇ ਬੱਚਿਆਂ ਦੀਆਂ ਆਦਤਾਂ ਵਿਗਾੜੀਆਂ। ਸਾਰੇ ਨਕਲ ਤੇ ਆਸਾਂ ਰੱਖ ਕੇ ਬੈਠ ਗਏ। ਇਹ ਕੀ ਪਤਾ ਸੀ ਕਿ ਇਸ ਸੈਂਟਰ ਵਿੱਚ ਪਰਚੇ ਚੋਰੀ ਹੋ ਜਾਣਗੇ ਤੇ ਐਨੀ ਸਖ਼ਤੀ ਹੋ ਜਾਊ", ਦੂਜੇ ਗਾਤਰੇ ਵਾਲੇ ਨੇ ਸਫ਼ਾਈ ਪੇਸ਼ ਕੀਤੀ। "ਬਾਈ ਸਿਹਾਂ, ਇਹ ਵੀ ਕਿਆ ਨਿਆਂ ਹੋਇਆ ਕਿ ਕੁੱਝ ਸੈਂਟਰਾਂ ਵਿੱਚ ਖੁੱਲ੍ਹੇਆਮ ਨਕਲ ਚੱਲੀ ਜਾਵੇ ਤੇ ਕੁੱਝ ਵਿੱਚ ਅੰਤਾਂ ਦੀ ਸਖ਼ਤੀ ਕਰ ਦਿੱਤੀ ਜਾਵੇ। ਯੂਨੀਵਰਸਿਟੀ ਵੀ ਸਾਲੀ...ਏ। ਹੁਣ ਹਿੰਦੂ ਬਾਹਰ ਨੀ ਨਿਕਲਦੇ। ਓਦਾਂ ਚਕੂੰਦਰਾਂ ਛੱਡਣ ਨੂੰ ਹਮੇਸ਼ਾ ਅੱਗੇ ਹੁੰਦੇ ਐ ਮਾਂ ਦੇ ਦੀਨੇ। ਅਖੇ ਸਾਡੀ ਮਾਂ ਬੋਲੀ ਹਿੰਦੀ ਐ। ਤਾਂ ਹੀ ਸਾਲਿਆਂ ਨੂੰ ਪੰਥਕ ਕਮੇਟੀ ਦੀਆਂ ਚੇਤਾਵਨੀਆਂ ਆਉਂਦੀਆਂ ਪਈਆਂ ਨੇ। ਹੁਣ ਵੀ. ਸੀ. ਨੂੰ ਵੀ ਭਾਜੜਾਂ ਪਈਆਂ ਹੋਈਆਂ। ਫਲਾਈਇੰਗ ਵਾਲੇ ਵੀ ਪਤਾ ਨੀ ਕਿੱਧਰ ਮਰ ਗਏ। ਸਾਡੇ ਨਿਆਣੇ ਫੇਲ੍ਹ ਹੋ ਜਾਣਗੇ। ਔਹ ਬਲਾਚੌਰ ਦੇ ਪ੍ਰਾਈਵੇਟ ਕਾਲਜ ਵਿਚਲੇ ਸੈਂਟਰ ਵਿੱਚ ਬੱਚੇ ਕਿਤਾਬਾਂ ਖੋਲ੍ਹ ਕੇ ਪਰਚੇ ਲਿਖ ਰਹੇ ਐ। ਸਾਡਾ ਗੁਆਂਢੀ ਖਾਲਸਿਆਂ ਦਾ ਨੀਟਾ ਦੱਸਦਾ ਸੀ ਕਿ ਉਨ੍ਹਾਂ ਦੇ ਕਾਲਜ ਦੇ ਸੈਂਟਰ ਵਿੱਚ ਤਾਂ ਮੌਜ ਲੱਗੀ ਪਈ ਏ, ਕੋਈ ਜੋ ਮਰਜ਼ੀ ਕਰੀ ਜਾਵੇ। ਨਿਗਰਾਨ ਪਰ੍ਹੇ ਨੂੰ ਮੂੰਹ ਘੁੰਮਾ ਕੇ ਖੜ੍ਹੇ ਰਹਿੰਦੇ ਐ। ਚੰਗਾ ਹੁੰਦਾ ਜੇ ਸਾਡੇ ਨਿਆਣੇ ਵੀ ਉੱਥੇ ਹੀ ਪਰਚੇ ਦਿੰਦੇ ਹੁੰਦੇ। ਆਹ ਪਤਵੰਤ ਸਿਹੁੰ ਨੇ ਪਤਾ ਨੀ ਕਿਹੜਾ ਸੋਨ ਤਗਮਾ ਲੈਣਾ ਏ ਨਕਲ ਬੰਦ ਕਰਕੇ।"



"ਵੀਰਿਆ, ਗੱਲ ਤਗਮੇ ਦੀ ਨਹੀਂ, ਅਸਲ ਗੱਲ ਡਰ ਦੀ ਏ। ਇਸ ਸੈਂਟਰ ਵਿੱਚ ਉਹ ਜੇਲ੍ਹ ਵਿਚੋਂ ਕੈਦੀ ਆ ਕੇ ਮਸਲਾ ਖੜ੍ਹਾ ਕਰ ਗਿਐ। ਜੇ ਉਸਦਾ ਇਹ ਸੈਂਟਰ ਨਾ ਹੁੰਦਾ ਤਾਂ ਸਾਡੇ ਬੱਚਿਆਂ ਦੀਆਂ ਅੰਦਰ ਮੌਜਾਂ ਹੋਣੀਆਂ ਸੀ। ਕਿਉਂ ਨਾ ਉਸ ਕੈਦੀ ਨੂੰ ਮਿਲ ਕੇ ਸਮਝਾਇਆ ਜਾਵੇ ਕਿ ਸਖ਼ਤੀ ਕਰਵਾਉਣੀ ਏ ਤਾਂ ਪੰਜਾਬ ਦੇ ਸਾਰੇ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਓ। ਇੱਕ ਅੱਧ ਸੈਂਟਰ 'ਚ ਸਖ਼ਤੀ ਕਰਵਾਉਣ ਦਾ ਕੀ ਫ਼ਾਇਦਾ?"

"ਬਾਈ ਸਿਹ੍ਹਾਂ, ਅਸੀਂ ਕੈਦੀ ਨੂੰ ਕਿਵੇਂ ਮਿਲ ਸਕਦੇ ਹਾਂ। ਉਹ ਤਾਂ ਜੇਲ੍ਹ ਵਿੱਚ ਬੈਠਾ ਏ। ਉੱਥੇ ਬੈਠਾ ਸਾਰਾ ਖਿਆਲ ਪੜ੍ਹਾਈ ਤੇ ਹੀ ਲਾਈ ਜਾ ਰਿਹਾ ਏ। ਨਾਲੇ ਐਡੇ ਖ਼ਤਰਨਾਕ ਬੰਦੇ ਨੂੰ ਆਪਾਂ ਮਿਲ ਵੀ ਕਿਵੇਂ ਸਕਦੇ ਹਾਂ ? ਅਗਰ ਅਸੀਂ ਕਿਸੇ ਤਰ੍ਹਾਂ ਮਿਲ ਵੀ ਲੈਂਦੇ ਹਾਂ ਤਾਂ ਕੀ ਕਹਾਂਗੇ ਉਹਨੂੰ ? ਕੀ ਅਸੀਂ ਇਹ ਕਹਿੰਦੇ ਚੰਗੇ ਲੱਗਦੇ ਹਾਂ ਕਿ ਸੈਂਟਰ ਵਲ ਨੂੰ ਗਹਿਰੀਆਂ ਅੱਖਾਂ ਨਾਲ ਨਾ ਦੇਖੇ? ਉਹ ਆਪਣੀ ਚੇਤਾਵਨੀ ਨੂੰ ਵਾਪਿਸ ਵੀ ਕਿਵੇਂ ਲੈ ਸਕਦਾ ਏ?"

"ਵੀਰ ਜੀ, ਦੇਖਣ ਵਾਲੀ ਗੱਲ ਇਹ ਏ ਕਿ ਕੀ ਨਵਾਂ ਸੁਪਰਡੈਂਟ ਆਪਣੇ ਸੁਭਾਅ ਵਜੋਂ ਹੀ ਸਖ਼ਤ ਏ ਜਾਂ ਉਹ ਉਸ ਕੈਦੀ ਦੀ ਚੇਤਾਵਨੀ ਕਰਕੇ ਸਖਤ ਹੋਇਆ ਏ? ਆਪਣੇ ਬੱਚਿਆਂ ਦੇ ਅਜੇ ਤਿੰਨ ਪਰਚੇ ਹੋਰ ਨੇ। ਜੇ ਅਸੀਂ ਚਾਰ ਕੁ ਬੰਦੇ ਇਕੱਠੇ ਹੋ ਕੇ ਨਵੇਂ ਸੁਪਰਡੈਂਟ ਨੂੰ ਬੇਨਤੀ ਕਰੀਏ ਕਿ ਉਹ ਜ਼ਿਆਦਾ ਸਖ਼ਤੀ ਨਾ ਕਰੇ ਤਾਂ ਕਿੰਝ ਰਹੇਗਾ?"

"ਵਿਚਾਰ ਤੁਹਾਡਾ ਠੀਕ ਵੀ ਹੋ ਸਕਦਾ ਏ, ਨਹੀਂ ਵੀ। ਸ਼ਾਇਦ ਉਹ ਸਾਡੀਆਂ ਸ਼ਕਲਾਂ ਦੇਖ ਕੇ ਥੋੜ੍ਹਾ ਨਰਮ ਹੋ ਜਾਵੇ। ਕੀ ਉਹ ਸਾਡੇ ਬੇਨਤੀ ਕਰਨ ਤੇ ਸੈਂਟਰ ਵਿੱਚੋਂ ਕੁੱਝ ਦਿਨ ਛੁੱਟੀ ਵੀ ਕਰ ਸਕਦਾ ਏ ? ਇਹ ਵੀ ਸੁਣਿਆ ਏ ਕਿ ਉਹ ਅਸੂਲਾਂ ਦਾ ਬੜਾ ਪੱਕਾ ਏ, ਉਹ ਸਾਡੀਆਂ ਸ਼ਕਲਾਂ ਦੇਖ ਕੇ ਪੁਲਿਸ ਨੂੰ ਵੀ ਸਾਡੇ ਬਾਰੇ ਕੁੱਝ ਕਹਿ ਸਕਦਾ ਏ। ਹੋਰ ਨਾ ਨਮਾਜ਼ਾਂ ਬਖਸ਼ਾਉਂਦੇ ਬਖਸ਼ਾਉਂਦੇ ਰੋਜੇ ਹੀ ਗੱਲ ਪਾ ਲਈਏ?"

"ਅਸੂਲ ਤਾਂ ਇਹ ਕਹਿੰਦੇ ਹਨ ਕਿ ਓਵੇਂ ਹੀ ਹੋਣ ਦਿਓ ਜਿਵੇਂ ਬਾਕੀ ਸਭ ਪਾਸੇ ਹੋ ਰਿਹਾ ਏ।"

"ਵੀਰੇ, ਸਾਡੇ ਲਈ ਤਾਂ ਫਿਰ ਸਾਡਾ ਸਿੱਖ ਭਰਾ ਹੀ ਮਸਲਾ ਖੜ੍ਹ ਕਰ ਗਿਐ। ਨਾ ਉਹ ਇਸ ਸੈਂਟਰ ਵਿੱਚ ਪਰਚੇ ਦੇਣ ਆਉਂਦਾ ਤੇ ਨਾ ਪੁਰਾਣਾ ਸੁਪਰਡੈਂਟ ਬਦਲਦਾ। ਸਿੱਖਾਂ ਦੀ ਇਹ ਤਰਾਸਦੀ ਰਹੀ ਏ ਕਿ ਸਾਡੀ ਕੌਮ ਇਤਿਹਾਸ ਵਿੱਚ ਆਪਣਿਆਂ ਵਾਸਤੇ ਵੱਧ ਮਸਲੇ ਖੜ੍ਹੇ ਕਰਦੀ ਰਹੀ ਏ। ਅੱਜ ਦੀ ਲਹਿਰ ਵਿੱਚ ਵੀ ਸਿੱਖਾਂ ਹੱਥੋਂ ਸਿੱਖ ਹੀ ਜ਼ਿਆਦਾ ਮਰ ਰਹੇ ਹਨ। ਰੋਜ਼ ਅਖ਼ਬਾਰ ਦੇਖਦੇ ਹੀ ਹਾਂ, ਹਰ ਪਾਸੇ ਸਿੱਖ ਹੀ ਮਰ ਰਹੇ ਹਨ। ਪੁਲਿਸ ਦੇ ਹੱਥੋਂ ਵੀ ਤੇ ਖਾੜਕੂਆਂ ਦੇ ਹੱਥੀਂ ਵੀ। ਸਰਕਾਰ ਇੱਕ ਦਿਨ ਇੰਦਰਾ ਦੇ ਕਾਤਲਾਂ ਨੂੰ ਵੀ ਫਾਹੇ ਲਾਵੇਗੀ ਹੀ। ਕਿਸੇ ਵੇਲੇ ਸਿੱਖਾਂ ਦੇ ਸਿਰ ਵੱਢ ਕੇ ਬਾਦਸ਼ਾਹਾਂ ਨੂੰ ਦਿਖਾ ਕੇ ਜਾਗੀਰਾਂ ਲਈਆਂ ਜਾਂਦੀਆਂ ਸਨ। ਸੁਣਿਐ, ਬੰਦਾ ਸਿੰਘ ਬਹਾਦਰ ਦੇ ਵੇਲੇ

ਸਿੱਖਾਂ ਦੇ ਸਿਰ ਗੱਡਿਆਂ ਵਿੱਚ ਲੱਦ ਕੇ ਬਹਾਦਰ ਸ਼ਾਹ ਜ਼ਫ਼ਰ, ਜਹਾਂਦਾਰ ਸ਼ਾਹ ਤੇ ਫ਼ਰੁਖ਼ਸੀਅਰ ਦੇ ਮੂਹਰੇ ਪੇਸ਼ ਕੀਤੇ ਜਾਂਦੇ ਸਨ। ਲਗਦਾ ਏ ਹੁਣ ਕੋਈ ਮਾਂ ਦਾ ਪੁੱਤ ਉਸ ਫ਼ੌਜ ਦੇ ਮੁੱਖੀ ਨੂੰ ਵੀ ਪਾਰ ਬਲਾਊ ਹੀ ਜਿਸਨੇ ਫ਼ੌਜ ਦਰਬਾਰ ਸਾਹਿਬ ਤੇ ਚਾੜ੍ਹੀ ਏ। ਫਿਰ ਉਸ ਮਾਂ ਦੇ ਪੁੱਤ ਨੂੰ ਵੀ ਫਾਂਸੀ ਲਾਈ ਜਾਊ। ਹੋ ਸਕਦਾ ਏ ਕੋਈ ਮਾਂ ਦਾ ਪੁੱਤ ਦਿੱਲੀ ਦੰਗੇ ਕਰਵਾਉਣ ਵਾਲਿਆਂ ਨੂੰ ਵੀ ਪਾਰ ਬੁਲਾ ਦੇਵੇ। ਫਿਰ ਉਹ ਵੀ ਫਾਂਸੀ ਦੇ ਤਖ਼ਤੇ 'ਤੇ ਚੜੂ। ਹੋ ਸਕਦਾ ਏ ਮੁੰਡਿਆਂ ਦੇ ਖ਼ਿਲਾਫ਼ ਜ਼ਿਆਦਾ ਸਖ਼ਤੀ ਕਰਨ ਵਾਲਾ ਵੀ ਉਹਨਾਂ ਦੇ ਅੱਡੇ ਚੜ੍ਹ ਜਾਵੇ। ਜਿਹੜਾ ਉਸਨੂੰ ਮਾਰੂ ਉਹ ਵੀ ਫਾਂਸੀ ਚੜੂ। ਇੰਝ ਲੱਗਦਾ ਏ ਕਿ ਭਵਿੱਖ ਵਿੱਚ ਫਾਂਸੀਆਂ ਹੀ ਫਾਂਸੀਆਂ ਲੱਗਣਗੀਆਂ। ਕੀ ਇਹ ਫਾਂਸੀਆਂ ਮਸਲੇ ਦਾ ਸਥਾਈ ਹੱਲ ਲੱਭਣ ਵਿੱਚ ਕਾਮਯਾਬ ਹੋਣਗੀਆਂ?"

"ਬਾਈ ਸਿਹਾਂ, ਸਿਰ ਵੱਢ ਕੇ ਬਾਦਸ਼ਾਹਾਂ ਅੱਗੇ ਪੇਸ਼ ਕਰਨ ਨਾਲ ਜਾਂ ਫਾਂਸੀਆਂ ਲਾਉਣ ਨਾਲ ਪਹਿਲਾਂ ਕਦੀ ਕੋਈ ਮਸਲਾ ਹੱਲ ਹੁੰਦਾ ਦੇਖਿਆ ਏ? ਇਹ ਪ੍ਰੀਖਿਆ ਤਾਂ ਚਲਦੀ ਹੀ ਰਹੀ ਏ।"

"ਲਗਦਾ ਏ, ਅੱਗੇ ਵੀ ਚਲਦੀ ਹੀ ਰਹੇਗੀ। ਬੜਾ ਸੁਹਣਾ ਮਸਲੇ ਦਾ ਹੱਲ ਨਿਕਲ ਆਉਣਾ ਸੀ ਜੇਕਰ ਸ਼ੁਰੂ ਵਿੱਚ ਹੀ ਇਸ ਵੱਲ ਸੰਜੀਦਗੀ ਨਾਲ ਧਿਆਨ ਦਿੱਤਾ ਜਾਂਦਾ।

ਪਹਿਲਾਂ ਲੀਡਰ ਆਪਣੀਆਂ ਲੀਡਰੀਆਂ ਚਮਕਾਉਂਦੇ ਰਹਿੰਦੇ ਤੇ ਬਾਅਦ ਵਿੱਚ ਜਦੋਂ ਤੀਰ ਕਮਾਨ 'ਚੋਂ ਨਿਕਲ ਜਾਂਦਾ ਏ ਤਾਂ ਅਜੀਬ ਕਿਸਮ ਦੇ ਹੱਥਕੰਡੇ ਵਰਤਣ ਲੱਗ ਪੈਂਦੇ ਆ। ਲੀਡਰਾਂ ਲਈ ਇਹ ਸਭ ਕੁੱਝ ਖੇਲ੍ਹ ਏ, ਲੋਕਾਂ ਦੀ ਜਾਨ ਦਾ ਖੌਅ ਏ। ਅਵਾਮ ਦਾ ਖਿਆਲ ਰੱਖਣਾ ਹਰ ਨਿਜ਼ਾਮ ਦਾ ਪਹਿਲਾ ਫ਼ਰਜ਼ ਹੋਣਾ ਚਾਹੀਦਾ ਏ। ਗੁਰਬਾਣੀ ਵਿੱਚ ਲਿਖਿਆ ਏ:-

**ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥**
**ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ ॥**

(ਜਨਤਾ ਦੀ ਸੇਵਾ, ਜਨਤਾ ਨਾਲ ਵਿਚਾਰ ਵੰਡਣੇ, ਜਨਤਾ ਨਾਲ ਉਠਣਾ ਬੈਠਣਾ ਹੀ ਜੀਵਨ ਦਾ ਸਭ ਤੋਂ ਉੱਚਾ ਆਦਰਸ਼ ਹੈ। ਜਨਤਾ ਦੇ ਪੈਰਾਂ ਦੀ ਧੂੜ ਮੂੰਹ ਨਾਲ ਅਤੇ ਮੱਥੇ ਨਾਲ ਛੁਹਾਣ ਯੋਗ ਹੈ। ਜਨਤਾ ਦੇ ਅੰਗ ਸੰਗ ਰਹਿ ਕੇ ਹੀ ਆਸ਼ਾਵਾਂ ਪੂਰਨ ਹੁੰਦੀਆਂ ਹਨ, ਜੀਵਨ ਸਾਗਰ ਵਿੱਚ ਆਨੰਦ ਦੀਆਂ ਅਨੰਤ ਲਹਿਰਾਂ ਉਠਦੀਆਂ ਹਨ)

"ਤੁਸੀਂ ਤਾਂ ਗੁਰਬਾਣੀ ਦੇ ਵੀ ਚੰਗੇ ਮਾਹਰ ਲਗਦੇ ਹੋ। ਕੀ ਕੰਮ ਕਰਦੇ ਹੋ?"

"ਮੈਂ ਖੇਤੀਬਾੜੀ ਵਿਭਾਗ ਵਿੱਚ ਸਬ-ਇੰਸਪੈਕਟਰ ਹਾਂ ਤੇ ਪਾਠੀ ਵੀ ਹਾਂ।"

"ਪਿੰਡ ਦੀ ਸਿਆਸਤ ਵਿੱਚ ਵੀ ਹਿੱਸਾ ਲੈਂਦੇ ਹੋ।"

"ਵਾਹਿਗੁਰੂ, ਵਾਹਿਗੁਰੂ ਕਰੋ ਜੀ। ਮੈਂ ਸਿਆਸਤ ਵਿੱਚ ਕਦੀ ਹਿੱਸਾ ਨਹੀਂ ਲਿਆ। ਸਿਆਸਤ ਵਿੱਚ ਹਿੱਸਾ ਲਏ ਬਗੈਰ ਹੀ ਔਖੇ ਹੋਏ ਪਏ ਹਾਂ। ਅਗਰ ਲੈਂਦੇ ਹੁੰਦੇ ਤਾਂ ਪਤਾ



ਨੀ ਕੀ ਹੁੰਦਾ। ਅੱਜ-ਕੱਲ੍ਹ ਤਾਂ ਪਾਠ ਪੂਜਾ ਕਰਨ ਵਾਲੇ ਬੰਦੇ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗ ਪਿਆ ਏ। ਗੁਰੂ ਘਰ ਪਿੰਡ ਦੇ ਬਾਹਰ ਖੇਤਾਂ ਵਿੱਚ ਏ। ਨਾਮ ਦਾ ਸਿਮਰਨ ਕਰਦੇ ਜਾਈਦਾ ਏ। ਫਿਰ ਵੀ ਡਰ ਲੱਗਦਾ ਰਹਿੰਦਾ ਏ ਕੋਈ ਮਿਲ ਨਾ ਪਵੇ। ਡਰ ਦੇ ਦੁੱਖੋਂ ਗੁਰਦੁਆਰਾ ਸਾਹਿਬ ਵਿੱਚ ਕੋਈ ਪਾਠੀ ਵੀ ਨਹੀਂ ਟਿਕਦਾ। ਖੁਦ ਜਾ ਕੇ ਬੀੜ ਦਾ ਪ੍ਰਕਾਸ਼ ਕਰਦਾ ਹਾਂ ਤੇ ਖੁਦ ਹੀ ਬੀੜ ਨੂੰ ਸੰਤੋਖਦਾ ਹਾਂ।"

"ਕੋਈ ਮਿਲ ਨਾ ਪਵੇ?"

"ਮੁੰਡੇ ਵੀ ਮਿਲ ਸਕਦੇ ਹਨ, ਪੁਲਿਸ ਵੀ ਮਿਲ ਸਕਦੀ ਏ, ਕੋਈ ਪਿੰਡ ਦਾ ਸ਼ਰਾਰਤੀ ਸ਼ਰਾਰਤ ਵੀ ਕਰ ਸਕਦਾ ਏ। ਰਾਤ ਪਿੰਡ ਦੇ ਨੇੜੇ ਦਗੜ-ਦਗੜ ਕਰਦਾ ਇੱਕ ਮੋਟਰਸਾਈਕਲ ਘੁੰਮਦਾ ਸੁਣਦਾ ਰਿਹਾ। ਲੋਕ ਸਹਿਮ ਗਏ। ਸਵੇਰੇ ਗਵਾਂਢੀ ਕਹਿਣ ਲੱਗਾ। ਮੁੰਡੇ ਲੰਘ ਰਹੇ ਸੀ, ਕਿਸੇ ਨਿਰੰਕਾਰੀ ਨੂੰ ਮਾਰਨ ਆਏ ਸੀ ਕੋਈ ਕਹੇ ਪੰਚਾਇਤ ਸੰਮਤੀ ਦੇ ਚੇਅਰਮੈਨ ਮੁਣਸ਼ਾ ਸਿੰਘ ਤੋਂ ਬੰਦੂਕ ਖੋਹਣ ਆਏ ਹੋਣਗੇ। ਕੋਈ ਕਹੇ ਸਰਪੰਚ ਬੰਤਾ ਸਿੰਘ ਨੂੰ ਨਾ ਕੋਈ ਸੋਧਾ ਲਾਉਣ ਆਇਆ ਹੋਵੇ ਕਿਉਂਕਿ ਉਹ ਹਰ ਦੂਜੇ ਚੌਥੇ ਥਾਣੇ ਜਾ ਕੇ ਪਿੰਡ ਦੀ ਡਾਇਰੀ ਦਿੰਦਾ ਏ। ਕੋਈ ਕਹੇ-ਪੁਲਿਸ ਵਾਲੇ ਮੋਟਰਸਾਈਕਲ ਤੇ ਘੁੰਮ ਰਹੇ ਸੀ।"

"ਬਾਈ ਸਿਹ੍ਹਾਂ, ਪੁਲਿਸ ਵਾਲੇ ਤਾਂ ਨਹੀਂ ਹੋ ਸਕਦੇ। ਉਹ ਰਾਤ ਨੂੰ ਕਦੀ ਵੀ ਥਾਣੇ 'ਚੋਂ ਨਹੀਂ ਨਿਕਲਦੇ। ਜਿਸ ਦਿਨ ਦਾ ਗੋਬਿੰਦ ਰਾਮ ਦਾ ਮੁੰਡਾ ਮਾਰਿਆ ਏ ਉਸ ਦਿਨ ਦੇ ਤਾਂ ਸਾਰੇ ਥਾਨਿਆਂ ਵਾਲੇ ਸੁਸਰੀ ਵਾਂਗ ਸੌਂ ਗਏ ਐ।"

"ਕੁੱਤੇ ਦੇ ਪੁੱਤ ਨੇ ਸਿੱਖਾਂ ਦੇ ਘਰਾਂ ਤੋਂ ਉਹਨਾਂ ਦੀਆਂ ਮਾਵਾਂ ਲਿਆ ਕੇ ਥਾਣੇ ਬਿਠਾ ਲਈਆਂ। ਆਪਣੇ ਹੱਥ ਡਾਂਗ ਫੜ ਕੇ ਉਹਨਾਂ ਨੂੰ ਕੁੱਟਿਆ। ਲੈ ਲਿਆ ਮਜ਼ਾ ਫਿਰ। ਅਗਲਿਆਂ ਨੇ ਮੁੰਡਾ ਚੁੱਕ ਕੇ ਕੋਹ ਕੋਹ ਕੇ ਮਾਰਿਆ। ਸੁਣਿਐ, ਮੁੰਡਾ ਸੀ ਵੀ ਕੱਲਾ ਕੱਲਾ।"

"ਬਾਈ ਸਿਹ੍ਹਾਂ, ਪੁਲਿਸ ਦੇ ਤਾਂ ਇਸ ਲਹਿਰ ਨੇ ਵਾਰੇ ਨਿਆਰੇ ਕਰਤੇ। ਪੁਲਸੀਆਂ ਨੇ ਤਾਂ ਕੋਠੀਆਂ ਪਾ ਲਈਆਂ। ਜੇ ਲਹਿਰ ਹੋਰ ਪੰਜ ਸੱਤ ਸਾਲ ਚਲਦੀ ਰਹੀ ਫਿਰ ਤਾਂ ਪੁਲਿਸ ਆਲੇ ਤਿਆਸਮੇ ਪਾ ਲੈਣਗੇ।"

"ਪੁਲਸੀਏ ਹੀ ਨਹੀਂ, ਵਿੱਚ ਵਿੱਚ ਹੋਰ ਵੀ ਕਈ ਦਾਅ ਮਾਰੀ ਜਾਂਦੇ ਐ।"

"ਉਹ ਕਿਹੜੇ?"

"ਸਾਡੇ ਪਿੰਡ ਇੱਕ ਟੱਬਰ ਆਪਣੇ ਆਪਨੂੰ ਅਕਾਲੀਆਂ ਦਾ ਟੱਬਰ ਅਖਵਾਉਂਦਾ ਏ। ਪਹਿਲਾਂ ਖ਼ਰਚ ਤੋਂ ਹਮੇਸ਼ਾਂ ਟੁੱਟੇ ਰਹਿੰਦੇ ਸੀ। ਟਰੈਕਟਰ ਦੀਆਂ ਕਿਸ਼ਤਾਂ ਹੀ ਨਹੀਂ ਦੇ ਹੁੰਦੀਆਂ ਸੀ। ਪਰਸੋਂ ਜਿਹੇ ਨਵਾਂ ਸਕੂਟਰ ਖ਼ਰੀਦ ਕੇ ਲਿਆਏ ਐ। ਪਿੰਡ 'ਚ ਗੱਲਾਂ ਹੋ ਰਹੀਆਂ ਨੇ।"

"ਕੀ?"

"ਅਖੇ ਘਰ ਆ ਕੇ ਮੁੰਡੇ ਰਾਤ ਰਹੇ ਸੀ। ਚਾਰ ਪੰਜ ਲੱਖ ਘਰਦਿਆਂ ਪਾਸ ਰੱਖ ਗਏ। ਕਹਿੰਦੇ, ਫਿਰ ਕਿਸੇ ਦਿਨ ਆ ਕੇ ਲੈ ਜਾਵਾਂਗੇ। ਪੁਲਿਸ ਮਗਰ ਪਈ ਹੋਈ ਸੀ। ਡਰ ਸੀ ਕਿਤੇ ਪੈਸੇ ਜਾਂਦੇ ਹੀ ਨਾ ਲੱਗਣ। ਹਫ਼ਤੇ ਕੁ ਬਾਅਦ ਮੁੱਠਭੇੜ 'ਚ ਮਾਰੇ ਗਏ। ਕੋਈ ਪੈਸੇ ਲੈਣ ਨਹੀਂ ਆਇਆ। ਟੱਬਰ ਦੀਆਂ ਮੌਜਾਂ ਲੱਗ ਗਈਆਂ।"

"ਐਨੀ ਜਲਦੀ ਮੌਜਾਂ ਲੱਗਣ ਦੀ ਗੱਲ ਨਹੀਂ ਕਹੀ ਜਾ ਸਕਦੀ। ਜੇ ਮੁੱਠਭੇੜ ਵਿੱਚ ਇੱਕ ਅੱਧਾ ਵੀ ਬਚ ਗਿਆ ਹੋਇਆ ਤਾਂ ਦੇਖ ਲਈਂ ਹਫਤੇ ਕੁ ਵਿੱਚ ਹੀ ਆ ਧਮਕੂ ਪੈਸੇ ਵਸੂਲਣ।"

"ਬਾਈ ਸਿਹ੍ਹਾਂ, ਬੰਦਿਆਂ ਤੋਂ ਜਿਗਰਾ ਵੀ ਨਹੀਂ ਕਰ ਹੁੰਦਾ। ਸਕੂਟਰ ਲਿਆਉਣ ਦੀ ਐਨੀ ਕਾਹਲੀ ਵੀ ਕੀ ਸੀ?"

"ਮੈਂ ਸੁਣਿਐ, ਘਰ ਢਾਹ ਕੇ ਨਵੇਂ ਸਿਰਿਓਂ ਬਣਾਉਣ ਲਈ ਵੀ ਤਿਆਰ ਹੋਈ ਫਿਰਦੇ ਨੇ। ਅੱਜ ਦੇ ਸਮੇਂ ਪੰਜ ਲੱਖ ਥੋੜ੍ਹਾ ਨੀ ਹੁੰਦੈ। ਭਾਵੇਂ ਜਿੰਨਾ ਮਰਜ਼ੀ ਭਾਂਬੜ ਮਚਿਆ ਹੋਇਆ ਹੋਵੇ ਲੋਕ ਦਿਖਾਵਾ ਕਰਨ ਤੋਂ ਨੀ ਹਟਦੇ। ਬਹੁਤੀ ਅੱਗ ਤਾਂ ਸ਼ਰੀਕਾਂ ਨੂੰ ਸਾੜਨ ਦੀ ਲੱਗੀ ਹੁੰਦੀ ਏ। ਸ਼ਰੀਕ ਕੈਨੇਡਾ ਗਏ ਹੋਏ ਐ। ਉਹਨਾਂ ਨੇ ਬੜਾ ਵਧੀਆ ਘਰ ਬਣਾਇਆ ਹੋਇਆ ਏ। ਨਿਰੀ ਕੋਠੀ ਹੀ ਏ। ਜਿੱਦਣ ਦਾ ਉਹਨਾਂ ਦਾ ਘਰ ਬਣਿਆ ਏ ਉੱਦਣ ਤੋਂ ਹੀ ਇਸ ਟੱਬਰ ਦੇ ਲੂਹਣ ਮਿੱਟੀ ਲੱਗੀ ਹੋਈ ਏ। ਰਿਸ਼ਤੇਦਾਰੀ ਚੋਂ ਕੋਈ ਮੁੰਡਾ ਖਾੜਕੂਆਂ ਨਾਲ ਰਲ ਗਿਐ। ਉਹ ਬਾਕੀ ਮੁੰਡਿਆਂ ਨਾਲ ਦੌੜਾ ਦੌੜਾ ਜਾਂਦਾ ਪੈਸੇ ਇਹਨਾਂ ਪਾਸ ਰੱਖ ਗਿਐ।"

"ਚੱਲ ਛੱਡੋ ਇਸ ਟੱਬਰ ਦੀਆਂ ਗੱਲਾਂ ਨੂੰ। ਕੁੱਝ ਆਪਣੇ ਬਾਰੇ ਦੱਸੋ? ਕਿੰਨੇ ਬੱਚੇ ਨੇ ਆਪਣੇ?" "ਬਸ ਦੋ ਲੜਕੇ ਹੀ ਆ। ਇਕ ਜਿਹੜਾ ਅੰਦਰ ਪਰਚਾ ਦੇ ਰਿਹਾ ਏ। ਦੂਜੇ ਨੇ ਬਸ ਮੈਟ੍ਰਿਕ ਪਾਸ ਹੀ ਕੀਤੀ ਸੀ। ਕੈਨੇਡਾ ਦਾ ਰਿਸ਼ਤਾ ਮਿਲ ਗਿਐ। ਮੈਂ ਛੇਤੀ ਦੇਣੀ ਬਾਹਰ ਭੇਜਣ ਦੀ ਕੀਤੀ। ਮੁੰਡਿਆਂ ਦਾ ਹਰ ਵੇਲੇ ਇਹ ਵੀ ਖ਼ਤਰਾ ਰਹਿੰਦਾ ਏ ਕਿ ਕਿਤੇ ਕੋਈ ਲਹਿਰ ਵਿੱਚ ਹੀ ਨਾ ਰਲ ਜਾਵੇ। ਸਾਡੇ ਪਿੰਡ ਦਾ ਇਕ ਮੁੰਡਾ ਪਹਿਲਾਂ ਹੀ ਗੁੰਮ ਹੋ ਚੁੱਕਾ ਏ। ਲੋਕ ਕਹਿੰਦੇ ਐ ਕਿ ਜੁਝਾਰੂਆਂ ਨਾਲ ਰਲ ਗਿਐ। ਮੇਰੇ ਨਾਲ ਵੀ ਪਿਛਲੇ ਸਿਆਲ ਮਾੜੀ ਵਾਪਰਨ ਲੱਗੀ ਸੀ।"

"ਉਹ ਕੀ?"

"ਮੁੰਡੇ ਨੇ ਕੈਨੇਡਾ ਤੋਂ ਫ਼ਿਰੋਜ਼ਪੁਰ ਦੇ ਇਕ ਪਿੰਡ ਦੇ ਬਰਾੜ ਪਾਸ ਕੁਝ ਪੈਸੇ ਭੇਜੇ ਸਨ। ਜਲਦੀ ਉਸ ਤੋਂ ਲੈਣ ਜਾਣਾ ਸੀ। ਉਸਨੇ ਪਿੰਡ ਸਿਰਫ਼ ਹਫਤਾ ਕੁ ਹੀ ਰਹਿਣਾ ਸੀ। ਤੁਹਾਨੂੰ ਪਤਾ ਈ ਏ ਅੱਜ ਕੱਲ੍ਹ ਲੋਕ ਡਰਦੇ ਡਰਦੇ 10-20 ਦਿਨਾਂ ਲਈ ਹੀ ਬਾਹਰੋਂ ਆਉਂਦੇ ਨੇ। ਉਹ ਵੀ ਤਾਂ ਜੇਕਰ ਕੋਈ ਬਹੁਤ ਜ਼ਰੂਰੀ ਕੰਮ ਹੋਵੇ। ਪੰਜਾਬ ਵਿੱਚ ਤਾਂ ਮਸਾਂ ਚਾਰ ਪੰਜ ਦਿਨ ਹੀ ਠਹਿਰਦੇ ਨੇ। ਬਾਕੀ ਸਮਾਂ ਪੰਜਾਬ ਤੋਂ ਪਰ੍ਹੇ-ਪਰ੍ਹੇ ਹੀ ਗੁਜ਼ਾਰ ਲੈਂਦੇ ਨੇ। ਮੈਂ ਆਪਣੇ ਇਕ ਦੋਸਤ ਨਾਲ ਫ਼ਿਰੋਜ਼ਪੁਰ ਦੇ ਉਸ ਪਿੰਡ ਵਿੱਚ ਪੈਸੇ ਲੈਣ ਗਿਆ। ਸਾਡੇ ਪਾਸ ਮਰੂਤੀ ਵੈਨ ਸੀ। ਸਾਨੂੰ ਉੱਥੇ ਪਹੁੰਚਣ ਦਾ ਉਸ ਬਰਾੜ ਨੇ ਸਮਾਂ ਦਿੱਤਾ ਹੋਇਆ ਸੀ। ਸਾਨੂੰ ਸਵੇਰੇ ਤੜਕੇ ਤੁਰਨਾ ਪੈਣਾ ਸੀ। ਜਦ ਅਸੀਂ ਤੁਰੇ ਤਾਂ ਅੰਤਾਂ ਦੀ ਧੁੰਦ ਪਈ ਹੋਈ ਸੀ। ਫਿਲੌਰ ਨੇੜੇ ਪੁਲਿਸ ਦਾ ਨਾਕਾ ਲੱਗਿਆ ਹੋਇਆ ਸੀ। ਖ਼ੈਰ ਪੁਲਿਸ ਨੇ ਤਾਂ ਸਾਨੂੰ ਰੋਕਿਆ ਨਹੀਂ। ਫਿਰ ਇਹ ਧੁੜਕੂ ਲੱਗਾ ਰਿਹਾ ਕਿ ਜੇ ਵਾਪਸ ਆਉਂਦੇ ਸਮੇਂ ਪੁਲਿਸ ਨੇ ਚੈੱਕ ਕਰ ਲਿਆ ਤੇ ਪੈਸੇ ਦੇਖ ਲਏ ਤਾਂ ਕਹਿਣਗੇ ਕਿ ਇਹ ਹਵਾਲਾ ਦਾ ਪੈਸਾ ਏ। ਅਸੀਂ ਮੂੰਹ ਹਨੇਰੇ ਫ਼ਿਰੋਜ਼ਪੁਰ ਦੇ ਉਸ ਪਿੰਡ ਪਹੁੰਚੇ ਤਾਂ ਬਰਾੜ ਦੇ ਘਰ ਦਾ ਹੀ ਪਤਾ ਨਾ ਲੱਗੇ। ਕੋਈ ਵੀ ਬੰਦਾ ਬਾਹਰ ਨਾ ਦਿਸੇ ਜਿਸ ਤੋਂ ਅਸੀਂ ਬਰਾੜ ਦੇ ਘਰ ਦਾ ਪਤਾ ਕਰ ਸਕੀਏ। ਸਾਰੇ ਪਾਸੇ ਸੁੰਨ ਸਾਨ ਫੈਲੀ ਹੋਈ ਸੀ। ਅਸੀਂ ਥੋੜ੍ਹਾ ਅੱਗੇ ਵੈਨ ਵਧਾਈ ਸਾਨੂੰ ਕੋਈ ਬੰਦਾ ਆਪਣੀ ਗੰਨਿਆਂ ਦੀ ਰੇਹੜੀ ਪਾਸ ਮੰਜੇ ਉੱਤੇ ਰਜਾਈ ਲੈ ਕੇ ਸੁੱਤਾ ਪਿਆ ਲੱਗਿਆ। ਲਗਦਾ ਸੀ ਕਿ ਉਹ ਆਪਣੇ ਗੰਨਿਆਂ ਦੀ ਰਾਖੀ ਪਿਆ ਸੀ। ਜਦ ਅਸੀਂ ਉਹਦੇ ਪਾਸ ਜਾ ਕੇ ਵੈਨ ਰੋਕੀ ਤਾਂ ਉਹ ਰਜਾਈ ਵਿੱਚੋਂ ਨਿਕਲ ਨੇ ਛੂਟ ਵੱਟ ਕੇ ਦੌੜ ਪਿਆ। ਸ਼ਾਇਦ ਉਹਨੂੰ ਲੱਗਾ ਕਿ ਖਾੜਕੂ ਆ ਗਏ। ਉਸਨੇ ਪਿੱਛਾਂਹ ਮੁੜਕੇ ਨਾ ਦੇਖਿਆ। ਅਸੀਂ ਆਵਾਜਾਂ ਮਾਰੀ ਜਾਈਏ-'ਬਾਈ ਸਿਹ੍ਹਾਂ, ਸਾਡੀ ਗੱਲ ਤਾਂ ਸੁਣ। ਅਸੀਂ ਕਿਸੇ ਦੇ ਘਰ ਦਾ ਪਤਾ ਕਰਨਾ ਏ।' ਉਸ ਵਿਚਾਰੇ ਨੇ ਤਾਂ ਪਿੱਛੇ ਮੁੜ ਕੇ ਨਹੀਂ ਦੇਖਿਆ, ਬਸ ਰਫੂ ਚੱਕਰ ਹੋ ਗਿਆ ਤੇ ਪਰ੍ਹੇ ਜਾ ਕੇ ਖੱਬੇ ਪਾਸੇ ਜਾਂਦੀ ਬੀਹੀ ਵਿੱਚ ਜਾ ਵੜਿਆ। ਸਾਡੇ ਪਾਸ ਬਰਾੜ ਦਾ ਫ਼ੋਨ ਨੰਬਰ ਤੱਕ ਵੀ ਨਹੀਂ ਸੀ। ਸ਼ਾਇਦ ਉਸਦੇ ਘਰ ਫ਼ੋਨ ਹੈ ਹੀ ਨਹੀਂ ਸੀ। ਉਸਦਾ ਸਾਰਾ ਟੱਬਰ ਤਾਂ ਉਧਰ ਕੈਨੇਡਾ ਵਿੱਚ ਰਹਿੰਦਾ ਸੀ।"

"ਫਿਰ ਤਾਂ ਤੁਹਾਨੂੰ ਉੱਥੇ ਕਿਤੇ ਖੜ੍ਹ ਕੇ ਦਿਨ ਚੜ੍ਹਾਉਣਾ ਪਿਆ ਹੋਊ? ਜਦ ਲੋਕ ਜਾਗੇ ਹੋਣਗੇ ਤਾਂ ਕਿਤੇ ਤੁਸੀਂ ਬਰਾੜ ਦੇ ਘਰ ਦਾ ਪਤਾ ਕੀਤਾ ਹੋਊ?"

"ਅਸੀਂ ਘੰਟਾ ਭਰ ਪਿੰਡ ਦੇ ਬਾਹਰਵਾਰ ਗੱਡੀ 'ਚ ਬੈਠੇ ਰਹੇ ਜਦ ਲੋਕ ਬਾਹਰ ਅੰਦਰ ਜਾਣੇ ਸ਼ੁਰੂ ਹੋਏ ਤਾਂ ਅਸੀਂ ਉਨ੍ਹਾਂ ਤੋਂ ਬਰਾੜ ਦਾ ਘਰ ਪਤਾ ਕੀਤਾ। ਉਸਤੋਂ ਪੈਸੇ ਲਏ ਤੇ ਜਲਦੀ-ਜਲਦੀ ਵਾਪਸ ਚਾਲੇ ਪਾਏ। ਸੁੱਖ ਨਾਲ ਦੋ ਲੱਖ ਰੁਪਏ ਸਨ। ਵਾਪਸੀ ਸਮੇਂ ਪੁਲਿਸ ਤੋਂ ਡਰ ਲੱਗੀ ਜਾਵੇ। ਕਿੱਤੇ ਹਵਾਲਾ ਦੇ ਪੈਸੇ ਸਮਝ ਕੇ ਪੁਲਿਸ ਫੜ੍ਹ ਹੀ ਨਾ ਲਵੇ ਤੇ ਅੰਦਰ ਹੀ ਨਾ ਕਰ ਦੇਵੇ। ਤੁਹਾਨੂੰ ਪਤਾ ਏ ਅੱਜ-ਕੱਲ੍ਹ ਤਾਂ ਥੋੜ੍ਹੇ ਕੀਤੇ ਜ਼ਮਾਨਤ ਵੀ ਨਹੀਂ ਹੁੰਦੀ। ਪੁਲਿਸ ਜਿਹਦੇ ਸਿਰ ਜਿਹੜਾ ਕੇਸ ਮਰਜ਼ੀ ਪਾ ਦੇਵੇ, ਜਿਹਦੇ ਤੇ ਮਰਜ਼ੀ ਖਾੜਕੂ ਹੋਣ ਦਾ ਠੱਪਾ ਲਗਾ ਦੇਵੇ, ਜਿਹਨੂੰ ਮਰਜ਼ੀ ਮਾਰ ਦੇਵੇ, ਜਿਹਨੂੰ ਮਰਜ਼ੀ ਘਰੋਂ ਚੁੱਕ ਲਿਆਵੇ। ਪਿੱਛੇ ਜਿਹੇ ਪਤਾ ਲੱਗਾ ਸੀ ਕਿ ਲਾਸ਼ ਕਿਸੇ ਦੀ ਸੀ ਤੇ ਸ਼ੋਅ ਕਿਸੇ ਹੋਰ ਦੀ ਕਰ ਤੀ। ਇੰਜ ਕਰਕੇ ਮਹਿਕਮੇ ਤੋਂ ਇਨਾਮ ਲੈ ਲਿਆ। ਪੁਲਸੀਏ ਨਹੀਂ ਕਿਸੇ ਨੂੰ ਵੀ

ਬਖਸ਼ਦੇ।"

"ਤੁਹਾਡੀ ਗੱਲ ਬਿਲਕੁਲ ਠੀਕ ਏ। ਪਿੱਛੇ ਜਿਹੇ ਸਾਡੇ ਪਿੰਡ ਪਾਸ ਦੋ ਬੱਸਾਂ ਦਾ ਐਕਸੀਡੈਂਟ ਹੋ ਗਿਆ। ਪੁਲਸੀਆਂ ਨੇ ਆ ਕੇ ਸਭ ਤੋਂ ਪਹਿਲਾਂ ਮਰੇ ਹੋਏ ਬੰਦਿਆਂ ਦੀਆਂ ਕੀਮਤੀ ਚੀਜਾਂ ਉਤਾਰ ਕੇ ਆਪਣੀਆਂ ਜੇਬਾਂ ਵਿੱਚ ਪਾਈਆਂ। ਸੋਨਾ ਉਤਾਰ ਲਿਆ, ਘੜੀਆਂ ਉਤਾਰ ਲਈਆਂ, ਇੱਥੋਂ ਤੱਕ ਕਿ ਕੀਮਤੀ ਐਨਕਾਂ ਤੇ ਪੈੱਨ ਆਦਿ ਵੀ ਲਾਹ ਲਏ। ਇਹ ਹਾਲ ਏ ਪੁਲਿਸ ਦਾ।"

"ਕੀ ਸਾਡੇ ਦੇਸ਼ ਦੀ ਪੁਲਿਸ ਕਦੇ ਸੁਧਰੂ ਵੀ?"

"ਮੈਨੂੰ ਨਹੀਂ ਲੱਗਦਾ। ਪਿੱਛੇ ਜਿਹੇ ਮੇਰੇ ਗੁਆਂਢੀਆਂ ਦਾ ਮੁੰਡਾ ਨੌਬੀ ਆਸਟਰੇਲੀਆ ਤੋਂ ਆਇਆ। ਉਹ ਉਥੇ ਦੀ ਪੁਲਿਸ ਦੀਆਂ ਸਿਫਤਾਂ ਹੀ ਕਰੀ ਜਾਵੇ।"

"ਕੀ ਕਹਿੰਦਾ?"

"ਕਹਿੰਦਾ, ਉਥੇ ਦੀ ਪੁਲਿਸ ਤਾਂ ਅੰਤਾਂ ਦੀ ਈਮਾਨਦਾਰ ਏ। ਨਾ ਕੋਈ ਵੱਢੀ, ਨਾ ਕੋਈ ਸਿਫਾਰਸ਼।"

"ਮੈਂ ਤਾਂ ਸੁਣਿਐ, ਉਥੇ ਦੀ ਪੁਲਿਸ ਛੋਟੇ ਮੋਟੇ ਅਪਰਾਧੀਆਂ ਨੂੰ ਐਵੇਂ ਹੀ ਛੱਡ ਦਿੰਦੀ ਏ। ਕੁੱਝ ਕਹਿੰਦੀ ਹੀ ਨਹੀਂ?"

"ਤੁਹਾਨੂੰ ਫਿਰ ਅਸਲੀ ਗੱਲ ਤਾਂ ਪਤਾ ਹੀ ਨਹੀਂ?"

"ਅਸਲੀ ਗੱਲ ਕੀ ਏ?"

"ਆਸਟਰੇਲੀਆ ਜਿਹੇ ਦੇਸ਼ਾਂ ਦੀ ਪੁਲਿਸ ਪਹਿਲਾਂ ਹਰ ਅਪਰਾਧ ਨੂੰ ਬਾਰੀਕੀ ਨਾਲ ਘੋਖਦੀ ਏ। ਉਹ ਸ਼ੱਕੀ ਅਪਰਾਧੀਆਂ ਪਾਸ ਖੜ੍ਹੀ ਉਹਨਾਂ ਨਾਲ ਦੋਸਤਾਂ ਵਾਂਗ ਗੱਲਾਂ ਕਰਦੀ ਰਹਿੰਦੀ ਏ। ਉਹ ਅਪਰਾਧੀਆਂ ਨੂੰ ਪਤਾ ਹੀ ਨਹੀਂ ਲੱਗਣ ਦਿੰਦੀ ਕਿ ਉਹ ਉਹਨਾਂ ਨੂੰ ਇੱਕ ਦਮ ਫੜ ਵੀ ਸਕਦੀ ਏ। ਅਪਰਾਧੀ ਪੁਲਿਸ ਨੂੰ ਆਪਣਾ ਵਾਕਫ਼ ਜਾਂ ਹਮਦਰਦ ਸਮਝਣ ਲੱਗ ਪੈਂਦੇ ਹਨ। ਜਦ ਪੁਲਿਸ ਨੂੰ ਪੂਰਾ ਯਕੀਨ ਹੋ ਜਾਵੇ ਜਾਂ ਸਬੂਤ ਮਿਲ ਜਾਵੇ ਕਿ ਫੜਿਆ ਬੰਦਾ ਸੱਚਮੁੱਚ ਹੀ ਅਪਰਾਧੀ ਏ ਤਾਂ ਵਾਇਰਲੈਸ ਤੇ ਤੁਰੰਤ ਐਸਾ ਮੈਸੇਜ ਛੱਡਦੇ ਹਨ ਕਿ ਇਕ ਦਮ ਪੁਲਿਸ ਦੀਆਂ ਹੋਰ ਗੱਡੀਆਂ ਪਹੁੰਚ ਜਾਂਦੀਆਂ ਹਨ। ਅਪਰਾਧੀ ਨੂੰ ਫੜ ਕੇ ਇਕ ਦਮ ਗੱਡੀ ਵਿੱਚ ਸੁੱਟ ਲਿਆ ਜਾਂਦਾ ਏ। ਬਾਅਦ ਵਿੱਚ ਕੀ ਹੁੰਦਾ ਏ ਪਤਾ ਨਹੀਂ ਲੱਗਦਾ। ਬਾਕੀ ਉੱਥੇ ਕਿਹੜੀ ਕੋਈ ਸਿਫਾਰਸ਼ ਚਲਦੀ ਏ? ਪੰਜਾਬ ਵਿੱਚ ਤਾਂ ਲੋਕ ਕਿਸੇ ਸਿਆਸੀ ਬੰਦੇ ਦੀ ਸਿਫਾਰਸ਼ ਪੁਆ ਕੇ ਛੁੱਟ ਜਾਂਦੇ ਹਨ। ਉੱਥੇ ਸਿਆਸੀ ਬੰਦੇ ਚੱਜ ਅਚਾਰ ਦੇ ਇੰਨੇ ਉੱਚੇ ਹਨ ਕਿ ਕਿਸੇ ਗ਼ਲਤ ਬੰਦੇ ਦੀ ਸਿਫਾਰਸ਼ ਨਹੀਂ ਕਰਦੇ।"

"ਮੈਨੂੰ ਤਾਂ ਲੱਗਦਾ ਏ ਕਿ ਉੱਥੇ ਅਬਾਦੀ ਬੜੀ ਘੱਟ ਏ। ਅਪਰਾਧੀ ਦਾ ਬੜੀ ਜਲਦੀ ਪਤਾ ਲੱਗ ਜਾਂਦਾ ਏ। ਸਾਡੇ ਦੇਸ਼ ਵਿੱਚ ਤਾਂ ਲੋਕ ਕੀੜੀਆਂ ਵਾਂਗ ਤੁਰੇ ਫਿਰਦੇ ਨੇ। ਨੇਤਾ ਲੋਕ ਸੋਚਦੇ ਹਨ ਜੇ ਦੋ ਚਾਰ ਸੌ ਮਰ ਵੀ ਗਏ ਤਾਂ ਕਿਹੜਾ ਘਾਟਾ ਪੈ ਜਾਊ। ਜਦ ਕਿਤੇ ਬੰਬ ਫਟਦਾ ਏ ਤਾਂ ਦੋ ਚਾਰ ਦਿਨ ਰੌਲਾ ਰੱਪਾ ਪੈਂਦਾ ਏ। ਬਾਅਦ ਵਿੱਚ ਫਿਰ ਪਹਿਲਾਂ ਵਾਂਗ ਹੀ ਹੋ ਜਾਂਦਾ ਏ। ਸਾਡੇ ਦੇਸ਼ ਵਿੱਚ ਤਾਂ ਜਿਹਾ ਕੁੱਤਾ ਮਰ ਗਿਐ ਤੇ ਜਿਹਾ ਬੰਦਾ ਇੱਕੋ ਹੀ ਗੱਲ ਏ।"

"ਗੱਲ ਅਬਾਦੀ ਦੀ ਨਹੀਂ, ਅਸਲ ਗੱਲ ਸਿਸਟਮ ਦੀ ਘਾਟ ਦੀ ਏ। ਜੋ ਸਾਡੇ ਇੱਥੇ ਅਬਾਦੀ ਵੱਧ ਏ ਤਾਂ ਪੁਲਿਸ ਦੀ ਗਿਣਤੀ ਵੀ ਅੰਤਾਂ ਦੀ ਏ। ਲੋਕਾਂ ਦੇ ਨੁਮਾਇੰਦਿਆਂ ਦੀ ਗਿਣਤੀ ਬਥੇਰੀ ਏ। ਦੇਸ਼ ਦੀ ਪਾਰਲੀਮੈਂਟ ਵਿੱਚ ਅੰਤਾਂ ਦਾ ਇੱਜੜ ਇਕੱਠਾ ਕੀਤਾ ਹੋਇਆ ਏ। ਸੂਬਿਆਂ ਦੀਆਂ ਅਸੈਂਬਲੀਆਂ ਭਰੀਆਂ ਪਈਆਂ ਹਨ। ਆਏ ਦਿਨ ਨਵੇਂ-ਨਵੇਂ ਸੂਬੇ ਬਣੀ ਜਾਂਦੇ ਹਨ। ਜਿੰਨੇ ਵੱਧ ਸੂਬੇ ਤੇ ਜ਼ਿਲ੍ਹੇ ਬਣਦੇ ਹਨ ਓਨੇ ਹੀ ਵਿੱਚ ਅਫ਼ਸਰ ਤਾਇਨਾਤ ਹੋਈ ਜਾਂਦੇ ਹਨ। ਇੱਕ ਸਮਾਂ ਹੁੰਦਾ ਸੀ ਕਿ ਡੀ. ਸੀ. ਕੋਈ ਟਾਵਾਂ-ਟਾਵਾਂ ਹੀ ਹੁੰਦਾ ਸੀ। ਹੁਣ ਡੀ. ਸੀ. ਅਤੇ ਐਸ. ਡੀ. ਐਮਾਂ ਦੀਆਂ ਡਾਰਾਂ ਤੁਰੀਆਂ ਫਿਰਦੀਆਂ ਹਨ। ਜਿਉਂ-ਜਿਉਂ ਇਨ੍ਹਾਂ ਦੀ ਗਿਣਤੀ ਵੱਧਦੀ ਜਾਂਦੀ ਏ ਉਵੇਂ-ਉਵੇਂ ਹੀ ਪ੍ਰਬੰਧ ਮਾੜਾ ਹੋਈ ਜਾ ਰਿਹਾ ਏ। ਇਹ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਅਬਾਦੀ ਦੇ ਵੱਧਣ ਨੇ ਪ੍ਰਬੰਧ ਨੂੰ ਮਾੜਾ ਕੀਤਾ ਏ?"

"ਤਾਂ ਫਿਰ ਇਹ ਸਭ ਕੁੱਝ ਮਾੜੇ ਕਿਰਦਾਰ ਕਰਕੇ ਹੋ ਰਿਹਾ ਹੋਊ। ਮੈਨੂੰ ਲੱਗਦਾ ਅੱਧੀ ਕੁ ਪਾਰਲੀਮੈਂਟ ਤਾਂ ਅਪਰਾਧੀ ਪਿਛੋਕੜ ਲਈ ਫਿਰਦੀ ਏ। ਇਵੇਂ ਲੱਗੀ ਜਾਂਦਾ ਏ ਜਿਹਨੇ ਇੱਕ ਦੋ ਕਤਲ ਨਾ ਕੀਤੇ ਹੋਣ ਉਹ ਐਮ. ਐਲ. ਏ. ਜਾਂ ਐਮ. ਪੀ. ਬਣ ਹੀ ਨਹੀਂ ਸਕਦਾ। ਮੈਨੂੰ ਤਾਂ ਇੰਝ ਲਗਦਾ ਏ, ਸਾਡੇ ਦੇਸ਼ ਦੀ ਸਿਆਸਤ ਵਿੱਚ ਵੱਧ ਹੌਂਸਲਾ ਉਸਦਾ ਹੀ ਖੁਲ੍ਹਦਾ ਏ ਜੋ ਇੱਕ ਦੋ ਅਪਰਾਧ ਕਰ ਲਵੇ। ਤੁਸੀਂ ਆਪਣੇ ਪਿੰਡਾਂ ਵਿੱਚ ਮੁਹਤਬਰ ਤੀਵੀਆਂ ਦੇਖੀਆਂ ? ਜਿਹੜੀਆਂ ਵੱਧ ਖੁੱਲ੍ਹ ਜਾਣ ਉਹ ਬੜੀ ਜਲਦੀ ਚੋਣ ਜਿੱਤਦੀਆਂ ਹਨ। ਜਾਂ ਫਿਰ ਘੱਟ ਪੜ੍ਹੇ ਲਿਖੇ ਬੰਦੇ ਸਿਆਸਤ ਵਿੱਚ ਕਾਮਯਾਬ ਹੁੰਦੇ ਹਨ। ਜ਼ਿਆਦਾ ਪੜ੍ਹੇ ਲਿਖੇ ਸੰਵੇਦਨਸ਼ੀਲ ਵੀ ਜ਼ਿਆਦਾ ਹੋ ਜਾਂਦੇ ਹਨ। ਸਾਡੇ ਦੇਸ਼ ਦੀ ਸਿਆਸਤ ਸੰਵੇਦਨਸ਼ੀਲਤਾ ਦੀ ਦੁਸ਼ਮਣ ਏ। ਬਾਈ ਸਿਹਾਂ, ਅਸੀਂ ਐਵੇਂ ਹੋਰ ਹੋਰ ਗੱਲਾਂ ਵਿੱਚ ਪੈ ਗਏ। ਸਾਡਾ ਅਸਲੀ ਮਸਲਾ ਤਾਂ ਸੈਂਟਰ ਅੰਦਰਲੀ ਅੰਤਾਂ ਦੀ ਸਖਤੀ ਦਾ ਏ।"

"ਵੀਰੇ, ਆ ਪਹਿਲਾਂ ਕਾਲਜ ਦੇ ਬਾਹਰ ਦੁਕਾਨ 'ਤੇ ਚਾਹ ਛਕਦੇ ਹਾਂ। ਗੱਲਾਂ ਤਾਂ ਮੁੱਕਣੀਆਂ ਹੀ ਨਹੀਂ। ਆਪਾਂ ਹੁਣ ਇੱਕ ਦੂਜੇ ਦੇ ਵਾਕਫ਼ ਤਾਂ ਹੋ ਹੀ ਗਏ ਹਾਂ। ਤੁਹਾਡੇ ਬੱਚੇ ਦਾ ਅਗਲਾ ਪਰਚਾ ਕਦੋਂ ਏ?"

"25 ਤਾਰੀਖ ਸ਼ਾਮ ਨੂੰ।"

"ਸ਼ਾਇਦ ਮੇਰੇ ਮੁੰਡੇ ਦਾ ਵੀ ਪੱਚੀ ਨੂੰ ਹੀ ਹੋਵੇ। ਸ਼ਾਇਦ ਸਾਨੂੰ ਫਿਰ ਮਿਲਣ ਦਾ ਮੌਕਾ ਮਿਲ ਜਾਵੇ।"

ਦੋਨੋਂ ਬਾਹਰ ਚਾਹ ਦੀ ਦੁਕਾਨ ਤੇ ਚਲੇ ਗਏ। ਦੁਕਾਨਦਾਰ ਵੀ ਸੁਖ ਨਾਲ ਸਰਦਾਰ

ਹੀ ਸੀ। ਉਹ ਚਾਹ ਬਣਾਉਣ ਲੱਗ ਪਿਆ।

"ਬਾਈ ਸਿਹ੍ਹਾਂ, ਕੀ ਨਾਮ ਏ ਆਪਣਾ?" ਗਾਤਰੇ ਵਾਲੇ ਨੇ ਦੁਕਾਨਦਾਰ ਨੂੰ ਪੁੱਛਿਆ।

"ਮੀਹਾਂ ਸਿੰਘ।"

"ਏਥੇ ਹੀ ਰਹਿੰਦੇ ਹੋ ਜਾਂ ਕਿਸੇ ਪਿੰਡ ਤੋਂ ਆਉਂਦੇ ਹੋ?"

"ਭਾਈ ਸਾਹਿਬ, ਮੈਂ ਮੁਕੰਦਪੁਰ ਤੋਂ ਆਉਂਦਾ ਹਾਂ।"

"ਮੁਕੰਦਪੁਰ ਤਾਂ ਥੋੜ੍ਹੇ ਦਿਨ ਪਹਿਲਾਂ ਵਾਰਦਾਤ ਹੋਈ ਸੀ?"

"ਹਾਂ, ਬੈਂਕ ਵਿੱਚ। ਦੋਨੋਂ ਲੁਟੇਰੇ ਮਾਰੇ ਗਏ ਸੀ। ਨਾਲ ਦੇ ਪਿੰਡ ਦੇ ਹੀ ਸਨ। ਜੇ ਲੁੱਟ ਕੇ ਦੌੜ ਜਾਂਦੇ ਤਾਂ ਖ਼ਬਰ ਇਹ ਫੈਲਣੀ ਸੀ ਕਿ ਕੋਈ ਵੱਡਾ ਗਰੋਹ ਕਾਰਾ ਕਰ ਗਿਐ। ਇੱਕ ਦੀ ਸ਼ਨਾਖਤ ਪਾਲ ਸਿੰਘ ਉਰਫ਼ ਪਾਲਾ ਹੋਈ ਏ। ਦੂਜੇ ਦਾ ਨਾਮ ਰਣਬੀਰ ਸਿੰਘ ਏ। ਦੋਨੋਂ ਖਾਂਦੇ ਪੀਂਦੇ ਘਰਾਂ ਦੇ ਮੁੰਡੇ ਸਨ।"

"ਸਰਦਾਰਾ, ਖਾਂਦੇ ਪੀਂਦੇ ਘਰਾਂ ਦੇ ਹੀ ਹਥਿਆਰ ਪੈਦਾ ਕਰ ਸਕਦੇ ਆ। ਮਾੜਾ ਧੀੜਾ ਕਿੱਥੋਂ ਹਥਿਆਰ ਲੈ ਲਊ। ਡਾਕਾ ਤਾਂ ਹੋਇਆ, ਤੁਸੀਂ ਸਾਨੂੰ ਇੱਕ ਹੋਰ ਗੱਲ ਦੱਸੋ। ਤੁਸੀਂ ਤਾਂ ਇੱਥੇ ਪੁਰਾਣੇ ਸਮਿਆਂ ਤੋਂ ਦੁਕਾਨ ਕਰਦੇ ਆਏ ਹੋ। ਆਹ ਜਿਹੜਾ ਨਵਾਂ ਸੁਪਰਡੈਂਟ ਬਣਿਆ ਏ ਕੀ ਨਾਮ ਏ ਇਹਦਾ?"

"ਡਾਕਟਰ ਸਾਹਿਬ।"

"ਡਾਕਟਰ ਸਾਹਿਬ ਤਾਂ ਹੋਇਆ। ਨਾਂ ਦੱਸੋ ਕੀ ਏ?"

"ਪਤਵੰਤ ਸਿੰਘ।"

"ਇਹ ਤਾਂ ਇੰਨੀ ਸਖ਼ਤੀ ਕਰ ਰਿਹਾ ਏ ਕਿ ਨਿਆਣਿਆਂ ਦਾ ਭੱਠਾ ਬੈਠ ਜੂ। ਜੇ ਇਹਦੇ ਨਾਲ ਕਿਸੇ ਤਰ੍ਹਾਂ ਦਾ ਰਾਫਤਾ ਕਾਇਮ ਕਰਨਾ ਹੋਵੇ ? ਸੁਣਿਐ, ਖਾਂਦਾ ਪੀਂਦਾ ਵੀ ਕੁੱਝ ਨਹੀਂ।"

"ਮੇਰੇ ਵੀਰੋ, ਇੱਥੇ ਕੋਈ ਰਾਫ਼ਤਾ ਪੈਦਾ ਨਹੀਂ ਜੇ ਹੋਣਾ। ਐਤਕੀਂ ਤਾਂ ਹੁਣ ਇਵੇਂ ਹੀ ਚੱਲੂ। ਆਹ ਲਓ ਚਾਹ। ਫਿਰ ਵੀ ਮਿਲਦੇ ਗਿਲਦੇ ਰਿਹੋ।"

ਚਾਹ ਪੀ ਕੇ ਦੋਨੋਂ ਸਰਦਾਰ ਵਾਪਸ ਕਾਲਜ ਅੰਦਰ ਨੂੰ ਚਲੇ ਗਏ। ਅੰਦਰੋਂ ਕਣਸੋਅ ਆਈ ਕਿ ਪਤਵੰਤ ਸਿੰਘ ਨੇ ਦੋ ਕੇਸ ਬਣਾ ਦਿੱਤੇ ਸਨ। ਦੋਨੋਂ ਪ੍ਰੀਖਿਆਰਥੀ ਉਹਦੇ ਖੁਦ ਰਾਊਂਡ ਲੈਂਦੇ ਫੜੇ ਸਨ। ਜਿਸ ਕਮਰੇ ਵਿੱਚੋਂ ਇਹ ਕੇਸ ਫੜੇ ਸਨ ਉਥੇ ਡਿਊਟੀ ਦੇ ਰਹੇ ਨਿਗਰਾਨ ਨੂੰ ਪਤਵੰਤ ਸਿੰਘ ਨੇ ਚਿਤਾਵਨੀ ਦੇ ਦਿੱਤੀ ਸੀ। "ਅਗਰ ਇੱਥੇ ਮੈਂ ਦੁਆਰਾ ਨਕਲ ਹੁੰਦੀ ਦੇਖੀ ਤਾਂ ਮੈਂ ਤੁਹਾਡੀ ਡਿਊਟੀ ਸੈਂਟਰ ਵਿੱਚੋਂ ਕੈਂਸਲ ਕਰਵਾ ਦੇਵਾਂਗਾ। ਤੁਸੀਂ ਇਹਨੂੰ ਮੇਰੀ ਆਖਰੀ ਵਾਰਨਿੰਗ ਸਮਝੋ।"

ਇੱਥੇ ਡਿਊਟੀ ਦੇਣ ਵਾਲਾ ਕਾਲਜ ਦਾ ਹੀ ਇਕ ਪ੍ਰੋਫ਼ੈਸਰ ਸੀ। ਉਹ ਆਪਣੇ ਆਪ



ਨੂੰ ਅਧਿਆਪਕ ਯੂਨੀਅਨ ਦਾ ਲੀਡਰ ਸਮਝਦਾ ਸੀ। ਕਾਲਜ ਵਿੱਚ ਅਧਿਆਪਕਾਂ ਦੇ ਦੋ ਗੁੱਟ ਸਨ। ਇਕ ਖਾਲਸਿਆਂ ਦਾ ਗੁੱਟ ਸੀ ਤੇ ਦੂਜਾ ਕਾਂਗਰਸੀਆਂ ਦਾ। ਜਿਸ ਪ੍ਰੋਫ਼ੈਸਰ ਦੇ ਕਮਰੇ ਵਿੱਚ ਇਹ ਕੇਸ ਫੜੇ ਗਏ ਸਨ ਇਸ ਵਿੱਚ ਕਾਂਗਰਸੀਆਂ ਦੇ ਗੁੱਟ ਦਾ ਅਧਿਆਪਕ ਡਿਊਟੀ ਦੇ ਰਿਹਾ ਸੀ। ਸੈਂਟਰ ਤੋਂ ਬਾਹਰ ਦੋਹਾਂ ਗੁੱਟਾਂ ਦੇ ਮੁੰਡੇ ਹਰ ਵੇਲੇ ਸਰਗਰਮ ਰਹਿੰਦੇ ਸਨ। ਕੇਸ ਫੜ ਹੁੰਦੇ ਸਾਰ ਬਾਹਰ ਹਲਚਲ ਸ਼ੁਰੂ ਹੋ ਗਈ। ਸ਼ਾਇਦ ਇਕ ਕੇਸ ਐਸੇ ਲੜਕੇ ਦਾ ਬਣਿਆ ਸੀ ਜਿਸ ਦੇ ਕਾਂਗਰਸੀ ਗੁੱਟ ਨਾਲ ਚੰਗੇ ਸੰਬੰਧ ਸਨ। ਸੁਪਰਡੈਂਟ ਕਾਂਗਰਸੀ ਮੁੰਡਿਆਂ ਦੀ ਨਜ਼ਰ ਵਿੱਚ ਅਕਸਰ ਰੜਕਦਾ ਰਹਿੰਦਾ ਸੀ ਪ੍ਰੰਤੂ ਉਹ ਇੰਨਾਂ ਦਲੇਰ ਸੀ ਕਿ ਕਾਂਗਰਸੀ ਉਸਦਾ ਕੁੱਝ ਵੀ ਵਿਗਾੜ ਨਹੀਂ ਸਕੇ ਸਨ। ਉਸਦੀ ਅਤੇ ਪ੍ਰਿੰਸੀਪਲ ਦੀ ਅਕਾਲੀ ਸਫਾਂ ਵਿੱਚ ਵੀ ਚੰਗੀ ਪਹੁੰਚ ਸੀ। ਭਾਵੇਂ ਪੰਜਾਬ ਦੀ ਸਰਕਾਰ ਕਮਜ਼ੋਰ ਸੀ ਪਰ ਹੈ ਤਾਂ ਅਕਾਲੀਆਂ ਦੀ ਹੀ ਸੀ। ਸਿੱਖਾਂ ਵਿੱਚ ਵੀ ਕਈ ਧੜੇ ਸਨ। ਬਰਨਾਲਾ ਤੇ ਲੌਂਗੋਵਾਲ ਉਦਾਰਵਾਦੀ ਸਨ। ਟਕਸਾਲ ਤੇ ਫੈਡਰੇਸ਼ਨ ਗਰਮ ਗਰੁੱਪ ਸਨ।

ਬਾਹਰ ਤੁਰੇ ਫਿਰਦੇ ਕਾਂਗਰਸੀ ਗੁੱਟ ਦੇ ਕਾਰਕੁੰਨਾਂ ਨੇ ਸੋਚਿਆ ਕਿ ਸੁਪਰਡੈਂਟ ਦੀ ਬਾਹਰ ਨਿਕਲਦੇ ਸਾਰ ਹੀ ਹੂਟਿੰਗ ਕੀਤੀ ਜਾਵੇ। ਦੂਜੇ ਪਾਸੇ ਖਾਲਸਿਆਂ ਦਾ ਗੁੱਟ ਇਹ ਸੋਚੀ ਬੈਠਾ ਸੀ ਕਿ ਸੁਪਰਡੈਂਟ ਨੂੰ ਬਾਹਰ ਨਿਕਲਦੇ ਸਾਰ ਹੀ ਸੁਰੱਖਿਆ ਦਿੱਤੀ ਜਾਵੇ।

ਬਾਹਰ ਦੇ ਇਸ ਪ੍ਰਕਾਰ ਦੇ ਤਣਾਅ ਨੂੰ ਦੇਖਦੇ ਹੋਏ ਪ੍ਰਿੰਸੀਪਲ ਨੇ ਸੋਚਿਆ ਕਿ ਦੋਹਾਂ ਗੁੱਟਾਂ ਦੀਆਂ ਗਤੀਵਿਧੀਆਂ ਵਿੱਚ ਦਖ਼ਲ ਦਿੱਤਾ ਜਾਵੇ। ਪਹਿਲਾਂ ਉਜਾਗਰ ਮੱਲ ਦੇ ਜਾਣ ਨਾਲ ਸੈਂਟਰ ਦੀ ਉਥਲ ਪੁਥਲ ਹੋਈ ਸੀ। ਹੁਣ ਨਵੇਂ ਸੁਪਰਡੈਂਟ ਦੀ ਸਖ਼ਤ ਕਾਰਵਾਈ ਨੇ ਹਾਲਾਤ ਨੂੰ ਫਿਰ ਨਵਾਂ ਮੋੜ ਦੇ ਦਿੱਤਾ ਲਗਦਾ ਸੀ। ਸਾਹਿਬ ਨੇ ਦਫ਼ਤਰ ਤੋਂ ਬਾਹਰ ਆ ਕੇ ਮੁੰਡਿਆ ਦੇ ਦੋਹਾਂ ਗਰੁੱਪਾਂ ਦੇ ਲੀਡਰਾਂ ਨੂੰ ਅੱਡ ਅੱਡ ਆਪਣੇ ਪਾਸ ਬੁਲਾਇਆ ਤੇ ਉਹਨਾਂ ਨਾਲ ਗੱਲਬਾਤ ਕੀਤੀ।

"ਮੈਨੂੰ ਲਗਦਾ ਏ ਤੁਸੀਂ ਸੁਪਰਡੈਂਟ ਦੇ ਬਾਹਰ ਆਉਣ ਤੇ ਉਸ ਲਈ ਕੋਈ ਪ੍ਰੇਸ਼ਾਨੀ ਖੜ੍ਹੀ ਕਰਨੀ ਚਾਹੁੰਦੇ ਹੋ। ਪਹਿਲੇ ਸੁਪਰਡੈਂਟ ਦੇ ਨਰਮ ਰਵੱਈਏ ਕਾਰਨ ਕਾਲਜ ਪਹਿਲਾਂ ਹੀ ਯੂਨੀਵਰਸਿਟੀ ਦੀ ਨਜ਼ਰ ਵਿੱਚ ਚੜ੍ਹ ਚੁੱਕਾ ਏ। ਤੁਸੀਂ ਦੱਸੋ ਹੁਣ ਕੀ ਚਾਹੁੰਦੇ ਹੋ?" ਪ੍ਰਿੰਸੀਪਲ ਨੇ ਕਾਂਗਰਸੀ ਮੁੰਡਿਆਂ ਦੇ ਲੀਡਰ ਨੂੰ ਪੁੱਛਿਆ।

"ਸਰ ਸੈਂਟਰ ਵਿੱਚ ਤਾਂ ਸਖ਼ਤੀ ਪਹਿਲਾਂ ਹੀ ਅੰਤਾਂ ਦੀ ਏ। ਤੁਸੀਂ ਪਹਿਲਾਂ ਅੰਤਾਂ ਦੀ ਨਰਮੀ ਸਮੇਂ ਥੋੜ੍ਹੀ ਜਿਹੀ ਸਖ਼ਤੀ ਕਰਨ ਦਾ ਵੀ ਕੋਈ ਕਦਮ ਨਹੀਂ ਚੁੱਕਿਆ। ਹੁਣ ਤੁਸੀਂ ਅੰਤਾਂ ਦੀ ਸਖ਼ਤੀ ਕਰਨ ਵਾਲੇ ਸੁਪਟਡੈਂਟ ਦੀ ਹਮਾਇਤ ਕਰੀ ਜਾ ਰਹੇ ਹੋ। ਜਿੰਨ੍ਹਾਂ ਮੁੰਡਿਆਂ ਦੇ ਕੇਸ ਬਣੇ ਹਨ ਉਨ੍ਹਾਂ ਦੀ ਤਾਂ ਜ਼ਿੰਦਗੀ ਖ਼ਰਾਬ ਹੋ ਗਈ। ਸ਼ੁਰੂ-ਸ਼ੁਰੂ ਵਿੱਚ ਇੱਥੇ ਨਕਲ ਆਮ ਹੁੰਦੀ ਰਹੀ ਸੀ।"

"ਦੇਖੋ ਕਾਕਾ ਜੀ, ਸੈਂਟਰ ਚਲਾਉਣ ਦੀ ਜ਼ਿੰਮੇਵਾਰੀ ਸੈਂਟਰ ਸੁਪਰਡੈਂਟ ਦੀ ਹੁੰਦੀ ਏ।

ਮੈਂ ਉਸ ਵੇਲੇ ਹੀ ਦਖ਼ਲ ਦੇ ਸਕਦਾ ਹਾਂ ਜਦ ਕੋਈ ਕਾਨੂੰਨੀ ਵਿਵਸਥਾ ਦੀ ਸਮੱਸਿਆ ਹੋਵੇ। ਮੈਂ ਦੋਹਾਂ ਸੁਪਰਡੈਂਟਾਂ ਨੂੰ ਆਪਣੇ ਵੱਲੋਂ ਕੋਈ ਵੀ ਆਦੇਸ਼ ਜਾਰੀ ਨਹੀਂ ਕੀਤੇ। ਉਨ੍ਹਾਂ ਨੂੰ ਸਿੱਧੀ ਯੂਨੀਵਰਸਿਟੀ ਹੀ ਆਦੇਸ਼ ਜਾਰੀ ਕਰਦੀ ਏ। ਹੁਣ ਮੈਨੂੰ ਪਤਾ ਲੱਗਾ ਏ ਕਿ ਤੁਸੀਂ ਦੋਨੋਂ ਗਰੁੱਪ ਬਾਹਰ ਖੜ੍ਹੇ ਹੋ ਤੇ ਸੁਪਰਡੈਂਟ ਨੂੰ ਉਡੀਕ ਰਹੇ ਹੋ। ਲਗਦਾ ਏ ਤੁਹਾਡੇ ਵਿੱਚੋਂ ਇੱਕ ਗਰੁੱਪ ਉਹਦੇ ਖ਼ਿਲਾਫ਼ ਨਾਅਰੇਬਾਜ਼ੀ ਕਰੇਗਾ ਤੇ ਦੂਜਾ ਉਹਦੇ ਹੱਕ ਵਿੱਚ ਕੋਈ ਕਾਰਵਾਈ ਕਰੇਗਾ। ਤੁਸੀਂ ਟਕਰਾਅ ਵਿੱਚ ਵੀ ਆ ਸਕਦੇ ਹੋ। ਇਸ ਹਾਲਾਤ ਵਿੱਚ ਮੈਨੂੰ ਪੁਲਿਸ ਨੂੰ ਵੀ ਬੁਲਾਉਣਾ ਪੈ ਸਕਦਾ ਏ। ਤੁਸੀਂ ਹੀ ਦੱਸੋ ਕਿ ਮੈਨੂੰ ਕੀ ਕਰਨਾ ਚਾਹੀਦਾ ਏ?"

"ਸਰ, ਸਾਡੀ ਇੱਕ ਸਨਿਮਰ ਬੇਨਤੀ ਹੈ। ਸੁਪਰਡੈਂਟ ਨੇ ਨਕਲ ਨਹੀਂ ਹੋਣ ਦਿੱਤੀ ਠੀਕ ਏ ਪਰ ਇਸ ਪ੍ਰਕਾਰ ਦੇ ਹਾਲਾਤਾਂ ਵਿੱਚ ਉਹਨਾਂ ਦੀ ਜ਼ਿੰਦਗੀ ਦੇ ਦੋ ਤਿੰਨ ਸਾਲ ਖ਼ਰਾਬ ਕਰਨੇ ਠੀਕ ਨਹੀਂ। ਮਾੜੇ ਹਾਲਾਤਾਂ ਵਿੱਚ ਹਮੇਸ਼ਾ ਮਧਿਅਮ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਏ।"

"ਸਰ, ਸਾਡਾ ਤੁਹਾਡੇ ਨਾਲ ਪੂਰਾ ਸਹਿਯੋਗ ਏ, ਸਾਡੀ ਬੇਨਤੀ ਇਹ ਹੈ ਕਿ ਨਕਲ ਦੇ ਕੇਸ ਨਾ ਬਣਨ ਦਿਓ। ਸੁਪਰਡੈਂਟ ਨੇ ਉਹਨਾਂ ਪਾਸੋਂ ਉਹਨਾਂ ਦੀਆਂ ਉੱਤਰ ਪੱਤਰੀਆਂ ਲੈ ਲਈਆਂ ਬਸ ਇਹੀ ਕਾਫ਼ੀ ਏ। ਬਾਕੀ ਦਾ ਸਮਾਂ ਉਹ ਪ੍ਰੀਖਿਆ ਕੇਂਦਰ ਵਿੱਚ ਨਹੀਂ ਬੈਠ ਸਕਣਗੇ। ਸੁਪਰਡੈਂਟ ਸਾਹਿਬ ਨੂੰ ਸਮਝਾ ਕੇ, ਪਲੀਜ਼, ਕੇਸ ਰੱਦ ਕਰਵਾ ਦਿਓ। ਇੰਝ ਕਰਨ ਨਾਲ ਉਨ੍ਹਾਂ ਪ੍ਰੀਖਿਆਰਥੀਆਂ ਦੇ ਦੋ ਤਿੰਨ ਸਾਲ ਖ਼ਰਾਬ ਹੋਣ ਤੋਂ ਬਚ ਜਾਣਗੇ।"

"ਅਗਰ ਮੈਂ ਇੰਜ ਕਰਵਾ ਦੇਵਾਂ ਤਾਂ ਤੁਸੀਂ ਖ਼ੁਸ਼ ਹੋ? ਚੰਗੀ ਗੱਲ ਹੈ ਕਿ ਤੁਸੀਂ ਨਿਮਰਤਾ ਨਾਲ ਇਹ ਕੰਮ ਕਰਵਾ ਰਹੇ ਹੋ, ਨਾ ਕਿ ਜ਼ੋਰ ਨਾਲ?"

"ਹਾਂ, ਸਰ, ਅਸੀਂ ਬੜੀ ਨਿਮਰਤਾ ਨਾਲ ਤੁਹਾਡੇ ਅੱਗੇ ਇਹ ਬੇਨਤੀ ਕਰ ਰਹੇ ਹਾਂ।"

ਪ੍ਰਿੰਸੀਪਲ ਨੇ ਅੰਦਰ ਸੁਪਰਡੈਂਟ ਨਾਲ ਰਾਫਤਾ ਕਾਇਮ ਕੀਤਾ ਤੇ ਕੇਸ ਰੱਦ ਕਰਵਾ ਦਿੱਤੇ। ਇਸ ਪ੍ਰਕਾਰ ਵਿਦਿਆਰਥੀਆਂ ਦੇ ਦੋਹਾਂ ਗੁੱਟਾਂ ਵਿਚਕਾਰ ਤਣਾਅ ਟਲ ਗਿਆ। ਜਦ ਸਾਰੇ ਪਾਸੇ ਨਕਲ ਆਮ ਹੀ ਚਲਦੀ ਹੋਵੇ ਉਸ ਸਮੇਂ ਕਿਸੇ ਪ੍ਰੀਖਿਆਰਥੀ ਦਾ ਨਕਲ ਦਾ ਕੇਸ ਬਣਾ ਕੇ ਉਸਦੇ ਦੋ ਤਿੰਨ ਸਾਲ ਖ਼ਰਾਬ ਕਰਨਾ ਬਦਲਾ ਲਊ ਨੀਤੀ ਏ। ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਜੇ ਕਿਸੇ ਸੁਪਰਡੈਂਟ ਨੇ ਸੈਂਟਰ ਨੂੰ ਵੱਧ ਕੱਸਣਾ ਏ ਤਾਂ ਉਹਨੂੰ ਚਾਹੀਦਾ ਏ ਕਿ ਨਕਲ ਬਿਲਕੁਲ ਬੰਦ ਕਰ ਦੇਵੇ ਕੇਸ ਬਣਾਉਣ ਤੋਂ ਗੁਰੇਜ਼ ਕਰੇ। ਕੇਸ ਬਣਾਉਣ ਤੋਂ ਬਗ਼ੈਰ ਵੀ ਨਕਲ ਬੰਦ ਕੀਤੀ ਜਾ ਸਕਦੀ ਏ। ਸਾਰੇ ਕੇਂਦਰ ਵਿੱਚੋਂ ਚਾਰ ਪੰਜ ਨਕਲ ਕਰਨ ਵਾਲੇ ਪ੍ਰੀਖਿਆਰਥੀਆਂ ਤੋਂ ਉਹਨਾਂ ਦੀਆਂ ਉੱਤਰ ਪੱਤਰੀਆਂ ਲੈ ਲਓ। ਉਹਨਾਂ ਦਾ ਅੱਧਾ ਪੌਣਾ ਘੰਟਾ ਖ਼ਰਾਬ ਕਰਕੇ ਉੱਤਰ ਪੱਤਰੀਆਂ ਫਿਰ ਉਹਨਾਂ ਨੂੰ ਦੇ ਦਿਓ। ਜੇ ਕੋਈ ਫਿਰ ਵੀ ਨਾ ਹਟੇ ਤਾਂ ਉਸਤੋਂ ਉੱਤਰਪੱਤਰੀ ਲੈ ਕੇ ਉਸਨੂੰ ਸੈਂਟਰ 'ਚੋਂ



ਪੱਕੇ ਤੌਰ ਤੇ ਹੀ ਬਾਹਰ ਭੇਜ ਦਿਓ।"

"ਬਾਈ ਸਿਹ੍ਹਾਂ, ਪ੍ਰਿੰਸੀਪਲ ਵੈਸੇ ਸੱਚਮੁੱਚ ਹੀ ਸਿਆਣਾ ਬੰਦਾ ਏ। ਜੋ ਕੁੱਝ ਉਹ ਕਰ ਸਕਦਾ ਸੀ ਉਹਨੇ ਕਰ ਦਿੱਤਾ। ਬੱਚਿਆਂ ਦੀ ਜ਼ਿੰਦਗੀ ਖ਼ਰਾਬ ਹੋਣੋਂ ਬਚ ਗਈ", ਗਾਤਰੇ ਵਾਲਾ ਬੋਲਿਆ।

"ਇਹ ਗੱਲ ਤਾਂ ਤੁਹਾਡੀ ਠੀਕ ਏ, ਵੱਡਾ ਮਸਲਾ ਤਾਂ ਸਾਡੇ ਸੁਪਰਡੈਂਟ ਦਾ ਏ। ਇਹਦਾ ਕੀ ਕਰੀਏ?"

"ਸੁਪਰਡੈਂਟ ਨਾਲ ਸਿੱਧੀ ਗੱਲ ਕਰਨ ਦੀ ਬਿਜਾਏ ਸਾਨੂੰ ਉਸਦਾ ਮਿੱਤਰ ਪ੍ਰੋ. ਇਕਬਾਲ ਸਿੰਘ ਵਿੱਚ ਪਾ ਲੈਣਾ ਚਾਹੀਦਾ ਏ। ਇਕਬਾਲ ਸਿੰਘ ਗੱਲ ਸੁਣ ਲੈਂਦਾ ਏ, ਪਤਵੰਤ ਸਿੰਘ ਤਾਂ ਨੱਕ ਤੇ ਮੱਖੀ ਨਹੀਂ ਬਹਿਣ ਦਿੰਦਾ। ਵੱਡੇ ਤੋਂ ਵੱਡੇ ਸਖ਼ਤ ਬੰਦਿਆਂ ਨੂੰ ਕਾਬੂ ਕਰਨ ਦੇ ਵੀ ਤਰੀਕੇ ਹੁੰਦੇ ਨੇ।"

"ਮਸਲਨ?"

"ਉਸਦੇ ਕਿਸੇ ਮਿੱਤਰ ਨੂੰ ਵਿੱਚ ਪਾਉਣਾ, ਉਸਦੀ ਪਤਨੀ ਜਾਂ ਬੱਚੇ ਨਾਲ ਵਾਕਫ਼ੀਅਤ ਪਾਉਣੀ। ਕੰਮ ਕਰਵਾਉਣ ਦੇ ਮਾਮਲੇ ਵਿੱਚ ਤਾਂ ਕਈ ਵਾਰ ਕਈ ਛੋਟੇ ਕਰਮਚਾਰੀ ਵੀ ਬੜੀ ਅਹਿਮ ਭੂਮਿਕਾ ਨਿਭਾ ਦਿੰਦੇ ਨੇ। ਸਾਡੇ ਨੇੜੇ ਪੈਂਦੇ ਇੱਕ ਕਾਲਜ ਵਿੱਚ ਇਕ ਭਈਆ ਘੰਟੀ ਵਜਾਉਣ ਦਾ ਕੰਮ ਕਰਿਆ ਕਰਦਾ ਸੀ। ਉਹ ਕਾਲਜ ਦੇ ਪ੍ਰਿੰਸੀਪਲ ਦੇ ਏਨਾਂ ਨੇੜੇ ਸੀ ਕਿ ਉਸਤੋਂ ਝੱਟ ਕਾਗਜ਼ਾਂ 'ਤੇ ਦਸਤਖ਼ਤ ਕਰਵਾਕੇ ਤੁਹਾਡੇ ਹੱਥ ਫੜਾ ਦਿੰਦਾ ਸੀ। ਪ੍ਰਿੰਸੀਪਲ ਨੇ ਆਪਣੀ ਕੋਠੀ ਵਿੱਚ ਮਹਾਰਾਜ ਦੀ ਬੀੜ ਰੱਖੀ ਹੋਈ ਸੀ। ਇਹ ਭਈਆ ਬੀੜ ਦਾ ਪ੍ਰਕਾਸ਼ ਵੀ ਕਰਦਾ ਸੀ ਤੇ ਉਸਨੂੰ ਸੰਤੋਖਦਾ ਵੀ ਸੀ। ਪ੍ਰਿੰਸੀਪਲ ਨੂੰ ਇਸਤੇ ਪੂਰਾ ਵਿਸ਼ਵਾਸ ਸੀ।"

"ਬਾਈ ਸਿਹ੍ਹਾਂ, ਮੈਨੂੰ ਵੀ ਇੱਕ ਇਹੋ ਜਿਹਾ ਬੰਦਾ ਯਾਦ ਆ ਗਿਐ। ਉਹ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਵਾਇਸ ਚਾਂਸਲਰ ਤੋਂ ਝੱਟ ਕੰਮ ਕਰਵਾ ਦਿੰਦਾ ਸੀ।"

"ਉਹ ਕੌਣ ਸੀ?"

"ਇੱਕ ਨਿਹੰਗ ਸਿੰਘ।"

"ਨਿਹੰਗ ਸਿੰਘ ਹਿੰਦੂ ਵੀ. ਸੀ ਤੋਂ ਕੰਮ ਕਰਵਾ ਦਿੰਦਾ ਸੀ ਇਹ ਤਾਂ ਅਜੀਬ ਗੱਲ ਏ?" "ਮੇਰੇ ਪਿੰਡ ਦੇ ਪਿਆਰਾ ਸਿੰਘ ਦਾ ਲੜਕਾ ਚੰਡੀਗੜ੍ਹ ਪੜ੍ਹਦਾ ਹੁੰਦਾ ਸੀ। ਮੁੰਡਾ ਪੜ੍ਹਨੇ ਨੂੰ ਬੜਾ ਲਾਇਕ ਸੀ। ਉਸਨੇ ਯੂਨੀਵਰਸਿਟੀ ਤੋਂ ਪੜ੍ਹਾਈ ਵਾਸਤੇ ਵਿੱਤੀ ਸਹਾਇਤਾ ਲੈਣ ਲਈ ਅਰਜ਼ੀ ਦਿੱਤੀ। ਇਸ ਵਿੱਤੀ ਸਹਾਇਤਾ ਨੂੰ ਅਦਾ ਕਰਨ ਵਿਚ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ਵੱਲੋਂ ਦੇਰੀ ਕੀਤੀ ਜਾ ਰਹੀ ਸੀ। ਵੈਸੇ ਇਹ ਪਾਸ ਹੋ ਚੁੱਕੀ ਸੀ ਲੇਕਿਨ ਪੈਸਿਆਂ ਦਾ ਭੁਗਤਾਨ ਕੁਝ ਲੇਟ ਹੁੰਦਾ ਜਾ ਰਿਹਾ ਸੀ। ਪਿਆਰਾ ਸਿੰਘ ਨੂੰ ਉਸ ਨਿਹੰਗ ਬਾਰੇ ਪਤਾ ਲੱਗ ਗਿਆ। ਉਸਨੇ ਨਿਹੰਗ ਸਿੰਘ ਦਾ ਇਕ ਵਾਕਫ ਬੰਦਾ

ਲਿਆ ਤੇ ਉਹ ਉਸਨੂੰ ਜਾ ਮਿਲੇ। ਨਿਹੰਗ ਸਿੰਘ ਨੇ ਉਹਨਾਂ ਤੋਂ ਕਾਗਜ਼ ਫੜੇ ਤੇ ਜਾ ਕੇ ਘੰਟੇ ਕੁ ਵਿੱਚ ਹੀ ਕਾਗਜ਼ਾਂ 'ਤੇ ਦਸਤਖ਼ਤ ਕਰਵਾ ਲਿਆਇਆ। ਮੁੰਡੇ ਨੂੰ ਪੈਸੇ ਮਿਲ ਗਏ ਤੇ ਪਿਓ ਪੁੱਤ ਬੜੇ ਖ਼ੁਸ਼ ਹੋਏ।"

"ਨਿਹੰਗ ਸਿੰਘ ਨੇ ਉਨ੍ਹਾਂ ਪਾਸੋਂ ਚਾਹ ਪਾਨੀ ਲਈ ਕੁੱਝ ਨਹੀਂ ਲਿਆ।"

"ਵਾਹਿਗੁਰੂ ਵਾਹਿਗੁਰੂ ਕਰੋ ਜੀ।"

"ਹਿੰਦੂ ਤਾਂ ਨਿਹੰਗ ਸਿੰਘ ਨੂੰ ਟਾਂਚਾ ਕਰਦੇ ਰਹਿੰਦੇ ਨੇ। ਐਡਾ ਵੱਡਾ ਹਿੰਦੂ ਅਫ਼ਸਰ ਨਿਹੰਗ ਦੀ ਐਨੀ ਇੱਜ਼ਤ ਕਰਦਾ ਸੀ?"

"ਬਾਈ ਸਿਹ੍ਹਾਂ, ਹਰ ਪ੍ਰਕਾਰ ਦੇ ਬੰਦੇ ਹਰ ਫਿਰਕੇ ਵਿੱਚ ਮਿਲ ਜਾਂਦੇ ਨੇ। ਸੁਣਿਐ, ਵਾਇਸ ਚਾਂਸਲਰ ਨੂੰ ਕਿਧਰੇ ਕੋਈ ਭਾਰੀ ਪਈ ਸੀ। ਇਸ ਨਿਹੰਗ ਨੇ ਉਸਦੀ ਮਦਦ ਕੀਤੀ ਸੀ।"

"ਇਕ ਬਾਰ ਕਿਸੇ ਵੀ. ਸੀ. ਦਾ ਪੋਤਾ ਅਗਵਾ ਕਰਨ ਦੀ ਖ਼ਬਰ ਵੀ ਅਖ਼ਬਾਰਾਂ ਵਿੱਚ ਛਪੀ ਸੀ। ਸ਼ਾਇਦ ਉਸਨੂੰ ਅਗਵਾ ਹੋਣ ਤੋਂ ਕਿਸੇ ਖਾਲਸੇ ਨੇ ਬਚਾ ਲਿਆ ਸੀ। ਇਹ ਨਿਹੰਗ ਸਿੰਘ ਕਿੱਤੇ ਉਹੀ ਖਾਲਸਾ ਨਾ ਹੋਵੇ?"

"ਇੰਝ ਵੀ ਹੋ ਸਕਦਾ ਏ। ਬਾਕੀ ਤੂੰ ਤੀਵੀਆਂ ਦੀ ਉਦਾਰਦਿਲੀ ਦੀ ਗੱਲ ਸੁਣ ਲੈ।"

"ਉਹ ਕੀ?"

"ਮੇਰਾ ਗਵਾਂਢੀ ਬਚਿੱਤਰ ਸਿਹੁੰ ਖ਼ਾਲਸਾ ਸਕੂਲ ਵਿੱਚ ਅਧਿਆਪਕ ਏ। ਉਸਦੇ ਭਤੀਜੇ ਨੇ ਇੱਕ ਵਾਰ ਉਸਨੂੰ ਦੋ ਹਫਤਿਆਂ ਲਈ ਦੁਬਈ ਸੱਦ ਲਿਆ। ਕਹਿਣ ਲੱਗਾ, ਅੰਕਲ, ਇਥੇ ਇੱਕ ਮਹੀਨੇ ਵਾਸਤੇ ਇੱਕ ਮੇਲਾ ਲੱਗਦਾ ਏ। ਇਸ ਮੇਲੇ ਤੋਂ ਸਭ ਚੀਜਾਂ ਸਸਤੀਆਂ ਮਿਲਦੀਆਂ ਹੁੰਦੀਆਂ ਹਨ। ਮੈਂ ਦੋ ਹਫ਼ਤਿਆਂ ਦਾ ਵੀਜ਼ਾ ਭੇਜ ਰਿਹਾ ਹਾਂ। ਆ ਕੇ ਖ਼ਰੀਦੋ ਫ਼ਰੋਖ਼ਤ ਕਰ ਲਵੋ। ਆਂਟੀ ਵਾਸਤੇ ਸੋਨੇ ਦੀਆਂ ਇੱਕ ਦੋ ਆਈਟਮਾਂ ਵੀ ਲੈ ਜਾਇਓ, ਦੁਬਈ ਵਿੱਚ ਸੋਨਾ ਕੁਝ ਸਸਤਾ ਏ। ਭਰਾਵਾਂ ਬਚਿੱਤਰ ਸਿਹੁੰ ਆਪਣੇ ਪ੍ਰਿੰਸੀਪਲ ਪਾਸ ਦੋ ਹਫ਼ਤਿਆਂ ਦੀ ਛੁੱਟੀ ਲੈਣ ਗਿਆ। ਮੂਹਰਿਓਂ ਪ੍ਰਿੰਸੀਪਲ ਕਹਿਣ ਲੱਗਾ "ਬਚਿੱਤਰ ਸਿਹ੍ਹਾਂ, ਇਸ ਵੇਲੇ ਸਕੂਲ ਵਿੱਚ ਪੜ੍ਹਾਈ ਦਾ ਬੜਾ ਜ਼ੋਰ ਏ।" "ਮੈਂ ਤੁਹਾਨੂੰ ਇਸ ਸਮੇਂ ਛੁੱਟੀ ਨਹੀਂ ਦੇ ਸਕਦਾ। ਹੁਣ ਦੁਬਈ ਜਾਣਾ ਛੱਡੋ। ਗਰਮੀਆਂ ਦੀਆਂ ਛੁੱਟੀਆਂ ਵਿੱਚ ਜਾ ਆਇਓ।" ਤੁਸੀਂ ਦੱਸੋ, ਜ਼ਰੂਰਤ ਤਾਂ ਉਹਨੂੰ ਉਸ ਵੇਲੇ ਜਾਣ ਦੀ ਸੀ, ਜਦ ਉਥੇ ਮੇਲਾ ਲੱਗਾ ਹੋਇਆ ਸੀ। ਉਹਨੇ ਗਰਮੀਆਂ ਵਿੱਚ ਜਾ ਕੇ ਕੀ ਕਰਨਾ ਸੀ।"

"ਕੀ ਉਸਨੂੰ ਛੁੱਟੀ ਨਹੀਂ ਦਿੱਤੀ ਗਈ?"

"ਤੁਹਾਨੂੰ ਦੱਸਦਾਂ ਇਵੇਂ ਹੋਇਆ। ਪ੍ਰਿੰਸੀਪਲ ਦੀ ਤੀਵੀਂ ਇੱਕ ਸਕੂਲ ਵਿੱਚ ਅਧਿਆਪਕ ਸੀ। ਹੈ ਵੀ ਬਹੁਤ ਡਾਢੀ ਸੀ। ਜਦ ਪ੍ਰਿੰਸੀਪਲ ਤੇ ਬਚਿੱਤਰ ਸਿੰਘ ਆਪਸ



ਵਿੱਚ ਗੱਲ ਕਰ ਰਹੇ ਸਨ ਤਾਂ ਅੰਦਰ ਚਾਹ ਰੱਖਣ ਆਈ। ਬਚਿੱਤਰ ਸਿੰਘ ਨੂੰ ਉਦਾਸ ਦੇਖਕੇ ਪੁੱਛ ਬੈਠੀ ਕਿ ਕੀ ਵਿਚਾਰਾਂ ਹੋ ਰਹੀਆਂ ਹਨ। ਪ੍ਰਿੰਸੀਪਲ ਨੂੰ ਉਸਨੂੰ ਸਾਰੀ ਗੱਲ ਦੱਸਣੀ ਪਈ। ਭਰਾਵਾਂ ਤੀਵੀਂ ਤਾਂ ਪ੍ਰਿੰਸੀਪਲ ਨੂੰ ਟੁੱਟ ਕੇ ਪੈ ਗਈ।"

"ਕੀ ਕਹਿੰਦੀ?"

"ਕਹਿੰਦੀ, ਅਗਲੇ ਨੂੰ ਮਸਾਂ ਮਸਾਂ ਬਾਹਰ ਜਾਣ ਦਾ ਮੌਕਾ ਮਿਲਿਆ ਏ ਤੁਸੀਂ ਅੜਿੱਚਾ ਪਾਈ ਜਾ ਰਹੇ ਹੋ। ਵੀਰ ਜੀ ਜਾਓ, ਮੈਂ ਆਪ ਹੀ ਸੰਭਾਲ ਲਵਾਂਗੀ ਤੁਹਾਡੇ ਸਾਹਿਬ ਨੂੰ।"

"ਪ੍ਰਿੰਸੀਪਲ ਤੀਵੀਂ ਮੂਹਰੇ ਭਿੱਜੀਓ ਬਿੱਲੀ ਬਣ ਕੇ ਰਹਿ ਗਿਆ ਸੀ।"

"ਇਸਦਾ ਮਤਲਬ ਇਹ ਹੋਇਆ ਕਿ ਸਾਨੂੰ ਪਤਵੰਤ ਸਿੰਘ ਦੇ ਲੜ ਵੀ ਕੋਈ ਐਸਾ ਹੀ ਬੰਦਾ ਲਗਾਉਣਾ ਚਾਹੀਦਾ ਏ। ਇਕਬਾਲ ਸਿੰਘ ਇਸ ਕੇਸ ਲਈ ਬਿਲਕੁਲ ਸਹੀ ਬੰਦਾ ਏ। ਕੀ ਆਪਾਂ ਦੋਨੋਂ ਕੱਲ੍ਹ ਨੂੰ ਇਕਬਾਲ ਸਿੰਘ ਦੇ ਘਰ ਚੱਲੀਏ ?"

"ਬਾਈ ਸਿਹ੍ਹਾਂ, ਮੇਰੇ ਪਾਸ ਇਕਬਾਲ ਦੀ ਬੁੱਕਲ ਦਾ ਇੱਕ ਐਸਾ ਬੰਦਾ ਏ ਜਿਹਦੀ ਉਹ ਗੱਲ ਬਿਲਕੁਲ ਵੀ ਮੋੜ ਨਹੀਂ ਸਕਦਾ। ਮੈਂ ਅੱਜ ਹੀ ਸ਼ਾਮ ਨੂੰ ਉਸ ਨਾਲ ਗੱਲ ਕਰਾਂਗਾ। ਲੱਗਦਾ ਏ ਕਿ ਉਹ ਸਾਡਾ ਮਸਲਾ ਕਾਫੀ ਹੱਦ ਤੱਕ ਹੱਲ ਕਰਵਾ ਦੇਵੇਗਾ।"

"ਵੀਰ ਜੀ, ਸਕੀਮ ਤੁਹਾਡੀ ਬਿਲਕੁਲ ਠੀਕ ਏ। ਸ਼ਾਮ ਨੂੰ ਉਸਨੂੰ ਮਿਲ ਲਵੋ। ਮੈਂ ਤੁਹਾਥੋਂ ਕਿੰਨੇ ਕੁ ਵਜੇ ਪਤਾ ਕਰਾਂ?"

"ਤੁਸੀਂ ਸ਼ਾਮ ਅੱਠ ਵਜੇ ਘਰ ਆ ਜਾਇਓ। ਅਗਰ ਨਹੀਂ ਆ ਸਕਦੇ ਤਾਂ ਸਾਡੇ ਗਵਾਂਢੀਆਂ ਦੇ ਨੰਬਰ ਤੇ ਫੋਨ ਕਰ ਲਿਓ। ਮੇਰੇ ਆਪਣੇ ਘਰ ਫ਼ੋਨ ਨਹੀਂ ਏ।"

"ਚੰਗਾ ਮੈਂ ਸ਼ਾਮ ਨੂੰ ਫੋਨ ਤੇ ਹੀ ਪਤਾ ਕਰ ਲਵਾਂਗਾ।"

"ਬਹੁਤ ਅੱਛਾ।"

# ਕਾਂਡ ਪੰਦਰਾਂ

ਉਸ ਦਿਨ ਫਿਰ ਅਚਾਨਕ ਕਾਲਜ ਵਿੱਚ ਪੁਲਿਸ ਦੀ ਗੱਡੀ ਆ ਟਪਕੀ। ਲੋਕ ਹੈਰਾਨ ਸਨ। ਅੰਦਰ ਪਰਚਾ ਚੱਲ ਰਿਹਾ ਸੀ। ਅਪ੍ਰੈਲ ਮਹੀਨੇ ਦੇ ਆਖਰ ਦਾ ਗਰਮੀ ਫੜ ਰਿਹਾ ਦਿਨ ਵੀ ਬਹੁਤਾ ਬੁਰਾ ਨਹੀਂ ਸੀ ਲੱਗ ਰਿਹਾ। ਐਸ. ਐਚ. ਓ. ਸਾਹਿਬ ਸਿੱਧਾ ਪ੍ਰਿੰਸੀਪਲ ਦੇ ਦਫ਼ਤਰ ਵਲ ਜਾ ਰਹੇ ਸਨ। ਨਾਲ ਚਾਰ ਕੁ ਸਿਪਾਹੀ ਵੀ ਸਨ। ਪ੍ਰਿੰਸੀਪਲ ਦਫ਼ਤਰ ਵਿੱਚ ਮੌਜੂਦ ਸੀ। ਚਪੜਾਸੀ ਨੇ ਸਾਹਿਬ ਨੂੰ ਦੱਸਿਆ ਕਿ ਪੁਲਿਸ ਵਾਲੇ ਅੰਦਰ ਆਉਣਾ ਚਾਹੁੰਦੇ ਹਨ। ਸਾਹਿਬ ਨੇ ਕਿਹਾ ਕਿ ਆਉਣ ਦਿਓ। "ਆਓ ਜੀ ਐਸ. ਐਚ. ਓ. ਸਾਹਿਬ। ਪਲੀਜ਼ ਬੀ ਕੰਫਰਟੇਬਲ", ਪ੍ਰਿੰਸੀਪਲ ਦੇ ਚਿਹਰੇ ਤੇ ਪ੍ਰਸ਼ਨ ਚਿੰਨ੍ਹ ਸੀ।

"ਬਹੁਤ ਮੇਹਰਬਾਨੀ, ਸਰ ਜੀ" ਐਸ. ਐਚ. ਓ. ਨੇ ਕੁਰਸੀ ਤੇ ਬੈਠਦੇ ਹੋਏ ਕਿਹਾ। "ਕੀ ਖਿਦਮਤ ਕਰ ਸਕਦਾ ਹਾਂ, ਜਨਾਬ?"

"ਬੱਸ ਆਪਦੇ ਸਹਿਯੋਗ ਦੀ ਜਰੂਰਤ ਏ।"

"ਮੈਂ ਸਮਝਿਆ ਨਹੀਂ?"

"ਮੇਰੇ ਪਾਸ ਪਤਵੰਤ ਸਿੰਘ ਦੇ ਗ੍ਰਿਫ਼ਤਾਰੀ ਵਾਰੰਟ ਹਨ। ਅਸੀਂ ਉਹਨੂੰ ਗ੍ਰਿਫ਼ਤਾਰ ਕਰਨ ਆਏ ਹਾਂ।"

"ਕੀ ਮੈਂ ਗ੍ਰਿਫ਼ਤਾਰੀ ਦਾ ਕਾਰਨ ਜਾਣ ਸਕਦਾ ਹਾਂ, ਜਨਾਬ?" ਪ੍ਰਿੰਸੀਪਲ ਨੂੰ ਅੱਜ ਐਸ. ਐਚ. ਓ. ਦੇ ਅੰਦਾਜ਼ ਤੇ ਹੈਰਾਨੀ ਸੀ।

"ਕਾਰਨ ਬਾਅਦ ਵਿੱਚ ਦੱਸਿਆ ਜਾਵੇਗਾ।"

"ਉਹ ਤਾਂ ਇਸ ਸਮੇਂ ਯੂਨੀਵਰਸਿਟੀ ਦੀ ਡਿਊਟੀ ਤੇ ਹਨ। ਅੰਦਰ ਪਰਚਾ ਚਲ ਰਿਹਾ ਏ। ਹੁਣ ਤੋਂ ਅੱਧੇ ਕੁ ਘੰਟੇ ਤੱਕ ਖਤਮ ਹੋਵੇਗਾ। ਖ਼ਤਮ ਹੋਣ ਤੋਂ ਬਾਅਦ ਵੀ ਅੱਧਾ ਕੁ ਘੰਟਾ ਸੈਂਟਰ ਨੂੰ ਸਮੇਟਣ ਵਿੱਚ ਲੱਗ ਜਾਵੇਗਾ।"

"ਅਸੀਂ ਇੰਤਜ਼ਾਰ ਕਰਾਂਗੇ।"

ਪ੍ਰਿੰਸੀਪਲ ਨੇ ਸੋਚਿਆ ਸ਼ਾਇਦ ਕੁਝ ਦੇਰ ਬਾਅਦ ਕਾਰਨ ਪਤਾ ਲੱਗ ਜਾਵੇਗਾ। ਉਸਨੇ ਘੰਟੀ ਦਾ ਬਟਨ ਦਬਾ ਕੇ ਚਾਹ ਦਾ ਆਰਡਰ ਕਰ ਦਿੱਤਾ।

"ਐਸ. ਐਚ. ਓ. ਸਾਹਿਬ, ਪਤਵੰਤ ਸਿੰਘ ਤਾਂ ਬਹੁਤ ਵਧੀਆ ਇਨਸਾਨ ਏ। ਇਸ ਸਮੇਂ ਚਲ ਰਹੀ ਕਾਲਜ ਦੀ ਪ੍ਰੀਖਿਆ ਨੂੰ ਵੀ ਉਸਨੇ ਹੀ ਸੰਭਾਲਿਆ ਹੋਇਆ ਏ। ਉਸਨੇ



ਕੀ ਮਾੜਾ ਕਰਤਾ ਕਿ ਤੁਸੀਂ ਉਸਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੇ ਹੋ?"

"ਜਨਾਬ ਅਸੀਂ ਤਾਂ ਸਾਨੂੰ ਉਪਰੋਂ ਮਿਲੇ ਆਦੇਸ਼ਾਂ ਦੀ ਪਾਲਣਾ ਕਰ ਰਹੇ ਹਾਂ। ਹਰ ਕਰਮਚਾਰੀ ਨੇ ਆਪਣੀ ਡਿਊਟੀ ਤਾਂ ਦੇਣੀ ਹੀ ਹੁੰਦੀ ਏ। ਜਿਵੇਂ ਤੁਸੀਂ ਯੂਨੀਵਰਸਿਟੀ ਦੀ ਡਿਊਟੀ ਨਿਭਾ ਰਹੇ ਹੋ ਇਵੇਂ ਹੀ ਅਸੀਂ ਆਪਣੀ ਡਿਊਟੀ ਨਿਭਾ ਰਹੇ ਹਾਂ।"

"ਕੀ ਮੈਂ ਗ੍ਰਿਫ਼ਤਾਰੀ ਦਾ ਕਾਰਨ ਨਹੀਂ ਜਾਣ ਸਕਦਾ?"

"ਕਾਰਨ ਅਸੀਂ ਸਿਰਫ ਉਸਨੂੰ ਹੀ ਦੱਸਾਂਗੇ ਜਿਸਨੂੰ ਅਸੀਂ ਗ੍ਰਿਫ਼ਤਾਰ ਕਰਨ ਆਏ ਹਾਂ। ਥਾਣੇ ਜਾ ਕੇ ਉਸਨੂੰ ਸਭ ਪਤਾ ਲੱਗ ਜਾਵੇਗਾ।"

"ਕੀ ਗ੍ਰਿਫ਼ਤਾਰੀ ਤੋਂ ਪਹਿਲਾਂ ਕੋਈ ਸੰਭਾਵੀ ਕਦਮ ਨਹੀਂ ਪੁੱਟਿਆ ਜਾ ਸਕਦਾ ਜਿਸ ਨਾਲ ਗ੍ਰਿਫ਼ਤਾਰੀ ਬਚ ਜਾਵੇ?"

"ਇਲਜ਼ਾਮ ਇੰਨਾ ਛੋਟਾ ਨਹੀਂ ਹੈ ਕਿ ਗ੍ਰਿਫ਼ਤਾਰੀ ਰੋਕੀ ਜਾ ਸਕੇ। ਬਾਕੀ ਤੁਸੀਂ ਕਿਸੇ ਵਕੀਲ ਦੀ ਮਦਦ ਲੈ ਸਕਦੇ ਹੋ। ਇਹ ਵੀ ਮੈਂ ਤਾਂ ਦੱਸ ਰਿਹਾ ਹਾਂ ਕਿਉਂਕਿ ਤੁਸੀਂ ਪੜ੍ਹੇ ਲਿਖੇ ਸੂਝਵਾਨ ਵਿਅਕਤੀ ਹੋ। ਤੁਸੀਂ ਪ੍ਰਿੰਸੀਪਲ ਹੋ ਤੇ ਉਹ ਪ੍ਰੋਫ਼ੈਸਰ ਹੈ। ਸਾਧਾਰਣ ਕੇਸਾਂ ਵਿੱਚ ਸਾਨੂੰ ਇੰਨੀ ਗੱਲ ਕਰਨ ਦੀ ਲੋੜ ਨਹੀਂ ਪੈਂਦੀ। ਬਾਕੀ ਹਾਲਾਤਾਂ ਦਾ ਤੁਹਾਨੂੰ ਪਤਾ ਹੀ ਏ। ਪਤਾ ਨਹੀਂ ਕਿਸ ਵੇਲੇ ਕਿੱਥੇ ਕੀ ਹੋ ਜਾਵੇ।"

ਪਤਵੰਤ ਨੂੰ ਅੰਦਰ ਸੁਨੇਹਾ ਭੇਜ ਕੇ ਜਾਣੂੰ ਕਰਾ ਦਿੱਤਾ ਗਿਆ ਕਿ ਉਸਦੀ ਗ੍ਰਿਫ਼ਤਾਰੀ ਹੋਣ ਵਾਲੀ ਏ। ਭਾਵੇਂ ਉਹ ਕੁਝ ਘਬਰਾਇਆ ਹੋਇਆ ਸੀ ਲੇਕਿਨ ਫਿਰ ਵੀ ਆਪਣਾ ਸੰਤੁਲਨ ਕਾਇਮ ਰੱਖ ਰਿਹਾ ਸੀ। ਕਾਲਜ ਵਿੱਚ ਪੁਲਿਸ ਆਉਣ ਦਾ ਬਹੁਤਾ ਵਾਵੇਲਾ ਨਜ਼ਰ ਨਹੀਂ ਆ ਰਿਹਾ ਸੀ। ਚਲ ਰਹੇ ਇਮਤਿਹਾਨ ਦੌਰਾਨ ਪੁਲਿਸ ਦਾ ਆਉਣਾ ਕੋਈ ਬਹੁਤਾ ਵੱਡਾ ਸ਼ੱਕ ਪੈਦਾ ਨਹੀਂ ਸੀ ਕਰਦਾ। ਆਮ ਡਿਊਟੀ ਦੇ ਰਹੇ ਲੋਕ ਤੇ ਬਾਹਰ ਤੁਰਦੇ ਫਿਰਦੇ ਲੋਕ ਸੋਚਦੇ ਸਨ ਕਿ ਕੋਈ ਪਰਚਿਆਂ ਜਾਂ ਪ੍ਰੀਖਿਆ ਨਾਲ ਸੰਬੰਧਿਤ ਗੱਲ ਹੋਵੇਗੀ ਜਿਸ ਕਰਕੇ ਪੁਲਿਸ ਆਈ ਏ। ਨਾਲੇ ਉਸ ਸਮੇਂ ਸਾਰਾ ਪੰਜਾਬ ਤਾਂ ਸੀ. ਆਰ. ਪੀ. ਐਫ. ਨਾਲ ਭਰਿਆ ਪਿਆ ਸੀ। ਬਹੁਤੀ ਜਗਾਹ ਵਿਦਿਅਕ ਸੰਸਥਾਵਾਂ ਦਾ ਇਕ ਕੋਨਾ ਸੀ. ਆਰ. ਪੀ. ਐਫ. ਨੂੰ ਹੀ ਦਿੱਤਾ ਹੋਇਆ ਹੁੰਦਾ ਸੀ। ਇਹ ਫੋਰਸ ਪੰਜਾਬ ਵਿੱਚ ਛਾਉਣੀ ਪਾ ਕੇ ਬੈਠੀ ਸੀ। ਇਸ ਹਾਲਾਤ ਵਿੱਚ ਕਿਸੀ ਜਗਾਹ ਚਾਰ ਪੁਲਿਸ ਕਰਮਚਾਰੀਆਂ ਦਾ ਆ ਜਾਣਾ ਕੋਈ ਬਹੁਤੀ ਵੱਡੀ ਗੱਲ ਨਹੀਂ ਸੀ।

ਜਦ ਪਤਵੰਤ ਸਿੰਘ ਸੈਂਟਰ ਤੋਂ ਬਾਹਰ ਆਇਆ ਤਾਂ ਪੁਲਿਸ ਨੇ ਉਸਨੂੰ ਗ੍ਰਿਫ਼ਤਾਰੀ ਵਾਰੰਟ ਦੇ ਦਿੱਤੇ। ਉਸਨੂੰ ਪਤਾ ਲੱਗ ਗਿਆ ਕਿ ਉਸਨੂੰ ਗ੍ਰਿਫ਼ਤਾਰ ਕਿਉਂ ਕੀਤਾ ਗਿਆ ਸੀ। ਇਲਜ਼ਾਮ ਇਹ ਸੀ ਕਿ ਉਹਨੇ ਅਖ਼ਬਾਰਾਂ ਵਿੱਚ ਦੋ ਜੇਲ੍ਹ ਵਿੱਚ ਬੰਦ ਜੁਝਾਰੂਆਂ ਵਲੋਂ ਭਾਰਤ ਦੇ ਰਾਸ਼ਟਰਪਤੀ ਨੂੰ ਲਿਖੀ ਇੱਕ ਚਿੱਠੀ ਦਾ ਅੰਗਰੇਜ਼ੀ ਵਿੱਚ ਤਰਜ਼ਮਾ ਕੀਤਾ ਸੀ। ਇਸ ਚਿੱਠੀ ਵਿੱਚ ਇਹਨਾਂ ਖਾੜਕੂਆਂ ਨੇ ਪੰਜਾਬ ਵਿੱਚ ਵਾਪਰੇ ਦੁਖਾਂਤ ਲਈ ਸਰਕਾਰ

ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇਹਨਾਂ ਨੂੰ ਥੋੜ੍ਹੀ ਦੇਰ ਬਾਅਦ ਫਾਂਸੀ ਦਿੱਤੀ ਜਾਣੀ ਸੀ। ਚਿੱਠੀ ਪੂਨੇ ਜੇਲ੍ਹ 'ਚੋਂ ਲਿਖੀ ਹੋਈ ਸੀ। ਪ੍ਰਸ਼ਾਸਨ ਨੂੰ ਸ਼ੱਕ ਸੀ ਕਿ ਇਹ ਚਿੱਠੀ ਲਿਖਾਈ ਵੀ ਪਤਵੰਤ ਸਿੰਘ ਦੀ ਮਦਦ ਨਾਲ ਗਈ ਸੀ। ਅਗਰ ਚਿੱਠੀ ਗੁਰਮੁਖੀ ਵਿੱਚ ਉਹਨਾਂ ਨੇ ਖੁਦ ਵੀ ਲਿਖ ਲਈ ਹੋਵੇ, ਇਸ ਦਾ ਅੰਗਰੇਜ਼ੀ ਵਿੱਚ ਤਰਜ਼ਮਾ ਤਾਂ ਪਤਵੰਤ ਸਿੰਘ ਦਾ ਹੀ ਕੀਤਾ ਹੋਇਆ ਸੀ। ਦੋਸ਼ ਇਹ ਸੀ ਕਿ ਇੰਝ ਕਰਕੇ ਪਤਵੰਤ ਸਿੰਘ ਖਾੜਕੂਆਂ ਦੀ ਭਾਰਤ ਸਰਕਾਰ ਦੇ ਖ਼ਿਲਾਫ਼ ਮਦਦ ਕਰ ਰਿਹਾ ਸੀ। ਇਹ ਦੇਸ਼ ਧ੍ਰੋਹ ਦਾ ਦੋਸ਼ ਸੀ। ਵੱਖਵਾਦੀ ਤਾਕਤਾਂ ਨਾਲ ਸਿੱਧਾ ਮੇਲਜੋਲ ਸੀ। ਇਹ ਦੋਸ਼ ਸੱਚ ਸੀ ਜਾਂ ਝੂਠ ਇਸ ਦਾ ਨਿਤਾਰਾ ਤਾਂ ਬਾਅਦ ਵਿੱਚ ਹੀ ਹੋਣਾ ਸੀ। ਇਹ ਪਤਵੰਤ ਸਿੰਘ ਦਾ ਪੁਲਿਸ ਰਿਮਾਂਡ ਸੀ। ਹਾਲਾਤ ਐਸੇ ਸਨ ਕਿ ਪੁਲਿਸ ਦਾ ਕਿਸੇ ਪਾਸ ਆ ਢੁੱਕਣਾ ਹੀ ਕਹਿਰ ਸਮਝਿਆ ਜਾਂਦਾ ਸੀ। ਪੁਲਿਸ ਅੰਦਰੋਂਗਤੀ ਬੰਦੇ ਮਾਰ ਮੁਕਾਂਦੀ ਸੀ। ਫੜੇ ਗਏ ਬੰਦਿਆਂ ਦੇ ਠਿਕਾਣਿਆਂ ਦਾ ਪਤਾ ਨਹੀਂ ਸੀ ਲੱਗਦਾ ਹੁੰਦਾ। ਝੂਠੇ ਪੁਲਿਸ ਮੁਕਾਬਲੇ ਬਣਾ ਕੇ ਲਾਸ਼ਾਂ ਸਾੜ ਦੇਣ ਦਾ ਢੋਂਗ ਬਾਅਦ ਵਿੱਚ ਸ਼ੁਰੂ ਹੋਇਆ ਸੀ। ਪ੍ਰਿੰਸੀਪਲ ਅਤੇ ਕੁਝ ਹੋਰ ਬਾਰਸੂਖ ਬੰਦਿਆਂ ਨੇ ਪੁਲਿਸ ਨਾਲ ਡੂੰਘਾ ਤਾਲਮੇਲ ਪੈਦਾ ਕੀਤਾ। ਯੂਨੀਵਰਸਿਟੀ ਨੇ ਵੀ ਪੁਲਿਸ ਨੂੰ ਲਿਖਿਆ ਕਿ ਪਤਵੰਤ ਸਿੰਘ ਇਕ ਈਮਾਨਦਾਰ ਅਧਿਆਪਕ ਹੈ ਤੇ ਉਹ ਇਮਤਿਹਾਨ ਵੀ ਬੜੀ ਤਨਦੇਹੀ ਨਾਲ ਨੇਪਰੇ ਚਾੜ੍ਹ ਰਿਹਾ ਏ। ਵੈਸੇ ਵੀ ਕੁਝ ਪੁਲਿਸ ਵਾਲਿਆਂ ਦੇ ਬੱਚੇ ਪਹਿਲਾਂ ਕਾਲਜ ਵਿੱਚ ਪੜ੍ਹ ਕੇ ਗਏ ਸਨ। ਉਹਨਾਂ ਦੇ ਬੱਚਿਆਂ ਦੇ ਪਰਿਵਾਰ ਵੀ ਪਤਵੰਤ ਸਿੰਘ ਦੀ ਕਾਫੀ ਇੱਜ਼ਤ ਕਰਦੇ ਸਨ। ਇਸ ਪ੍ਰਕਾਰ ਦੇ ਕੁਝ ਕਾਰਨਾਂ ਕਰਕੇ ਪਤਵੰਤ ਸਿੰਘ ਨੂੰ ਪੁਲਿਸ ਨੇ ਅਵਾਗੌਣ ਕੁਝ ਨਹੀਂ ਕਿਹਾ। ਦੋਸ਼ ਕਾਫ਼ੀ ਸੰਗੀਨ ਸੀ। ਇਸ ਲਈ ਉਸਨੂੰ ਕੁਝ ਦਿਨਾਂ ਲਈ ਰਿਮਾਂਡ ਵਿੱਚ ਤਾਂ ਰੱਖਣਾ ਹੀ ਪੈਣਾ ਸੀ। ਜਦ ਉਹ ਪੁਲਿਸ ਹਿਰਾਸਤ ਵਿੱਚ ਬੈਠਾ ਸੀ ਤਾਂ ਕਾਲਜ ਵਿੱਚ ਇਸ ਵਿਸ਼ੇ ਦੀ ਕਾਫ਼ੀ ਚਰਚਾ ਰਹੀ।

"ਸਾਡੀ ਪ੍ਰਮਾਤਮਾ ਨੇ ਸੁਣ ਲਈ। ਬੱਚੇ ਦੇ ਅਜੇ ਦੋ ਪਰਚੇ ਰਹਿੰਦੇ ਹਨ। ਸੁਪਰਡੈਂਟ ਅੰਦਰ ਹੋ ਗਿਆ। ਲਗਦਾ ਏ ਪਰਚੇ ਚੰਗੇ ਹੋ ਜਾਣਗੇ", ਕਾਲਜ ਦੇ ਬਾਹਰ ਇਕ ਬਾਬੂ ਦੂਜੇ ਬੰਦੇ ਨੂੰ ਕਹਿ ਰਿਹਾ ਸੀ।

"ਹੁਣ ਨਵਾਂ ਸੁਪਰਡੈਂਟ ਕੌਣ ਲੱਗੂ?" ਉਹ ਬੰਦਾ ਪੁੱਛਣ ਲੱਗਾ।

"ਉਮੀਦ ਏ ਡਿਪਟੀ ਨੂੰ ਹੀ ਸੁਪਰਡੈਂਟ ਬਣਾ ਦੇਣਗੇ। ਡਿਪਟੀ ਤਾਂ ਵਿਚਾਰਾ ਫਿਰ ਵੀ ਚੰਗਾ ਏ।"

"ਜਿੱਦਣ ਦਾ ਸੈਂਟਰ ਚੱਲਿਆ ਏ ਇਸਤੇ ਤਾਂ ਹਰ ਸਮੇਂ ਭਾਰੀ ਹੀ ਪਈ ਰਹੀ। ਪਹਿਲਾਂ ਇਕ ਖਾੜਕੂ ਆ ਕੇ ਬੱਚਿਆਂ ਦਾ ਨੁਕਸਾਨ ਕਰ ਗਿਆ। ਰਹਿੰਦੀ ਖੂੰਹਦੀ ਕਸਰ ਪਤਵੰਤ ਸਿੰਘ ਨੇ ਪੂਰੀ ਕਰ ਦਿੱਤੀ। ਕਿਸੇ ਨੂੰ ਦੁਖਾਇਆ ਕੀ ਫਲ ਪਾਇਆ? ਲੱਗਦਾ ਏ ਪਤਵੰਤ ਸਿੰਘ ਨੂੰ ਛੱਡਣ ਨਹੀਂ ਲੱਗੇ। ਹੁਣ ਤਾਂ ਬੰਦਾ ਬਣਾ ਕੇ ਹੀ ਛੱਡਣਗੇ।"



"ਅੱਜ-ਕੱਲ੍ਹ ਕੌਣ ਛੱਡਦਾ ਜੀ। ਰਾਮ ਰਾਮ ਕਰੋ। ਸਾਡੇ ਪਿੰਡੋਂ ਇਕ ਮੁੰਡਾ ਚੁੱਕਿਆ ਸੀ। ਪਤਾ ਹੀ ਨਹੀਂ ਲੱਗਾ ਕਿੱਧਰ ਗੁੰਮ ਕਰ ਦਿਤੈ। ਲਾਸ਼ ਵੀ ਨਹੀਂ ਮਿਲੀ।"

"ਦਿੱਲੀ ਦੰਗਿਆਂ ਸਮੇਂ ਸਾਡੇ ਪਿੰਡ ਦੇ ਬੰਦਿਆਂ ਦਾ ਇਕ ਰਿਸ਼ਤੇਦਾਰ ਪਤਾ ਹੀ ਨਹੀਂ ਲੱਗਾ ਸੀ ਕਿ ਕਿੱਥੇ ਗੁੰਮ ਹੋ ਗਿਆ ਸੀ। ਬਾਅਦ ਵਿੱਚ ਉਹਨਾਂ ਦੇ ਬੰਦਿਆਂ ਨੇ ਬਥੇਰੀ ਤਾਲਾਸ਼ ਕੀਤੀ, ਲਾਸ਼ ਤੱਕ ਵੀ ਨਹੀਂ ਮਿਲੀ ਸੀ। ਉਸਦਾ ਟਰੱਕ ਅੱਧਾ ਸੜਿਆ ਹੋਇਆ ਤਰਲੋਕਪੁਰੀ ਇਲਾਕੇ ਚੋਂ ਮਿਲਿਆ ਸੀ।"

"ਸਾਡੇ ਪਿੰਡ ਦਾ ਇੱਕ ਸਰਦਾਰ ਏਸ਼ੀਅਨ ਖੇਡਾਂ ਸਮੇਂ ਦਿੱਲੀ ਨੂੰ ਜਾ ਰਿਹਾ ਸੀ। ਹਰਿਆਣੇ ਵਿੱਚ ਕੁਝ ਗੁੰਡੇ ਬੱਸ ਵਿੱਚ ਚੜ੍ਹ ਗਏ। ਇਕ ਤੀਵੀਂ ਨੇ ਉਸ ਸਰਦਾਰ ਉਪਰ ਕੰਬਲ ਦੇ ਦਿੱਤਾ। ਜਦ ਗੁੰਡੇ ਕੋਲੋਂ ਦੀ ਗੁਜ਼ਰੇ ਤਾਂ ਇਸ ਭੁਲੇਖੇ ਵਿੱਚ ਹੀ ਛੱਡ ਗਏ ਸ਼ਾਇਦ ਉਸ ਤੀਵੀਂ ਨਾਲ ਦਾ ਕੋਈ ਮੁਸਾਫ਼ਰ ਸੁੱਤਾ ਪਿਆ ਹੋਊ। ਤੀਵੀਂ ਨੇ ਸਾੜ੍ਹੀ ਪਾਈ ਹੋਈ ਸੀ। ਸੁੱਤੇ ਪਏ ਸਰਦਾਰ ਦਾ ਉਹਨਾਂ ਨੂੰ ਹਿੰਦੂ ਹੋਣ ਦਾ ਭੁਲੇਖਾ ਪੈ ਗਿਆ ਸੀ। ਜੇ ਕਿਤੇ ਕੰਬਲ ਚੁੱਕ ਕੇ ਦੇਖ ਲੈਂਦੇ ਤਾਂ ਬੰਦੇ ਦੀ ਜਾਨ ਗਈ ਸੀ। ਦੇਖ ਲਓ ਕੁਦਰਤ ਦੇ ਖੇਡ।"

"ਇਸ ਦਾ ਮਤਲਬ ਇਹ ਕਿ ਲੜਾਈ ਹਿੰਦੂ ਸਿੱਖ ਦੀ ਨਹੀਂ ਸੀ। ਸਭ ਪਾਸੇ ਗੁੰਡੇ ਸਰਕਾਰ ਨੇ ਹੀ ਭਾੜੇ ਤੇ ਕੀਤੇ ਹੋਏ ਸਨ। ਹਰਿਆਣੇ ਵਿੱਚ ਵੀ ਸਰਕਾਰ ਕਾਂਗਰਸ ਦੀ ਸੀ ਤੇ ਸੈਂਟਰ ਵਿੱਚ ਤਾਂ ਕਾਂਗਰਸ ਹੈ ਹੀ ਸੀ। ਜਦ ਇੰਦਰਾ ਗਾਂਧੀ ਮਰੀ ਤੁਹਾਨੂੰ ਪਤਾ ਹੀ ਏ ਰਾਜੀਵ ਗਾਂਧੀ ਨੇ ਕੀ ਕਿਹਾ ਸੀ। ਅਖੇ ਜਦ ਕੋਈ ਵੱਡਾ ਦਰਖ਼ਤ ਡਿੱਗਦਾ ਏ ਤਾਂ ਧਰਤੀ ਕੰਬਦੀ ਹੀ ਏ। ਦੇਖ ਲਓ ਕਿੰਨੀ ਲਾਪਰਵਾਹ ਸਟੇਟਮੈਂਟ ਦਿੱਤੀ ਸੀ ਰਾਜੀਵ ਗਾਂਧੀ ਨੇ।"

"ਇਵੇਂ ਕਹਿਣਾ ਸਾਫ ਜ਼ਾਹਰ ਕਰਦਾ ਏ ਕਿ ਜੋ ਕਹਿਰ ਵੀ ਵਾਪਰਿਆ ਉਸਨੂੰ ਉਸਨੇ ਠੀਕ ਕਿਹਾ। ਕੀ ਇਕ ਪ੍ਰਧਾਨ ਮੰਤਰੀ ਦੁਆਰਾ ਇਸ ਪ੍ਰਕਾਰ ਦੀ ਸਟੇਟਮੈਂਟ ਭਾਰਤੀ ਸਿਆਸਤ ਦਾ ਦੀਵਾਲੀਆਪਣ ਨਹੀਂ?"

"ਨਵਾਂ ਨਵਾਂ ਬਣਿਆ ਸੀ ਅਜੇ ਛੋਕਰਾ ਹੀ ਸੀ। ਆਪ ਵੀ ਤਾਂ ਬਾਅਦ ਵਿੱਚ ਉਸੇ ਭੱਠੀ ਵਿੱਚ ਝੋਕਿਆ ਗਿਐ। ਉਹੋ ਜਿਹਾ ਹੀ ਉਪਰ ਗਿਆਨੀ ਬੈਠਾ ਸੀ। ਅਖੇ ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ। ਕੋਲ ਮੇਰਠ ਵਿੱਚ ਅੰਤਾਂ ਦੀ ਫ਼ੌਜ ਬੈਠੀ ਸੀ। 72 ਘੰਟੇ ਮੌਤ ਦਾ ਨੰਗਾ ਨਾਚ ਹੁੰਦਾ ਰਿਹਾ। ਫ਼ੌਜ ਦੇ ਕੰਨ ਤੇ ਜੂੰ ਨਾ ਸਰਕੀ ਤੇ ਰਾਜੀਵ ਮਹਾਰਾਜ ਕਹੀ ਗਏ। ਜਬ ਬੜਾ ਪੇੜ ਗਿਰਤਾ ਹੈ।"

ਜਦ ਨੂੰ ਇਕ ਕਾਂਗਰਸ ਪਾਰਟੀ ਦਾ ਕਾਰਕੁੰਨ ਵੀ ਇਹਨਾਂ ਬੰਦਿਆਂ ਪਾਸ ਆ ਗਿਆ। ਇਹਨਾਂ ਨੂੰ ਨਹੀਂ ਸੀ ਪਤਾ ਕਿ ਉਹਦੀ ਸੁਰ ਕਾਂਗਰਸ ਨਾਲ ਮਿਲਦੀ ਸੀ। ਕਹਿਣ ਲੱਗਾ,

"ਭਾਈ ਸਾਹਿਬ, ਸੁਪਰਡੈਂਟ ਫੜ ਹੋ ਗਿਐ ਚੰਗਾ ਹੋਇਆ। ਸਰਕਾਰ ਦੀ ਤਾਕਤ ਬਹੁਤ ਵੱਡੀ ਹੁੰਦੀ ਏ। ਐਡੇ ਵੱਡੇ ਦੇਸ਼ ਦੀ ਸਰਕਾਰ ਅਤੇ ਫ਼ੌਜ ਨਾਲ ਪੰਗਾ ਲੈਣਾ ਹਮੇਸ਼ਾ ਮਹਿੰਗਾ ਹੀ ਪੈਂਦਾ ਹੁੰਦਾ ਏ। ਮੁੱਠੀ ਭਰ ਨੌਜਵਾਨ ਸਰਕਾਰ ਦਾ ਕੀ ਵਿਗਾੜ ਸਕਦੇ ਨੇ? ਅੱਜ ਨਹੀਂ ਤਾਂ ਕੱਲ੍ਹ ਜਿੱਤ ਤਾਂ ਸਰਕਾਰ ਦੀ ਹੀ ਹੋਵੇਗੀ। ਮੁੰਡੇ ਆਪਣੀਆਂ ਜਾਨਾਂ ਗੁਆਂਈ ਜਾਂਦੇ ਨੇ। ਸਿੱਖਾਂ ਨੇ ਹਮੇਸ਼ਾ ਆਪਣਾ ਨੁਕਸਾਨ ਹੀ ਕਰਵਾਇਆ ਏ। ਠੋਸ ਪ੍ਰਾਪਤੀ ਕੁਝ ਵੀ ਨਹੀਂ। ਤਾਂ ਹੀ ਤਾਂ ਗਾਂਧੀ ਨੇ ਗੁਰੂ ਗੋਬਿੰਦ ਸਿੰਘ ਨੂੰ ਇੱਕ 'ਭੁਲੱਕੜ ਦੇਸ਼ ਭਗਤ' ਕਿਹਾ ਸੀ।"

ਦੂਜਾ ਵਿੱਚ ਹੀ ਬੋਲ ਪਿਆ, "ਭਾਈ ਸਾਹਿਬ, ਤੁਹਾਡੀ ਗੱਲ ਪੂਰੀ ਠੀਕ ਨਹੀਂ। ਭਾਰਤ ਨੂੰ ਆਜ਼ਾਦੀ ਇਕੱਲੇ ਗਾਂਧੀ ਨੇ ਨਹੀਂ ਸੀ ਲੈ ਕੇ ਦਿੱਤੀ। ਇਕੱਲੀ ਅਹਿੰਸਾਵਾਦੀ ਪਾਲਿਸੀ ਨੇ ਪੂਰੀ ਨਹੀਂ ਸੀ ਪਾਈ। ਜਦ ਕੁਝ ਖੜਕਾ ਦੜਕਾ ਹੁੰਦਾ ਏ ਤਾਂ ਹੀ ਕੁਝ ਮਿਲਦਾ ਏ। ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਚੰਦਰ ਸ਼ੇਖਰ ਆਜ਼ਾਦ ਜਿਹਨਾਂ ਨੇ ਜਦ ਖੜਕਾ ਦੜਕਾ ਸ਼ੁਰੂ ਕੀਤਾ ਤਾਂ ਗੋਰੇ ਭਾਰਤ ਤੋਂ ਦੌੜੇ ਸਨ।"

ਦੂਜਾ ਬੋਲਿਆ, "ਹੁਣ ਮੁੰਡੇ ਕਿਹੜੇ ਗੋਰਿਆਂ ਨੂੰ ਇਥੋਂ ਦੜਾਉਣਾ ਚਾਹੁੰਦੇ ਨੇ ਹੁਣ ਤਾਂ ਸਭ ਆਪਣੇ ਹੀ ਹਨ। ਮੁਸਲਮਾਨ ਵੀ ਪਰ੍ਹੇ ਬੈਠੇ ਨੇ।"

"ਆਪਣੇ ਬੇਗਾਨੇ ਦਾ ਕੀ ਪਤਾ ਲਗਦਾ? ਜੇ ਧਾਰਮਿਕ ਅਸਥਾਨਾਂ ਤੇ ਹਮਲਾ ਬਚ ਜਾਂਦਾ ਤਾਂ ਸ਼ਾਇਦ ਕੋਈ ਕਿਸੇ ਦਾ ਬੇਗਾਨਾ ਨਾ ਬਣਦਾ। ਅਗਰ ਸਰਕਾਰ ਜ਼ਿਆਦਾ ਹੀ ਨੀਤੀ ਵਿੱਚ ਨਿਪੁੰਨ ਸੀ ਤਾਂ ਉਸਨੂੰ ਧਾਰਮਿਕ ਅਸਥਾਨ ਨੂੰ ਨੁਕਸਾਨ ਪਹੁੰਚਾਏ ਬਗੈਰ ਮਸਲੇ ਦਾ ਹੱਲ ਲੱਭਣਾ ਚਾਹੀਦਾ ਸੀ। ਇਕ ਸਿਆਸਤਦਾਨ ਤੇ ਇਕ ਨੀਤੀਵੇਤਾ ਵਿੱਚ ਇਹੀ ਫ਼ਰਕ ਹੁੰਦਾ ਏ। ਸਿਆਸਤਦਾਨ ਨੁਕਸਾਨ ਕਰਨ ਦੀ ਕੋਈ ਪ੍ਰਵਾਹ ਨਹੀਂ ਕਰਦਾ, ਨੀਤੀਵੇਤਾ ਘੱਟ ਤੋਂ ਘੱਟ ਨੁਕਸਾਨ ਕਰਕੇ ਕਿਸੇ ਮਸਲੇ ਦਾ ਹੱਲ ਲੱਭਦਾ ਏ। ਨਾਲੇ ਸਰਕਾਰਾਂ ਦੇ ਬਾਹਰਲੇ ਮਸਲੇ ਨਜਿੱਠਣ ਦੇ ਹੋਰ ਤਰੀਕੇ ਹੁੰਦੇ ਹਨ ਤੇ ਅੰਦਰੂਨੀ ਬਗ਼ਾਵਤਾਂ ਨਾਲ ਸਿੱਜਣ ਲਈ ਵੱਧ ਦੂਰਦਰਸ਼ਤਾ ਦੀ ਜ਼ਰੂਰਤ ਹੁੰਦੀ ਏ। ਸਰਕਾਰ ਘਟੀਆ ਕੰਮ ਕਰ ਰਹੀ ਏ। ਜਦ ਪਤਾ ਸੀ ਕਿ ਸਿੱਖਾਂ ਨੇ ਕਿਸੇ ਤਨਖ਼ਾਹੀਏ ਦੁਆਰਾ ਉਸਾਰੇ ਅਕਾਲ ਤਖ਼ਤ ਸਾਹਿਬ ਨੂੰ ਨਹੀਂ ਕਬੂਲ ਕਰਨਾ ਤਾਂ ਇਹ ਉਸਾਰੀ ਉਸ ਦੁਆਰਾ ਕਰਵਾਉਣ ਦੀ ਕੀ ਜ਼ਰੂਰਤ ਸੀ, ਬਣਾਇਆ ਗਿਆ ਸਾਰਾ ਢਾਂਚਾ ਸੰਗਤ ਨੇ ਢਾਹ ਦਿੱਤਾ। ਹੁਣ ਜਿਹੜੀ ਸਹੀ ਗੁਰਮਰਿਆਦਾ ਨਾਲ ਉਸਾਰੀ ਕੀਤੀ ਗਈ ਏ ਕੌਮ ਤਾਂ ਉਸਨੂੰ ਹੀ ਸਵੀਕਾਰ ਕਰੇਗੀ। ਅਬਦਾਲੀ ਨੇ 18ਵੀਂ ਸਦੀ 'ਚ ਖੁਦ ਇਸ ਪਵਿੱਤਰ ਅਸਥਾਨ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਸੀ। ਸਿੱਖਾਂ ਨੇ ਉਸ ਦਾ ਐਸਾ ਨੱਕ ਵਿੱਚ ਦਮ ਕੀਤਾ ਸੀ ਕਿ ਉਸ ਨੂੰ ਖੁਦ ਆ ਕੇ ਇਸ ਨੁਕਸਾਨ ਦੀ ਪੂਰਤੀ ਕਰਨੀ ਪਈ ਸੀ। "ਉਹ ਉਸਾਰੀ ਕਿਹੜੀ ਕਾਰ ਸੇਵਾ ਨਾਲ ਹੋਈ ਸੀ?"



"ਕਿਸੇ ਦੇ ਨੱਕ ਵਿੱਚ ਦਮ ਕਰਕੇ ਉਸ ਪਾਸੋਂ ਉਸਾਰੀ ਕਰਵਾਉਣੀ ਵੀ ਕੌਮ ਦੀ ਜਿੱਤ ਹੁੰਦੀ ਏ। ਇਸ ਪ੍ਰਕਾਰ ਦੀ ਉਸਾਰੀ ਵਿੱਚ ਦਿਸ਼ਾ ਨਿਰਦੇਸ਼ ਕੌਮ ਦੇ ਹੀ ਹੁੰਦੇ ਹਨ। ਆ ਕੇ ਆਪਣੀ ਗ਼ਲਤੀ ਮੰਨ ਲੈਣਾ ਹੀ ਬਹੁਤ ਵੱਡੀ ਗੱਲ ਹੁੰਦੀ ਏ। ਮਹਾਰਾਜਾ ਰਣਜੀਤ ਸਿੰਘ ਨੂੰ ਮੋਰਾਂ ਨਾਚੀ ਦੇ ਕੇਸ ਵਿੱਚ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਸੁਣਾਈ ਗਈ ਸੀ। ਰਣਜੀਤ ਸਿੰਘ ਨੇ ਇਹ ਸਜ਼ਾ ਕਬੂਲ ਕਰ ਲਈ ਸੀ। ਸਜ਼ਾ ਕਬੂਲ ਕਰ ਲੈਣਾ ਹੀ ਉਸਦਾ ਵਡੱਪਣ ਸੀ। ਕਿਸੇ ਕਾਰਜ ਪਿੱਛੇ ਸੱਚੀ ਸੁੱਚੀ ਭਾਵਨਾ ਵੀ ਕਈ ਵਾਰ ਵੱਡੇ ਵੱਡੇ ਮਸਲੇ ਹੱਲ ਕਰ ਦਿੰਦੀ ਏ।"

ਖਾਲਜ ਦੇ ਬਾਹਰ ਇਸ ਪ੍ਰਕਾਰ ਦੀਆਂ ਗੱਲਾਂ ਹੁੰਦੀਆਂ ਹੀ ਰਹਿੰਦੀਆਂ ਸਨ ਕਿਉਂਕਿ ਉਥੇ ਪੜ੍ਹੇ ਲਿਖੇ ਜਾਂ ਅਰਧ ਪੜ੍ਹੇ ਲਿਖੇ ਲੋਕ ਬੈਠੇ ਰਹਿੰਦੇ ਸਨ। ਬੱਚਿਆਂ ਨਾਲ ਪਰਚੇ ਦੁਆਣ ਵੀ ਤਾਂ ਅਕਸਰ ਉਹੀ ਲੋਕ ਆਉਂਦੇ ਹਨ ਜੋ ਥੋੜ੍ਹੀ ਬਹੁਤ ਸੂਝ ਰੱਖਦੇ ਹੋਣ।

ਹੁਣ ਪਤਵੰਤ ਸਿੰਘ ਨੂੰ ਪੁਲਿਸ ਹਿਰਾਸਤ 'ਚੋਂ ਤਾਂ ਛੱਡ ਦਿੱਤਾ ਗਿਆ ਸੀ ਪਰ ਕੇਸ ਦੀ ਛਾਣਬੀਣ ਅਜੇ ਵੀ ਜਾਰੀ ਸੀ। ਉਸਨੂੰ ਛੁਡਾਉਣ ਵਿੱਚ ਕਾਲਜ ਦੇ ਪ੍ਰਿੰਸੀਪਲ ਨੇ ਕਾਫ਼ੀ ਯੋਗਦਾਨ ਪਾਇਆ ਸੀ। ਪ੍ਰੀਖਿਆ ਦੇ ਸੁਪਰਡੈਂਟ ਦੀ ਡਿਊਟੀ ਤੋਂ ਹੁਣ ਉਹ ਹਟ ਚੁੱਕਾ ਸੀ। ਉਸਨੂੰ ਦੁਬਾਰਾ ਇਹ ਡਿਊਟੀ ਸੰਭਾਲੀ ਜਾ ਸਕਦੀ ਸੀ ਪਰ ਪ੍ਰਿੰਸੀਪਲ ਨੂੰ ਅਜੇ ਵੀ ਡਰ ਸੀ ਕਿ ਪੁਲਿਸ ਕਿਤੇ ਉਸਨੂੰ ਦੁਬਾਰਾ ਲੈਣ ਨਾ ਆ ਜਾਵੇ। ਇਸ ਲਈ ਉਸਨੇ ਉਸਨੂੰ ਕਿਹਾ ਕਿ ਕਾਲਜ ਆ ਜਾਇਆ ਕਰੇ, ਇਮਤਿਹਾਨ ਵਿੱਚ ਡਿਊਟੀ ਭਾਵੇਂ ਨਾ ਕਰੇ। ਉਹ ਕਾਲਜ ਵਿੱਚ ਆ ਜਾਂਦਾ ਸੀ ਤੇ ਅਕਸਰ ਪ੍ਰਿੰਸੀਪਲ ਪਾਸ ਹੀ ਬੈਠਾ ਰਹਿੰਦਾ ਸੀ। ਇੱਕ ਦਿਨ ਗੱਲਾਂ ਚਲ ਪਈਆਂ।

"ਪੁਲਿਸ ਜੋ ਦੋਸ਼ ਤੁਹਾਡੇ ਤੇ ਲਾ ਰਹੀ ਏ ਕੀ ਇਹ ਸੱਚ ਏ?" ਪ੍ਰਿੰਸੀਪਲ ਨੇ ਪਤਵੰਤ ਸਿੰਘ ਤੋਂ ਜਾਨਣਾ ਚਾਹਿਆ।

"ਸਾਹਿਬ ਜੀ, ਮੈਂ ਉਹ ਖੱਤ ਅਖਬਾਰ ਵਿੱਚ ਛਪਿਆ ਪੜ੍ਹਿਆ ਜ਼ਰੂਰ ਸੀ। ਬੜਾ ਲੰਬਾ ਖੱਤ ਸੀ। ਇਹ ਖੱਤ ਸੁੱਖੇ ਅਤੇ ਜਿੰਦੇ ਨੇ ਪੂਨੇ ਜੇਲ੍ਹ 'ਚੋਂ ਰਾਸ਼ਟਰਪਤੀ ਨੂੰ ਲਿਖਿਆ ਸੀ। ਤੁਸੀਂ ਜਾਣਦੇ ਹੀ ਹੋ ਕਿ ਉਹਨਾਂ ਨੇ ਜਨਰਲ ਵੈਦਿਆ ਨੂੰ ਮਾਰਿਆ ਸੀ। ਸਹੀ ਮਾਅਨਿਆਂ ਵਿੱਚ ਉਹ ਖੱਤ ਇੱਕ ਇਤਿਹਾਸਕ ਦਸਤਾਵੇਜ਼ ਬਣੇਗਾ।"

"ਡਾ. ਸਾਹਿਬ, ਤੁਸੀਂ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ। ਖੱਤ ਬਾਰੇ ਭਾਸ਼ਣ ਦੇਣ ਲੱਗ ਪਏ ਹੋ?"

"ਸਾਹਿਬ ਜੀ, ਮੈਂ ਉਸ ਖੱਤ ਦਾ ਅੰਗਰੇਜ਼ੀ ਵਿੱਚ ਅਨੁਵਾਦ ਬਿਲਕੁੱਲ ਵੀ ਨਹੀਂ ਕੀਤਾ। ਪੁਲਿਸ ਨੂੰ ਮੇਰੇ ਤੇ ਪਤਾ ਨਹੀਂ ਕਿਉਂ ਸ਼ੱਕ ਪੈ ਗਿਐ। ਅੱਜ ਕੱਲ੍ਹ ਪੁਲਿਸ ਤਾਂ ਖੁੱਲ੍ਹੀ ਦਾੜ੍ਹੀ ਵਾਲੇ ਅਤੇ ਗਾਤਰੇ ਵਾਲੇ ਬੰਦਿਆਂ ਨੂੰ ਐਵੇਂ ਸੁੰਘਦੀ ਫਿਰਦੀ ਏ। ਇਨਕੁਆਰੀ ਕਰਦੇ ਆ ਕਰੀ ਜਾਣ। ਜਦ ਵਿੱਚੋਂ ਕੁਝ ਨਹੀਂ ਲੱਭੇਗਾ ਤਾਂ ਥੱਕ ਹਾਰ ਕੇ

ਆਪ ਹੀ ਹਟ ਜਾਣਗੇ।"

"ਡਾ. ਸਾਹਿਬ, ਪੁਲਿਸ ਤਾਂ ਝੂਠਾ ਕੇਸ ਵੀ ਬਣਾ ਸਕਦੀ ਏ। ਤੁਹਾਨੂੰ ਚੁਕੰਨੇ ਰਹਿਣਾ ਚਾਹੀਦਾ ਏ।"

"ਓਨਾ ਕੁ ਚੁਕੰਨਾ ਤਾਂ ਮੈਂ ਹੈ ਹੀ। ਤੁਸੀਂ ਸਾਰੇ ਵੀ ਤਾਂ ਮੇਰੇ ਨਾਲ ਹੀ ਹੋ। ਅਗਰ ਕੁੱਝ ਝੂਠਾ ਹੁੰਦਾ ਏ ਤਾਂ ਵਿਦਿਆਰਥੀ ਕਾਲਜ ਦੀ ਇੱਟ ਨਾਲ ਇੱਟ ਖੜਕਾ ਦੇਣਗੇ।"

"ਅੱਜ ਕੱਲ੍ਹ ਤਾਂ ਕਾਲਜ ਖਾਲੀ ਹੋ ਚੁੱਕਾ ਏ। ਪਰਚੇ ਖ਼ਤਮ ਹੋਣ ਵਾਲੇ ਨੇ। ਇੱਟ ਨਾਲ ਇੱਟ ਕੌਣ ਖੜਕਾ ਦਊ?"

"ਸਰ, ਇਹਨਾਂ ਨੂੰ ਆਪਣੀ ਪੜਚੋਲ ਕਰ ਲੈਣ ਦਿਓ। ਕੋਈ ਸਬੂਤ ਸਾਹਮਣੇ ਆਊ ਤਾਂ ਹੀ ਕੁੱਝ ਕਰਨਗੇ। ਐਨੀ ਹਨੇਰਗਰਦੀ ਤਾਂ ਨਹੀਂ ਮਚ ਸਕਦੀ। ਆਫਟਰ ਆਲ, ਆਪਾਂ ਪੰਜਾਬ 'ਚ ਬੈਠੇ ਹਾਂ। ਇਹ ਕੋਈ ਦਿੱਲੀ ਜਾਂ ਕਾਨਪੁਰ ਤਾਂ ਹੈ ਨਹੀਂ ਕਿ ਤੁਰੇ ਜਾਂਦੇ ਮਾਰੇ ਜਾਵਾਂਗੇ।"

"ਜਿਵੇਂ ਤੁਹਾਡੀ ਮਰਜ਼ੀ। ਵੈਸੇ ਇੱਕ ਗੱਲ ਦੱਸੋ ਕਿ ਉਹ ਖੱਤ ਹੈ ਕੀ ਸੀ।"

"ਮੇਰੇ ਪਾਸ ਉਸ ਖੱਤ ਦੀ ਕਟਿੰਗ ਨਹੀਂ ਹੈ, ਵੈਸੇ ਮੈਂ ਅਖ਼ਬਾਰਾਂ ਦੀਆਂ ਕਈ ਕਟਿੰਗਜ਼ ਸੰਭਾਲ ਕੇ ਵੀ ਰੱਖਦਾ ਰਹਿੰਦਾ ਹਾਂ। ਹੁਣ ਜਦ ਪੁਲਿਸ ਇਸ ਦਸਤਾਵੇਜ਼ ਪਿੱਛੇ ਪੈ ਹੀ ਗਈ ਏ ਤਾਂ ਮੈਂ ਆਪਣੇ ਇੱਕ ਦੋਸਤ ਪੱਤਰਕਾਰ ਤੋਂ ਇਸ ਖੱਤ ਬਾਰੇ ਪੁੱਛਗਿੱਛ ਕੀਤੀ ਸੀ। ਮੈਂ ਉਸਨੂੰ ਕਿਹਾ ਕਿ ਅਗਰ ਉਸ ਪਾਸ ਇਸ ਖੱਤ ਦੀ ਪਰਤ ਹੈ ਤਾਂ ਮੈਨੂੰ ਵੀ ਇਸਦੀ ਨਕਲ ਭੇਜ ਦੇਵੇ। ਨਾਲੇ ਮੈਂ ਉਸਨੂੰ ਕਿਹਾ ਕਿ ਅਗਰ ਅੰਗਰੇਜ਼ੀ ਦੀ ਅਖ਼ਬਾਰ ਦੀ ਕਟਿੰਗ ਹੋਵੇ ਤਾਂ ਹੋਰ ਵੀ ਚੰਗਾ ਹੋਊ। ਮੇਰੇ ਉਤੇ ਦੋਸ਼ ਵੀ ਤਾਂ ਇਸ ਖੱਤ ਨੂੰ ਅੰਗਰੇਜ਼ੀ ਵਿੱਚ ਤਰਜ਼ਮਾ ਕਰਨ ਦਾ ਲਾਈ ਫਿਰਦੇ ਨੇ।"

"ਇਸਦਾ ਮਤਲਬ ਇਹ ਕਿ ਤੁਹਾਨੂੰ ਕਟਿੰਗ ਮਿਲ ਗਈ?"

"ਜੀ ਹਾਂ, ਇਹ ਕਟਿੰਗ ਮੇਰੀ ਜੇਬ ਵਿੱਚ ਹੀ ਏ।"

ਆਹ ਲਓ ਦੇਖ ਲਓ

"Ek Onkar"

Rashtrapati ji ,

Kindly accept our Sat Sri Akal to the Revered Timeless by two Singhs (Sikhs) on their way to martyrdom.

Theoretically it is appropriate to clarify that our Rashtrya (nation) is the Khalsa Panth absorbed into the Guru Granth Sahib. We took the first vital steps towards the destination of Khalistan by touching our foreheads with the footdust of this nation.



The elimination of Mr. Vaidya, the general of your force engaged in destroying the Khalsa Panth and its power, was a holy act of our difficult path of martyrdom. It has once again brought the historical truth to light the urge of the Khalsa Panth, to breathe in freedom, its self-respect and honour cannot be finished. ...............

We have not forgotten that when the "wedding party of sin" (the Indian Armed Forces) was invading our Temple of God, a heathen in the garb of a Sikh, was sitting in your place (Zail Singh). The Panth will settle its accounts with him, when Sikh history imparts its justice.

ਇਹ ਖੱਤ ਬੜਾ ਲੰਬਾ ਏ। ਇਸ ਨਾਲ ਅਖ਼ਬਾਰ ਦੇ ਪੂਰੇ ਦੇ ਪੂਰੇ ਦੋ ਸਫ਼ੇ ਭਰੇ ਪਏ ਹਨ।

ਪ੍ਰਿੰਸੀਪਲ ਨੇ ਸਾਰੇ ਦੇ ਸਾਰੇ ਖੱਤ ਤੇ ਬੜੇ ਧਿਆਨ ਨਾਲ ਨਜ਼ਰ ਮਾਰੀ। ਜਦ ਇਹ ਖੱਤ ਅਖ਼ਬਾਰ ਵਿੱਚ ਛਪਿਆ ਸੀ ਤਾਂ ਪਤਵੰਤ ਸਿੰਘ ਨੇ ਤਾਂ ਇਸਤੇ ਸਰਸਰੀ ਜਿਹੀ ਨਜ਼ਰ ਮਾਰੀ ਸੀ ਪਰੰਤੂ ਪ੍ਰਿੰਸੀਪਲ ਨੂੰ ਇਸ ਖੱਤ ਦੇ ਛਪਣ ਬਾਰੇ ਬਹੁਤਾ ਯਾਦ ਨਹੀਂ ਸੀ। ਹਾਂ, ਉਸਨੂੰ ਜਨਰਲ ਵੈਦਿਆ ਕਤਲ ਬਾਰੇ ਵੀ ਪਤਾ ਸੀ ਤੇ ਸੁੱਖੇ ਜਿੰਦੇ ਬਾਰੇ ਵੀ।

# ਕਾਂਡ ਸੋਲਾਂ

ਡਾ. ਪਤਵੰਤ ਸਿੰਘ ਤੇ ਲੱਗਿਆ ਦੋਸ਼ ਸਿੱਧ ਨਹੀਂ ਹੋ ਸਕਿਆ ਸੀ। ਉਹ ਥਾਣੇ ਤੋਂ ਫਾਰਗ ਹੋ ਗਿਆ ਸੀ। ਝੂਠੇ ਦੋਸ਼ ਨੇ ਉਸਨੂੰ ਜ਼ਿਆਦਾ ਹੋਰ ਸੋਚਵਾਨ ਬਣਾ ਦਿੱਤਾ ਸੀ। ਉਹ ਲਹਿਰ ਦਾ ਜਾਇਜ਼ਾ ਹੋਰ ਵੀ ਸੰਜੀਦਗੀ ਨਾਲ ਲੈਣ ਲੱਗ ਪਿਆ ਸੀ। ਸ਼ਾਇਦ ਉਹ ਲਹਿਰ ਬਾਰੇ ਇੱਕ ਪੁਸਤਕ ਲਿਖਣ ਬਾਰੇ ਸੋਚਣ ਲੱਗ ਪਿਆ ਸੀ। ਇਸ ਪੁਸਤਕ ਵਾਸਤੇ ਉਸਨੂੰ ਸੱਜਰਾ ਮਸਾਲਾ ਚਾਹੀਦਾ ਸੀ। ਅਖ਼ਬਾਰਾਂ ਤੇ ਰਸਾਲਿਆਂ ਵਿੱਚ ਛਪੀਆਂ ਕੁੱਝ ਖ਼ਬਰਾਂ ਚਾਹੀਦੀਆਂ ਸਨ। ਕੁਝ ਬੰਦਿਆਂ ਨਾਲ ਮੁਲਾਕਾਤ ਕਰਨੀ ਵੀ ਜ਼ਰੂਰੀ ਬਣਦੀ ਜਾ ਰਹੀ ਸੀ। ਉਹ ਸਿੱਖ ਇਤਿਹਾਸ ਨੂੰ ਮੁੜ ਤੋਂ ਖੋਜਣਾ ਚਾਹੁੰਦਾ ਸੀ। ਉਹਨੂੰ ਹੈਰਾਨੀ ਸੀ ਕਿ ਕੌਮ ਦਾ ਇਤਿਹਾਸ ਕੁਰਬਾਨੀਆਂ ਨਾਲ ਭਰੇ ਹੋਣ ਦੇ ਬਾਵਜੂਦ ਵੀ ਕੌਮ ਨੂੰ ਉਹ ਪ੍ਰਾਪਤੀ ਨਹੀਂ ਹੋਈ ਜੋ ਹੋਣੀ ਚਾਹੀਦੀ ਸੀ।

ਉਸ ਉੱਤੇ ਦੋਸ਼ ਲੱਗਣ ਦਾ ਕਾਰਨ ਉਸਦਾ ਆਪਣਾ ਹੀ ਪੀ. ਐਚ. ਡੀ ਦਾ ਥੀਸਿਸ ਸੀ। ਉਸਨੇ ਕੁੱਝ ਸਮਾਂ ਪਹਿਲਾਂ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਤੋਂ ਪੰਜਾਬ ਦੇ ਆਧੁਨਿਕ ਇਤਿਹਾਸ ਦੇ ਇੱਕ ਵਿਸ਼ੇ ਤੇ ਪੀ. ਐਚ. ਡੀ. ਦੀ ਡਿਗਰੀ ਪਾਸ ਕੀਤੀ ਸੀ। ਦੇਸ਼ ਦੀ ਸਰਵਉਚਤਮ ਖ਼ੁਫ਼ੀਆਂ ਏਜੰਸੀ ਰਾਅ (RAW-Research and Analysis Wing) ਨੇ ਸੰਨ 47 ਤੋਂ ਬਾਅਦ ਦੇ ਥੀਸਿਸਾਂ ਦੀ ਯੂਨੀਵਰਸਿਟੀਆਂ ਤੋਂ ਲਿਸਟ ਮੰਗਵਾਈ ਸੀ। ਇਹ ਏਜੰਸੀ ਇਹ ਪਤਾ ਲਗਾਉਣਾ ਚਾਹੁੰਦੀ ਸੀ ਕਿ ਸੁੱਖਾ ਅਤੇ ਜਿੰਦਾ ਦਾ ਖੱਤ ਕਿਸਨੇ ਲਿਖਵਾਇਆ ਸੀ ਤੇ ਕਿਸਨੇ ਇਸਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਸੀ। ਇਸ ਪ੍ਰਕਾਰ ਦੇ ਥੀਸਿਸ ਪੰਜਾਬ ਅਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਬੜੇ ਘੱਟ ਲਿਖੇ ਗਏ ਸਨ। ਇਹਨਾਂ ਥੀਸਿਸਾਂ ਦੇ ਗਾਈਡਾਂ ਨਾਲ ਵੀ ਸੰਪਰਕ ਕੀਤਾ ਗਿਆ ਸੀ । ਇਸ ਖੱਤ ਵਿੱਚ ਕੁੱਝ ਸ਼ਬਦਾਵਲੀ ਹੇਠ ਲਿਖੀ ਹੈ :

1. When nations wake up, even history begins to shiver.
2. Transcendental visionary
3. ਕਾਜੀ ਨੂਰ ਮੁੰਹਮਦ ਦਾ ਹਵਾਲਾ
4. Rootless culture of razzle dazzle
5. Schism between the mind and word
6. Reference to Lincoln, Emerson, Rousseau, Voltaire and Shakespeare
7. Material and ineffable emotions
8. Evanescent colors
9. Brahmanical reflexes
10. Several times we suffer from indecision
11. The Khalsa has to assimilate the saintliness of the saint
12. Likman
13. Our Master rider of the Blue Horse



ਇਸ ਸ਼ਬਦਾਵਲੀ ਨੂੰ ਥੀਸਿਸਾਂ ਦੀ ਸ਼ਬਦਾਵਲੀ ਨਾਲ ਤੁਲਨਾ ਕਰਕੇ ਦੇਖਿਆ ਗਿਆ ਸੀ। ਪਤਵੰਤ ਸਿੰਘ ਨੇ ਆਪਣੇ ਅੰਗਰੇਜ਼ੀ ਵਿੱਚ ਲਿਖੇ ਥੀਸਿਸ ਵਿੱਚ ਕਈ ਥਾਂ ਉਪਰੋਕਤ ਸ਼ਬਦਾਵਲੀ ਵਿੱਚੋਂ ਕੁਝ ਸ਼ਬਦਾਵਲੀ ਵਰਤੀ ਹੋਈ ਸੀ। ਉਸਦਾ ਗਾਈਡ ਇੱਕ ਹਿੰਦੂ ਪ੍ਰੋਫ਼ੈਸਰ ਸੀ। ਉਸਨੇ ਰਾਅ (Raw) ਨੂੰ ਪੂਰਾ ਸਾਥ ਦਿੱਤਾ ਸੀ। ਜਦ ਇਸ ਏਜੰਸੀ ਨੇ ਜ਼ਿਆਦਾ ਹੀ ਜਾਂਚ ਪੜਤਾਲ ਕੀਤੀ ਤਾਂ ਇਸਨੂੰ ਇਵੇਂ ਮਹਿਸੂਸ ਹੋਇਆ ਕਿ ਇਸ ਪ੍ਰਕਾਰ ਦੀ ਸ਼ਬਦਾਵਲੀ ਕੋਈ ਹੋਰ ਵਿਅਕਤੀ ਵੀ ਇਸ ਥੀਸਿਸ ਦੀ ਮਦਦ ਲੈ ਕੇ ਕਿਸੇ ਚਿੱਠੀ ਵਿੱਚ ਵਰਤ ਸਕਦਾ ਸੀ। ਇਸ ਵਿਸ਼ੇ 'ਤੇ ਪਤਵੰਤ ਸਿੰਘ ਤੇ ਪ੍ਰਿੰਸੀਪਲ ਵਿੱਚ ਵੀ ਕਾਫੀ ਗੱਲਾਂ ਹੋਈਆਂ।

"ਸੀ. ਆਈ. ਡੀ ਨੇ ਬੜਾ ਕੁੱਤਾ ਕੰਮ ਕੀਤਾ", ਪ੍ਰਿੰਸੀਪਲ ਹੈਰਾਨ ਸੀ।

"ਮੈਨੂੰ ਤਾਂ ਸੀ. ਆਈ. ਡੀ. ਨਾਲੋਂ ਵੀ ਗਾਈਡ ਦਾ ਕਿਰਦਾਰ ਕਿਤੇ ਜ਼ਿਆਦਾ ਕਮੀਨਾ ਮਹਿਸੂਸ ਹੋਇਆ ਏ। ਅੱਜ ਦੇ ਹਾਲਾਤਾਂ ਵਿੱਚ ਕੋਈ ਕਿਸੇ ਨੂੰ ਝੂਠਾ ਵੀ ਫਸਾ ਸਕਦਾ ਏ। ਇਟੈਂਲੀਜੈਂਸ ਵਾਲੇ ਕੁੱਝ ਵੀ ਕਹੀ ਜਾਂਦੇ, ਗਾਈਡ ਨੂੰ ਤਾਂ ਚੁੱਪ ਰਹਿਣਾ ਚਾਹੀਦਾ ਸੀ। ਗਾਈਡ ਬੜਾ ਹੀ ਮਤਸਵੀ ਬੰਦਾ ਏ", ਪਤਵੰਤ ਸਿੰਘ ਨੂੰ ਗਾਈਡ ਤੇ ਬੜਾ ਗੁੱਸਾ ਸੀ।

"ਮੈਨੂੰ ਲਗਦਾ ਏ ਕੁੱਝ ਵਿਸ਼ਿਆਂ ਦੇ ਸੰਬੰਧ ਵਿੱਚ ਕੁੱਝ ਸ਼ਬਦਾਵਲੀ ਇੱਕੋ ਜਿਹੀ ਹੁੰਦੀ ਏ। ਤੁਹਾਡਾ ਵਿਸ਼ਾ ਸੰਨ 47 ਤੋਂ ਪਹਿਲਾਂ ਤੇ ਬਾਅਦ ਦੀ ਸਿੱਖਾਂ ਦੀ ਸਿਆਸੀ ਜੱਦੋ-ਜਹਿਦ ਬਾਰੇ ਸੀ। ਇਸੀ ਕਰਕੇ ਤੁਹਾਨੂੰ 1932 ਦੇ ਕਮਿਊਨਲ ਅਵਾਰਡ (Communal Award) ਤੇ ਉਸਤੋਂ ਬਾਅਦ ਸਿੱਖਾਂ ਨਾਲ ਸਬੰਧਿਤ ਸਾਰੀਆਂ ਇਤਿਹਾਸਕ ਘਟਨਾਵਾਂ ਦਾ ਬਰੀਕੀ ਨਾਲ ਗਿਆਨ ਏ। ਜਿਵੇਂ ਨਿਹੰਗ ਸਿੰਘਾਂ ਦੇ ਬੋਲੇ ਬੜੇ ਗਿਣੇ ਮਿੱਥੇ ਹਨ ਇਵੇਂ ਹੀ ਸਿੱਖ ਅਤੇ ਖ਼ਾਲਸਾ ਕਾਮੇਨਕਲਚਰ ਨੂੰ ਬਿਆਨ ਕਰਨ ਲਈ ਵੀ ਗਿਣੀ ਮਿਥੀ ਸ਼ਬਦਾਵਲੀ ਏ। ਮੈਨੂੰ ਹੈਰਾਨੀ ਇਸ ਗੱਲ ਦੀ ਏ ਤੁਹਾਡੇ ਇਸ ਵਿਸ਼ੇ ਤੇ ਤੁਹਾਨੂੰ ਹਿੰਦੂ ਬੰਦਾ ਗਾਇਡ ਕਿਵੇਂ ਮਿਲ ਗਿਐ। ਹਿੰਦੂ ਤਾਂ ਇਸ ਪ੍ਰਕਾਰ ਦੇ ਵਿਸ਼ਿਆਂ ਦੇ ਮਾਹਰ ਘੱਟ ਹੀ ਹਨ।"

"ਸਾਹਿਬ ਜੀ, ਮੇਰਾ ਵਿਸ਼ਾ ਪੰਜਾਬੀ ਸਾਹਿਤ ਨਹੀਂ ਏ, ਮੇਰਾ ਵਿਸ਼ਾ ਇਤਿਹਾਸ ਏ। ਸਭ ਯੂਨੀਵਰਸਿਟੀਆਂ ਵਿੱਚ ਸਭ ਕਿਸਮ ਦੇ ਇਤਿਹਾਸ ਪੜ੍ਹਾਏ ਜਾਂਦੇ ਹਨ। ਕਈ ਲੋਕਾਂ ਨੇ ਬੜੇ ਦੁਰਲੱਭ ਵਿਸ਼ਿਆਂ 'ਤੇ ਪੀ. ਐਚ. ਡੀ. ਕੀਤੀ ਹੋਈ ਏ। ਅਗਰ ਕੋਈ ਕਿਸੇ ਦੁਰਲੱਭ

(ਰਓਰਣ) ਵਿਸ਼ੇ ਤੇ ਪੀ. ਐਚ. ਡੀ ਕਰੇ ਤਾਂ ਕਈ ਵਾਰ ਡਿਗਰੀ ਜਲਦੀ ਮਿਲ ਜਾਂਦੀ ਏ। ਇੱਕ ਮੁਸਲਮਾਨ ਇਤਿਹਾਸਕਾਰ ਏ। ਉਹ ਸ਼ਿਮਲੇ ਰਹਿੰਦਾ ਏ। ਉਸਦਾ ਨਾਮ ਡਾ. ਅਬਦੁਲ ਮਜੀਦ ਖਾਨ ਏ। ਉਹ ਸਿੱਖ ਇਤਿਹਾਸ ਦਾ ਮਾਹਰ ਮੰਨਿਆ ਜਾਂਦਾ ਏ। ਇਕ ਹੋਰ ਖ਼ਾਸ ਗੱਲ ਇਹ ਹੈ ਕਿ ਜੇਕਰ ਕਿਸੇ ਹਿੰਦੂ ਯੂਨੀਵਰਸਿਟੀ ਵਿੱਚ ਪੜ੍ਹਦਾ ਹੋਇਆ ਹਿੰਦੂ ਵਿਦਿਆਰਥੀ ਕਿਸੇ ਸਿੱਖ ਇਤਿਹਾਸ ਦੇ ਵਿਸ਼ੇ ’ਤੇ ਪੀ. ਐਚ. ਡੀ. ਕਰੇ ਤਾਂ ਉਸਨੂੰ ਉਥੇ ਨੌਕਰੀ ਬੜੀ ਜਲਦੀ ਮਿਲ ਜਾਂਦੀ ਏ। ਇੱਕ ਤਾਂ ਉਹ ਯੂਨੀਵਰਸਿਟੀ ਹਿੰਦੂ ਨੂੰ ਤਰਜੀਹ ਦਿੰਦੀ ਏ, ਦੂਜੇ ਚੋਣ ਪੈਨਲ ਦੇ ਬੰਦੇ ਅਕਸਰ ਹਿੰਦੂ ਹੁੰਦੇ ਹਨ ਤੇ ਉਹਨਾਂ ਤੱਕ ਇੱਕ ਹਿੰਦੂ ਉਮੀਦਵਾਰ ਪਹੁੰਚ ਵੀ ਆਰਾਮ ਨਾਲ ਕਰ ਸਕਦਾ ਏ। ਤੁਸੀਂ ਆਪਣੇ ਪੰਜਾਬ ਦੇ ਕਾਲਜ ਹੀ ਦੇਖ ਲਓ। ਅਗਰ ਡੀ. ਏ. ਵੀ. ਕਾਲਜ ਵਾਲਿਆਂ ਨੂੰ ਕੋਈ ਪੰਜਾਬੀ ਦਾ ਡਿਗਰੀ ਵਾਲਾ ਹਿੰਦੂ ਮਿਲ ਜਾਵੇ ਤਾਂ ਉਹ ਆਪਣੇ ਕਾਲਜ ਵਿੱਚ ਇੱਕ ਸਿੱਖ ਦੀ ਬਨਿਸਬਤ ਉਸ ਹਿੰਦੂ ਨੂੰ ਰੱਖਣਾ ਵੱਧ ਪਸੰਦ ਕਰਨਗੇ। ਇਸੀ ਪ੍ਰਕਾਰ ਜੇ ਕਿਸੇ ਖ਼ਾਲਸਾ ਕਾਲਜ ਨੂੰ ਕੋਈ ਹਿੰਦੀ ਦੀ ਡਿਗਰੀ ਪਾਸ ਕੀਤਾ ਹੋਇਆ ਸਿੱਖ ਮਿਲ ਜਾਵੇ ਤਾਂ ਉਹ ਉਸ ਸਿੱਖ ਨੂੰ ਹਿੰਦੀ ਦਾ ਲੈਕਚਰਾਰ ਰੱਖਣ ਦੀ ਵੱਧ ਤਰਜੀਹ ਦੇਣਗੇ। ਇਸੀ ਪ੍ਰਕਾਰ ਮੇਰੇ ਗਾਈਡ ਨੇ ਹੀ ਰਿਸਰਚ ਕੀਤੀ ਸਿੱਖਾਂ ਬਾਰੇ ਤੇ ਆਪ ਉਹ ਹਿੰਦੂ ਸੀ। ਨੌਕਰੀ ਵੀ ਉਸਨੂੰ ਪੰਜਾਬ ਤੋਂ ਬਾਹਰ ਹੀ ਯੂਨੀਵਰਸਿਟੀ ਵਿੱਚ ਮਿਲੀ ਹੋਈ ਸੀ।”

“ਤੁਸੀਂ ਪੰਜਾਬ ਤੋਂ ਬਾਹਰ ਦੀ ਯੂਨੀਵਰਸਿਟੀ ਪੀ. ਐਚ. ਡੀ. ਕਰਨ ਲਈ ਕਿਉਂ ਚੁਣੀ?”

“ਸਾਹਿਬ ਜੀ, ਕਈ ਵਾਰ ਗਾਈਡ ਅਸਾਨੀ ਨਾਲ ਨਹੀਂ ਮਿਲਦੇ। ਸਾਰੇ ਬੰਦੇ ਗਾਈਡ ਬਣਨ ਦੀ ਯੋਗਤਾ ਨਹੀਂ ਰੱਖਦੇ ਹੁੰਦੇ। ਮੈਂ ਜਲਦੀ ਸ਼ੁਰੂ ਕਰਨਾ ਚਾਹੁੰਦਾ ਸੀ। ਜਿੱਥੇ ਮੈਨੂੰ ਗਾਈਡ ਮਿਲ ਗਿਆ ਮੈਂ ਉੱਥੇ ਹੀ ਕੰਮ ਸ਼ੁਰੂ ਕਰ ਲਿਆ। ਇੱਕ ਹੋਰ ਮਸਲਾ ਵੀ ਸੀ”,

“ਉਹ ਕੀ?”

“ਆਪਣੇ ਕਾਲਜ ਵਿੱਚ ਆਉਣ ਤੋਂ ਪਹਿਲਾਂ ਮੈਂ ਇੱਕ ਵੱਡੇ ਕਾਲਜ ਵਿੱਚ ਆਰਜ਼ੀ ਤੌਰ ’ਤੇ ਕੰਮ ਕਰ ਰਿਹਾ ਸੀ। ਉਸੇ ਸਾਲ ਲੈਕਚਰਾਰ ਦੀ ਪੱਕੀ ਨੌਕਰੀ ਲਈ ਐਮ. ਫਿਲ ਦੀ ਯੋਗਤਾ ਲਾਜ਼ਮੀ ਕਰ ਦਿੱਤੀ ਗਈ ਸੀ। ਪੰਜਾਬ ਦੀਆਂ ਤਿੰਨਾਂ ਹੀ ਯੂਨੀਵਰਸਿਟੀਆਂ ਵਿੱਚ ਉਸੇ ਸਾਲ ਨਵੀਂ ਨਵੀਂ ਐਮ. ਫਿਲ ਸ਼ੁਰੂ ਹੋਈ ਸੀ। ਮੈਂ ਇਕ ਦਮ ਨੌਕਰੀ ਛੱਡ ਕੇ ਰੈਗੂਲਰ ਐਮ. ਫਿਲ ਵਿੱਚ ਦਾਖ਼ਲਾ ਨਹੀਂ ਸੀ ਲੈ ਸਕਦਾ ਕਿਉਂਕਿ ਮੇਰਾ ਉਸ ਕਾਲਜ ਨਾਲ ਕੁੱਝ ਸਮਾਂ ਹੋਰ ਕੰਮ ਕਰਨ ਦਾ ਕੰਟਰੈਕਟ ਸੀ। ਮੈਂ ਸੋਚਿਆ ਕਿਉਂ ਨਾ ਉਨੇ ਸਮੇਂ ਵਿੱਚ ਪੀ. ਐਚ. ਡੀ. ਦਾ ਕੰਮ ਮੁਕਾ ਲਈਏ ਜਦ ਤੱਕ ਕੰਟਰੈਕਟ ਖ਼ਤਮ ਹੋਣ ਤੋਂ ਬਾਅਦ ਪਹਿਲਾਂ ਐਮ. ਫਿਲ ਕਰਨੀ ਪੈਣੀ ਸੀ ਤਾਂ ਕਿਤੇ ਮੈਂ ਨੌਕਰੀ ਲੈਣ ਦੇ ਯੋਗ ਹੋਣਾ ਸੀ। ਬੰਦੇ ਨੂੰ ਕਈ ਵਾਰ ਛੇਤੀ-ਛੇਤੀ ਤੇ ਮਜ਼ਬੂਰੀ ਵਿੱਚ ਵੀ ਕੋਈ ਕਦਮ ਪੁੱਟਣਾ ਪੈ ਜਾਂਦਾ ਏ।”

“ਕੀ ਤੁਸੀਂ ਹੁਣ ਉਸ ਗਾਈਡ ਨਾਲ ਵੀ ਰਾਫ਼ਤਾ ਕਾਇਮ ਕਰੋਗੇ?”



“ਗਾਈਡ ਨਾਲ ਰਾਫ਼ਤਾ ਕਾਇਮ ਕਰਨ ਦਾ ਕੀ ਫਾਇਦਾ ? ਅਗਰ ਕਰਾਂਗੇ ਵੀ ਤਾਂ ਉਹ ਕਿਵੇਂ ਸਾਨੂੰ ਦੱਸ ਸਕਦਾ ਏ ਕਿ ਇਹ ਕਾਰਾ ਉਸਨੇ ਕੀਤਾ ਏ। ਸਾਨੂੰ ਕਿਸੇ ਨੇ ਇਹ ਥੋੜ੍ਹਾ ਦੱਸਿਆ ਕਿ ਗਾਈਡ ਨੇ ਇਨਟੈਲੀਜੈਂਸ ਨੂੰ ਸਾਡੇ ਖ਼ਿਲਾਫ਼ ਕੁੱਝ ਦੱਸਿਆ ਏ। ਸਾਨੂੰ ਤਾਂ ਇਹੀ ਪਤਾ ਲੱਗਾ ਏ ਕਿ ਸਾਰੇ ਥੀਸਿਸ ਦੀ ਛਾਣਬੀਣ ਤੋਂ ਬਾਅਦ ਇਨਟੈਲੀਜੈਨਸ ਨੇ ਮੇਰੇ ’ਤੇ ਸ਼ੱਕ ਕੀਤਾ ਏ। ਗਾਈਡ ਬਾਰੇ ਪੱਕਾ ਪਤਾ ਤਾਂ ਲੱਗ ਸਕਦਾ ਸੀ ਜੇਕਰ ਉਹ ਇਸ ਸਾਰੇ ਕੁੱਝ ਦਾ ਗਵਾਹ ਬਣ ਜਾਂਦਾ। ਮੈਨੂੰ ਸੌ ਫੀਸਦੀ ਇੰਝ ਲੱਗਦਾ ਏ ਕਿ ਗਾਇਡ ਨੇ ਇਨਟੈਲੀਜੈਂਸ ਨੂੰ ਪੂਰਾ ਸਹਿਯੋਗ ਦਿੱਤਾ ਏ। ਉਹ ਹੁਣ ਸੇਵਾ ਮੁਕਤ ਹੋ ਚੁੱਕਾ ਏ। ਉਸਦੀ ਮਨੋਬਿਰਤੀ ਤੋਂ ਮੈਂ ਇਹ ਅੰਦਾਜ਼ਾ ਲਗਾ ਰਿਹਾ ਹਾਂ। ਮੈਨੂੰ ਇੱਕ ਹੋਰ ਸ਼ੱਕ ਵੀ ਪੈਂਦੀ ਏ।”

“ਉਹ ਕੀ?”

“ਮੇਰਾ ਗਾਈਡ ਇੱਕ ਬੰਦੇ ਦਾ ਰਿਸ਼ਤੇਦਾਰ ਵੀ ਏ ਜਿਸਨੂੰ ਤੇ ਜਿਸਦੇ ਪਰਿਵਾਰ ਨੂੰ ਖਾੜਕੂਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਹ ਬੰਦਾ ਹਰਿਆਣੇ ਵਿੱਚ ਕਿਸੇ ਉੱਚੇ ਅਹੁਦੇ ’ਤੇ ਸੀ। ਪਰਿਵਾਰ ਨੂੰ ਮਾਰਨ ਦਾ ਕੀ ਕਾਰਨ ਸੀ, ਇਹ ਮੈਨੂੰ ਪਤਾ ਨਹੀਂ।”

ਪ੍ਰਿੰਸੀਪਲ ਦੇ ਮਨ ਵਿੱਚ ਮਿਸਟਰ ਵਰਮਾ ਵੀ ਆਇਆ ਜਿਸਦੇ ਬਾਰੇ ਯੂਨੀਵਰਸਿਟੀ ਦੇ ਫਲਾਇੰਗ ਸਕੁਐਡ ਵਿੱਚ ਆਏ ਡਿਪਟੀ ਰਜਿਸਟਰਾਰ, ਵਰਮਾ ਨਾਲ ਉਸਦੇ ਵਿਚਾਰ ਸਾਂਝੇ ਹੋਏ ਸਨ। ਲੇਕਿਨ ਪ੍ਰਿੰਸੀਪਲ ਨੇ ਪਤਵੰਤ ਸਿੰਘ ਨਾਲ ਆਪਣੇ ਮਨ ਦੀ ਇਹ ਸ਼ੱਕ ਸਾਂਝੀ ਕਰਨੀ ਬਹੁਤੀ ਠੀਕ ਨਾ ਸਮਝੀ।

“ਸਾਹਿਬ ਜੀ, ਹੋਰ ਸੁਣਾਓ, ਸੈਂਟਰ ਕਿਵੇਂ ਚਲ ਰਿਹਾ ਏ? ਉਹ ਕੈਦੀ ਫਿਰ ਵੀ ਪਰਚਾ ਦੇਣ ਆਇਆ ਹੋਵੇਗਾ?”

“ਤੁਸੀਂ ਸੈਂਟਰ ਨੂੰ ਚੰਗਾ ਚਲਾਉਣ ਦੀ ਪਿਰਤ ਤਾਂ ਪਾ ਹੀ ਦਿੱਤੀ ਸੀ। ਤੁਹਾਥੋਂ ਬਾਅਦ ਡਿਪਟੀ ਬੜਾ ਵਧੀਆ ਕੰਮ ਕਰ ਰਿਹਾ ਹੈ। ਉਹ ਕੈਦੀ ਇੱਕ ਪਰਚਾ ਦੇਣ ਆਇਆ ਸੀ। ਕਿਸੇ ਪ੍ਰਕਾਰ ਦੀ ਵੀ ਹਲਚਲ ਨਹੀਂ ਹੋਈ। ਮੈਂ ਉਸ ਦਿਨ ਉਥੇ ਅੰਦਰ ਚੱਕਰ ਮਾਰਨ ਗਿਆ ਸੀ। ਉਹ ਤਾਂ ਬਸ ਕਾਪੀਆਂ ਤੇ ਕਾਪੀਆਂ ਭਰੀ ਜਾ ਰਿਹਾ ਸੀ। ਲੱਗਦਾ ਸੀ ਕਿ ਉਸਨੇ ਜੇਲ੍ਹ ਵਿੱਚ ਬੈਠ ਕੇ ਅੰਤਾਂ ਦੀ ਤਿਆਰੀ ਕੀਤੀ ਹੋਈ ਸੀ। ਲੱਗਦਾ ਏ ਕਿਤੇ ਯੂਨੀਵਰਸਿਟੀ ਵਿੱਚੋਂ ਹੀ ਕੋਈ ਪੋਜੀਸ਼ਨ ਨਾ ਲੈ ਲਵੇ।

“ਅਸਲ ਵਿੱਚ ਜੇਲ੍ਹ ਅੰਦਰ ਬੰਦੇ ਪਾਸ ਇਕ ਤਾਂ ਸਮਾਂ ਬਹੁਤ ਹੁੰਦਾ ਏ ਤੇ ਦੂਜਾ ਉਹ ਸੋਚਵਾਨ ਵੀ ਬਹੁਤ ਹੁੰਦਾ ਏ। ਉਸਦੀ ਤਮੰਨਾ ਹੁੰਦੀ ਏ ਕਿ ਉਹ ਕੁੱਝ ਨਾ ਕੁੱਝ ਵਿਲੱਖਣ ਕਰ ਕੇ ਦਿਖਾਵੇ। ਤੁਸੀਂ ਜਾਣਦੇ ਹੀ ਹੋ ਕਿ ਬਹੁਤ ਸਾਰੇ ਲੋਕਾਂ ਨੇ ਜੇਲ੍ਹ ਵਿੱਚ ਬੈਠ ਕੇ ਬੜਾ ਕੁਝ ਪੜ੍ਹਿਆ ਤੇ ਬੜਾ ਕੁੱਝ ਲਿਖਿਆ। ਗਿਆਨੀ ਗੁਰਮੁੱਖ ਸਿੰਘ ਮੁਸਾਫਿਰ, ਜਵਾਹਰ ਲਾਲ ਨਹਿਰੂ, ਦੀਵਾਨ ਸਿੰਘ ਕਾਲੇਪਾਣੀ ਅਤੇ ਸ਼ਹੀਦ ਭਗਤ ਸਿੰਘ ਜਿਹੇ ਅਨੇਕਾਂ ਮਹਾਂਪੁਰਸ਼ਾਂ ਨੇ ਜੇਲ੍ਹ ਵਿੱਚ ਬੈਠ ਕੇ ਬੜਾ ਕੁਝ ਲਿਖਿਆ।”

“ਡਾ: ਸਾਹਿਬ ਅਸਲ ਵਿੱਚ ਜਦ ਕੋਈ ਬੰਦਾ ਸਜ਼ਾ ਭੁਗਤ ਰਿਹਾ ਹੁੰਦਾ ਏ ਤਾਂ

ਉਸਦਾ ਮਨ ਉਸ ਮਸਲੇ ਬਾਰੇ ਬੜਾ ਉਤੇਜਿਤ ਹੁੰਦਾ ਏ ਜਿਸ ਕਰਕੇ ਉਸ ਨੂੰ ਜੇਲ੍ਹ ਵਿਚ ਭੇਜਿਆ ਗਿਆ ਹੁੰਦਾ ਏ। ਉਸਦਾ ਪੂਰਾ ਦਿਲੋ ਦਿਮਾਗ਼ ਉਸ ਮਸਲੇ ਤੇ ਇਕਾਗਰ ਹੋ ਜਾਂਦਾ ਏ ਵਿਚਾਰ ਮਨ 'ਚੋਂ ਫੁੱਟ-ਫੁੱਟ ਕੇ ਨਿਕਲਦੇ ਹਨ। ਜੇਕਰ ਇਹ ਕੈਦੀ ਭਾਸ਼ਾ ਦਾ ਮਾਹਿਰ ਹੋਵੇ ਫਿਰ ਤਾਂ ਉਹ ਆਪਣੇ ਇਹਨਾਂ ਉਤੇਜਿਤ ਖਿਆਲਾਂ ਨੂੰ ਬਹੁਤ ਹੀ ਖ਼ੂਬਸੂਰਤ ਸ਼ਬਦੀ ਜਾਮਾ ਪਹਿਨਾ ਸਕਦਾ ਏ।"

"ਪ੍ਰਿੰਸੀਪਲ ਸਾਹਿਬ ਕੈਦੀਆਂ-ਕੈਦੀਆਂ ਵਿੱਚ ਵੀ ਫ਼ਰਕ ਹੁੰਦਾ ਏ। ਸਿਆਸੀ ਕੈਦੀ ਜੇਲ੍ਹ ਵਿੱਚ ਵੀ ਕਈ ਪ੍ਰਕਾਰ ਦੀਆਂ ਸਹੂਲਤਾਂ ਦਾ ਅਨੰਦ ਮਾਣਦੇ ਹਨ। ਉਹਨਾਂ ਦਾ ਜੇਲ੍ਹ ਵਿੱਚ ਬੈਠ ਕੇ ਕੋਈ ਸਿਰਜਨਾਤਮਕ ਅਤੇ ਉਸਾਰੂ ਕੰਮ ਕਰਨਾ ਓਨਾ ਹੈਰਾਨ ਨਹੀਂ ਕਰਦਾ ਜਿੰਨਾ ਕਾਤਲ ਕੈਟਾਗਿਰੀ ਦੇ ਕੈਦੀਆਂ ਦਾ ਕਰਦਾ ਏ। ਸੁਣਿਐ ਕਾਤਲ ਕੈਟੇਗਿਰੀ ਵਾਲਿਆਂ ਨੂੰ ਤਾਂ ਉਥੇ ਬਹੁਤੀਆਂ ਸਹੂਲਤਾਂ ਵੀ ਨਹੀਂ ਮਿਲਦੀਆਂ।"

"ਡਾ. ਸਾਹਿਬ, ਮੈਂ ਤੁਹਾਨੂੰ ਕਾਤਲ ਕੈਟੇਗਿਰੀ ਦੀ ਵੀ ਇਕ ਮਿਸਾਲ ਦਿੰਦਾ ਹਾਂ। ਕੀ ਤੁਸੀਂ ਦਾਰਾ ਸਿੰਘ ਦੁਲਚੀਪੁਰੀਏ ਦਾ ਨਾਮ ਸੁਣਿਆ ਏ?"

"ਨਹੀਂ, ਮੈਂ ਨਹੀਂ ਸੁਣਿਆ।"

"ਦਾਰਾ ਸਿੰਘ ਦੁਲਚੀਪੁਰੀਆ ਅੰਮ੍ਰਿਤਸਰ ਜ਼ਿਲ੍ਹੇ ਦਾ ਇੱਕ ਸਿਰਕੱਢ ਪਹਿਲਵਾਨ ਸੀ। ਉਸਨੂੰ ਦਾਰਾ ਸਿੰਘ ਕਿੱਲਰ ਅਤੇ ਦਾਰਾ ਸਿੰਘ ਜੇਲ੍ਹੀ ਕਰਕੇ ਵੀ ਜਾਣਿਆ ਜਾਂਦਾ ਏ। ਉਸਨੇ ਛੱਪੜ ਵਿੱਚ ਬੰਦੇ ਡਬੋਅ ਡਬੋਅ ਕੇ ਮਾਰੇ ਸਨ। ਕਾਫ਼ੀ ਸਮਾਂ ਉਹ ਆਪਣੇ ਭਰਾ ਦਲੀਪ ਸਿੰਘ ਨਾਲ ਸਿੰਗਾਪੁਰ ਰਿਹਾ ਸੀ। ਉਥੇ ਦਲੀਪ ਸਿੰਘ ਦਾ ਡੇਅਰੀ ਫ਼ਾਰਮ ਸੀ। ਇਹ ਗੱਲ 1936 ਦੇ ਕਰੀਬ ਦੀ ਏ। ਉਸਦਾ ਸਡੌਲ ਸਰੀਰ ਦੇਖ ਕੇ ਉਥੇ ਅੰਗ੍ਰੇਜ਼ਾਂ ਨੇ ਉਸ ਨੂੰ ਆਪਣੀ ਪੁਲਿਸ ਵਿੱਚ ਭਰਤੀ ਕਰ ਲਿਆ ਸੀ। ਉਥੇ ਉਹ ਵੱਡੀਆਂ-ਵੱਡੀਆਂ ਕੁਸ਼ਤੀਆਂ ਲੜਦਾ ਰਿਹਾ।"

"ਸਾਹਿਬ ਜੀ, ਕੀ ਤੁਸੀਂ ਦਾਰਾ ਸਿੰਘ ਫ਼ਿਲਮ ਐਕਟਰ ਦੀ ਗੱਲ ਕਰ ਰਹੇ ਹੋ?"

"ਡਾ. ਸਾਹਿਬ, ਬਿਲਕੁਲ ਨਹੀਂ। ਐਕਟਰ ਦਾਰਾ ਸਿੰਘ ਤੇ ਦੁਲਚੀਪੁਰੀਏ ਦਾਰਾ ਸਿੰਘ ਵਿੱਚ ਬਹੁਤ ਫਰਕ ਏ। ਆਮ ਲੋਕ ਫ਼ਿਲਮ ਐਕਟਰ ਨੂੰ ਵੱਧ ਜਾਣਦੇ ਹਨ। ਭਾਵੇਂ ਦੁਲਚੀਪੁਰੀਆ ਦਾਰਾ ਸਿੰਘ ਐਕਟਰ ਦਾਰਾ ਸਿੰਘ ਨਾਲੋਂ ਕਿਸੀ ਤਰ੍ਹਾਂ ਵੀ ਘੱਟ ਨਹੀਂ ਸੀ ਫਿਰ ਵੀ ਲੋਕ ਫ਼ਿਲਮ ਐਕਟਰ ਦਾਰਾ ਸਿੰਘ ਨੂੰ ਹੀ ਵੱਧ ਜਾਣਦੇ ਹਨ। ਦੁਲਚੀਪੁਰੀਏ ਦੀ ਮਸ਼ਹੂਰੀ ਦਾ ਸਮਾਂ ਉਨ੍ਹੀ ਸੌ ਤੀਵੀਆਂ ਤੇ ਚਾਲੀਵਿਆਂ ਦਾ ਏ। ਜਦ 1940 ਵਿੱਚ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਮਲਾਇਆ ਗਿਆ ਸੀ ਤਾਂ ਉਸ ਤੋਂ ਦਾਰੇ ਸਿੰਘ ਨੂੰ ਸ਼ਾਬਾਸ਼ ਮਿਲੀ ਸੀ। ਉਸਨੇ ਸਿੰਗਾਪੁਰ ਦੇ ਇਕ ਪਹਿਲਵਾਨ ਨੂੰ ਮਿੰਟਾਂ ਵਿੱਚ ਚਿਤ ਕਰ ਦਿੱਤਾ ਸੀ। ਦੂਜੀ ਜੰਗ ਤੋਂ ਬਾਅਦ ਜਪਾਨੀਆਂ ਨੇ ਉਸਨੂੰ ਆਪਣੀ ਫ਼ੌਜ ਵਿੱਚ ਲੈ ਲਿਆ ਸੀ। ਛੋਟੇ ਕੱਦ ਦੇ ਜਪਾਨੀਆਂ ਨੂੰ ਸੱਤ ਫੁੱਟਾ ਦਾਰਾ ਬੜਾ ਪ੍ਰਭਾਵਿਤ ਕਰਦਾ ਸੀ। ਜਦ ਜਪਾਨੀ ਹਾਰ ਗਏ ਤਾਂ ਮਲਾਇਆ ਤੇ ਫਿਰ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ। ਦਾਰੇ ਦੇ ਜਪਾਨੀ ਫ਼ੌਜ ਵਿੱਚ ਭਰਤੀ ਹੋ ਕੇ ਅੰਗ੍ਰੇਜ਼ਾਂ ਵਿਰੁੱਧ ਜਪਾਨ ਦੀ ਮਦਦ ਕਰਨ ਕਰਕੇ ਮੁਕੱਦਮਾ ਵੀ ਚੱਲਿਆ ਸੀ। ਸਬੂਤ



ਨਾ ਮਿਲਣ ਕਰਕੇ ਉਹ ਬਰੀ ਹੋ ਗਿਆ ਸੀ। ਉਸਦੀ ਕਿੰਗ ਕੌਂਗ ਨਾਲ ਹੋਈ ਕੁਸ਼ਤੀ ਨੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ। ਹਰ ਕੋਈ ਸੋਚਦਾ ਸੀ ਕਿ ਦਿਓ ਕੱਦ ਕਿੰਗ ਕੌਂਗ ਦਾਰੇ ਨੂੰ ਪਲਾਂ 'ਚ ਹੀ ਕੁਚਲ ਕੇ ਰੱਖ ਦੇਵੇਗਾ। ਪ੍ਰੰਤੂ ਹੋਇਆ ਇਸ ਦੇ ਉਲਟ ਸੀ। ਦਾਰੇ ਨੇ ਤੇਰ੍ਹਾਂ ਮਿੰਟਾਂ ਵਿੱਚ ਹੀ ਕਿੰਗ ਕੌਂਗ ਨੂੰ ਚਿਤ ਕਰ ਦਿੱਤਾ ਸੀ। ਇਸ ਨਾਲ ਉਸ ਨੂੰ ਰੁਸਤਮੇ ਜੁਮਾ ਦਾ ਖ਼ਿਤਾਬ ਮਿਲਿਆ ਸੀ। ਉਸਨੂੰ ਫ਼ਿਲਮਾਂ ਲਈ ਵੀ ਆਫਰ ਆਈ ਸੀ ਪ੍ਰੰਤੂ ਉਸ ਨੇ ਸਵੀਕਾਰ ਨਹੀਂ ਸੀ ਕੀਤੀ। ਕਿਸਮਤ ਨੇ ਉਸ ਨੂੰ ਨਵਾਂ ਹੀ ਪਲਟਾ ਮਾਰ ਦਿੱਤਾ ਸੀ। ਉਸ ਨੂੰ ਇਕ ਦਮ ਪੰਜਾਬ ਆਉਣਾ ਪੈ ਗਿਆ ਸੀ ਕਿਉਂਕਿ ਉਸ ਦੇ ਪਿੰਡ ਉਸਦੇ ਭਰਾ ਦਾ ਸ਼ਰੀਕੇ ਵਿੱਚੋਂ ਕਿਸੇ ਨੇ ਕਤਲ ਕਰ ਦਿੱਤਾ ਸੀ। ਉਸ ਨੇ ਪਿੰਡ ਵਾਪਸ ਪਹੁੰਚਦੇ ਸਾਰ ਹੀ ਉਸਨੂੰ ਛੱਪੜ ਵਿੱਚ ਡਬੋਅ-ਡਬੋਅ ਕੇ ਮਾਰ ਮੁਕਾਇਆ ਜਿਸਨੇ ਉਸ ਦੇ ਭਰਾ ਨੂੰ ਮਾਰਿਆ ਸੀ। ਫਿਰ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਸੀ। ਉਹ ਜੇਲ੍ਹ ਵਿਚ ਵੀ ਪੂਰੀ ਕਸਰਤ ਕਰਦਾ ਰਿਹਾ ਸੀ ਜੇਲ੍ਹ 'ਚੋਂ ਹੀ ਕੜੀਆਂ ਲੱਗੇ ਲਗਾਏ ਉਸਨੂੰ ਬਾਹਰ ਕੁਸ਼ਤੀਆਂ ਲੜਨ ਲਈ ਲਿਜਾਇਆ ਜਾਂਦਾ ਸੀ। ਕੁਸ਼ਤੀਆਂ ਵਿੱਚ ਨਾਮਣਾ ਖੱਟਦੇ ਰਹਿਣ ਕਰਕੇ ਉਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਗਈ ਸੀ। ਇਕ ਵਾਰ ਰੂਸ ਦੇ ਉੱਚ ਕੋਟੀ ਦੇ ਮਹਿਮਾਨ ਨਹਿਰੂ ਨੂੰ ਮਿਲਣ ਆ ਰਹੇ ਸਨ। ਨਹਿਰੂ ਨੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨਾਲ ਸਲਾਹ ਕੀਤੀ ਕਿ ਰੂਸੀ ਮਹਿਮਾਨਾਂ ਨੂੰ ਕੋਈ ਖ਼ਾਸ ਚੀਜ਼ ਦਿਖਾਈ ਜਾਵੇ। ਸੱਚਰ ਨੇ ਸਲਾਹ ਕੀਤੀ ਕਿ ਰੂਸੀ ਮਹਿਮਾਨਾਂ ਨੂੰ ਕੁਸ਼ਤੀਆਂ ਦਿਖਾ ਦਿੰਦੇ ਹਾਂ। ਪਾਣੀਪਤ ਨੇੜੇ ਕੁਸ਼ਤੀਆਂ ਹੋਈਆਂ। ਦਾਰਾ ਸਿੰਘ ਨੇ ਇਹਨਾਂ ਕੁਸ਼ਤੀਆਂ ਵਿੱਚ ਅਜਿਹੇ ਜੋਹਰ ਦਿਖਾਏ ਕਿ ਰੂਸੀ ਮਹਿਮਾਨ ਅਤੇ ਨਹਿਰੂ ਅਸ਼-ਅਸ਼ ਕਰ ਉੱਠੇ। ਮੁੱਖ ਮੰਤਰੀ ਸੱਚਰ ਨੇ ਨਹਿਰੂ ਨੂੰ ਬੇਨਤੀ ਕੀਤੀ ਕਿ ਦਾਰਾ ਸਿੰਘ ਦੀ ਵਿਲੱਖਣ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਉਸਦੀ ਸਜ਼ਾ ਮੁਆਫ਼ ਕਰ ਦੇਣੀ ਚਾਹੀਦੀ ਏ। ਨਹਿਰੂ ਮੰਨ ਗਿਆ। ਇਸ ਪ੍ਰਕਾਰ ਦਾਰਾ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਮੇਰੇ ਕਹਿਣ ਦਾ ਭਾਵ ਇਹ ਕਿ ਕਈ ਲੋਕਾਂ ਨੇ ਜੇਲ੍ਹ ਦੇ ਅੰਦਰ ਵੀ ਸਰਵ ਉੱਤਮ ਪ੍ਰਾਪਤੀਆਂ ਕੀਤੀਆਂ ਹਨ। ਸਾਡੀ ਗੱਲ ਕੈਦੀ ਪ੍ਰੀਖਿਆਰਥੀ ਤੋਂ ਚੱਲੀ ਸੀ।"

"ਸਰ ਜੀ, ਅੱਜ ਦੀ ਲਹਿਰ ਵਿੱਚ ਬਣਾਏ ਇਹਨਾਂ ਕੈਦੀਆਂ ਨਾਲ ਉਹੋ ਜਿਹਾ ਕੁਝ ਵਾਪਰ ਸਕਦਾ ਜਿਹੋ ਜਿਹਾ ਦਾਰੇ ਨਾਲ ਵਾਪਰਿਆ ਸੀ। ਸਾਡੇ ਦੇਸ਼ ਵਿੱਚ ਤਾਂ ਕਈ ਵਾਰ ਅਸਲੀ ਅਪਰਾਧੀ ਕਾਨੂੰਨ ਦੀ ਗ੍ਰਿਫ਼ਤ ਤੋਂ ਬਚ ਵੀ ਜਾਂਦੇ ਹਨ। ਸਾਡਾ ਕਾਨੂੰਨ ਸਿਆਸਤ ਦੇ ਪ੍ਰਭਾਵ ਥੱਲੇ ਵੀ ਆ ਜਾਂਦਾ ਏ ਕਹਿਣ ਨੂੰ ਸਾਡੇ ਦੇਸ਼ ਵਿੱਚ ਨਿਆਂਪਾਲਿਕਾ ਆਜ਼ਾਦ ਏ ਪਰੰਤੂ ਇਹ ਉਸ ਤਰ੍ਹਾਂ ਆਜ਼ਾਦ ਨਹੀਂ ਜਿਵੇਂ ਇਹ ਕਈ ਵਿਕਸਤ ਦੇਸ਼ਾਂ ਵਿੱਚ ਹੈ।"

"ਸਾਨੂੰ ਆਸ ਬਿਲਕੁਲ ਵੀ ਨਹੀਂ ਛੱਡਣੀ ਚਾਹੀਦੀ। ਕਨੂੰਨ ਨੂੰ ਫ਼ੈਸਲਾ ਦਿੰਦੇ ਸਮੇਂ ਠੋਸ ਸਬੂਤ ਤਾਂ ਹਰ ਜਗ੍ਹਾ ਲੱਭਣੇ ਹੀ ਪੈਂਦੇ ਹਨ। ਇਹ ਠੋਸ ਸਬੂਤ ਗਵਾਹੀਆਂ ਵੀ ਹੋ ਸਕਦੇ ਹਨ ਤੇ ਹੋਰ ਕੁਝ ਵੀ। ਮੈਂ ਸਮਝਦਾ ਹਾਂ ਕਿ ਅੱਜ ਦੇ ਖ਼ੌਫ਼ਨਾਕ ਹਾਲਾਤ ਵਿੱਚ ਕਿਸੇ ਵੀ ਖਾੜਕੂ ਦਾ ਜੇਲ੍ਹ ਵਿੱਚ ਬੈਠਣਾ ਜ਼ਿਆਦਾ ਸੁਰੱਖਿਅਤ ਹੈ। ਬਾਹਰ ਤਾਂ ਉਹ ਪੁਲਿਸ

ਹੱਥੋਂ ਵੀ ਮਾਰਿਆ ਜਾ ਸਕਦਾ ਏ ਤੇ ਆਪਸੀ ਮੁੱਠਭੇੜ ਵਿੱਚ ਵੀ। ਉਮੀਦ ਹੈ ਕਿ ਕਿਸੇ ਨਾ ਕਿਸੇ ਵੇਲੇ ਹਾਲਾਤ ਠੀਕ ਹੋ ਜਾਣਗੇ। ਆਮ ਹਾਲਾਤਾਂ ਵਿੱਚ ਇਸ ਪ੍ਰਕਾਰ ਦੇ ਕੈਦੀ ਦੀ ਰਿਹਾਈ ਵੀ ਹੋ ਸਕਦੀ ਏ। ਲੈਟ ਅਸ ਹੋਪ ਫੌਰ ਦਾ ਬੈਸਟ ਕੀ ਪਤਾ ਵਿਚਾਰੇ ਤੇ ਕੀ ਦੋਸ਼ ਹਨ। ਸਾਡਾ ਮਕਸਦ ਤਾਂ ਇਹੀ ਹੈ ਕਿ ਵਿਚਾਰਾ ਆਪਣੇ ਪਰਚੇ ਸਹੀ ਸਲਾਮਤ ਦੇ ਕੇ ਸਾਡੇ ਪਾਸੋਂ ਰੁਕਸਤ ਹੋ ਜਾਵੇ। ਅੱਗੇ ਰੱਬ ਰਾਖਾ।"

ਇਸ ਪ੍ਰਕਾਰ ਦੀਆਂ ਗੱਲਾਂ ਚੱਲ ਰਹੀਆਂ ਸਨ ਕਿ ਦਫ਼ਤਰ ਅੰਦਰ ਅਚਾਨਕ ਚਪੜਾਸੀ ਆ ਗਿਆ ਤੇ ਕਹਿਣ ਲੱਗਾ, "ਸਾਹਿਬ ਜੀ ਦਾਣਾ ਮੰਡੀ ਵਿੱਚ ਬੰਬ ਧਮਾਕਾ ਹੋ ਗਿਆ ਏ। ਸੁਣਿਐ, ਤਿੰਨ ਬੰਦੇ ਮਾਰੇ ਗਏ ਨੇ। ਬਾਹਰ ਪੁਲਿਸ ਦੀਆਂ ਗੱਡੀਆਂ ਖੌਰੂ ਪੌਂਦੀਆਂ ਉਧਰ ਨੂੰ ਜਾ ਰਹੀਆਂ ਹਨ।"

"ਪਤਾ ਵੀ ਲੱਗਾ ਏ ਕਿ ਕੌਣ ਮਰੇ ਨੇ ਕੀ ਕੋਈ ਫੜਿਆ ਵੀ ਗਿਆ ਏ।"

"ਹੈਲੋ, ਹੈਲੋ", "ਪ੍ਰਿੰਸੀਪਲ ਨੇ ਦਾਣਾ ਮੰਡੀ ਵਿੱਚ ਆਪਣੇ ਇਕ ਵਾਕਿਫ਼ ਨੂੰ ਫ਼ੋਨ ਕੀਤਾ।"

"ਹੈਲੋ!" ਉਧਰੋਂ ਅਵਾਜ਼ ਆਈ।

"ਸੁਣਿਐ, ਵਾਰਦਾਤ ਹੋ ਗਈ?"

"ਸਰ ਜੀ ਵਾਰਦਾਤ ਕੋਈ ਨਹੀਂ ਹੋਈ। ਲੋਕ ਐਵੇਂ ਅਫ਼ਵਾਹਾਂ ਉਡਾ ਰਹੇ ਨੇ। ਹਾਂ, ਉਪਰੋਂ ਪਹਾੜੀ ਇਲਾਕੇ 'ਚੋਂ ਇਕ ਬਾਰਾਂਸਿੰਗਾ ਸਵੇਰੇ ਸਵੇਰੇ ਮੰਡੀ ਵਿੱਚ ਆ ਵੜਿਆ। ਉਸਨੂੰ ਫੜਨ ਲਈ ਕਿਸਾਨ ਉਸਦੇ ਪਿੱਛੇ ਦੌੜ ਪਏ। ਉਹ ਦੌੜਾ-ਦੌੜਾ ਜਾਂਦਾ ਮੰਡੀ ਦੇ ਨਾਲ ਲੱਗਦੇ ਤਲਾਬ ਵਿੱਚ ਜਾ ਵੜਿਆ। ਕਿਸਾਨਾਂ ਤੇ ਆੜ੍ਹਤੀਆਂ ਨੇ ਰਲ ਕੇ ਉਸ ਨੂੰ ਤਲਾਬ ਵਿੱਚੋਂ ਕੱਢ ਲਿਆ। ਆੜ੍ਹਤੀ ਗਰਾਧਾਰਾ ਸਿੰਘ ਨੇ ਲਿਆ ਕੇ ਉਸ ਨੂੰ ਦੁਕਾਨ ਦੇ ਪਿਛਲੇ ਪਾਸੇ ਇਕ ਸ਼ੈੱਡ ਵਿੱਚ ਬੰਦ ਕਰ ਦਿੱਤਾ ਏ। ਇਸ ਸਮੇਂ ਇਥੇ ਪੁਲਿਸ ਵੀ ਆਈ ਹੋਈ ਏ ਤੇ ਜੰਗਲਾਤ ਮਹਿਕਮੇ ਵਾਲੇ ਵੀ। ਪੁਲਿਸ ਕਹਿੰਦੀ ਏ ਕਿ ਇਹ ਉਹਦਾ ਕੇਸ ਏ ਤੇ ਜੰਗਲਾਤ ਮਹਿਕਮੇ ਵਾਲੇ ਕਹਿੰਦੇ ਹਨ ਕਿ ਜਾਨਵਰ ਉਹਨਾਂ ਦੇ ਹਵਾਲੇ ਕੀਤਾ ਜਾਵੇ। ਕਸ਼ਮਕਸ਼ ਚੱਲ ਰਹੀ ਏ। ਗਰਧਾਰਾ ਸਿੰਘ ਆੜ੍ਹਤੀ ਤੇ ਹੋਰ ਲੋਕ ਕਹਿ ਰਹੇ ਹਨ ਕਿ ਜਾਨਵਰ ਨੂੰ ਜ਼ਿੰਦਾ ਪਕੜਨ ਲਈ ਉਨ੍ਹਾਂ ਨੂੰ ਕੋਈ ਇਨਾਮ ਦਿੱਤਾ ਜਾਵੇ। ਤਿੰਨੇ ਧਿਰਾਂ ਇਕ ਦੂਜੇ ਤੇ ਬਿਲਕੁਲ ਵੀ ਯਕੀਨ ਨਹੀਂ ਕਰ ਰਹੀਆਂ।"

"ਵਿਸ਼ਵਾਸ ਨਾ ਕਰਨ ਤੋਂ ਕੀ ਭਾਵ?"

"ਸਰ ਜੀ, ਬਾਰਾਂਸਿੰਗਾ ਕੀਮਤੀ ਜਾਨਵਰ ਹੁੰਦਾ ਏ। ਪੁਲਿਸ ਵਾਲੇ ਚਾਹੁੰਦੇ ਹਨ ਕਿ ਜਾਨਵਰ ਉਹਨਾਂ ਦੇ ਹਵਾਲੇ ਕਰ ਦਿੱਤਾ ਜਾਵੇ। ਉਹ ਇਸਨੂੰ ਵਾਪਸ ਜੰਗਲ ਵਿੱਚ ਛੱਡ ਆਉਣਗੇ। ਲੋਕਾਂ ਨੂੰ ਸ਼ੱਕ ਏ ਕਿ ਪੁਲਿਸ ਵਾਲੇ ਇੰਝ ਕਹਿ ਕੇ ਲੋਕਾਂ ਦਾ ਮੂੰਹ ਪੋਚ ਰਹੇ ਹਨ। ਉਹਨਾਂ ਨੇ ਲੋਕਾਂ ਦੇ ਸਾਹਮਣੇ ਇਸਨੂੰ ਗੱਡੀ ਵਿੱਚ ਲੱਦ ਕੇ ਜੰਗਲ ਵੱਲ ਨੂੰ ਲੈ ਜਾਣਾ ਏ। ਬਾਅਦ ਵਿੱਚ ਕਿਸੇ ਪਹਾੜੀ ਰੈਸਟ ਹਾਊਸ ਵਿੱਚ ਲਿਜਾ ਕੇ ਇਸਨੂੰ ਵੱਢ ਲੈਣਾ ਏ। ਇਸਦਾ ਮੀਟ ਖਾ ਲੈਣਾ ਏ ਤੇ ਬਾਕੀ ਹਿੱਸੇ ਵੇਚ ਕੇ ਪੈਸਾ ਬਣਾ ਲੈਣਾ ਏ।



ਲੋਕੀਂ ਸੋਚਦੇ ਹਨ ਕਿ ਪੁਲਿਸ ਵਾਲੇ ਲੋਕਾਂ ਨੂੰ ਵੀ ਤੇ ਮਹਿਕਮਾ ਜੰਗਲਾਤ ਨੂੰ ਵੀ ਉਹਲੇ ਵਿੱਚ ਰੱਖ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ। ਤੁਹਾਨੂੰ ਪਤਾ ਹੀ ਏ, ਅੱਜ-ਕੱਲ੍ਹ ਪੁਲਿਸ ਦਾ ਰਾਜ ਏ। ਪੁਲਿਸ ਜੋ ਚਾਹੇ ਕਰ ਸਕਦੀ ਏ।"

"ਅੱਛਾ ਤਾਂ ਇਹ ਗੱਲ ਏ। ਇਧਰ ਤਾਂ ਲੋਕਾਂ ਨੇ ਐਵੇਂ ਅਫਵਾਹ ਫੈਲਾ ਦਿੱਤੀ ਕਿ ਮੰਡੀ ਵਿੱਚ ਬੰਬ ਫਟ ਗਿਆ ਏ। "

"ਨਹੀਂ ਸਰ, ਐਸੀ ਕੋਈ ਗੱਲ ਨਹੀਂ। ਹੋਣ ਨੂੰ ਤਾਂ ਕੁਝ ਵੀ ਹੋ ਸਕਦਾ ਏ ਪਰ ਮੰਡੀ ਅਜੇ ਤੱਕ ਠੀਕ ਠਾਕ ਏ।"

"ਬਹੁਤ ਮਿਹਰਬਾਨੀ ਤੁਹਾਡੀ।"

"ਸਰ ਜੀ, ਇੱਕ ਗੱਲ ਦੱਸੋ। ਤੁਹਾਡੇ ਡਾਕਟਰ ਸਾਹਿਬ ਦਾ ਕੀ ਬਣਿਆ? ਸੁਣਿਆ ਸੀ, ਪੁਲਿਸ ਨੇ ਫੜ ਲਿਆ ਸੀ?"

"ਡਾਕਟਰ ਸਾਹਿਬ ਠੀਕ ਠਾਕ ਏ। ਉਹਨਾਂ ਦੀ ਥੋੜ੍ਹੀ ਜਿਹੀ ਪੁੱਛ ਗਿੱਛ ਹੋਈ ਸੀ। ਬਾਅਦ ਵਿੱਚ ਉਹਨਾਂ ਨੂੰ ਛੱਡ ਦਿੱਤਾ ਸੀ।"

"ਸਰ ਜੀ, ਕੋਈ ਖ਼ਾਸ ਇਲਜ਼ਾਮ ਸੀ?"

"ਬਰਖੁਰਦਾਰ, ਜੇ ਖ਼ਾਸ ਇਲਜ਼ਾਮ ਹੁੰਦਾ ਤਾਂ ਕਿਹਨੇ ਛੱਡਣਾ ਸੀ?

ਤੁਹਾਨੂੰ ਪਤਾ ਹੀ ਏ, ਅੱਜ ਕੱਲ੍ਹ ਮਾੜੀ ਮੋਟੀ ਸ਼ੱਕ ਤੇ ਤਾਂ ਪੁਲਿਸ ਪੁੱਛ-ਗਿੱਛ ਕਰਨ ਲੱਗ ਜਾਂਦੀ ਏ। ਕਿਸੇ ਨੇ ਖੁੱਲ੍ਹੀ ਦਾੜ੍ਹੀ ਰੱਖੀ ਹੋਵੇ ਉਸਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਣ ਲੱਗ ਪੈਂਦੇ ਹਨ। ਸਿੱਖਾਂ ਲਈ ਤਾਂ ਪੰਜਾਬ 'ਚ ਵੀ ਪੰਗਾ ਤੇ ਬਾਹਰ ਤਾਂ ਪੰਗਾ ਹੈ ਹੀ।"

"ਸ਼ੁਕਰ ਏ, ਸਰ ਜੀ। ਇਮਤਿਹਾਨ ਤਾਂ ਅੱਜ ਕੱਲ੍ਹ ਖ਼ਤਮ ਹੋਣ ਵਾਲੇ ਹੋਣਗੇ? ਸਾਡੇ ਲਾਇਕ ਕੋਈ ਸੇਵਾ?"

"ਬਹੁਤ ਬਹੁਤ ਮੇਹਰਬਾਨੀ।"

"ਸਾਹਿਬ ਜੀ, ਸਭ ਖੈਰੀਅਤ ਤਾਂ ਹੈ? ਪਤਵੰਤ ਸਿੰਘ ਦੀ ਉਤਸੁਕਤਾ ਵੀ ਜਾਗ ਪਈ।

"ਡਾ. ਸਾਹਿਬ ਐਵੇਂ ਅਫਵਾਹ ਹੀ ਸੀ। ਕਿਸੇ ਨੇ ਰੌਲਾ ਪਾ ਦਿੱਤਾ ਕਿ ਮੰਡੀ ਵਿੱਚ ਬੰਬ ਧਮਾਕਾ ਹੋ ਗਿਐ। ਹੋਇਆ ਕੁਝ ਵੀ ਨਹੀਂ ਏ। ਕੋਈ ਜਾਨਵਰ ਜੰਗਲ 'ਚੋਂ ਮੰਡੀ 'ਚ ਆ ਵੜਿਐ। ਲੋਕਾਂ ਨੇ ਐਵੇਂ ਹਾਹਾਕਾਰ ਮਚਾਤੀ।"

"ਸਾਹਿਬ ਜੀ, ਸ਼ੱਕ ਅਤੇ ਅਫਵਾਹ ਬੜੀ ਬੁਰੀ ਚੀਜ਼ ਏ। ਇਕ ਵਾਰ ਮੇਰੇ ਇਕ ਦੋਸਤ ਨਾਲ ਵੀ ਇੰਝ ਹੀ ਹੋਇਆ ਸੀ।"

"ਕੀ ਹੋਇਆ ਸੀ?"

"ਮੇਰਾ ਇਕ ਦੋਸਤ ਨਵੀਂ ਨਵੀਂ ਐਮ. ਏ. ਪਾਸ ਕਰਨ ਤੋਂ ਬਾਅਦ ਬੀ. ਯੂ. ਸੀ., ਕਾਲਜ ਬਟਾਲਾ ਵਿਖੇ ਲੈਕਚਰਾਰਸ਼ਿਪ ਲਈ ਇੰਟਰਵਿਊ ਦੇਣ ਗਿਆ ਸੀ। ਉਨ੍ਹਾਂ ਦਿਨਾਂ ਵਿੱਚ ਦੇਸ਼ ਵਿੱਚ ਸੰਕਟਕਾਲੀਨ ਹਾਲਾਤ ਸਨ। ਇੰਦਰਾ ਗਾਂਧੀ ਨੇ 1975 ਵਿੱਚ ਐਮਰਜੈਂਸੀ ਲਾਗੂ ਕੀਤੀ ਹੋਈ ਸੀ। ਇੰਟਰਵਿਊ ਲਈ ਜਾਂਦਾ ਹੋਇਆ ਮੇਰਾ ਇਹ ਦੋਸਤ ਨੇੜੇ ਦੇ ਇੱਕ ਕਾਲਜ ਦੇ

ਪ੍ਰਿੰਸੀਪਲ ਤੋਂ ਇੱਕ ਚਿੱਠੀ ਲੈ ਗਿਆ। ਇਹ ਚਿੱਠੀ ਇਸ ਪ੍ਰਿੰਸੀਪਲ ਨੇ ਆਪਣੇ ਭਰਾ ਨੂੰ ਭੇਜੀ ਸੀ ਜਿਹੜਾ ਕਿ ਬਟਾਲੇ ਦਾ ਮਸ਼ਹੂਰ ਵਕੀਲ ਸੀ। ਚਿੱਠੀ ਲਿਜਾਉਣ ਦਾ ਮਕਸਦ ਸੀ ਕਿ ਇਹ ਵਕੀਲ ਉਸਦੀ ਬਟਾਲੇ ਦੇ ਕਾਲਜ ਵਿੱਚ ਨੌਕਰੀ ਲੈਣ ਵਿੱਚ ਕੋਈ ਮਦਦ ਕਰ ਦੇਵੇਗਾ। ਮਸ਼ਹੂਰ ਵਕੀਲਾਂ ਦੀ ਅਕਸਰ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਵਾਕਫੀਅਤ ਹੁੰਦੀ ਹੀ ਏ। ਚਿੱਠੀ ਲਿਜਾਉਣ ਵਾਲਾ ਮੇਰਾ ਇਹ ਦੋਸਤ ਸਿਰ ਤੋਂ ਮੋਨਾ ਸੀ। ਇਹ ਬਟਾਲੇ ਪਹਿਲੀ ਵਾਰ ਗਿਆ ਸੀ। ਬੱਸ ਤੋਂ ਉੱਤਰ ਕੇ ਇਸ ਨੇ ਇਸ ਵਕੀਲ ਦੇ ਘਰ ਜਾਣ ਲਈ ਰਿਕਸ਼ਾ ਫੜਿਆ। ਰਿਕਸ਼ੇ ਤੇ ਬੈਠਦੇ ਸਾਰ ਇਹ ਰਿਕਸ਼ੇ ਵਾਲੇ ਨੂੰ ਕੁਝ ਸਵਾਲ ਪੁੱਛਣ ਲੱਗ ਗਿਆ।"

"ਕਿਹੜੇ ਸਵਾਲ?"

"ਵੈਸੇ ਹੀ ਉਸ ਇਲਾਕੇ ਬਾਰੇ ਜੋ ਵੀ ਉਸਦੇ ਮਨ ਵਿੱਚ ਆਇਆ। ਉਹ ਪਾਕਿਸਤਾਨ ਦੇ ਨੇੜਲੇ ਇਲਾਕੇ ਵਿੱਚ ਨਵਾਂ-ਨਵਾਂ ਗਿਆ ਸੀ। ਉਸਦੇ ਮਨ ਵਿਚ ਐਵੇਂ ਹੀ ਆਇਆ ਕਿ ਪਾਕਿਸਤਾਨ ਦੀ ਸੀਮਾ ਬਾਰੇ ਕੁੱਝ ਪੁੱਛਿਆ ਜਾਵੇ। ਉਸਨੇ ਰਿਕਸ਼ੇ ਵਾਲੇ ਨੂੰ ਸਭ ਤੋਂ ਪਹਿਲਾਂ ਇਹ ਪੁੱਛਿਆ ਕਿ ਕੀ ਬਟਾਲੇ ਵਿੱਚ ਰਿਹਾਇਸ਼ ਲਈ ਕੋਈ ਸਸਤਾ ਤੇ ਚੰਗਾ ਹੋਟਲ ਹੈ। ਫਿਰ ਉਸ ਤੋਂ ਇਹ ਪੁੱਛ ਹੋ ਗਿਆ ਕਿ ਇਥੋਂ ਪਾਕਿਸਤਾਨ ਦੀ ਸੀਮਾ ਕਿੰਨੀ ਦੂਰ ਹੈ। ਤੀਸਰਾ ਸਵਾਲ ਉਸਨੇ ਇਹ ਪੁੱਛਿਆ ਕਿ ਕਿਹੜੇ ਸਿਨੇਮਾ ਘਰ ਵਿੱਚ ਕਿਹੜੀ ਫ਼ਿਲਮ ਲੱਗੀ ਹੋਈ ਏ। ਰਿਕਸ਼ੇ ਵਾਲਾ ਉਸਦੇ ਸਵਾਲਾਂ ਦੇ ਜਵਾਬ ਦਿੰਦਾ ਗਿਆ। ਇੰਨੇ ਚਿਰ ਵਿੱਚ ਉਹ ਵਕੀਲ ਦੇ ਘਰ ਨੇੜੇ ਪਹੁੰਚ ਗਿਆ। ਉਸ ਨੂੰ ਸੜਕ ਦੇ ਇਕ ਪਾਸੇ ਚਾਹ ਦੁੱਧ ਦੀ ਦੁਕਾਨ ਦਿਖਾਈ ਦਿੱਤੀ। ਉਸਨੇ ਰਿਕਸ਼ੇ ਵਾਲੇ ਨੂੰ ਕਿਹਾ ਕਿ ਉਹ ਉਸਨੂੰ ਉਸ ਦੁਕਾਨ ਉੱਤੇ ਹੀ ਲਾਹ ਦੇਵੇ। ਉੱਥੇ ਕੁਝ ਖਾ ਪੀ ਕੇ ਉਹ ਵਕੀਲ ਦੇ ਘਰ ਨੂੰ ਪੈਦਲ ਹੀ ਚਲਾ ਜਾਣਾ ਚਾਹੁੰਦਾ ਸੀ। ਰਿਕਸ਼ੇ ਵਾਲੇ ਨੇ ਉਸਨੂੰ ਉਸਦੀ ਇੱਛਾ ਮੁਤਾਬਿਕ ਉੱਥੇ ਉਤਾਰ ਦਿੱਤਾ ਤੇ ਪੈਸੇ ਲੈ ਕੇ ਚਲਾ ਗਿਆ। ਉਹ ਉਸ ਦੁਕਾਨ ਅੰਦਰ ਗਿਆ ਤੇ ਉਸਨੇ ਦੁੱਧ ਸੋਢੇ ਦਾ ਆਰਡਰ ਦੇ ਦਿੱਤਾ। ਮੇਜ਼ ਤੇ ਇਕ ਉਰਦੂ ਦਾ ਅਖ਼ਬਾਰ ਪਿਆ ਸੀ। ਭਾਵੇਂ ਉਸਨੂੰ ਉਰਦੂ ਨਹੀਂ ਆਉਂਦੀ ਸੀ ਫਿਰ ਵੀ ਉਹ ਐਵੇਂ ਹੀ ਅਖ਼ਬਾਰ ਵਿੱਚੋਂ ਤਸਵੀਰਾਂ ਦੇਖਣ ਲੱਗ ਪਿਆ। ਇੰਨੇ ਚਿਰ ਵਿਚ ਇਸ ਦੁਕਾਨ ਤੇ ਉਸ ਪਾਸ ਦੋ ਪੁਲਸੀਏ ਆ ਟਪਕੇ।

-"ਸ੍ਰੀ ਮਾਨ ਜੀ, ਕੀ ਤੁਸੀਂ ਹੀ ਹੁਣੇ ਹੁਣੇ ਰਿਕਸ਼ੇ ਤੋਂ ਉਤਰ ਕੇ ਇਸ ਦੁਕਾਨ ਵਿੱਚ ਆਏ ਹੋ?"

-ਜੀ ਹਾਂ, ਮੈਂ ਹੀ ਹੁਣੇ ਰਿਕਸ਼ੇ ਤੋਂ ਉੱਤਰ ਕੇ ਆਇਆ ਹਾਂ।

-ਐੱਸ. ਐੱਚ. ਓ ਸਾਹਿਬ ਨੇ ਤੁਹਾਨੂੰ ਥਾਣੇ ਸੱਦਿਆ ਏ।

-ਕੀ ਮੈਂ ਜਾਣ ਸਕਦਾ ਹਾਂ ਕਿ ਮੈਨੂੰ ਥਾਣੇ ਸੱਦਣ ਦਾ ਕਾਰਨ ਕੀ ਏ?

-ਇਹ ਸਾਨੂੰ ਨਹੀਂ ਪਤਾ। ਅੱਛਾ! ਤੁਸੀਂ ਉਰਦੂ ਵੀ ਜਾਣਦੇ ਹੋ? (ਇਕ ਸਿਪਾਹੀ ਨੇ ਉਹਦੇ ਮੂਹਰੇ ਪਈ ਉਰਦੂ ਦੀ ਅਖ਼ਬਾਰ ਦੇਖਦੇ ਹੋਏ ਕਿਹਾ)

-ਕੀ ਮੈਂ ਤੁਹਾਡੇ ਨਾਲ ਥਾਣੇ ਜਾਣ ਤੋਂ ਪਹਿਲਾਂ ਦੁੱਧ ਸੋਢਾ ਪੀ ਸਕਦਾ ਹਾਂ?



-ਜ਼ਰੂਰ ਪੀਓ।

-ਕੀ ਤੁਸੀਂ ਕੁਝ ਪੀਓਗੇ?

-ਨਹੀਂ ਜੀ, ਬਹੁਤ-ਬਹੁਤ ਸ਼ੁਕਰੀਆ।

-ਪਲੀਜ਼ ਮੈਨੂੰ ਥਾਣੇ ਲਿਜਾਣ ਦਾ ਕਾਰਨ ਦਾ ਦੱਸ ਦਿਓ?

-ਕਾਰਨ ਤਾਂ ਐਸ. ਐਚ. ਓ. ਸਾਹਿਬ ਹੀ ਦੱਸਣਗੇ। ਚਲੋ ਪਹਿਲਾਂ ਤੁਸੀਂ ਇਹ ਦੱਸੋ ਕਿ ਰਿਕਸ਼ੇ ਵਾਲੇ ਨਾਲ ਕੀ ਕੀ ਗੱਲਾਂ ਕੀਤੀਆਂ ਸਨ?

ਉਹ ਸੋਚਣ ਲੱਗ ਪਿਆ। ਉਸਨੂੰ ਇਹ ਯਾਦ ਹੀ ਭੁੱਲ ਗਿਆ ਸੀ ਕਿ ਉਸਨੇ ਪਾਕਿਸਤਾਨੀ ਬਾਰਡਰ ਬਾਰੇ ਕੋਈ ਗੱਲ ਕੀਤੀ ਸੀ।

-ਮੈਂ ਕਿਸੇ ਹੋਟਲ ਬਾਰੇ ਪੁੱਛਿਆ ਸੀ।

-ਕੁੱਝ ਹੋਰ?

-ਸ਼ਾ...ਸ਼ਾ...ਸ਼ਾਇਦ ਮੈਂ ਸਿਨਮਾ ਘਰਾਂ ਵਿੱਚ ਲੱਗੀਆਂ ਫ਼ਿਲਮਾਂ ਬਾਰੇ ਵੀ ਪੁੱਛਿਆ ਸੀ।

-ਕੁੱਝ ਹੋਰ?

-ਮੈਂ...ਨੂੰ...ਯਾਦ ਨਹੀਂ ਆ ਰਿਹਾ।

-ਕੀ ਤੁਸੀਂ ਪਾਕਿਸਤਾਨੀ ਬਾਰਡਰ ਬਾਰੇ ਵੀ ਪਤਾ ਨਹੀਂ ਕੀਤਾ ਸੀ?

-ਓ, ਯੈੱਸ, ਇਹ ਮੈਨੂੰ ਭੁੱਲ ਹੀ ਗਿਐ। ਪਹਿਲੀ ਵਾਰੀ ਇਸ ਇਲਾਕੇ ਵਿੱਚ ਆਇਆ ਹਾਂ।

-ਹਾਂ ਮੈਂ ਉਸਤੋਂ ਪਾਕਿਸਤਾਨ ਦੇ ਬਾਰਡਰ ਬਾਰੇ ਵੀ ਪੁੱਛਿਆ ਸੀ।

-ਫਿਰ ਤਾਂ ਤੁਹਾਨੂੰ ਥਾਣੇ ਜਾਣਾ ਹੀ ਪਵੇਗਾ।

-ਕਿਉਂ?

-ਇਹ ਅਸੀਂ ਨਹੀਂ ਜਾਣਦੇ। ਸਾਹਿਬ ਹੀ ਦੱਸਣਗੇ।

ਇੰਨੇ ਚਿਰ 'ਚ ਉਹ ਦੁੱਧ ਸੋਢਾ ਪੀ ਚੁੱਕਿਆ ਸੀ।

-ਜਾਣ ਤੋਂ ਪਹਿਲਾਂ ਕੀ ਮੈਂ ਇਕ ਫ਼ੋਨ ਕਰ ਸਕਦਾ ਹਾਂ?

-ਫੋਨ ਕਿਹਨੂੰ ਕਰਨਾ ਚਾਹੁੰਦੇ ਹੋ?

-ਮੈਂ ਇੱਥੇ ਕਾਲਜ ਵਿੱਚ ਇੰਟਰਵਿਊ ਦੇਣ ਆਇਆ ਹਾਂ। ਮੈਂ ਸਚਦੇਵਾ ਸਾਹਿਬ ਦੇ ਘਰ ਜਾ ਰਿਹਾ ਹਾਂ। ਉਹ ਮੇਰੇ ਵਾਕਫ ਹਨ। ਇੱਥੋਂ ਦੇ ਮਸ਼ਹੂਰ ਵਕੀਲ। ਜਦ ਸਿਪਾਹੀਆਂ ਨੇ ਸਚਦੇਵਾ ਸਾਹਿਬ ਦਾ ਨਾਂ ਸੁਣਿਆ ਤਾਂ ਉਹ ਉਥੋਂ ਤੁਰਦੇ ਬਣੇ। ਜਾ ਕੇ ਮੈਂ ਇਹ ਕਹਾਣੀ ਸਚਦੇਵਾ ਸਾਹਿਬ ਨੂੰ ਦੱਸੀ ਕਿ ਪੁਲਿਸ ਨੇ ਮੈਨੂੰ ਪਾਕਿਸਤਾਨ ਦਾ ਜਸੂਸ ਸਮਝ ਕੇ ਫੜਨ ਦੀ ਕੋਸ਼ਿਸ਼ ਕੀਤੀ। ਜਦ ਮੈਂ ਉਹਨਾਂ ਸਾਹਮਣੇ ਉਹਨਾਂ ਦਾ ਨਾਂ ਲਿਆ ਤਾਂ ਉਹ ਉੱਥੋਂ ਤੁਰਦੇ ਬਣੇ। ਸਚਦੇਵਾ ਸਾਹਿਬ ਬੜੇ ਹੱਸੇ। ਉਹਨੂੰ ਪੁੱਛਣ ਲੱਗੇ ਕਿ ਕੀ ਉਹ ਰਿਕਸ਼ੇ ਵਾਲੇ ਨੂੰ ਪਛਾਣ ਸਕਦਾ ਏ। ਸਚਦੇਵਾ ਨੇ ਉਸਨੂੰ ਆਪਣੇ ਲੜਕੇ ਦੇ ਮੋਟਰ ਸਾਇਕਲ ਤੇ ਚੱਕਰ ਮਾਰਨ ਲਈ ਭੇਜਿਆ ਤਾਂ ਕਿ ਉਹ ਰਿਕਸ਼ੇ ਵਾਲੇ ਨੂੰ ਪਛਾਣ ਸਕਣ ਤੇ ਉਸਨੂੰ ਝਾੜਾਂ ਪਾ ਸਕਣ ਪਰੰਤੂ ਰਿਕਸ਼ੇ ਵਾਲਾ ਉਹਨਾਂ ਨੂੰ ਕਿਧਰੇ ਵੀ ਨਾ ਲੱਭਾ। ਅਸਲ ਵਿੱਚ ਰਿਕਸ਼ੇ ਵਾਲੇ ਨੇ ਪੁਲਿਸ ਨੂੰ ਜਾ ਕੇ ਦੱਸਿਆ ਸੀ ਕਿ ਉਹਦੇ ਰਿਕਸ਼ੇ ਤੇ ਸਫ਼ਰ

ਕਰ ਰਹੇ ਇਕ ਬੰਦੇ ਨੇ ਉਸਤੋਂ ਪਾਕਿਸਤਾਨ ਦੇ ਬਾਰਡਰ ਦਾ ਪਤਾ ਕੀਤਾ ਸੀ। ਰਿਕਸ਼ੇ ਵਾਲਾ ਸੋਚਦਾ ਸੀ ਕਿ ਸ਼ਾਇਦ ਉਸਨੂੰ ਕਿਸੇ ਜਸੂਸ ਨੂੰ ਫੜਵਾਉਣ ਨਾਲ ਕੁਝ ਇਨਾਮ ਮਿਲ ਸਕਦਾ ਸੀ। ਇਹ ਸਭ ਕੁਝ ਹੋਇਆ ਇਸ ਕਰਕੇ ਕਿਉਂਕਿ ਦੇਸ਼ ਵਿੱਚ ਐਮਰਜੈਂਸੀ ਲੱਗੀ ਹੋਈ ਸੀ। ਕਿਸੇ ਨੂੰ ਵੀ ਕਿਸੇ ਵੀ ਵੇਲੇ ਸ਼ੱਕ ਦੇ ਆਧਾਰ ਤੇ ਫੜਿਆ ਜਾ ਸਕਦਾ ਸੀ।"

"ਡਾਕਟਰ ਸਾਹਿਬ, ਅੱਜ ਦੇ ਹਾਲਾਤ ਤਾਂ ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਹਨ। ਤੁਹਾਡੀ ਦੱਸੀ ਕਹਾਣੀ ਸ਼ੱਕ ਅਤੇ ਅਫ਼ਵਾਹ ਤੇ ਬੜਾ ਵਧੀਆ ਚਾਨਣਾ ਪਾਉਂਦੀ ਹੈ। ਤੁਹਾਡੇ ਸਾਹਮਣੇ ਦਾਣਾ ਮੰਡੀ ਵਿੱਚ ਹੋਇਆ ਕੁਝ ਹੋਰ ਏ ਤੇ ਲੋਕਾਂ ਨੇ ਬਣਾ ਇਸਨੂੰ ਦਿੱਤਾ ਬੰਬ ਵਿਸਫੋਟ।"

"ਅੱਜ ਕੱਲ੍ਹ ਹਰ ਪਾਸੇ ਗੋਲੀਆਂ ਚੱਲ ਰਹੀਆਂ ਨੇ ਤੇ ਬੰਬ ਧਮਾਕੇ ਹੋ ਰਹੇ ਨੇ। ਇਸ ਲਈ ਜਦ ਵੀ ਕਿਧਰੇ ਹਫੜਾ-ਦਫੜੀ ਪੈਂਦੀ ਏ ਤਾਂ ਲੋਕ ਇਹੀ ਸੋਚਦੇ ਨੇ ਕਿ ਬਸ ਇਹਨਾਂ ਦੋਹਾਂ ਵਿੱਚੋਂ ਹੀ ਕੁਝ ਨਾ ਕੁਝ ਹੋਇਆ ਹੋਵੇਗਾ। ਤੁਹਾਨੂੰ ਪਤਾ ਹੋਵੇਗਾ ਕਿ ਦਾਣਾ ਮੰਡੀ ਵਿੱਚ ਇਕ ਆੜ੍ਹਤੀਆ ਜਿਸਦਾ ਨਾਮ ਮੁਲਖ ਰਾਜ ਏ। ਲੋਕ ਉਸਨੂੰ ਮੁਲਖਾ ਮੁਲਖਾ ਕਹਿ ਕੇ ਬੁਲਾਉਂਦੇ ਹਨ। ਉਹ ਬੜਾ ਬੜਬੋਲਾ ਏ। ਕਈ ਵਾਰ ਸਿੱਖਾਂ ਦੇ ਖ਼ਿਲਾਫ਼ ਅਵਾ ਤਵਾ ਬੋਲਦਾ ਰਹਿੰਦਾ ਏ। ਉਸਨੂੰ ਕਈ ਵਾਰ ਧਮਕੀਆਂ ਵੀ ਮਿਲੀਆਂ ਹਨ। ਜਦ ਵੀ ਦਾਣਾ ਮੰਡੀ ਵੱਲ ਕੁਝ ਹੋਵੇ ਤਾਂ ਲੋਕ ਇਹੀ ਸ਼ੱਕ ਕਰਦੇ ਹਨ ਕਿ ਕੋਈ ਮੁਲਖੇ ਨੂੰ ਮਾਰਨ ਆਇਆ ਹੋਵੇਗਾ।"

"ਡਾ. ਸਾਹਿਬ ਕੀ ਇਹ ਓਹੀ ਮੁਲਖਾ ਤਾਂ ਨਹੀਂ ਜਿਸਤੇ ਇਕ ਵਾਰ ਪਹਿਲਾਂ ਗੋਲੀ ਵੀ ਚੱਲੀ ਸੀ?"

"ਹਾਂ, ਸਾਹਿਬ, ਇਹ ਉਹੀ ਮਿਲਖਾ ਏ। ਸਬਜ਼ੀ ਵੇਚਣ ਦਾ ਕੰਮ ਕਰਦਾ ਏ। ਜਦ ਸਾਕਾ ਨੀਲਾ ਤਾਰਾ ਹੋਇਆ ਸੀ ਤਾਂ ਇਸੀ ਮੁਲਖੇ ਨੇ ਅੰਦਰੋਗਤੀ ਲੱਡੂ ਵੰਡੇ ਸੀ। ਬਸ ਮਰਦਾ ਮਰਦਾ ਹੀ ਬਚ ਗਿਆ ਸੀ।"

"ਚਲੋ ਜੋ ਹੋ ਗਿਆ ਸੋ ਹੋ ਗਿਆ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਏ ਕਿ ਕਿਸੇ ਵੀ ਫਿਰਕੇ ਦੇ ਖ਼ਿਲਾਫ਼ ਕੋਈ ਗੱਲ ਨਾ ਕਰੀਏ। ਧਾਰਮਿਕ ਸਦਭਾਵਨਾ ਬਣਾਈ ਰੱਖਣਾ ਸਾਡਾ ਸਭ ਤੋਂ ਪਹਿਲਾ ਫ਼ਰਜ਼ ਹੋਣਾ ਚਾਹੀਦਾ ਏ। ਅੱਜ ਇਮਤਿਹਾਨ ਬੜਾ ਠੀਕ ਰਿਹਾ। ਆਓ ਹੁਣ ਘਰ ਚੱਲੀਏ।"

"ਚੰਗਾ, ਸਾਹਿਬ ਜੀ।"



# ਕਾਂਡ ਸਤਾਰਾਂ

ਪ੍ਰਸ਼ੋਤਮ ਉਸ ਦਿਨ ਆਪਣੇ ਕਾਲਜ ਵਿੱਚ ਹੀ ਸੀ। ਉਹ ਉਸ ਕਾਲਜ ਵਿੱਚ ਨਹੀਂ ਗਿਆ ਸੀ ਜਿੱਥੇ ਉਸਦੀ ਇਮਤਿਹਾਨ ਵਿੱਚ ਡਿਊਟੀ ਲੱਗੀ ਹੋਈ ਸੀ। ਵੈਸੇ ਵੀ ਉਸਦੀਆਂ ਡਿਊਟੀਆਂ ਖ਼ਤਮ ਹੋਣ ਵਾਲੀਆਂ ਸਨ ਤੇ ਉਸਨੇ ਅਗਲੇ ਹਫ਼ਤੇ ਚੰਡੀਗੜ੍ਹ ਟੇਬਲ ਮਾਰਕਿੰਗ 'ਤੇ ਜਾਣਾ ਸੀ। ਕਾਂਤਾ ਉਸਦੇ ਖਿਆਲਾਂ 'ਤੇ ਛਾਈ ਰਹਿੰਦੀ ਸੀ। ਉਹ ਅੱਜ ਆਪਣੇ ਕਾਲਜ ਵਿੱਚ ਸੀ ਜਾਂ ਇਮਤਿਹਾਨ ਵਿੱਚ ਡਿਊਟੀ ਦੇਣ ਲਈ ਡਿਊਟੀ ਵਾਲੇ ਕਾਲਜ ਵਿੱਚ ਗਈ ਸੀ। ਇਸ ਬਾਰੇ ਪ੍ਰਸ਼ੋਤਮ ਨੂੰ ਕੋਈ ਪਤਾ ਨਹੀਂ ਸੀ।

ਪ੍ਰਸ਼ੋਤਮ ਨੇ ਆਪਣੇ ਕਾਲਜ ਦੀ ਲਾਇਬਰੇਰੀ ਦੀਆਂ ਕੁੱਝ ਕਿਤਾਬਾਂ ਮੋੜਨੀਆਂ ਸਨ। ਇਸ ਲਈ ਉਹ ਉਚੇਚਾ ਆਪਣੇ ਕਾਲਜ ਗਿਆ ਸੀ। ਕਿਤਾਬਾਂ ਵਾਪਸ ਕਰਨ ਤੋਂ ਬਾਅਦ ਉਹ ਕਾਲਜ ਦੀ ਕੈਨਟੀਨ ਤੇ ਆ ਗਿਆ। ਉਥੇ ਉਸਨੇ ਆਪਣੇ ਪੈਸੇ ਦੇ ਕੇ ਆਪਣਾ ਖਾਤਾ ਕਲੀਅਰ ਕਰਨਾ ਸੀ। ਇੰਝ ਕਰਨ ਤੋਂ ਬਾਅਦ ਉਹ ਕੈਨਟੀਨ 'ਤੇ ਚਾਹ ਪੀਣ ਲੱਗ ਪਿਆ। ਉਸਨੂੰ ਹੈਰਾਨੀ ਹੋਈ ਜਦ ਉਸਨੇ ਆਪਣੇ ਵਲ ਉਹੀ ਦੋ ਲੜਕੇ ਆਉਂਦੇ ਦੇਖੇ ਜਿਨ੍ਹਾਂ ਨੇ ਉਸਨੂੰ ਪਹਿਲੇ ਪਰਚੇ ਵੇਲੇ ਸ਼ਰਾਬ ਦੀਆਂ ਬੋਤਲਾਂ ਦਿੱਤੀਆਂ ਸਨ। ਹੁਣ ਇਨ੍ਹਾਂ ਲੜਕਿਆਂ ਨੇ ਪਗੜੀਆਂ ਬੰਨ੍ਹੀਆਂ ਹੋਈਆਂ ਸਨ।

"ਸਰ ਜੀ, ਸਤਿ ਸ੍ਰੀ ਅਕਾਲ", ਉਹ ਲੜਕੇ ਉਸ ਪਾਸ ਆ ਕੇ ਬੋਲੇ।

"ਸਤਿ ਸ੍ਰੀ ਅਕਾਲ! ਕੀ ਹਾਲ ਏ ਡੀਅਰ ਤੁਹਾਡਾ? ਤੁਹਾਡਾ ਪਹਿਲਾ ਪਰਚਾ ਤਾਂ ਠੀਕ ਹੋ ਗਿਆ ਸੀ। ਪਾਸ ਤਾਂ ਹੋ ਹੀ ਜਾਓਗੇ ਤੇ ਫਿਰ ਕੰਡਕਟਰਾਂ ਤੋਂ ਇੰਸਪੈਕਟਰ ਬਣ ਜਾਓਗੇ ਤੇ ਫਿਰ ਕੰਡਕਟਰਾਂ ਤੋਂ ਇਨਸਪੈਕਟਰ ਬਣ ਜਾਓਗੇ। ਮੈਂ ਤਾਂ ਪਹਿਲਾਂ ਤੁਹਾਨੂੰ ਪਛਾਣਿਆ ਹੀ ਨਹੀਂ ਕਿਉਂਕਿ ਤੁਸੀਂ ਅੱਜ ਪਗੜੀਆਂ ਬੰਨ੍ਹੀਆਂ ਹੋਈਆਂ ਨੇ", ਪ੍ਰਸ਼ੋਤਮ ਨੇ ਸ਼ੁਗਲ ਜਿਹੇ 'ਚ ਕਿਹਾ।

"ਸਰ, ਅਸੀਂ ਕੰਡਕਟਰ ਨਹੀਂ ਹਾਂ। ਅਸੀਂ ਤਾਂ ਪ੍ਰਾਈਵੇਟ ਤੌਰ 'ਤੇ ਬਸ ਅੰਗਰੇਜ਼ੀ ਦੀ ਕੰਪਾਰਟਮੈਂਟ ਦਾ ਪਰਚਾ ਹੀ ਦੇਣ ਆਏ ਸਾਂ। ਇੱਕ ਦਮ ਬਾਅਦ ਮੁੰਡਿਆਂ ਨੇ ਸੁਧਾਰਵਾਦੀ ਲਹਿਰ ਸ਼ੁਰੂ ਕਰ ਦਿੱਤੀ ਸੀ। ਅਸੀਂ ਵੀ ਮੁੰਡਿਆਂ ਨੂੰ ਕੁੱਝ ਸਹਿਯੋਗ ਦਿੱਤਾ। ਸਾਨੂੰ ਮਹਿਸੂਸ ਹੋਣ ਲੱਗ ਪਿਆ ਕਿ ਸ਼ਰਾਬ, ਸਿਗਰਟਾਂ ਤੇ ਮੀਟ ਦੀਆਂ ਦੁਕਾਨਾਂ ਬੰਦ ਹੋਣੀਆਂ ਚਾਹੀਦੀਆਂ ਹਨ। ਅਸੀਂ ਪਗੜੀ ਵੀ ਬੰਨ੍ਹਣੀ ਸ਼ੁਰੂ ਕਰ ਦਿੱਤੀ। ਅਸੀਂ ਤੁਹਾਡੇ

ਨਾਲ ਵੀ ਇੱਕ ਗੱਲ ਕਰਨੀ ਚਾਹੁੰਦੇ ਹਾਂ।"

ਪ੍ਰਸ਼ੋਤਮ ਹੈਰਾਨ ਵੀ ਸੀ ਤੇ ਘਬਰਾਇਆ ਹੋਇਆ ਵੀ। ਉਹ ਇਨ੍ਹਾਂ ਮੁੰਡਿਆਂ ਦੇ ਪਹਿਲੇ ਪਰਚੇ ਵੇਲੇ ਝੂਠ ਬੋਲਣ ਬਾਰੇ ਹੈਰਾਨ ਸੀ। ਉਹ ਇਸ ਗੱਲ 'ਤੇ ਵੀ ਹੈਰਾਨ ਸੀ ਕਿ ਇਹ ਮੁੰਡੇ ਅੱਜ ਪਗੜੀ ਬੰਨ੍ਹ ਕੇ ਉਸਨੂੰ ਕੀ ਕਹਿਣ ਆਏ ਸਨ।

"ਦੱਸੋ ਜਵਾਨੋ ਕੀ ਕਹਿਣਾ ਚਾਹੁੰਦੇ ਹੋ?"

"ਸਰ, ਸਾਨੂੰ ਪਤਾ ਲੱਗਾ ਏ ਕਿ ਤੁਸੀਂ ਸ਼ਰਾਬ ਅਕਸਰ ਪੀਂਦੇ ਹੀ ਹੋ। ਅਸੀਂ ਤੁਹਾਨੂੰ ਉਸ ਪਹਿਲੇ ਪਰਚੇ ਵੇਲੇ ਸ਼ਰਾਬ ਦੀਆਂ ਬੋਤਲਾਂ ਵੀ ਦਿੱਤੀਆਂ ਸਨ। ਜਦ ਦੀ ਇਹ ਸੁਧਾਰਵਾਦੀ ਲਹਿਰ ਸ਼ੁਰੂ ਹੋਈ ਏ ਸਾਨੂੰ ਇੰਝ ਮਹਿਸੂਸ ਹੋਣ ਲੱਗ ਪਿਆ ਕਿ ਸ਼ਰਾਬ ਪੀਣੀ ਬਹੁਤ ਹੀ ਮਾੜੀ ਏ। ਇੱਕ ਪਾਸੇ ਸਾਡੇ ਵੀਰਾਂ ਦੀਆਂ ਲਾਸ਼ਾਂ ਵਿਛੀਆਂ ਪਈਆਂ ਹਨ ਦੂਜੇ ਪਾਸੇ ਮਦਹੋਸ਼ ਹੋ ਕੇ ਅਸੀਂ ਲੇਟੇ ਹੋਏ ਹੋਈਏ। ਇਹ ਸਾਨੂੰ ਸ਼ੋਭਾ ਨਹੀਂ ਦਿੰਦਾ। ਇਸੇ ਕਰਕੇ ਅੱਜ ਸਾਡੇ ਵੀਰ ਪਿੰਡ ਪਿੰਡ ਤੇ ਸ਼ਹਿਰ-ਸ਼ਹਿਰ ਘੁੰਮ ਕੇ ਸ਼ਰਾਬ ਦੇ ਠੇਕੇ ਤੋੜ ਰਹੇ ਹਨ ਤੇ ਠੇਕਿਆਂ ਤੇ ਕੰਮ ਕਰ ਰਹੇ ਕਰਿੰਦਿਆਂ ਨੂੰ ਮਾਰ ਰਹੇ ਹਨ। ਸਰ, ਤੁਸੀਂ ਅੰਤਾਂ ਦੇ ਪੜ੍ਹੇ ਲਿਖੇ ਹੋ, ਸਾਡੇ ਵੱਡੇ ਭਰਾ ਹੋ, ਅਗਰ ਤੁਸੀਂ ਹੀ ਸ਼ਰਾਬ ਪੀਂਦੇ ਹੋ ਤਾਂ ਘੱਟ ਪੜ੍ਹੇ ਤੇ ਅਨਪੜ੍ਹ ਤਾਂ ਪੀਣਗੇ ਹੀ। ਕ੍ਰਿਪਾ ਕਰਕੇ ਤੁਸੀਂ ਸ਼ਰਾਬ ਨਾ ਪੀਆ ਕਰੋ। ਸਾਡਾ ਇਹ ਸੁਨੇਹਾ ਸੁਪਰਡੈਂਟ ਸਾਹਿਬ ਨੂੰ ਵੀ ਦੇ ਦਿਓ।"

"ਮੇਰੇ ਵੀਰੋ, ਉਹ ਸੁਪਰਡੈਂਟ ਤਾਂ ਹੁਣ ਸੈਂਟਰ ਵਿੱਚ ਹੈ ਹੀ ਨਹੀਂ", ਪ੍ਰਸ਼ੋਤਮ ਵਿੱਚ ਹੀ ਬੋਲ ਪਿਆ।

"ਸਰ, ਉਹ ਜਿੱਥੇ ਵੀ ਹੋਵੇ, ਤੁਸੀਂ ਉਹਨਾਂ ਨੂੰ ਸਾਡਾ ਸੁਨੇਹਾ ਜ਼ਰੂਰ ਦਿਓ। ਜੇ ਤੁਸੀਂ ਕਹੋ ਤਾਂ ਅਸੀਂ ਉਹਨਾਂ ਦੇ ਘਰ ਜਾ ਕੇ ਵੀ ਇਹ ਸੁਨੇਹਾ ਦੇ ਸਕਦੇ ਹਾਂ।"

"ਮੇਰੇ ਵੀਰੋ, ਮੈਂ ਤੁਹਾਡੇ ਨਾਲ ਸਹਿਮਤ ਹਾਂ। ਸ਼ਰਾਬ ਪੀਣਾ ਮਾੜੀ ਗੱਲ ਏ। ਖ਼ਾਸ ਕਰਕੇ ਅੱਜ ਦੇ ਹਾਲਾਤਾਂ ਵਿੱਚ। ਬਾਕੀ ਤੁਸੀਂ ਉਜਾਗਰ ਮੱਲ ਦੇ ਘਰ ਨਾ ਜਾਇਓ, ਮੈਂ ਹੀ ਉਹਨਾਂ ਨੂੰ ਤੁਹਾਡਾ ਸੁਨੇਹਾ ਦੇ ਦੇਵਾਂਗਾ। ਸ਼ਾਇਦ ਉਹ ਮੈਨੂੰ ਅੱਜ ਇੱਥੇ ਕਾਲਜ ਵਿੱਚ ਹੀ ਮਿਲ ਪੈਣ। ਤੁਸੀਂ ਚਾਹ ਪੀਣੀ ਪਸੰਦ ਕਰੋਗੇ?"

"ਨਹੀਂ ਸਰ, ਹੁਣ ਅਸੀਂ ਜਾ ਰਹੇ ਹਾਂ। ਅਸੀਂ ਤਾਂ ਬਸ ਤੁਹਾਨੂੰ ਇਹੀ ਬੇਨਤੀ ਕਰਨ ਆਏ ਸਾਂ। ਬਾਕੀ ਸਾਡੇ ਬਾਰੇ ਕਿਸੇ ਨਾਲ ਬਹੁਤੀ ਗੱਲ ਨਾ ਕਰਿਓ ਤਾਂ ਠੀਕ ਹੋਵੇਗਾ।"

ਇਹ ਕਹਿ ਕੇ ਉਹ ਦੋਨੋਂ ਮੁੰਡੇ ਕਾਲਜ ਵਿੱਚੋਂ ਚਲੇ ਗਏ। ਉਹਨਾਂ ਦੇ ਜਾਣ ਤੋਂ ਬਾਅਦ ਪ੍ਰਸ਼ੋਤਮ ਸੋਚਾਂ ਵਿੱਚ ਪੈ ਗਿਆ:-

ਮੈਂ ਉਸ ਦਿਨ ਇਹਨਾਂ ਤੋਂ ਬੋਤਲਾਂ ਲੈ ਕੇ ਗ਼ਲਤੀ ਕੀਤੀ ਸੀ। ਕਾਲਜ ਦੇ ਨਾਦਾਨ ਤੇ ਜਵਾਨ ਮੁੰਡਿਆਂ ਤੋਂ ਕਦੀ ਵੀ ਇਸ ਪ੍ਰਕਾਰ ਦੀ ਕੋਈ ਚੀਜ਼ ਨਹੀਂ ਲੈਣੀ ਚਾਹੀਦੀ ਬੱਚਿਆਂ ਦੀ ਇਹ ਉਮਰ ਬੜੀ ਖਤਰਨਾਕ ਉਮਰ ਹੁੰਦੀ ਏ। ...ਇਸ ਉਮਰ ਵਿੱਚ ਜਜ਼ਬਾਤੀ



ਹੋ ਕੇ ਇਹ ਕੁਝ ਵੀ ਕਰ ਸਕਦੇ ਹਨ। ...ਫਿਰ ਇਨ੍ਹਾਂ ਨੇ ਉਸ ਵੇਲੇ ਝੂਠ ਬੋਲਿਆ...ਕਹਿਣ ਲੱਗੇ ਅਸੀਂ ਕੰਡਕਟਰਾਂ ਤੋਂ ਇੰਸਪੈਕਟਰ ਬਣ ਜਾਵਾਂਗੇ...ਇਨ੍ਹਾਂ ਉਜਾਗਰ ਮੱਲ ਮੂਹਰੇ ਵੀ ਝੂਠ ਬੋਲਿਆ ਸੀ...ਕਾਲਜ ਦੇ ਮੁੰਡੇ ਕੁੜੀਆਂ ਤੋਂ ਕੁਝ ਦੂਰੀ ਬਣਾ ਕੇ ਰੱਖਣੀ ਬੜੀ ਜ਼ਰੂਰੀ ਏ।...ਇਹ ਕਿਸੇ ਵੇਲੇ ਵੀ ਤੁਹਾਡੇ ਮਿੱਤਰ ਬਣ ਸਕਦੇ ਹਨ...ਦੂਜੇ ਪੱਲ ਇਹ ਤੁਹਾਡੇ ਦੁਸ਼ਮਣ ਵੀ ਬਣ ਸਕਦੇ ਹਨ...ਜਿਹੜੇ ਬੰਦੇ ਕੱਲ੍ਹ ਸ਼ਰਾਬ ਖ਼ਰੀਦ ਕੇ ਲਿਆ ਕੇ ਦਿੰਦੇ ਸਨ ਅੱਜ ਉਹੀ ਸ਼ਰਾਬ ਦੇ ਖ਼ਿਲਾਫ਼ ਹੋਏ ਫਿਰਦੇ ਹਨ...ਸਿੱਖ ਮੱਤ ਵਿੱਚ ਨਸ਼ਿਆਂ ਬਾਰੇ ਕੀ ਕਿਹਾ ਹੋਇਆ ਏ? ਸੁਣਿਆਂ ਤਾਂ ਇਹੀ ਹੈ ਕਿ ਸਿੱਖ ਮੱਤ ਨਸ਼ਿਆਂ ਦੇ ਪੂਰੀ ਤਰ੍ਹਾਂ ਖ਼ਿਲਾਫ਼ ਏ। ਫਿਰ ਇਹ ਪੰਜਾਬ ਅੰਤਾਂ ਹੀ ਸ਼ਰਾਬ ਕਿਉਂ ਪੀਂਦਾ ਏਪੜ੍ਹਿਆ ਸੀ ਕਿ ਪੰਜਾਬ ਭਾਰਤ ਦੇ ਸਾਰੇ ਸੂਬਿਆਂ ਤੋਂ ਵੱਧ ਸ਼ਰਾਬ ਪੀਂਦਾ ਏ...ਸ਼ਾਇਦ ਉਜਾਗਰ ਮੱਲ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਸਕੇ...ਅੱਜ ਹੀ ਜਾ ਕੇ ਉਜਾਗਰ ਮੱਲ ਨੂੰ ਮਿਲਾਂਗਾ।

ਫਿਰ ਪ੍ਰੋਸ਼ਤਮ ਆਪਣੇ ਸਕੂਟਰ ਤੇ ਉਜਾਗਰ ਮੱਲ ਦੇ ਘਰ ਨੂੰ ਚੱਲ ਪਿਆ। ਰਸਤੇ ਵਿੱਚ ਉਸਦੇ ਦਿਮਾਗ਼ ਵਿੱਚ ਹੋਰ ਵੀ ਕਈ ਤਰ੍ਹਾਂ ਤਰ੍ਹਾਂ ਦੇ ਖਿਆਲ ਆਉਂਦੇ ਰਹੇ। ਉਹ ਇਹ ਵੀ ਸੋਚਦਾ ਰਿਹਾ ਮਤਾਂ ਮੁੰਡਿਆਂ ਨੇ ਉਸਨੂੰ ਕਾਂਤਾ ਨਾਲ ਗੱਲਾਂ ਕਰਦਾ ਨਾ ਨੋਟ ਕਰ ਲਿਆ ਹੋਵੇ। ਜਿਸ ਜਗ੍ਹਾਂ ਲੋਕਾਂ ਨੇ ਕੇਸਰੀ ਪਟਕਿਆਂ ਨਾਲ ਸਿਰ ਢੱਕ ਲਏ ਹਨ ਤੇ ਲੜਕੀਆਂ ਨੇ ਵੀ ਕੇਸਰੀ ਚੁੰਨੀਆਂ ਸਿਰਾਂ ਤੇ ਲੈ ਲਈਆਂ ਹਨ ਉਥੇ ਮੇਰਾ ਕਾਂਤਾ ਨਾਲ ਸ਼ਰੇਆਮ ਗੱਲਾਂ ਮਾਰਨਾ ਠੀਕ ਨਹੀਂ। ਪੰਜਾਬ ਵਿੱਚੋਂ ਤਾਂ ਹੁਣ ਸਾੜ੍ਹੀ ਵੀ ਉੱਡਦੀ ਜਾ ਰਹੀ ਏ। ਸਲਵਾਰ ਕਮੀਜ਼ ਦਾ ਸਮਾਂ ਆ ਗਿਆ ਏ। ਕਾਂਤਾ ਅਜੇ ਵੀ ਸਾੜ੍ਹੀਆਂ ਪਾਈ ਫਿਰਦੀ ਏ। ਹਾਲਾਤਾਂ ਮੁਤਾਬਕ ਉਸਨੂੰ ਕੁਝ ਬਦਲ ਜਾਣਾ ਚਾਹੀਦਾ ਏ। ਕੋਈ ਪਤਾ ਨਹੀਂ ਕਿਹੜੇ ਵੇਲੇ ਕੋਈ ਆ ਕੇ ਚੇਤਾਵਨੀ ਦੇ ਦੇਵੇ। ਅਖ਼ਬਾਰਾਂ ਵਿੱਚ ਤਾਂ ਚੇਤਾਵਨੀਆਂ ਛਪੀ ਹੀ ਜਾ ਰਹੀਆਂ ਹਨ। ਪਿੱਛੇ ਜਿਹੇ ਇੱਕ ਸਕੂਲ ਦੀ ਪ੍ਰਿੰਸੀਪਲ ਨੇ ਲੜਕੀਆਂ ਦੀ ਸਕਰਟ ਨਾ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਨਾਲ ਉੱਡਾ ਦਿੱਤੀ ਗਈ ਸੀ। ਸ਼ਾਇਦ ਉਸਨੂੰ ਜਨ ਗਨ ਮਨ ਨਾ ਕਰਾਉਣ ਨੂੰ ਵੀ ਕਿਹਾ ਸੀ। ਲੱਗਦਾ ਏ ਹੁਣ ਤਾਂ ਪੰਜਾਬੀਆਂ ਦੇ ਪਹਿਰਾਵੇ ਮੁਸਲਮਾਨਾਂ ਜਿਹੇ ਹੋ ਜਾਣਗੇ ਜਿਵੇਂ ਮੁਸਲਮਾਨੀਆਂ ਆਪਣੇ ਆਪ ਨੂੰ ਢੱਕ ਕੇ ਰੱਖਦੀਆਂ ਉਵੇਂ ਹੀ ਪੰਜਾਬ ਦੀਆਂ ਇਸਤਰੀਆਂ ਵੀ ਆਪਣੇ ਆਪਨੂੰ ਕੱਪੜਿਆਂ ਵਿੱਚ ਕੱਜ ਕੇ ਰੱਖਿਆ ਕਰਨਗੀਆਂ। ਹਿੰਦੂਆਂ ਦਾ ਇਸੇ ਖਿੱਤੇ ਵਿੱਚ ਕੀ ਬਣੇਗਾ? ਅੱਧੀਆਂ ਕੁ ਹਿੰਦੂ ਇਸਤਰੀਆਂ ਤਾਂ ਵਾਲ ਕਟਾਈ ਫਿਰਦੀਆਂ ਹਨ। ਇਸ ਪ੍ਰਕਾਰ ਦੇ ਖ਼ਿਆਲ ਪ੍ਰਸ਼ੋਤਮ ਦੇ ਮਨ ਵਿੱਚ ਆਉਂਦੇ ਗਏ। ਇੰਨੇ ਚਿਰ ਵਿੱਚ ਉਜਾਗਰ ਮੱਲ੍ਹ ਦਾ ਘਰ ਆ ਗਿਆ। ਪ੍ਰਸ਼ੋਤਮ ਨੇ ਦਰਵਾਜ਼ੇ 'ਤੇ ਲੱਗਿਆ ਘੰਟੀ ਦਾ ਬਟਨ ਦਬਾਇਆ। ਦਰਵਾਜ਼ਾ ਉਜਾਗਰ ਮੱਲ ਨੇ ਖੁਦ ਹੀ ਖੋਲ੍ਹਿਆ।

"ਪ੍ਰਸ਼ੋਤਮ, ਅੱਜ ਤਾਂ ਅਚਾਨਕ ਹੀ ਆ ਟਪਕੇ। ਸੁੱਖ ਏ?"

"ਸਰ ਜੀ, ਅੱਜ ਤਾਂ ਮੇਰੇ ਨਾਲ ਅਜੀਬ ਜਿਹੀ ਘਟਨਾ ਵਾਪਰੀ।"

"ਕੀ ਹੋ ਗਿਆ? ਕੋਈ ਮਿਲ ਪਿਆ ਜਾਂ ਮਿਲ ਪਈ?"

"ਸਰ ਜੀ, ਤੁਸੀਂ ਤਾਂ ਟਾਂਚਾਂ ਕਰਦੇ ਹੋ।"

"ਦੱਸ ਤਾਂ ਸਹੀ ਹੋਇਆ ਕੀ?"

"ਸਰ ਜੀ, ਉਹ ਜਿਹੜੇ ਮੁੰਡੇ ਸਾਨੂੰ ਪਹਿਲੇ ਪਰਚੇ ਵਾਲੇ ਦਿਨ ਸ਼ਰਾਬ ਦੀਆਂ ਬੋਤਲਾਂ ਦੇ ਕੇ ਗਏ ਸਨ ਉਹ ਅੱਜ ਫਿਰ ਐਨੇ ਦਿਨਾਂ ਬਾਅਦ ਮਿਲ ਪਏ।"

"ਵਾਪਸ ਲੈਣ ਆ ਗਏ?"

"ਨਹੀਂ, ਸਰ।"

"ਹੋਰ ਕੀ ਤੂਫਾਨ ਆ ਗਿਐ? ਦਸ ਤਾਂ ਸਹੀ?"

"ਸਰ, ਉਹਨਾਂ ਨੇ ਹੁਣ ਪਗੜੀਆਂ ਬੰਨ੍ਹੀਆਂ ਹੋਈਆਂ ਸਨ ਤੇ ਦਾੜ੍ਹੀਆਂ ਵੀ ਵਧਾਈਆਂ ਹੋਈਆਂ ਸਨ। ਪਹਿਲਾਂ ਤਾਂ ਮੈਂ ਪਹਿਚਾਣੇ ਹੀ ਨਹੀਂ।"

"ਕੀ ਤੈਨੂੰ ਕੋਈ ਚੇਤਾਵਨੀ ਦੇ ਗਏ?"

"ਜੀ ਹਾਂ।"

"ਸੱਚ?"

"ਹਾਂ, ਬਿਲਕੁਲ ਸੱਚ !!"

"ਕੀ ਕਹਿੰਦੇ?"

"ਕਹਿੰਦੇ, ਅਸੀਂ ਕੰਡਕਟਰ ਨਹੀਂ ਹਾਂ, ਨਾ ਹੀ ਅਸੀਂ ਇੰਸਪੈਕਟਰ ਬਣਨ ਵਾਲੇ ਹਾਂ। ਸਾਡਾ ਤਾਂ ਬਸ ਅੰਗਰੇਜ਼ੀ ਦੀ ਕੰਪਾਰਟਮੈਂਟ ਦਾ ਇੱਕ ਪਰਚਾ ਸੀ। ਉਹ ਅਸੀਂ ਤੁਹਾਡੇ ਸੈਂਟਰ ਵਿੱਚ ਦੇ ਦਿੱਤਾ ਸੀ। ਹੁਣ ਸਾਡਾ ਸਹਿਯੋਗ ਮੁੰਡਿਆਂ ਦੁਆਰਾ ਚਲਾਈ ਗਈ ਸੁਧਾਰਵਾਦੀ ਲਹਿਰ ਨਾਲ ਹੋ ਗਿਆ ਏ। ਭਾਵੇਂ ਅਸੀਂ ਉਹਨਾਂ ਵਿੱਚ ਪੂਰੇ ਨਹੀਂ ਰਲੇ ਫਿਰ ਵੀ ਗਾਹੇ ਵਗਾਹੇ ਅਸੀਂ ਸ਼ਰਾਬਬੰਦੀ ਦਾ ਪ੍ਰਚਾਰ ਕਰ ਰਹੇ ਹਾਂ। ਕਹਿੰਦੇ ਸੀ ਕਿ ਉਹ ਤੁਹਾਨੂੰ ਮਿਲ ਕੇ ਵੀ ਇਹੀ ਸੁਨੇਹਾ ਦੇਣਾ ਚਾਹੁੰਦੇ ਸਨ ਪਰ ਮੈਂ ਉਹਨਾਂ ਨੂੰ ਕਿਹਾ ਕਿ ਸੁਪਰਡੈਂਟ ਨੂੰ ਮੈਂ ਖੁਦ ਹੀ ਉਹਨਾਂ ਦਾ ਸੁਨੇਹਾ ਦੇ ਦੇਵਾਂਗਾ। ਸਰ ਜੀ, ਹੁਣ ਸਾਨੂੰ ਜਾਂ ਤਾਂ ਸ਼ਰਾਬ ਬਿਲਕੁੱਲ ਛੱਡ ਦੇਣੀ ਚਾਹੀਦੀ ਏ ਤਾਂ ਜਾਂ ਫਿਰ ਬਹੁਤ ਹੀ ਲੁੱਕ ਛਿਪ ਕੇ ਪੀਣੀ ਚਾਹੀਦੀ ਏ। ਜ਼ਮਾਨਾ ਬੜਾ ਖ਼ਰਾਬ ਆ ਗਿਆ ਏ।"

"ਪ੍ਰਸ਼ੋਤਮ, ਇਹ ਤੁਸੀਂ ਚੰਗਾ ਕੀਤਾ ਕਿ ਉਹਨਾਂ ਨੂੰ ਮੈਨੂੰ ਮਿਲਣ ਤੋਂ ਰੋਕ ਦਿੱਤਾ।"

"ਸਰ, ਮੈਨੂੰ ਇੱਕ ਗੱਲ ਸਮਝ ਨਹੀਂ ਆਈ ਕਿ ਸਿੱਖ ਹੀ ਸਭ ਤੋਂ ਵੱਧ ਸ਼ਰਾਬ ਪੀ ਰਹੇ ਹਨ ਤੇ ਸਿੱਖ ਹੀ ਇਸਦੇ ਖ਼ਿਲਾਫ਼ ਹਨ।"

"ਗੱਲ ਤੁਹਾਡੀ ਠੀਕ ਏ। ਪੀਣ ਦਾ ਵੀ ਤਾਂ ਕੋਈ ਵਕਤ ਹੋਣਾ ਚਾਹੀਦਾ ਏ?"

"ਹਾਂ, ਵਕਤ ਦੀ ਗੱਲ ਤਾਂ ਉਨ੍ਹਾਂ ਨੇ ਵੀ ਕੀਤੀ ਸੀ। ਕਹਿੰਦੇ ਸੀ, ਇੱਕ ਪਾਸੇ ਪੰਜਾਬ ਵਿੱਚ ਮੁੰਡਿਆਂ ਦੀਆਂ ਲਾਸ਼ਾਂ ਵਿਛੀਆਂ ਪਈਆਂ ਹਨ ਤੇ ਦੂਜੇ ਪਾਸੇ ਅਸੀਂ ਸ਼ਰਾਬ ਪੀ ਕੇ ਮਦਹੋਸ਼ ਲੇਟੇ ਹੋਈਏ, ਇਹ ਬਿਲਕੁਲ ਵੀ ਚੰਗਾ ਨਹੀਂ ਲੱਗਦਾ। ਹਾਲਾਤ ਇਹ ਮੰਗ ਕਰਦੇ ਹਨ ਕਿ ਅਸੀਂ ਇਸ ਸਮੇਂ ਆਤਮ ਚਿੰਤਨ ਕਰੀਏ। ਵੈਸੇ ਮੈਨੂੰ ਇਹ ਸਮਝ ਨਹੀਂ ਆਉਂਦਾ ਕਿ ਸਿੱਖ ਮੱਤ ਨਸ਼ਿਆਂ ਬਾਰੇ ਕੀ ਕਹਿੰਦਾ ਏ?

"ਦੇਖੋ, ਸਿੱਖ ਮੱਤ ਨਸ਼ਿਆਂ ਦੇ ਖ਼ਿਲਾਫ਼ ਏ। ਇਹ ਮੱਤ ਕਿਸੇ ਵੀ ਨਸ਼ੇ ਦੀ ਪ੍ਰੋੜਤਾ ਨਹੀਂ ਕਰਦਾ।"

"ਸੁਣਨ ਵਿੱਚ ਤਾਂ ਇਹ ਆਉਂਦਾ ਏ ਕਿ ਸਿੱਖ ਮੱਤ ਤੰਬਾਕੂ ਦੇ ਸੇਵਨ ਦੇ ਖ਼ਿਲਾਫ਼ ਏ?"

"ਸਿੱਖ ਮੱਤ ਇਕੱਲੇ ਤੰਬਾਕੂ ਦੇ ਖ਼ਿਲਾਫ਼ ਨਹੀਂ। ਇਹ ਸਭ ਨਸ਼ਿਆਂ ਦੇ ਵਿਰੁੱਧ ਏ। ਕੀ ਤੁਸੀਂ ਸਾਹਿਤ ਵਿੱਚ ਪ੍ਰਤੀਕਵਾਦ ਬਾਰੇ ਸੁਣਿਆ ਏ?"

"ਹਾਂ, ਸਰ ਜੀ ਸੁਣਿਆ ਤਾਂ ਏ । ਤੁਸੀਂ ਥੋੜ੍ਹਾ ਦੱਸ ਵੀ ਦਿਓ।"

"ਪ੍ਰਤੀਕਵਾਦ ਦਾ ਮਤਲਬ ਹੁੰਦਾ ਇੱਕ ਚੀਜ਼ ਦੇ ਕਈ ਕਈ ਮਤਲਬ ਨਿਕਲਣੇ ਜਿਵੇਂ ਕਵਿਤਾ ਵਿੱਚ ਗੁਲਾਬ ਦੇ ਫੁੱਲ ਦਾ ਮਤਲਬ ਸਿਰਫ ਕਿਆਰੀ ਵਿੱਚ ਖਿੜ੍ਹਿਆ ਗੁਲਾਬ ਦਾ ਫੁੱਲ ਹੀ ਨਹੀਂ ਹੁੰਦਾ। ਇਸਦਾ ਮਤਲਬ ਕਈ ਵਾਰ ਇੱਕ ਸੁੰਦਰ ਇਸਤਰੀ ਵੀ ਹੋ ਸਕਦਾ ਏ। ਕਈ ਵਾਰ ਇਸਦਾ ਮਤਲਬ ਭੋਲੇ ਭਾਲੇ ਬੱਚੇ ਵੀ ਹੋ ਸਕਦਾ ਏ। ਇਸੀ ਪ੍ਰਕਾਰ ਸਾਹਿਤ ਵਿੱਚ ਅੱਗ ਦਾ ਅਰਥ ਸਿਰਫ ਉਹੀ ਅੱਗ ਨਹੀਂ ਹੁੰਦਾ ਜਿਹੜੀ ਦੀਆ ਸਲਾਈ ਦੇ ਜਲਾਉਣ ਨਾਲ ਪੈਦਾ ਹੁੰਦੀ ਏ। ਇਸਦਾ ਮਤਲਬ ਪਿਆਰ ਦੀ ਅੱਗ ਵੀ ਹੋ ਸਕਦਾ ਏ। ਇਸੀ ਪ੍ਰਕਾਰ ਸਾਹਿਤ ਵਿੱਚ ਰੇਤ ਦਾ ਅਰਥ ਮੰਦਹਾਲੀ ਹੁੰਦਾ ਏ ਤੇ ਪਾਣੀ ਦਾ ਅਰਥ ਖ਼ੁਸ਼ਹਾਲੀ ਹੁੰਦਾ ਏ। ਮਹਾਂਪੁਰਸ਼ ਵੀ ਕਿਸੇ ਇੱਕ ਨਸ਼ੇ ਦਾ ਨਾਮ ਲੈ ਦਿੰਦੇ ਹਨ। ਇਸਦਾ ਮਤਲਬ ਹੁੰਦਾ ਏ ਸਾਰੀ ਕਿਸਮ ਦੇ ਨਸ਼ੇ। ਗੁਰੂ ਨੇ ਤੰਬਾਕੂ ਨੂੰ ਮਾੜਾ ਕਹਿ ਦਿੱਤਾ। ਤੰਬਾਕੂ ਜ਼ਿਆਦਾ ਮਾੜੇ ਨਸ਼ਿਆਂ ਵਿੱਚੋਂ ਇੱਕ ਨਸ਼ਾ ਏ। ਇਹ ਬੰਦੇ ਨੂੰ ਅੰਤਾਂ ਦਾ ਸੁਸਤ ਬਣਾਉਂਦਾ ਏ। ਇਹ ਮਨੁੱਖੀ ਫੇਫੜਿਆਂ ਨੂੰ ਵੀ ਖ਼ਰਾਬ ਕਰਦਾ ਏ। ਜਦ ਕਿਸੇ ਮਹਾਂਪੁਰਸ਼ ਨੇ ਇਹਦੇ ਖ਼ਿਲਾਫ਼ ਕਹਿ ਦਿੱਤਾ ਤਾਂ ਇਸਦਾ ਮਤਲਬ ਹੁੰਦਾ ਏ ਕਿ ਸਾਰੇ ਨਸ਼ੇ ਮਾੜੇ ਹਨ। ਕੋਈ ਖਿਲਾੜੀ, ਕੋਈ ਫ਼ਿਲਾਸਫ਼ਰ, ਕੋਈ ਕਵੀ ਕਦੀ ਵੀ ਸਾਰੀਆਂ ਮਾੜੀਆਂ ਲਿਆਕਤਾਂ ਦਾ ਨਾਮ ਲੈ ਕੇ ਉਹਨਾਂ ਦੀ ਨਿੰਦਾ ਨਹੀਂ ਕਰਦਾ ਹੁੰਦਾ। ਫ਼ਿਲਾਸਫ਼ਰ ਤੇ ਲਿਖਾਰੀ ਲੋਕ ਕਾਨੂੰਨਾਦਾਨਾਂ ਵਾਂਗ ਨਹੀਂ ਹੁੰਦੇ। ਕਾਨੂੰਨ ਕਾਫੀ ਹੱਦ ਤੱਕ ਗਣਿਤ ਵਾਂਗ ਚੱਲਦਾ ਏ। ਮੰਨ ਲਓ, ਤੁਸੀਂ ਕਿਸੇ ਖ਼ਿਲਾਫ਼ ਮਾਨਹਾਨੀ ਦਾ ਮੁਕੱਦਮਾ ਕੀਤਾ ਏ। ਕਾਨੂੰਨ ਇਹ ਦੇਖੇਗਾ ਕਿ ਕੀ ਇਹ ਬੰਦਾ ਸੱਚਮੁੱਚ ਹੀ ਉਹੋ ਏ। ਉਸਦਾ ਨਾਮ ਦੇਖੇਗਾ, ਉਸਦਾ ਸਿਰਨਾਵਾ ਦੇਖੇਗਾ, ਉਸਦੀ ਉਸ ਲਿਖਤ ਵਿੱਚ ਨਾਮ ਅਤੇ ਥਹੁਪਤੇ ਦੇਖੇਗਾ ਜਿਸ ਲਿਖਤ ਤੇ ਤੁਸੀਂ ਮੁਕੱਦਮਾ ਕੀਤਾ ਏ। ਉਸਤੇ ਗਵਾਹੀਆਂ ਅਤੇ ਹੋਰ ਤੱਥ ਇਕੱਠੇ

ਕਰੇਗਾ। ਅਗਰ ਇਹਨਾਂ ਸਾਰੀਆਂ ਚੀਜਾਂ ਦੇ ਆਪਸ ਵਿੱਚ ਜੋੜਨ ਵਿੱਚ ਮਾੜਾ ਮੋਟਾ ਫ਼ਰਕ ਵੀ ਨਜ਼ਰ ਆ ਜਾਵੇ ਤਾਂ ਵੀ ਕੀ ਕਾਨੂੰਨ ਉਸਨੂੰ ਸਜ਼ਾ ਸੁਣਾਉਣ ਬਾਰੇ ਸੋਚੇਗਾ। ਇਸੇ ਕਰਕੇ ਕਈ ਲੋਕ ਮੌਤ ਦੀ ਸਜ਼ਾ ਵਿੱਚੋਂ ਸਿੱਧੇ ਬਰੀ ਹੋ ਜਾਂਦੇ ਹਨ। ਬਿਨਾਂ ਸਪੱਸ਼ਟ ਤੱਥਾਂ ਅਤੇ ਤਾਰੀਖਾਂ ਦੇ ਸੁਣਾਇਆ ਗਿਆ ਇੱਕ ਵਾਰ ਦਾ ਕਾਨੂੰਨ ਦਾ ਫ਼ੈਸਲਾ ਆਉਣ ਵਾਲੇ ਵਕਤ ਵਿੱਚ ਦਿੱਤੇ ਜਾਣ ਵਾਲੇ ਹੋਰ ਮੁਕੱਦਮਿਆਂ ਦੇ ਫ਼ੈਸਲਿਆਂ 'ਤੇ ਬੁਰਾ ਅਸਰ ਵੀ ਪਾ ਸਕਦਾ ਏ। ਕੀ ਤੁਸੀਂ ਮੇਰੀ ਗੱਲ ਸਮਝ ਗਏ ਹੋ?"

"ਗੱਲ ਤੁਹਾਡੀ ਠੀਕ ਲੱਗਦੀ ਏ? ਇਸਦਾ ਮਤਲਬ ਇਹ ਕਿ ਸਿੱਖਾਂ ਨੂੰ ਸਭ ਨਸ਼ਿਆਂ ਤੋਂ ਸੰਕੋਚ ਕਰਨਾ ਚਾਹੀਦਾ ਏ।"

"ਧਰਮ ਤਾਂ ਇਹੀ ਕਹਿੰਦਾ ਏ।"

"ਮਾਸ ਖਾਣ ਬਾਰੇ ਤੁਹਾਡਾ ਕੀ ਖਿਆਲ ਏ?"

"ਪ੍ਰਸ਼ੋਤਮ, ਇਹਦੇ ਬਾਰੇ ਮੈਂ ਬਹੁਤ ਜ਼ਿਆਦਾ ਜਾਣਕਾਰੀ ਨਹੀਂ ਰੱਖਦਾ। ਹਾਂ, ਇਸ ਬਾਰੇ ਕੁੱਝ ਜਾਨਣ ਲਈ ਸਾਡੇ ਪਾਸ ਇੱਕ ਬੰਦਾ ਏ।"

"ਉਹ ਕੌਣ?"

"ਉਹ ਜਿਹੜਾ ਮੇਰੀ ਥਾਂ ਤੇ ਸੈਂਟਰ ਵਿੱਚ ਸੁਪਰਡੈਂਟ ਲਾਇਆ ਗਿਆ ਏ।"

"ਡਾ: ਪਤਵੰਤ ਸਿੰਘ?"

"ਹਾਂ, ਉਸਨੇ ਸਿੱਖ ਮੱਤ ਨੂੰ ਕਾਫ਼ੀ ਬਾਰੀਕੀ ਨਾਲ ਪੜ੍ਹਿਆ ਲੱਗਦਾ ਏ। ਉਸਦੀ ਖੋਜ ਵੀ ਇਸ ਪ੍ਰਕਾਰ ਦੇ ਵਿਸ਼ਿਆਂ 'ਤੇ ਹੀ ਲੱਗਦੀ ਏ। ਤੁਸੀਂ ਉਸ ਨਾਲ ਮਿਲਾਕੇ ਵੀ ਗੱਲ ਕਰ ਸਕਦੇ ਹੋ। ਅਗਰ ਤੁਸੀਂ ਚਾਹੋ ਤਾਂ ਅਸੀਂ ਫ਼ੋਨ ਤੇ ਵੀ ਗੱਲ ਕਰ ਸਕਦੇ ਹਾਂ।"

"ਕੀ ਉਹਨਾਂ ਨੂੰ ਹੁਣ ਫੋਨ ਮਿਲਾਣਾ ਠੀਕ ਰਹੇਗਾ ?"

"ਕੋਸ਼ਿਸ਼ ਕੀਤੀ ਜਾ ਸਕਦੀ ਏ।"

"ਮਿਲਾ ਕੇ ਦੇਖ ਹੀ ਲਓ ਤਾਂ ਫਿਰ।"

ਉਜਾਗਰ ਮੱਲ ਨੇ ਪਤਵੰਤ ਸਿੰਘ ਨੂੰ ਫ਼ੋਨ ਮਿਲਾ ਲਿਆ।

"ਹੈਲੋ, ਕੌਣ ਸਾਹਿਬ ਬੋਲ ਰਹੇ ਜੀ", ਪਤਵੰਤ ਸਿੰਘ ਬੋਲਿਆ।

"ਡਾ: ਸਾਹਿਬ ਮੈਂ ਉਜਾਗਰ ਮੱਲ ਬੋਲ ਰਿਹਾ ਹਾਂ।"

"ਵੀਰ ਜੀ, ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ ਡਾ: ਸਾਹਿਬ।"

"ਹੋਰ ਹੁਣ ਸਿਹਤ ਦਾ ਕੀ ਹਾਲ ਏ? ਕਿੰਨੇ ਕੁ ਦਿਨ ਹਸਪਤਾਲ ਰਹੇ ਸੀ?"

"ਡਾ: ਸਾਹਿਬ, ਹੁਣ ਮੈਂ ਠੀਕ ਹਾਂ। ਹਸਪਤਾਲ ਵਿੱਚ ਛੇ ਦਿਨ ਲੱਗ ਗਏ ਸਨ। ਈ.ਸੀ.ਜੀ ਹੋਈ। ਕੁਝ ਟੀਕੇ ਲੱਗੇ ਸਨ। ਹੁਣ ਵੀ ਦਵਾਈ ਖਾ ਰਿਹਾ ਹਾਂ।"

"ਅਕਾਲ ਪੁਰਖ ਦੀ ਕ੍ਰਿਪਾ ਨਾਲ ਬਚਾ ਹੋ ਗਿਆ। ਸਾਨੂੰ ਹਮੇਸ਼ਾ ਵਾਹਿਗੁਰੂ ਦਾ



ਸ਼ੁਕਰ ਕਰਨਾ ਚਾਹੀਦਾ ਏ।"

"ਸੋ ਤਾਂ ਹੈ।"

"ਸੁਣਿਐ, ਤੁਹਾਡੇ ਨਾਲ ਵੀ ਮਾੜੀ ਵਾਪਰ ਗਈ।"

"ਹਾਂ, ਮੇਰੇ 'ਤੇ ਵੀ ਝੂਠਾ ਹੀ ਦੋਸ਼ ਲੱਗ ਗਿਆ ਸੀ। ਹੁਣ ਦੋਸ਼ ਮੁਕਤ ਹੋ ਗਿਆ ਹਾਂ।"

"ਬੜੀ ਖ਼ੁਸ਼ੀ ਦੀ ਗੱਲ ਏ। ਮੇਰੇ ਪਾਸ ਮੇਰਾ ਸਾਥੀ ਪ੍ਰੋ. ਪ੍ਰੋਸ਼ਤਮ ਬੈਠਾ ਏ। ਅਸੀਂ ਇੱਕ ਮਸਲੇ ਤੇ ਵਿਚਾਰ ਕਰ ਰਹੇ ਸੀ। ਤੁਹਾਡੀ ਮਦਦ ਦੀ ਲੋੜ ਪੈ ਗਈ।"

"ਫਰਮਾਓ ਕੀ ਮਦਦ ਕਰ ਸਕਦਾ ਹਾਂ ?"

"ਅਸੀਂ ਸਿੱਖ ਮੱਤ ਵਿੱਚ ਮਾਸ ਦੇ ਸੇਵਨ ਬਾਰੇ ਵਿਚਾਰਾਂ ਕਰ ਰਹੇ ਸੀ। ਅੱਜ ਕੱਲ੍ਹ ਮੁੰਡਿਆਂ ਨੇ ਸੁਧਾਰਵਾਦੀ ਲਹਿਰ ਚਲਾਈ ਹੋਈ ਏ। ਸ਼ਰਾਬ ਤੇ ਸਿਗਰਟਾਂ ਦੀਆਂ ਦੁਕਾਨਾਂ ਦੇ ਨਾਲ-ਨਾਲ ਮੀਟ ਦੇ ਖੋਖੇ ਵੀ ਬੰਦ ਕਰਵਾਏ ਜਾ ਰਹੇ ਹਨ। ਸਿੱਖ ਤਾਂ ਮੀਟ ਵੀ ਖਾਂਦੇ ਹਨ ਤੇ ਸ਼ਰਾਬ ਵੀ ਪੀਂਦੇ ਹਨ। ਅਸੀਂ ਜਾਨਣਾ ਚਾਹੁੰਦੇ ਸੀ ਕਿ ਸਿੱਖ ਮੱਤ ਮੀਟ ਦੇ ਸੇਵਨ ਬਾਰੇ ਕੀ ਕਹਿੰਦਾ ਏ। ਤੁਸੀਂ ਤਾਂ ਇਸ ਬਾਰੇ ਜ਼ਰੂਰ ਪੜ੍ਹਿਆ ਹੋਵੇਗਾ?"

"ਪ੍ਰੋਫ਼ੈਸਰ ਸਾਹਿਬ, ਮੈਂ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤੀ ਹੋਈ ਪੰਥ ਪ੍ਰਵਾਣਤ ਸਿੱਖ ਰਹਿਤ ਮਰਿਆਦਾ ਪੜ੍ਹੀ ਏ। ਉਸਦੇ ਪੰਨਾ ਨੰ: 30 ਤੇ ਕਿਹਾ ਗਿਆ ਏ ਕਿ ਸਿੱਖ ਨੂੰ ਹਲਾਲ ਮੀਟ ਖਾਣਾ ਵਰਜਿਤ ਏ। ਵੈਸੇ ਗੁਰਬਾਣੀ ਵਿੱਚ ਵੀ ਮੀਟ ਦੇ ਸੇਵਨ ਬਾਰੇ ਕਈ ਹਵਾਲੇ ਆਉਂਦੇ ਹਨ। ਕੀ ਮੈਨੂੰ ਪੰਜ ਕੁ ਮਿੰਟ ਦਾ ਵਕਤ ਦਿਓਗੇ? ਮੈਂ ਤੁਹਾਨੂੰ ਇਹ ਹਵਾਲਾ ਆਪਣੀ ਅਲਮਾਰੀ ਵਿੱਚੋਂ ਦੇਖ ਕੇ ਦੱਸਦਾ ਹਾਂ।"

"ਕੋਈ ਗੱਲ ਨਹੀਂ। ਡਾ. ਸਾਹਿਬ, ਤੁਸੀਂ ਅਰਾਮ ਨਾਲ ਇਹ ਹਵਾਲਾ ਲੱਭ ਲਵੋ", ਉਜਾਗਰ ਮੱਲ ਪਤਵੰਤ ਸਿੰਘ ਦੇ ਉਨ੍ਹਾਂ ਦੀ ਸੇਵਾ ਵਿੱਚ ਇੱਕ ਦਮ ਹਾਜ਼ਰ ਹੋਣ ਤੇ ਹੈਰਾਨ ਸੀ।

"ਪ੍ਰਸ਼ੋਤਮ, ਤੁਹਾਨੂੰ ਦੱਸਿਆ ਸੀ ਕਿ ਪਤਵੰਤ ਸਿੰਘ ਇਸ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੜਾ ਹੀ ਵਧੀਆ ਸ੍ਰੋਤ ਏ।"

"ਉਸਨੇ ਇਤਿਹਾਸ ਦੇ ਨਾਲ ਨਾਲ ਗੁਰਬਾਣੀ ਦਾ ਵੀ ਕਾਫ਼ੀ ਅਧਿਐਨ ਕੀਤਾ ਹੋਇਆ ਏ। ਵੈਸੇ ਸਾਨੂੰ ਉਹਦੇ ਨਾਲ ਬੜੀ ਗੰਭੀਰਤਾ ਨਾਲ ਗੱਲ ਕਰਨੀ ਚਾਹੀਦੀ ਏ। ਮੈਂ ਇਸ ਪ੍ਰਕਾਰ ਦੇ ਬੰਦਿਆਂ ਦੇ ਬਹੁਤਾ ਨੇੜੇ ਜਾਣ ਤੋਂ ਗੁਰੇਜ ਕਰਦਾ ਹਾਂ।"

"ਉਹ ਕਿਉਂ?"

"ਸਰ ਜੀ, ਸਾਡੇ ਵਿੱਚ ਕਈ ਅਵਗੁਣ ਹਨ। ਅਵਗੁਣਾਂ ਵਾਲੇ ਬੰਦੇ ਨੂੰ ਸੱਚੇ ਸੁੱਚੇ ਬੰਦਿਆਂ ਦੇ ਬਹੁਤਾ ਨੇੜੇ ਨਹੀਂ ਜਾਣਾ ਚਾਹੀਦਾ। ਇਨ੍ਹਾਂ ਲੋਕਾਂ ਦੇ ਬਹੁਤਾ ਨੇੜੇ ਜਾਣਾ ਖ਼ਤਰਨਾਕ ਵੀ ਹੋ ਸਕਦਾ ਹਨ, ਖ਼ਾਸ ਕਰਕੇ ਇਨ੍ਹਾਂ ਹਾਲਾਤਾਂ ਵਿੱਚ। ਅਸੀਂ ਉਹਦੇ ਨਾਲ ਇਹ ਨਵਾਂ ਵਿਸ਼ਾ ਛੇੜ ਕੇ ਕਿਤੇ ਕੋਈ ਖਤਰਾ ਮੁੱਲ ਤਾਂ ਨਹੀਂ ਲੈ ਰਹੇ?"

"ਪ੍ਰਸ਼ੋਤਮ, ਐਡੀ ਕਿਹੜੀ ਗੱਲ ਏ? ਮੈਂ ਬੜੀ ਸੰਖੇਪ ਗੱਲ ਕਰਾਂਗਾ। ਤੁਸੀਂ ਐਵੇਂ

ਫਿਕਰ ਨਾ ਕਰੀ ਜਾਇਆ ਕਰੋ।"

ਇੰਨੇ ਚਿਰ ਵਿੱਚ ਟੈਲੀਫ਼ੋਨ ਦੀ ਘੰਟੀ ਖੜਕ ਗਈ।

"ਹੈਲੋ।"

"ਹੈਲੋ।"

"ਪ੍ਰੋਫ਼ੈਸਰ ਸਾਹਿਬ, ਮੈਂ ਹਵਾਲਾ ਤਲਾਸ਼ ਕਰ ਲਿਆ ਏ।"

ਪਤਵੰਤ ਸਿੰਘ ਨੇ ਕਿਹਾ।

"ਬਹੁਤ ਮਿਹਰਬਾਨੀ, ਡਾ: ਸਾਹਿਬ", ਉਜਾਗਰ ਮੱਲ ਨੇ ਸੰਖੇਪ ਜਵਾਬ ਦਿੱਤਾ।

"ਗੁਰੂ ਗ੍ਰੰਥ ਸਾਹਿਬ ਵਿੱਚ ਅੰਗ ਨੰ : 472 ਤੇ ਆਸਾ ਦੀ ਵਾਰ ਵਿੱਚ ਗੁਰੂ ਸਾਹਿਬ ਨੇ ਫ਼ੁਰਮਾਇਆ ਏ :

**ਅਭਾਖਿਆ ਕਾ ਕੁਠਾ ਬਕਰਾ ਖਾਣਾ ॥**

ਇਸ ਦਾ ਅਰਥ ਇਹ ਹੈ ਕਿ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਮਾਸ ਨਹੀਂ ਖਾਣਾ।"

"ਡਾ. ਸਾਹਿਬ 'ਅਭਾਖਿਆ' ਸ਼ਬਦ ਦਾ ਕੀ ਅਰਥ ਹੋਇਆ?"

"ਅਭਾਖਿਆ ਦਾ ਅਰਥ ਹੈ ਨਾ ਖਾਣਯੋਗ।"

"ਠੀਕ ਹੈ, ਡਾ: ਸਾਹਿਬ।"

"ਗੁਰੂ ਗ੍ਰੰਥ ਸਾਹਿਬ ਦੇ ਅੰਗ ਨੰ: 1289 ਤੇ 'ਰਾਗ ਮਲਾਰ' ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ:

**ਮਾਸੁ ਮਾਸੁ ਕਰਿ ਮੂਰਖ ਝਗੜੇ**
**ਗਿਆਨੁ ਧਿਆਨੁ ਨਹੀ ਜਾਣੈ ॥**
**ਕਉਣੁ ਮਾਸੁ ਕਉਣੁ ਸਾਗੁ ਕਹਾਵੈ**
**ਕਿਸੁ ਮਹਿ ਪਾਪ ਸਮਾਣੇ ॥**

ਅੱਗੇ ਜਾ ਕੇ ਇਸੀ ਹੀ ਰਾਗ ਵਿੱਚ ਲਿਖਿਆ ਹੈ :-

**ਜੀਅ ਜੰਤ ਸਭਿ ਮਾਸਹੁ ਹੋਏ**
**ਜੀਇ ਲਇਆ ਵਾਸੇਰਾ ॥**
**ਅਭਖੁ ਭਖਹਿ ਭਖੁ ਤਜਿ ਛੋਡਹਿ**
**ਅੰਧੁ ਗੁਰੂ ਜਿਨ ਕੇਰਾ ॥**
**ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥**
**ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥**

ਇਹਨਾਂ ਸਤਰਾਂ ਦਾ ਮਤਲਬ ਇਹ ਹੈ ਕਿ ਬਾਣੀ ਸਿਰਫ ਹਲਾਲ ਕੀਤੇ ਹੋਏ ਮਾਸ ਦੇ ਸੇਵਨ ਦੇ ਖ਼ਿਲਾਫ਼ ਏ।"



"ਡਾ. ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।"

"ਸਰ ਜੀ, ਫਿਰ ਇਹ ਖਾੜਕੂ ਮੁੰਡੇ ਮੀਟ ਦੇ ਖੋਖੇ ਕਿਉਂ ਬੰਦ ਕਰਵਾ ਰਹੇ ਨੇ?"

"ਪ੍ਰਸ਼ੋਤਮ, ਇਸਦਾ ਵੀ ਮੈਨੂੰ ਕੁੱਝ ਕਾਰਨ ਲੱਗਦਾ ਏ।"

"ਸਰ ਜੀ, ਕੀ?"

"ਖਾੜਕੂ ਸੋਚਦੇ ਹਨ ਕਿ ਬੰਦੇ ਧੜਾਧੜ ਮਰ ਰਹੇ ਹਨ। ਇਸ ਕਿਸਮ ਦੀ ਮਾਰਧਾੜ ਸਮੇਂ ਸਭ ਨੂੰ ਸੋਚਵਾਨ ਹੋਣਾ ਚਾਹੀਦਾ ਏ। ਮਾਸ ਬੰਦੇ ਵਿਚ ਖਾਮਖਾਹ ਕਾਮਵਾਸ਼ਨਾ ਵੀ ਪੈਦਾ ਕਰਦਾ ਏ। ਕਾਮਵਾਸ਼ਨਾ ਪੈਦਾ ਹੋਣ ਨਾਲ ਬੰਦਾ ਲਾਚੜਦਾ ਏ। ਜ਼ਿਆਦਾ ਲਾਚੜਨਾ ਖ਼ੁਸ਼ੀ ਦਾ ਪ੍ਰਤੀਕ ਏ। ਜਦ ਪੰਜਾਬ ਤੇ ਭਾਰੀ ਪਈ ਹੋਈ ਏ ਤਾਂ ਖ਼ੁਸ਼ੀ ਮਨਾਉਣੀ ਸ਼ੋਭਾ ਨਹੀਂ ਦਿੰਦੀ। ਇਕ ਹੋਰ ਗੱਲ ਏ ਕਿ ਜਦ ਕੋਈ ਮਾਸ ਖਾਂਦਾ ਏ ਤਾਂ ਉਹ ਅਕਸਰ ਸ਼ਰਾਬ ਦਾ ਸੇਵਨ ਵੀ ਕਰਦਾ ਹੈ। ਇਨ੍ਹਾਂ ਦੋਹਾਂ ਦੇ ਸੇਵਨ ਨਾਲ ਮਨ ਵਿੱਚ ਮਸਤੀ ਜਾਗਦੀ ਏ। ਖਾੜਕੂ ਸੋਚਦੇ ਹਨ, ਹਾਲਾਤ ਨੂੰ ਦੇਖਦੇ ਹੋਏ ਮਸਤੀ ਵਿੱਚ ਝੂਮਦੇ ਨਾ ਫਿਰੋ। ਪੰਜਾਬ ਵਿੱਚ ਡੁੱਲ੍ਹ ਰਹੇ ਖ਼ੂਨ 'ਤੇ ਸੋਗ ਮਨਾਵੋ। ਵੈਸੇ ਆਮ ਹਾਲਾਤਾਂ ਵਿੱਚ ਸਿੱਖ ਮਤ ਮਾਸ ਦੇ ਸੇਵਨ ਦੇ ਖ਼ਿਲਾਫ਼ ਨਹੀਂ ਏ।"

"ਸਰ ਜੀ, ਤੁਹਾਡਾ ਵਿਚਾਰ ਮੈਨੂੰ ਠੀਕ ਲੱਗਦਾ ਏ। ਮੈਂ ਹਿਸਟਰੀ ਵਿੱਚ ਪੜ੍ਹਿਆ ਸੀ ਕਿ ਸ਼ਿਕਾਰ ਤਾਂ ਛੇਵੀਂ ਪਤਾਸ਼ਾਹੀ ਤੇ ਦਸਵੀਂ ਪਾਤਸ਼ਾਹੀ ਨੇ ਵੀ ਕੀਤਾ। ਮਹਾਰਾਜਾ ਰਣਜੀਤ ਸਿੰਘ ਵੀ ਸ਼ਿਕਾਰ ਦੇ ਸ਼ੌਕੀਨ ਸਨ।"

"ਪ੍ਰਸ਼ੋਤਮ, ਮੈਂ ਤੁਹਾਨੂੰ ਸਰੂਪ ਸਿੰਘ ਕੋਸ਼ਿਸ਼ ਦੀ ਲਿਖਤ 'ਗੁਰੂ ਦੀਆਂ ਸਾਖੀਆਂ' 'ਚੋਂ ਇੱਕ ਹਵਾਲਾ ਦਿੰਦਾ ਹਾਂ। ਜਦ ਦਸਮ ਪਾਤਸ਼ਾਹ ਨੰਦੇੜ ਸਾਹਿਬ ਦੇ ਨੇੜੇ ਬੰਦਾ ਬਹਾਦਰ ਦੇ ਡੇਰੇ ਤੇ ਗਏ ਸਨ ਤਾਂ ਉਹਨਾਂ ਨੇ ਉਸਦੇ ਪੈਰੋਕਾਰਾਂ ਨੂੰ ਬੱਕਰੇ ਝਟਕਣ ਲਈ ਕਿਹਾ ਸੀ। ਉਸ ਸਮੇਂ ਬੰਦਾ (ਮਾਧੋ ਦਾਸ) ਆਪਣੇ ਡੇਰੇ ਤੋਂ ਬਾਹਰ ਗਿਆ ਹੋਇਆ ਸੀ। ਗੁਰੂ ਸਾਹਿਬ ਨੇ ਮੀਟ ਦਾ ਲੰਗਰ ਤਿਆਰ ਕਰਵਾ ਕੇ ਸਿੰਘਾਂ ਨੂੰ ਛਕਾਇਆ ਸੀ। ਬੰਦਾ ਬਹਾਦਰ ਉਰਫ਼ ਮਾਧੋ ਦਾਸ ਤਾਂ ਹਿਰਨੀ ਦੇ ਸ਼ਿਕਾਰ ਤੋਂ ਬਾਅਦ ਸ਼ਾਕਾਹਾਰੀ ਬਣ ਚੁੱਕਾ ਸੀ। ਗੁਰੂ ਜੀ ਵੱਲੋਂ ਬੱਕਰੇ ਝਟਕਣ ਨੂੰ ਡੇਰੇ ਦੇ ਸੇਵਾਦਾਰਾਂ ਨੇ ਬਹੁਤ ਹੀ ਬੁਰਾ ਮਨਾਇਆ ਸੀ। ਗੁਰੂ ਜੀ ਦਾ ਬੰਦੇ ਨੂੰ ਇਹ ਸਿੱਖਿਆ ਦੇਣ ਦਾ ਤਰੀਕਾ ਵੀ ਸੀ।"

"ਸਿੱਖਿਆ ਦੇਣ ਦਾ ਤਰੀਕਾ?" ਕੀ ਭਾਵ?

"ਗੁਰੂ ਸਾਹਿਬ ਨੇ ਤਾਂ ਲਛਮਣ ਦਾਸ ਦਾ ਪਲੰਘ ਵੀ ਮੱਲ ਲਿਆ ਸੀ। ਮਾਧੋਦਾਸ ਦੇ ਬੇਬਸ ਹੋਏ ਚੇਲਿਆਂ ਨੇ ਆਪਣੇ ਇੱਕ ਸਾਥੀ ਨੂੰ ਇਹ ਖ਼ਬਰ ਮਾਧੋਦਾਸ ਨੂੰ ਦੇਣ ਲਈ ਭੇਜਿਆ ਸੀ। ਖ਼ਬਰ ਮਿਲਣ ਤੋਂ ਥੋੜ੍ਹੀ ਦੇਰ ਵਿੱਚ ਹੀ ਮਾਧੋਦਾਸ ਉਰਫ਼ ਬੰਦਾ ਵਾਪਿਸ ਡੇਰੇ ਵਿੱਚ ਪਹੁੰਚ ਗਿਆ ਸੀ। ਮਾਧੋ ਦਾਸ ਨੂੰ ਦੇਖ ਕੇ ਗੁਰੂ ਸਾਹਿਬ ਨੇ ਉਸਨੂੰ ਕਿਹਾ ਸੀ,

'ਮਾਧੋ ਦਾਸ, ਅਸੀਂ ਤੈਨੂੰ ਮਿਲਣ ਆਏ ਹਾਂ, ਤੂੰ ਕਿੱਥੇ ਗਿਆ ਸੀ?'

ਜਵਾਬ ਵਿੱਚ ਮਾਧੋਦਾਸ ਬੋਲਿਆ, 'ਗ਼ਰੀਬ ਨਿਵਾਜ਼, ਮੈਂ ਤੁਹਾਨੂੰ ਨਹੀਂ ਜਾਣਦਾ। ਆਪ ਆਏ ਕਿੱਥੋਂ ਹੋ? ਜੇ ਤੁਸੀਂ ਮੈਨੂੰ ਜਾਣਦੇ ਹੋ ਤਾਂ ਮੈਨੂੰ ਉਡੀਕ ਲੈਣਾ ਸੀ, ਇਹ ਜਾਨਵਰ ਕਿਉਂ ਮਾਰਨੇ ਸੀ? ਇਹ ਡੇਰਾ ਵੈਸ਼ਨੂੰ ਸਾਧੂਆਂ ਦਾ ਹੈ।'

ਗੁਰੂ ਜੀ ਬੋਲੇ, 'ਮਾਧੋ ਦਾਸ, ਸਾਡੇ ਨਾਲ ਤੇਰੀ ਜਾਣ ਪਛਾਣ ਇਕ ਦਫ਼ਾ ਕਨਖਲ ਵਿੱਚ ਹੋਈ ਸੀ। ਉਸ ਵੇਲੇ ਤੂੰ ਸਾਧੂਆਂ ਦੀ ਇੱਕ ਮੰਡਲੀ ਵਿੱਚ ਸੀ।'

ਇਹ ਸੁਣ ਨੇ ਮਾਧੋ ਦਾਸ ਨੇ ਅੱਖ ਉਠਾਈ ਤੇ ਗੁਰੂ ਜੀ ਵੱਲ ਦੇਖ ਕੇ ਬੋਲਿਆ, 'ਆਪ ਗੁਰੂ ਗੋਬਿੰਦ ਸਿੰਘ ਹੋ ਜਿਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿੱਚ ਜਾ ਕੇ ਆਪਣਾ ਬਲਿਦਾਨ ਦਿੱਤਾ ਸੀ?' ਸਤਿਗੁਰ ਨੇ ਆਖਿਆ, 'ਹਾਂ ਮਾਧੋਦਾਸ, ਮੈਂ ਉਹੀ ਹਾਂ।'

ਇਹ ਹਾਂ ਦੀ ਅਵਾਜ਼ ਸੁਣ ਕੇ ਮਾਧੋਦਾਸ ਨੇ ਆਪਣਾ ਸੀਸ ਗੁਰੂ ਜੀ ਦੇ ਪੈਰਾਂ ਵਿੱਚ ਝੁਕਾ ਕੇ ਖਿਮਾ ਮੰਗੀ ਸੀ। ਫਿਰ ਦਸਮ ਪਾਤਸ਼ਾਹ ਨੇ ਕਿਹਾ ਸੀ, 'ਮਾਧੋ ਦਾਸ ਤੁਸਾਂ ਪੁੱਛਿਆ ਏ ਕਿ ਇਹ ਡੇਰਾ ਵੈਸ਼ਨੂੰਆਂ ਦਾ ਏ ਜਿਥੇ ਜਾਨਵਰ ਨਹੀਂ ਮਾਰੇ ਜਾ ਸਕਦੇ। ਮੈਂ ਤੈਨੂੰ ਜਗਾਉਣ ਵਾਸਤੇ ਇਥੇ ਆਇਆ ਹਾਂ। ਇਹ ਤਿੰਨ ਚਾਰ ਜਾਨਵਰ ਮਾਰਨ ਨਾਲ ਭਲਾ ਇਹ ਡੇਰਾ ਭਿੱਟਿਆ ਗਿਆ ਏ। ਤੈਨੂੰ ਵੱਡੇ ਡੇਰੇ ਹਿੰਦ ਦਾ ਨਹੀਂ ਪਤਾ ਜਿਥੇ ਰੋਜ਼ ਸੈਂਕੜੇ ਹਜ਼ਾਰਾਂ ਮਜ਼ਲੂਮ ਨਿਰਦੋਸ਼ ਕੋਹੇ ਜਾ ਰਹੇ ਹਨ। ਮੈਂ ਸਿਰਫ ਤੇਰਾ ਧਿਆਨ ਦਿਵਾਉਣ ਲਈ ਇਸ ਡੇਰੇ ਵਿਚ ਆਇਆ ਹਾਂ।'

ਇਹ ਸੁਣ ਕੇ ਮਾਧੋਦਾਸ ਬੋਲਿਆ, 'ਮੈਂ ਅੱਜ ਤੋਂ ਦਿਲੋਂ ਜਾਨ ਤੋਂ ਤੁਹਾਡਾ ਬੰਦਾ ਹਾਂ। ਮੈਨੂੰ ਅੱਗੇ ਵਾਸਤੇ ਕਾਰ ਸੇਵਾ ਦੱਸੋ।'

"ਪ੍ਰੋਫ਼ੈਸਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਕਈ ਵਾਰੀ ਮੀਟ ਦਾ ਸੇਵਨ ਕਿਸੇ ਖ਼ਾਸ ਮਕਸਦ ਲਈ ਵੀ ਕੀਤਾ ਗਿਆ ਹੁੰਦਾ ਏ। ਸ਼ਿਕਾਰ ਕਈ ਵਾਰ ਆਪਣੀ ਬਹਾਦਰੀ ਦੀ ਕਲਾ ਨੂੰ ਚਮਕਾਉਣ ਲਈ ਵੀ ਕੀਤਾ ਜਾਂਦਾ ਸੀ। ਜੇ ਕੋਈ ਸ਼ੇਰ ਦਾ ਸ਼ਿਕਾਰ ਕਰ ਲਵੇ ਤਾਂ, ਉਹ ਕਾਫ਼ੀ ਬਹਾਦਰ ਮੰਨਿਆ ਜਾਂਦਾ ਏ। ਪਿਛਲੇ ਸਮਿਆਂ ਵਿਚ ਰਾਜਿਆਂ ਮਹਾਰਾਜਿਆਂ ਦੀ ਬਹਾਦਰੀ ਉਨ੍ਹਾਂ ਦੀ ਇਕ ਖ਼ਾਸ ਵਿਸ਼ੇਸ਼ਤਾਈ ਹੋਇਆ ਕਰਦੀ ਸੀ। ਇਹ ਬਹਾਦਰੀ ਵਿਰੋਧੀਆਂ ਤੇ ਬੜਾ ਗਹਿਰਾ ਅਸਰ ਕਰਦੀ ਸੀ। ਸੋ ਤੁਹਾਡੇ ਸਵਾਲਾਂ ਬਾਰੇ ਮੇਰੀ ਤਾਂ ਇਹੀ ਰਾਏ ਹੈ। ਬਾਕੀ ਮੈਂ ਕੁਝ ਲਿਖਤਾਂ ਤੇ ਚੰਗੀ ਤਰ੍ਹਾਂ ਨਜ਼ਰ ਮਾਰ ਕੇ ਤੁਹਾਨੂੰ ਫਿਰ ਕਿਤੇ ਇਸ ਵਿਸ਼ੇ ਬਾਰੇ ਕੁਝ ਹੋਰ ਵੀ ਦੱਸ ਸਕਦਾ ਹਾਂ। ਕਈ ਵਾਰ ਕਈ ਗੱਲਾਂ ਜ਼ੁਬਾਨੀ ਯਾਦ ਵੀ ਨਈਂ ਰਹਿੰਦੀਆਂ।"

"ਡਾ: ਸਾਹਿਬ, ਬਹੁਤ ਮੇਹਰਬਾਨੀ। ਮੈਂ ਤੁਹਾਨੂੰ ਕਿਤੇ ਮਿਲਣ ਦੀ ਵੀ ਕੋਸ਼ਿਸ਼ ਕਰਾਂਗਾ।"

"ਮੋਸਟ ਵੈਲਕਮ।"

ਪ੍ਰੋਫ਼ੈਸਰ ਸਾਹਿਬ, ਮੈਂ ਮੁੰਡਿਆਂ ਦੀ ਸੁਧਾਰਵਾਦੀ ਲਹਿਰ ਤੇ ਪਤਵੰਤ ਸਿੰਘ ਦੇ



ਵਿਚਾਰ ਸੁਣਨ ਤੋਂ ਬਾਅਦ ਇਹੀ ਅੰਦਾਜ਼ਾ ਲਗਾਉਂਦਾ ਹਾਂ ਕਿ ਮੀਟ ਤੇ ਸ਼ਰਾਬ ਸਭ ਸਿੱਖ ਧਰਮ 'ਚ ਮਨ੍ਹਾਂ ਹਨ। ਇਹ ਬੰਦੇ ਦੀ ਬਿਰਤੀ ਖ਼ਰਾਬ ਕਰਦੇ ਹਨ। ਬੁੱਧੀ ਭ੍ਰਿਸ਼ਟ ਕਰਦੇ ਹਨ, ਬੰਦੇ 'ਚ ਕਾਮ ਵਾਸ਼ਨਾ ਪੈਦਾ ਕਰਦੇ ਹਨ, ਬੰਦੇ 'ਚ ਕ੍ਰੋਧ ਪੈਦਾ ਕਰਦੇ ਹਨ, ਆਪਸੀ ਲੜਾਈਆਂ ਕਰਾਉਣ ਵਿਚ ਵੀ ਬੰਦੇ ਨੂੰ ਉਕਸਾਉਂਦੇ ਹਨ। ਮਨੁੱਖ ਫਿਰ ਵੀ ਇਸਦਾ ਸੇਵਨ ਕਿਉਂ ਕਰਦਾ ਹੈ ? ਇਸਦਾ ਜਵਾਬ ਤਾਂ ਇਹੀ ਦਿੱਤਾ ਜਾ ਸਕਦਾ ਏ ਕਿ ਮਨੁੱਖ ਨਾ ਤਾਂ ਦੇਵਤਾ ਸਮਾਨ ਹੋ ਸਕਦਾ ਏ ਤੇ ਨਾ ਹੀ ਉੱਚ ਕੋਟੀ ਦੀਆਂ ਧਾਰਮਿਕ ਹਸਤੀਆਂ ਦੇ ਬਰਾਬਰ ਉਠ ਸਕਦਾ ਏ। ਕਈ ਵਾਰ ਜਵਾਨੀ ਵਿਚ ਬੰਦਾ ਵੱਧ ਗਲਤੀਆਂ ਕਰਦੇ ਏ। ਜਿਓਂ ਜਿਓਂ ਵੱਡਾ ਹੁੰਦਾ ਜਾਂਦਾ ਏ ਉਹ ਸਮਝਦਾਰ ਹੁੰਦਾ ਜਾਂਦਾ ਏ।"

"ਪ੍ਰੋਫ਼ੈਸਰ ਸਾਹਿਬ, ਕਈ ਵਾਰ ਧਾਰਮਿਕ ਬੰਦੇ ਵੀ ਬਥੇਰੀਆਂ ਗ਼ਲਤੀਆਂ ਕਰਦੇ ਦੇਖੇ ਹਨ। ਕਈ ਲੋਕ ਬੁਢਾਪੇ ਵਿੱਚ ਜਾ ਕੇ ਅੰਮ੍ਰਿਤ ਛਕ ਲੈਣਗੇ, ਜਵਾਨੀ 'ਚ ਪੂਰੀਆਂ ਕੁਤਾਹੀਆਂ ਕਰਨਗੇ।"

"ਪ੍ਰਸ਼ੋਤਮ, ਮੈਂ ਧਾਰਮਿਕ ਬੰਦਾ ਉਹਨੂੰ ਸਮਝਦਾ ਹਾਂ ਜਿਹੜਾ 20 ਸਾਲ ਦੀ ਉਮਰ ਤੋਂ ਲੈ ਕੇ 55 ਸਾਲ ਦੀ ਉਮਰ ਤੱਕ ਗੁਰਮਰਿਆਦਾ ਅਨੁਸਾਰ ਜੀਵਨ ਬਿਤਾਏ। ਜਿਹੜੇ ਲੋਕ ਇਸ ਉਮਰ ਦੌਰਾਨ ਸੱਚੇ ਸੁੱਚੇ ਰਹਿੰਦੇ ਹਨ ਉਹ ਹਮੇਸ਼ਾ ਹੀ ਸੱਚੇ ਸੁੱਚੇ ਹਨ। ਪ੍ਰਸ਼ੋਤਮ ਜੀ, ਛੱਡੋ ਇਹਨਾਂ ਗੱਲਾਂ ਨੂੰ। ਆਪਾਂ ਦੋਵੇਂ ਪਤਵੰਤ ਸਿੰਘ ਤਾਂ ਬਣ ਨਹੀਂ ਸਕਦੇ। ਉਹ ਤਾਂ ਬੜਾ ਹੀ ਸੱਚਾ ਪੱਕਾ ਏ। ਆਪਾਂ ਤਾਂ ਵੇਲੇ ਕੁਵੇਲੇ ਦਾਅ ਲਾ ਹੀ ਲਈਦਾ ਏ। ਹੋਰ ਅੱਜ ਬਾਰੇ ਕੀ ਖਿਆਲ ਏ? ਕਿਹੜੀ ਪੀਣੀ ਪਸੰਦ ਕਰੋਗੇ?"

"ਸਰ ਜੀ, ਡਰ ਜਿਹਾ ਲੱਗੀ ਜਾਂਦਾ ਏ। ਮੁੰਡੇ ਕਿਤੇ ਵੀ ਮਿਲ ਸਕਦੇ ਨੇ। ਠੇਕੇ ਸਭ ਬੰਦ ਪਏ ਨੇ।"

"ਪ੍ਰਸ਼ੋਤਮ, ਤੁਸੀਂ ਠੇਕਿਆਂ ਦੀ ਪਰਵਾਹ ਨਾ ਕਰੋ। ਮੇਰੇ ਪਾਸ ਘਰ ਪਈ ਹੀ ਏ। ਰੈੱਡ ਨਾਈਟ ਪੀਓਗੇ ਜਾਂ ਮੈੱਕਡਾਵਲ? ਵੈਸੇ ਮੇਰੇ ਪਾਸ ਹਰਕੁਲੀਸ ਰੰਮ ਵੀ ਪਈ ਏ।"

"ਸਰ, ਤੁਸੀਂ ਤਾਂ ਬੜੇ ਬ੍ਰਾਂਡ ਘਰ 'ਚ ਰੱਖਦੇ ਹੋ। ਕੀ ਤੁਹਾਨੂੰ ਅੱਜ ਦੇ ਹਾਲਾਤ ਮੁਤਾਬਿਕ ਡਰ ਨੀ ਲੱਗਦਾ?"

"ਪ੍ਰਸ਼ੋਤਮ ਜੀ, ਬਹੁਤੀ ਪ੍ਰਵਾਹ ਨਾ ਕਰਿਆ ਕਰੋ। ਬੱਸ ਅੰਦਰ ਵੜ ਕੇ ਬੁੱਕਲ 'ਚ ਗੁੜ ਭੰਨ ਲਿਆ ਕਰੋ। ਬਹੁਤਾ ਬਾਹਰ ਰੌਲਾ ਨੀ ਪਾਈਦਾ ਹੁੰਦਾ। ਖਾਓ ਪੀਓ ਜੋ ਮਰਜ਼ੀ ਬਸ ਮੂੰਹ ਬੰਦ ਰੱਖੋ।"

ਸਰ ਜੀ, ਤੁਹਾਡੀ ਮਰਜ਼ੀ। ਲਿਆਓ ਫਿਰ ਅੱਜ ਹਰਕੁਲੀਸ ਰੰਮ ਦਾ ਹੀ ਸਵਾਦ ਚਖਦੇ ਹਾਂ। ਜਦ ਅਗਲੀ ਵਾਰ ਮੇਰੇ ਘਰ ਆਓਗੇ ਤਾਂ ਮੈਂ ਤੁਹਾਨੂੰ ਸਵਰਨੋ ਪਿਆਵਾਂਗਾ।

"ਸਵਰਨੋ"?

"ਜੀ ਹਾਂ।"

"ਪ੍ਰਸ਼ੋਤਮ, ਇਹ ਤਾਂ ਕਿਸੇ ਤੀਵੀਂ ਦਾ ਨਾਂ ਲੱਗਦਾ ਏ?"

"ਨਹੀਂ ਸਰ ਜੀ, ਇਹ ਸ਼ਰਾਬ ਦਾ ਨਾਂ ਏ।"

"ਮੈਂ ਤਾਂ ਕਦੀ ਇਹ ਸ਼ਰਾਬ ਦਾ ਨਾਮ ਸੁਣਿਆ ਨੀ। ਐਵੇਂ ਮਜ਼ਾਕ ਨਾ ਕਰਿਆ ਕਰੋ। ਤੁਹਾਡੇ ਮਨ ਵਿੱਚ ਮੈਨੂੰ ਕੁੱਝ ਹੋਰ ਲੱਗਦਾ ਏ।"

"ਮੇਰਾ ਇਕ ਦੋਸਤ ਅਜੇ ਪਰਸੋਂ ਹੀ ਇੰਗਲੈਂਡ ਤੋਂ ਆਇਆ ਏ। ਉਹ ਮੇਰੇ ਵਾਸਤੇ ਇਕ ਸਵਰਨੋ ਦੀ ਬੋਤਲ ਲਿਆਇਆ ਏ।"

"ਗੋਰੇ ਸ਼ਰਾਬ ਦਾ ਪੰਜਾਬੀ ਨਾਮ ਕਿਵੇਂ ਰੱਖ ਸਕਦੇ ਹਨ?"

"ਸਰ ਜੀ, ਮੇਰਾ ਉਹ ਦੋਸਤ ਇਸ ਸ਼ਰਾਬ ਨੂੰ ਸਵਰਨੋ ਕਹਿ ਰਿਹਾ ਸੀ। ਅਸਲ ਵਿੱਚ ਇਸਦਾ ਅੰਗਰੇਜ਼ੀ ਨਾਮ ਸਮਰਨਔਫ (Smirnoff) ਏ। ਉਸਨੇ ਸ਼ੁਗਲ ਵਿੱਚ ਇਸਦਾ ਨਾਮ ਸਵਰਨੋ ਹੀ ਰੱਖਿਆ ਹੋਇਆ ਏ। ਵੈਸੇ ਵੀ ਓਧਰਲੇ ਬੰਦੇ ਅੰਗਰੇਜ਼ੀ ਬੋਲਣ ਲੱਗੇ ਗੋਰਿਆਂ ਵਾਂਗ ਅੱਧਾ ਅੱਖਰ ਖਾ ਹੀ ਜਾਂਦੇ ਹਨ।"

"ਇਸ ਸ਼ਬਦ ਦਾ ਮਤਲਬ ਕੀ ਹੋਇਆ?"

"ਮੈਨੂੰ ਤਾਂ ਪਤਾ ਨਹੀਂ। ਕੀ ਤੁਹਾਨੂੰ ਪਤਾ ਏ?"

"ਮੈਨੂੰ ਵੀ ਪਤਾ ਨਹੀਂ ਕਿਸੇ ਅੰਗਰੇਜ਼ੀ ਵਾਲੇ ਨੂੰ ਪੁੱਛਣਾ ਪਏਗਾ।"

"ਛੱਡੋ ਸਰ, ਕੱਲ੍ਹ ਨੂੰ ਮੈਂ ਅੰਗਰੇਜ਼ੀ ਵਾਲੇ ਸ਼ਰਮੇ ਨੂੰ ਪੁੱਛਾਂਗਾ। ਵੈਸੇ ਇਹ ਸ਼ਰਾਬ ਰੂਸ ਦੀ ਏ। ਹੋ ਸਕਦਾ ਇਹ ਰੂਸੀ ਭਾਸ਼ਾ ਦਾ ਕੋਈ ਸ਼ਬਦ ਹੋਵੇ।"

"ਠੀਕ ਏ।"

ਫਿਰ ਦੋਨੋਂ ਆੜੀਆਂ ਨੇ ਗਲਾਸੀਆਂ ਟਕਰਾਅ ਕੇ "ਚੀਅਰਜ਼" ਬੋਲ ਦਿੱਤਾ।

"ਨਾਲੇ ਡਰੀ ਜਾਂਦੇ ਹੋ ਤੇ ਨਾਲੇ ਰੌਇਲ ਚੈਲੇਂਜ ਦੀਆਂ ਗੱਲਾਂ ਕਰਦੇ ਹੋ?"

ਉਜਾਗਰ ਮੱਲ ਨੇ ਪ੍ਰਸ਼ੋਤਮ ਨੂੰ ਹੋਰ ਟੋਹਣਾ ਚਾਹਿਆ।

"ਸਰ ਜੀ, ਜਿਹੜੀ ਘਰ ਪਈ ਏ ਉਹ ਹੁਣ ਖਰਾਬ ਥੋੜ੍ਹਾ ਕਰਨੀ ਏ। ਉਸਨੂੰ ਤਾਂ ਪੀ ਕੇ ਹੀ ਮੁਕਾਵਾਂਗੇ। ਹੋਰ ਖ਼ਰੀਦਣ ਤੋਂ ਗੁਰੇਜ਼ ਵੀ ਕਰ ਸਕਦੇ ਹਾਂ।"

"ਪ੍ਰਸ਼ੋਤਮ, ਤੂੰ ਜ਼ੌਕ ਦਾ ਸ਼ੇਅਰ ਨਹੀਂ ਸੁਣਿਆ?"

"ਸਰ ਜੀ, ਕਿਹੜਾ?"

"ਐ ਜ਼ੌਕ ਦੇਖ ਦਖਤੇ-ਰਿਜ਼ ਕੋ ਨਾ ਮੂੰਹ ਲਗਾ ਛੁਟਤੀ ਨਹੀਂ ਯੇਹ ਮੂੰਹ ਸੇ ਲਗੀ ਹੁਈ।"

"ਵਾਹ, ਵਾਹ, ਸਰ ਜੀ ਕਮਾਲ ਕਰਤੀ। ਮੈਨੂੰ ਵੀ ਇੱਕ ਸ਼ੇਅਰ ਯਾਦ ਆ ਗਿਆ।"

"ਅਰਸ਼ਾਦ।"

"ਜ਼ਾਹਿਦ, ਸ਼ਰਾਬ ਪੀਨੇ ਦੇਹ ਮਸਜਿਦ ਮੇ ਬੈਠ ਕਰ ਜਾ ਵੋਹ ਜਗਹ ਬਤਾ ਦੇ ਯਹਾਂ ਪੇ ਖੁਦਾ ਨਾ ਹੋ।"

"ਇੱਕ ਹੋਰ ਹੋ ਜਾਵੇ ਸਰ ਜੀ ?"



"ਅਰਸ਼ਾਦ! ਲਓ ਪੇਸ਼ ਏ।"

"ਜ਼ਾਹਿਦ ਸ਼ਰਾਬ ਪੀਨੇ ਸੇ ਕਾਫਿਰ ਹੂਆ ਮੈਂ ਕਿਉਂ, ਕਯਾ ਚੁੱਲ੍ਹ ਭਰ ਪਾਨੀ ਮੇ ਈਮਾਨ ਬਹਿ ਗਿਆ।"

"ਕਯਾ ਬਾਤ ਏ, ਸਰ ਜੀ। ਅੱਜ ਤਾਂ ਤੁਸੀਂ ਕਮਾਲ ਕਰਤੀ", ਪ੍ਰਸ਼ੋਤਮ ਨੇ ਜਾੜ੍ਹ ਘੁੱਟ ਕੇ ਗਲਾਸ ਖਾਲੀ ਕਰ ਦਿੱਤਾ।

"ਹੋਰ, ਤੇਰੀ ਮਹਿਬੂਬਾ ਦਾ ਕੀ ਹਾਲ ਏ?"

ਉਜਾਗਰ ਮੱਲ ਨੇ ਪ੍ਰਸ਼ੋਤਮ ਦੀ ਦੁਖਦੀ ਰੰਗ ਟੋਹਣੀ ਸ਼ੁਰੂ ਕਰ ਦਿੱਤੀ।

"ਸਰ ਜੀ, ਉਹ ਕਿਹੜੀ ਕੋਈ ਕਾਲਜ ਦੀ ਅੱਲੜ੍ਹ ਲੜਕੀ ਏ ਜਿਹੜੀ ਇੱਕ ਦਮ ਨੇੜੇ ਆ ਜਾਊ? ਆਫਟਰ ਆਲ, ਲੈਕਚਰਾਰ ਏ। ਕੀ ਮੈਂ ਤੁਹਾਨੂੰ ਉਹਦੇ ਕਾਬਲ ਲੱਗਦਾ ਹਾਂ?"

"ਪ੍ਰਸ਼ੋਤਮ, ਇਸ਼ਕ ਵਿੱਚ ਕਾਬਲ ਲੱਗਣ ਦੀਆਂ ਗੱਲਾਂ ਨਹੀਂ ਕਰੀਦੀਆਂ ਹੁੰਦੀਆਂ। ਜਦ ਉਹ ਤੇਰੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਤੋਂ ਗੁਰੇਜ਼ ਨਹੀਂ ਕਰਦੀ ਤਾਂ ਕੁੱਝ ਨਾ ਕੁੱਝ ਦਾਲ ਵਿੱਚ ਕਾਲਾ ਤਾਂ ਲੱਗਦਾ ਹੀ ਏ। ਤੈਨੂੰ ਕੀ ਮਾੜਾ ਜੇ ਤੇਰੀ ਸਾਥਣ ਹੀ ਬਣ ਜਾਵੇ। ਪੜ੍ਹੀ ਲਿਖੀ ਵੀ ਏ, ਨੌਕਰੀ ਵੀ ਕਰਦੀ ਏ ਖ਼ੂਬਸੂਰਤ ਵੀ ਏ। ਯਾਰ ਸੇ ਛੇੜ ਚਲੀ ਜਾਏ ਗਾਲਿਬ, ਗਰ ਨਹੀਂ ਇਸ਼ਕ ਸ਼ਰਾਰਤ ਹੀ ਸਹੀ।"

"ਸਰ, ਖੱਜਲ ਖੁਆਰ ਬਹੁਤ ਕਰ ਰਹੀ ਏ। ਕਈ ਵਾਰ ਤਾਂ ਟਾਂਚਾਂ ਕਰਦੀ-ਕਰਦੀ ਬੇਜ਼ਤੀ ਵੀ ਕਰ ਦਿੰਦੀ ਏ।" "ਪ੍ਰਸ਼ੋਤਮ, ਸਿਆਣੇ ਕਹਿੰਦੇ ਆ-ਪੁਲਿਸ ਦੇ ਕੁੱਟਿਓਂ ਦਾ, ਤਿਲਕ ਕੇ ਡਿੱਗਿਓ ਦਾ ਤੇ ਤੀਵੀਂ ਦੇ ਝਿੜਕਿਓ ਦਾ ਗੁੱਸਾ ਨਹੀਂ ਕਰੀਦਾ ਨਾਲੇ ਸ਼ੁਰੂ ਸ਼ੁਰੂ ਵਿੱਚ ਤਾਂ ਤੀਵੀਆਂ ਇਵੇਂ ਕਰਦੀਆਂ ਹੀ ਹੁੰਦੀਆਂ ਨੇ।"

"ਸਰ ਜੀ, ਤੁਹਾਨੂੰ ਬੜਾ ਤਜਰਬਾ ਲੱਗਦਾ ਏ?"

"ਤੁਹਾਡੇ ਜਿਹੇ ਦਿਨ ਹਰੇਕ ਤੇ ਹੀ ਆਏ ਹੁੰਦੇ ਨੇ। ਕੋਈ ਖੁੱਲ੍ਹ ਕੇ ਦੱਸ ਦਿੰਦਾ ਏ ਤੇ ਕੋਈ ਚੁੱਪ ਵੱਟੀ ਰੱਖਦਾ ਏ।"

"ਇਸਦਾ ਮਤਲਬ ਇਹ ਕਿ ਤੁਸੀਂ ਵੀ ਇਸ ਪ੍ਰਕਾਰ ਦੇ ਹਾਲਾਤਾਂ ਵਿੱਚੋਂ ਗੁਜਰ ਚੁੱਕੇ ਹੋ। ਸਰ ਜੀ, ਕੋਈ ਆਪ ਬੀਤੀ।"

"ਪ੍ਰਸ਼ੋਤਮ ਜੀ, ਤੁਸੀਂ ਤਾਂ ਅਜੇ ਫਿਰ ਠੀਕ ਹੋ। ਤੁਹਾਡਾ ਪੇਚਾ ਇੱਕ ਜਨਾਨੀ ਨਾਲ ਪਿਆ ਹੋਇਆ ਏ। ਦੂਜੀ ਗੱਲ ਇਹ ਕਿ ਤੁਸੀਂ ਸਿੱਧੇ ਸ਼ਾਦੀ ਦੇ ਬੰਧਨ ਵਿੱਚ ਹੀ ਬੱਝਣਾ ਚਾਹੁੰਦੇ ਹੋ। ਕਈ ਵਾਰ ਨਮਾਜ਼ਾਂ ਬਖਸ਼ਾਉਂਦੇ-ਬਖਸ਼ਾਉਂਦੇ ਰੋਜੇ ਹੀ ਗੱਲ ਪੈ ਜਾਂਦੇ ਨੇ। ਮੇਰਾ ਇੱਕ ਦੋਸਤ ਸੀ ਉਹਦੇ ਨਾਲ ਇੰਝ ਹੀ ਹੋਇਆ ਸੀ।"

"ਸਰ ਜੀ, ਲੱਗਦਾ ਏ ਆਪਣੀ ਕਹਾਣੀ ਕਿਸੇ ਦੋਸਤ ਦੀ ਕਹਾਣੀ ਬਣਾ ਕੇ ਪੇਸ਼ ਕਰਨੀ ਚਾਹੁੰਦੇ ਹੋ। ਨਾਲੇ ਕਹਾਣੀ ਸੁਣਾਓ ਤੇ ਨਾਲੇ ਇੱਕ ਪਟਿਆਲੇ ਸ਼ਾਹੀ ਪੈੱਗ ਪਾਓ।"

"ਜੇ ਪਟਿਆਲੇ ਸ਼ਾਹੀ ਪੁਆਣਾ ਏ ਤਾਂ ਮੈਂ ਤੁਹਾਨੂੰ ਘਰ ਨਹੀਂ ਜਾਣ ਦਿਆਂਗਾ। ਏਥੇ

ਹੀ ਸੌਣਾ ਪਵੇਗਾ। ਇੱਕ ਤਾਂ ਜ਼ਿਆਦਾ ਪੀ ਕੇ ਸਕੂਟਰ ਚਲਾਉਣਾ ਠੀਕ ਨਹੀਂ। ਦੂਜਾ, ਅੱਜ ਦੇ ਖ਼ੌਫ਼ਨਾਕ ਹਾਲਾਤਾਂ ਵਿੱਚ ਸ਼ਰਾਬ ਪੀ ਕੇ ਬਾਹਰ ਬਿਲਕੁਲ ਨਹੀਂ ਨਿਕਲਣਾ ਚਾਹੀਦਾ।"

"ਸਰ ਜੀ ਮੈਂ ਸਹਿਮਤ ਹਾਂ।"

ਉਜਾਗਰ ਮੱਲ ਨੇ ਥੋੜ੍ਹੇ ਮੋਟੇ ਮੋਟੇ ਹਾੜੇ ਪਾ ਦਿੱਤੇ। ਹੁਣ ਨਸ਼ਾ ਦੋਹਾਂ 'ਤੇ ਅਸਰ ਕਰਨ ਲੱਗ ਪਿਆ ਸੀ।

"ਸਰ ਜੀ, ਸੁਣਾਓ ਫਿਰ ਕਹਾਣੀ।"

"ਮੇਰਾ ਇੱਕ ਵਿਦਿਆਰਥੀ ਪਿੱਛੇ ਜਿਹੇ ਐਮ. ਏ. ਕਰ ਕੇ ਆਇਆ। ਆਉਂਦੇ ਸਾਰ ਹੀ ਇੱਕ ਕਾਲਜ ਵਿੱਚ ਕੱਚਾ ਲੈਕਚਰਾਰ ਲੱਗ ਪਿਆ। ਕਾਲਜ ਦੀਆਂ ਨਾਦਾਨ ਕੁੜੀਆਂ ਅਕਸਰ ਨਵੇਂ-ਨਵੇਂ ਬਣੇ ਲੈਕਚਰਾਰ ਵਿੱਚ ਦਿਲਚਸਪੀ ਲੈਣ ਲੱਗ ਪੈਂਦੀਆਂ ਹਨ। ਇੱਕ ਲੜਕੀ ਉਹਦੇ ਵੱਲ ਝੁੱਕਣ ਲੱਗ ਪਈ। ਇਸ ਲੜਕੀ ਨੇ ਉਸਨੂੰ ਇੱਕ ਲਵ ਲੈਟਰ ਦੇ ਦਿੱਤਾ। ਜਦ ਲੈਕਚਰਾਰ ਥੋੜ੍ਹਾ ਚੁੱਪ ਰਿਹਾ ਤਾਂ ਲੜਕੀ ਨੇ ਆਪਣੀ ਕਾਪੀ ਚੈਕ ਕਰਵਾਉਣ ਲਈ ਇਸ ਲੈਕਚਰਾਰ ਨੂੰ ਦਿੱਤੀ। ਜਦ ਉਸਨੇ ਕਾਪੀ ਖੋਲ੍ਹੀ ਤਾਂ ਉਸ ਵਿੱਚ ਇੱਕ ਹੋਰ ਲਵ ਲੈਟਰ ਤਹਿ ਲਗਾ ਕੇ ਰੱਖਿਆ ਹੋਇਆ ਸੀ।"

"ਸਰ ਜੀ, ਇਹ ਚਿੱਠੀਆਂ ਦੇਖ ਕੇ ਲੈਕਚਰਾਰ ਤਾਂ ਬੜਾ ਖ਼ੁਸ਼ ਹੋਇਆ ਹੋਊ? ਸੋਚਦਾ ਹੋਊ ਕਿ ਮੁਰਗੀ ਹੱਥ ਆਈ ਕਿ ਆਈ?"

"ਤੁਸੀਂ ਤਾਂ ਕਾਹਲੇ ਪੈ ਗਏ। ਜਰਾ ਠਰ੍ਹੰਮੇ ਨਾਲ ਗੱਲ ਤਾਂ ਸੁਣਦੇ ਜਾਓ?"

"ਸਰ ਜੀ, ਫਿਰ ਕੀ ਹੋਇਆ?"

"ਇਸ਼ਕ ਸ਼ੁਰੂ ਬਾਅਦ ਵਿੱਚ ਹੁੰਦਾ ਏ, ਇਸਦੀ ਕਨਸੋਅ ਲੋਕਾਂ ਨੂੰ ਪਹਿਲਾਂ ਪੈਣ ਲੱਗ ਜਾਂਦੀ ਏ। ਬਾਕੀ ਤੁਹਾਨੂੰ ਕਾਲਜ ਦੇ ਮੁੰਡਿਆਂ ਦਾ ਤਾਂ ਪਤਾ ਹੀ ਏ। ਉਹ ਤਾਂ ਗੱਲ ਪੜੱਛਤੀਂ ਚੁੱਕ ਦਿੰਦੇ ਨੇ। ਲੜਕੀ ਕਾਲਜ ਦੀ ਕਮੇਟੀ ਦੇ ਮੈਨੇਜਰ ਨੂੰ ਆਪਣਾ ਮਾਮਾ ਕਹਿੰਦੀ ਸੀ। ਲੜਕੀ ਨੇ ਤਾਂ ਚਿੱਠੀ ਵਿੱਚ ਇਹ ਵੀ ਲਿਖ ਦਿੱਤਾ ਸੀ ਕਿ ਅਗਰ ਉਹ ਲੈਕਚਰਾਰ ਉਸ ਨਾਲ ਵਿਆਹ ਕਰਵਾ ਲਵੇ ਤਾਂ ਉਹ ਉਸਨੂੰ ਆਪਣੇ ਮਾਮੇ (ਮੈਨੇਜਰ) ਰਾਹੀਂ ਉਸ ਕਾਲਜ ਵਿੱਚ ਪੱਕਾ ਕਰਵਾ ਦੇਵੇਗੀ। ਤੁਸੀਂ ਹੀ ਦੱਸੋ ਕਿ ਉਹ ਲੈਕਚਰਾਰ ਦਾ ਉਸ ਲੜਕੀ ਪਿੱਛੇ ਲੱਗਣਾ ਠੀਕ ਸੀ?"

"ਲੜਕੀ ਕਿਹੜੀ ਜਮਾਤ 'ਚ ਪੜ੍ਹਦੀ ਸੀ?"

"ਗਿਆਰਵੀਂ 'ਚ"

"ਸਿਰਫ ਗਿਆਰਵੀਂ 'ਚ?"

"ਹਾਂ, ਬਿਲਕੁਲ ਨਾਦਾਨ ਕੁੜੀ ਪਰ ਜਵਾਨੀ ਉਸਤੇ ਫੁੱਟ ਫੁੱਟ ਪੈ ਰਹੀ ਸੀ।"

"ਸਰ ਜੀ, ਬਾਕੀ ਤਾਂ ਸਭ ਕੁੱਝ ਠੀਕ ਲੱਗਦਾ ਏ ਪਰੰਤੂ ਪੜ੍ਹਾਈ ਦਾ ਬੜਾ ਵੱਡਾ ਫਰਕ ਏ।"



"ਪੜ੍ਹਾਈ ਨੂੰ ਸੁੱਟ ਖੂਹ 'ਚ। ਕਈ ਕੁੱਝ ਹੋਰ ਵੀ ਸੋਚਣਾ ਹੁੰਦਾ ਏ।"

"ਸਰ ਜੀ, ਹੋਰ ਕੀ?"

"ਉਹ ਲੈਕਚਰਾਰ ਤਾਂ ਹਾਲਾਤ ਦੇਖ ਕੇ ਡਰ ਗਿਆ। ਉਹ ਅੱਗੇ ਨਹੀਂ ਵਧਿਆ। ਸੈਸ਼ਨ ਪੂਰਾ ਹੋ ਗਿਆ। ਇੱਕਤੀ ਮਾਰਚ ਨੂੰ ਕਾਲਜ ਛੱਡ ਕੇ ਚਲਾ ਗਿਆ। ਬਾਅਦ ਵਿੱਚ ਪਤਾ ਲੱਗਾ ਕਿ ਉਹ ਲੜਕੀ ਕਾਲਜ ਦੇ ਮੈਨੇਜਰ ਪਾਸੋਂ ਗਰਭ ਧਾਰਨ ਕਰ ਗਈ ਸੀ। ਗਰਭ ਧਾਰਨ ਕੀਤੀ ਲੜਕੀ ਨੂੰ ਮੈਨੇਜਰ ਤਰੀਕੇ ਨਾਲ ਉਸ ਲੈਕਚਰਾਰ ਦੇ ਗੱਲ ਪਾ ਕੇ ਉਸ ਨਾਲ ਉਸਦਾ ਵਿਆਹ ਕਰਵਾਉਣਾ ਚਾਹੁੰਦਾ ਸੀ। ਅਗਾਂਹ ਲਈ ਵੀ ਉਹ ਉਸਨੂੰ ਤਰੀਕੇ ਨਾਲ ਆਪਣੀ ਰਖੇਲ ਰੱਖਣੀ ਚਾਹੁੰਦਾ ਸੀ। ਇਹ ਹਾਲ ਏ ਅੱਜ ਕੱਲ੍ਹ ਦੇ ਰਿਸ਼ਤੇ ਨਾਤਿਆਂ ਦਾ। ਇਹ ਮੈਨੇਜਰ ਲੜਕੀ ਦਾ ਸਕਾ ਮਾਮਾ ਨਹੀਂ ਸੀ। ਸਿਰਫ ਉਸਦੇ ਨਾਨਕਿਆਂ ਦੇ ਪਿੰਡ ਦਾ ਸੀ। ਪ੍ਰਸ਼ੋਤਮ ਜੀ, ਤੁਹਾਡਾ ਕੇਸ ਹੋਰ ਪ੍ਰਕਾਰ ਦਾ ਏ। ਤੁਸੀਂ ਤੇ ਕਾਂਤਾ ਪੂਰੇ ਮੈਚਿਓਰ ਹੋ ਤੇ ਪੜ੍ਹੇ ਲਿਖੇ ਵੀ ਹੋ। ਸਮਾਜ ਵਿੱਚ ਬੜਾ ਕੁਝ ਹੋ ਰਿਹਾ ਏ। ਕਈ ਮੂੰਹ ਬੋਲੇ ਰਿਸ਼ਤੇ ਪੈਦਾ ਹੋ ਜਾਂਦੇ ਹਨ। ਕੋਈ ਮੂੰਹ ਬੋਲੀ ਬੇਟੀ ਬਣ ਜਾਂਦੀ ਏ ਤੇ ਕੋਈ ਮੂੰਹ ਬੋਲਿਆ ਮਾਮਾ।"

"ਸਰ ਜੀ, ਮੈਨੂੰ ਤਾਂ ਇਹ ਕਹਾਣੀ ਸੁਣ ਕੇ ਝੁਣਝੁਣੀ ਜਿਹੀ ਆਉਣੀ ਸ਼ੁਰੂ ਹੋ ਗਈ ਏ। ਮੇਰੀ ਤਾਂ ਪੀਤੀਓਂ ਉਤਰਨੀ ਸ਼ੁਰੂ ਹੋ ਗਈ ਏ। ਪਹਿਲਾਂ ਹਰਾਮਜ਼ਾਦੀਆਂ, ਹੱਸ-ਹੱਸ ਲਾਉਂਦੀਆਂ ਯਾਰੀਆਂ, ਫਿਰ ਰੋ-ਰੋ ਦਿੰਦੀਆਂ ਦੱਸ। ਲੈਕਚਰਾਰ ਵਿਚਾਰਾ ਬਚ ਗਿਆ। ਚੰਗਾ ਹੋਇਆ। ਜੇ ਉਹ ਥੋੜ੍ਹੀ ਜਿਹੀ ਵੀ ਦਿਲਚਸਪੀ ਲੈ ਲੈਂਦਾ ਤਾਂ ਉਸਨੇ ਮਾਰਿਆ ਜਾਣਾ ਸੀ। ਬੱਚੇ ਮੈਨੇਜਰ ਦੇ ਹੋਈ ਜਾਣੇ ਸਨ ਤੇ ਸਿਰ ਲੱਗੀ ਜਾਣੇ ਸਨ ਉਸ ਵਿਚਾਰੇ ਲੈਕਚਰਾਰ ਦੇ।"

"ਤੁਸੀਂ ਸਮਝ ਹੀ ਗਏ ਹੋ ਕਿ ਤੀਵੀਂ ਕਿੰਨੀ ਅਜੀਬ ਚੀਜ਼ ਏ। ਤੁਸੀਂ ਕਾਂਤਾ ਦੇ ਸੰਧਰਭ ਵਿੱਚ ਬੋਚ ਬੋਚ ਕੇ ਕਦਮ ਰੱਖ ਰਹੇ ਹੋ ਇਹ ਚੰਗੀ ਗੱਲ ਏ।"

"ਸਰ ਜੀ ਗੱਲ ਤੁਹਾਡੀ ਠੀਕ ਏ ਪਰੰਤੂ ਮੇਰੇ ਅਤੇ ਉਸ ਲੈਕਚਰਾਰ ਦੇ ਕੇਸਾਂ ਵਿੱਚ ਬੜਾ ਫਰਕ ਏ। ਉਹ ਲੜਕੀ ਅਲ੍ਹੜ ਸੀ, ਕਾਂਤਾ ਬੜੀ ਹੰਢੀ ਹੋਈ ਏ। ਮੈਨੂੰ ਲਗਦਾ ਏ ਅਸਲੀ ਸਬੰਧ ਤਾਂ ਹੀ ਬਣਦੇ ਹਨ ਜੇਕਰ ਥੋੜ੍ਹੇ ਬਹੁਤੇ ਸਰੀਰਕ ਸਬੰਧ ਪੈਦਾ ਹੋ ਜਾਣ। ਅਗਰ ਇੰਝ ਹੋ ਜਾਵੇ ਤਾਂ ਲੜਕੀ ਤੁਹਾਡੀ ਗੁਲਾਮ ਬਣਨੀ ਸ਼ੁਰੂ ਹੋ ਜਾਂਦੀ ਏ।"

"ਪ੍ਰਸ਼ੋਤਮ, ਤੁਹਾਨੂੰ ਹੁਣ ਨਸ਼ਾ ਕਾਫੀ ਚੜ੍ਹ ਗਿਆ ਏ। ਤੁਸੀਂ ਸਮਝਦਾਰ ਹੋ। ਮੈਂ ਤਾਂ ਤੁਹਾਨੂੰ ਸਿਰਫ ਚੁਕੰਨਾ ਕੀਤਾ ਏ। ਬਾਕੀ ਜਿਵੇਂ ਤੁਹਾਡੀ ਮਰਜ਼ੀ। ਆਓ ਹੁਣ ਅੰਦਰ ਚਲਦੇ ਹਾਂ। ਤੁਹਾਡੀ ਭਰਜਾਈ ਨੇ ਖਾਣਾ ਬਣਾ ਲਿਆ ਏ। ਮੈਨੂੰ ਪਤਾ ਲੱਗ ਗਿਆ ਏ। ਅੱਜ ਆਰਾਮ ਏਥੇ ਹੀ ਕਰਿਓ। ਹੁਣ ਸਵੇਰੇ ਆਪਣੇ ਘਰ ਜਾਇਓ।"

"ਸਰ ਜੀ, ਥੈਂਕਸ।"

ਫਿਰ ਉਹ ਦੋਨੋਂ ਖਾਣਾ ਖਾਣ ਲੱਗ ਪਏ।

# ਕਾਂਡ ਅਠਾਰਾਂ

ਯੂਨੀਵਰਸਿਟੀ ਦਾ ਫੈਕਲਟੀ ਹਾਊਸ ਪ੍ਰੋਫ਼ੈਸਰਾਂ ਨਾਲ ਭਰਿਆ ਪਿਆ ਸੀ। ਬਹੁਤ ਸਾਰੇ ਪਹੁੰਚ ਗਏ ਸਨ ਤੇ ਬਾਕੀ ਪਹੁੰਚ ਰਹੇ ਸਨ। ਕੋਈ-ਕੋਈ ਵਾਪਸ ਜਾਣ ਦੀ ਤਿਆਰੀ ਵੀ ਕਰ ਰਿਹਾ ਸੀ। ਫੈਕਲਟੀ ਹਾਊਸ ਵਿੱਚ ਰਹਿਣ ਸਹਿਣ ਦੀਆਂ ਪੂਰੀਆਂ ਸਹੂਲਤਾਂ ਹਨ। ਡੱਨਲਪ ਦੇ ਗੱਦਿਆਂ ਵਾਲੇ ਬੈੱਡ ਹਨ, ਅੰਦਰ ਹੀ ਨਾਲ ਲਗਦੇ ਟਾਇਲਟ ਹਨ, ਬਾਹਰ ਬੈਠਣ ਲਈ ਬਾਲਕੋਨੀ ਹੈ, ਪੜ੍ਹਨ ਲਈ ਅਲੱਗ ਮੇਜ਼ ਤੇ ਟੇਬਲਲੈਂਪ ਹੈ, ਬਿਲਟ ਇਨ ਅਲਮਾਰੀਆਂ ਹਨ, ਇਨ੍ਹਾਂ ਰਿਹਾਇਸ਼ਗਾਹਾਂ ਵਿੱਚ ਹਰ ਰੋਜ਼ ਅੰਗਰੇਜ਼ੀ ਦਾ ਅਖ਼ਬਾਰ ਆਉਂਦਾ ਏ, ਇੱਕ ਕੋਨੇ ਤੇ ਲਾਂਡਰੀ ਏ ਜਿੱਥੇ ਧੋਬੀ ਹਰ ਸਮੇਂ ਮੌਜੂਦ ਹੁੰਦਾ ਏ, ਅੰਦਰ ਡਾਈਨਿੰਗ ਹਾਲ ਏ, ਮੈਸ. ਏ., ਇਸ ਮੈਸ 'ਤੇ ਖਾਣਾ ਸਸਤਾ ਮਿਲਦਾ ਹੈ, ਮੈਸ ਦੇ ਨਾਲ ਲਗਦੇ ਕਮਰੇ ਵਿੱਚ ਅੰਦਰੂਨੀ ਖੇਡਾਂ ਦਾ ਤੇ ਟੀ. ਵੀ. ਦੇਖਣ ਦਾ ਵਧੀਆ ਪ੍ਰਬੰਧ ਏ ਵਗੈਰਾ -ਵਗੈਰਾ। ਫੈਕਲਟੀ ਹਾਊਸ ਯੂਨੀਵਰਸਿਟੀ ਦੇ ਪਿਛਲੇ ਪਾਸੇ ਇਕਾਂਤ ਥਾਂ 'ਤੇ ਬਣਿਆ ਹੋਇਆ ਏ। ਸਾਹਮਣੇ ਯੂਨੀਵਰਸਿਟੀ ਦੇ ਖੇਡ ਦੇ ਮੈਦਾਨ ਹਨ। ਨਾਲ ਲਗਦੀ ਖ਼ੂਬਸੂਰਤ ਸੜਕ ਦੇ ਦੁਆਲੇ ਦਰੱਖ਼ਤਾਂ ਦੀਆਂ ਕਤਾਰਾਂ ਹਨ। ਲੜਕਿਆਂ ਦੇ ਹੋਸਟਲ ਥੋੜ੍ਹੀ ਦੂਰੀ 'ਤੇ ਹਨ। ਪਿਛਲੇ ਪਾਸੇ ਉਜਾੜ ਜਿਹੀ ਥਾਂ ਤੇ ਸਵੀਮਿੰਗ ਪੂਲ ਏ ਤੇ ਜ਼ਿਮਨੇਜ਼ੀਅਮ ਏ। ਪੰਜਾਬ ਦੀ ਭੀੜ ਭੜੱਕੇ ਵਾਲੀ ਜ਼ਿੰਦਗੀ 'ਚੋਂ ਆ ਕੇ ਇੱਥੇ ਕੁਝ ਦਿਨ ਗੁਜਾਰਨੇ ਬੜ੍ਹੇ ਹੀ ਅੱਛੇ ਲਗਦੇ ਹਨ। ਕਦੀ ਕਦੀ ਇਸ ਪ੍ਰਕਾਰ ਦਾ ਭੁਚੱਕ ਵੀ ਪੈਂਦਾ ਏ ਜਿਵੇਂ ਕਿਸੇ ਵਿਕਸਤ ਦੇਸ਼ ਦੀ ਕਿਸੇ ਸੈਰਗਾਹ ਵਿੱਚ ਘੁੰਮਦੇ ਫਿਰਦੇ ਹੋਈਏ। ਸਟੂਡੈਂਟ ਸੈਂਟਰ ਵੀ ਬਹੁਤਾ ਦੂਰ ਨਹੀਂ। ਇੱਥੇ ਚਾਹ, ਕਾਫ਼ੀ, ਡੋਸਾ, ਵੜਾ, ਆਮਲੇਟ ਤੇ ਹੋਰ ਕਈ ਪ੍ਰਕਾਰ ਦੇ ਸਨੈਕਸ ਹਰ ਸਮੇਂ ਮਿਲਦੇ ਰਹਿੰਦੇ ਹਨ।

ਇਸ ਸੈਂਟਰ ਵਿੱਚ ਹਮੇਸ਼ਾਂ ਗਹਿਮਾ-ਗਹਿਮ ਰਹਿੰਦੀ ਏ। ਕਈ ਪ੍ਰੋਫ਼ੈਸਰ ਤਾਂ ਫੈਕਲਟੀ ਹਾਊਸ ਵਿੱਚ ਕਈ ਕਈ ਦਿਨ ਠਹਿਰਨ ਦਾ ਜੁਗਾੜ ਵੀ ਕਰ ਲੈਂਦੇ ਹਨ। ਪਰਚੇ ਦੇਖਣ ਲਈ ਬਹੁਤੇ ਦਿਨਾਂ ਦੀ ਡਿਊਟੀ ਲਗਾ ਲੈਂਦੇ ਹਨ। ਫੈਕਲਟੀ ਹਾਊਸ ਆਪਸੀ ਦੋਸਤੀਆਂ ਅਤੇ ਨੇੜਤਾਵਾਂ ਵਧਾਉਣ ਵਿੱਚ ਵੀ ਚੋਖਾ ਯੋਗਦਾਨ ਪਾਉਂਦਾ ਏ। ਨਾਲੇ ਮਰਦ ਅਤੇ ਇਸਤਰੀਆਂ ਦੇ ਕਮਰੇ (ਸੁਟਿਇਸ) ਇਕੱਠੇ ਹੀ ਹਨ। ਕਿਸੇ ਦੀ ਪਿੱਛਿਓਂ ਕੋਈ ਦੋਸਤੀ ਬਣੀ ਹੋਈ ਹੋਵੇ ਤਾਂ ਇਹ ਜਗਾਹ ਇੱਕਠੇ ਰਹਿਣ ਲਈ ਬਹੁਤ ਹੀ ਅਨੁਕੂਲ ਏ। ਜੇਕਰ ਕਿਸੇ ਨੂੰ ਕੋਈ ਮਿਲਣ ਆ ਜਾਵੇ ਤਾਂ ਵੀ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ।



ਜਿੰਨੀ ਜ਼ਿਆਦਾ ਸਖ਼ਤੀ ਲੜਕੀਆਂ ਦੇ ਹੋਸਟਲਾਂ ਵਿੱਚ ਸੀ ਓਨੀ ਹੀ ਜ਼ਿਆਦਾ ਨਰਮੀ ਫੈਕਲਟੀ ਹਾਊਸ ਵਿੱਚ ਸੀ। ਲੜਕੀਆਂ ਦੇ ਹੋਸਟਲਾਂ ਵਿੱਚ ਤਾਂ ਕੋਈ ਮਰਦ ਢੁੱਕ ਹੀ ਨਹੀਂ ਸੀ ਸਕਦਾ। ਇਸਦੇ ਉਲਟ ਫੈਕਲਟੀ ਹਾਊਸ ਵਿੱਚ ਕੋਈ ਜਦ ਮਰਜ਼ੀ ਆ ਕੇ ਕਿਸੇ ਨੂੰ ਸਿਰਫ ਮਿਲ ਹੀ ਨਹੀਂ ਸੀ ਸਕਦਾ ਬਲਕਿ ਆਪਣੇ ਆਪ ਨੂੰ ਉਸਦਾ ਮਹਿਮਾਨ ਦੱਸ ਕੇ ਉਸ ਪਾਸ ਰਹਿ ਵੀ ਸਕਦਾ ਸੀ। ਇਹ ਇੰਝ ਇਸ ਕਰਕੇ ਸੀ ਕਿਉਂਕਿ ਇਹ ਜਗਾਹ ਸਿਆਣੇ ਲੋਕਾਂ ਦੀ ਸਮਝੀ ਜਾਂਦੀ ਸੀ, ਐਸੇ ਸਿਆਣੇ ਤੇ ਬੁੱਧੀਜੀਵੀ ਲੋਕਾਂ ਦੀ ਜਿਹਨਾਂ ਤੋਂ ਕੋਈ ਗ਼ਲਤ ਕੰਮ ਦੀ ਕਿਆਸਰਾਈ ਨਹੀਂ ਲਗਾ ਸਕਦਾ। ਫਿਰ ਵੀ ਕਈ ਵਾਰ ਹੁੰਦਾ ਇਸਦੇ ਉਲਟ ਸੀ। ਕਈ ਅਧਿਆਪਕ ਇਸ ਸਥਾਨ ਦੀ ਦੁਰਵਰਤੋਂ ਵੀ ਕਰਦੇ ਸਨ। ਕਈ ਆਪਣੇ ਨਾਲ ਆਪਣੇ ਬੀਵੀ ਬੱਚਿਆਂ ਨੂੰ ਲਿਆ ਕੇ ਇਸ ਦਾ ਸਦਉਪਯੋਗ ਵੀ ਕਰਦੇ ਸਨ। ਇੰਝ ਕਰਨ ਨਾਲ ਪਰਿਵਾਰ ਦਾ ਮਾਹੌਲ ਬਦਲ ਜਾਂਦਾ ਸੀ। ਫੈਕਲਟੀ ਹਾਊਸ ਦਾ ਸਟਾਫ਼ ਬਾਹਰੋਂ ਆਏ ਪ੍ਰੋਫ਼ੈਸਰ ਤਬਕੇ ਦੀ ਬੜੀ ਇੱਜ਼ਤ ਕਰਦਾ ਸੀ। ਇਸ ਸਟਾਫ਼ ਵਿੱਚ ਕਈ ਅਧਿਆਪਕ ਐਸੇ ਵੀ ਹੋਇਆ ਕਰਦੇ ਸਨ ਜਿਨ੍ਹਾਂ ਦੀ ਯੂਨੀਵਰਸਿਟੀ ਵਿੱਚ ਸਾਖ ਬੜ੍ਹੀ ਮਜਬੂਤ ਹੋਇਆ ਕਰਦੀ ਸੀ। ਭਾਵੇਂ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰਾਂ ਲਈ ਯੂਨੀਵਰਸਿਟੀ ਵਿੱਚ ਅਲੱਗ ਗੈਸਟ ਹਾਊਸ ਸੀ ਫਿਰ ਵੀ ਇਹ ਲੋਕ ਫੈਕਲਟੀ ਹਾਊਸ ਵਿੱਚ ਵੀ ਅਕਸਰ ਗੇੜੇ ਮਾਰਦੇ ਹੀ ਰਹਿੰਦੇ ਸਨ। ਕਿਸੇ ਕਾਲਜ ਦਾ ਇੱਕ ਸੇਵਾਮੁਕਤ ਪ੍ਰਿੰਸੀਪਲ ਇੱਥੇ ਮਹੀਨਿਆਂ ਤੋਂ ਰਹਿ ਰਿਹਾ ਸੀ। ਸਾਰੀ ਖੇਡ ਵਾਕਫ਼ੀਅਤ ਅਤੇ ਰਸੂਖ ਦੀ ਸੀ। ਜੇ ਵਾਕਫ਼ੀਅਤ ਕਿਸੇ ਵੱਡੇ ਸਿਆਸੀ ਬੰਦੇ ਨਾਲ ਹੋਵੇ ਫਿਰ ਤਾਂ ਭਾਵੇਂ ਇੱਥੇ ਕੋਈ ਜਿੰਨਾ ਚਿਰ ਮਰਜ਼ੀ ਰਹੀ ਜਾਵੇ। ਸੂਬੇ ਦੇ ਮੁੱਖ ਮੰਤਰੀ ਨਾਲ ਨੇੜਤਾ ਰੱਖਣ ਵਾਲਾ ਇੱਕ ਪ੍ਰੋਫ਼ੈਸਰ ਇੱਥੇ ਕਈ ਮਹੀਨਿਆਂ ਤੋਂ ਰਹਿ ਰਿਹਾ ਸੀ। ਸਾਰਾ ਅਮਲਾ ਫੈਲਾ ਉਸਦੇ ਪਿੱਛੇ-ਪਿੱਛੇ ਫਿਰਦਾ ਰਹਿੰਦਾ ਸੀ। ਭਾਰਤ ਵਿੱਚ ਸਿਆਸਤ ਹੀ ਸਭ ਕੁੱਝ ਏ। ਅਗਰ ਇਸ ਦੇਸ਼ ਨੂੰ ਸਿਆਸਤਦਾਨਾਂ ਦਾ ਦੇਸ਼ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗਾ। ਇਸ ਦੇਸ਼ ਵਿੱਚ ਇੱਟ ਚੁੱਕੋ 'ਤੇ ਪ੍ਰਧਾਨ ਮਿਲ ਜਾਂਦੇ ਹਨ। ਕੋਈ ਟੀਚਰ ਯੂਨੀਅਨ ਦਾ ਪ੍ਰਧਾਨ ਏ, ਕੋਈ ਰਿਕਸ਼ਾ ਯੂਨੀਅਨ ਦਾ ਪ੍ਰਧਾਨ ਏ, ਕੋਈ ਪੱਲੇਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਦੁਕਾਨਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਏ, ਕੋਈ ਦਿਹਾੜੀਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਖੇਤ ਮਜ਼ਦੂਰ ਯੂਨੀਅਨ ਦਾ ਪ੍ਰਧਾਨ ਏ ਤੇ ਕੋਈ ਕਿਸੇ ਹੋਰ ਯੂਨੀਅਨ ਦਾ। ਇਹ ਸਭ ਲੋਕਤੰਤਰ ਢਾਂਚੇ ਦੀ ਦੇਣ ਹੈ। ਇਹ ਇੱਕ ਬਹੁਤ ਵੱਡਾ ਦੁਖਾਂਤ ਏ ਕਿ ਲੋਕਤੰਤਰੀ ਢਾਂਚੇ ਵਿੱਚ ਇੱਕ ਲੱਲੂ ਪੰਜੂ ਬੰਦਾ ਵੀ ਇੰਨਾ ਤਾਕਤਵਰ ਬਣ ਜਾਂਦਾ ਏ ਕਿ ਉਸਦੇ ਮੂਹਰੇ ਅੰਤਾਂ ਦੀ ਪੜ੍ਹੀ ਲਿਖੀ ਅਫ਼ਸਰਸ਼ਾਹੀ ਸਿਫਰ ਬਣ ਜਾਂਦੀ ਏ। ਜਿਸ ਬੰਦੇ ਨੂੰ ਆਮ ਜੀਵਨ ਵਿੱਚ ਕੋਈ ਦੁੱਕੀ ਜਿੰਨਾਂ ਵੀ ਨਹੀਂ ਪਛਾਣਦਾ ਜਦ ਉਹ ਚਾਰ ਬੰਦੇ ਇਕੱਠੇ ਕਰਕੇ ਉਨ੍ਹਾਂ ਦਾ ਪ੍ਰਧਾਨ ਬਣ

ਜਾਂਦਾ ਏ ਤਾਂ ਉਹ ਦੇਵਤਾ ਸਮਾਨ ਮੰਨਿਆ ਜਾਣ ਲੱਗ ਪੈਂਦਾ ਏ। ਹਰ ਪਾਸਿਉਂ ਉਸਦੇ ਗਲ ਵਿੱਚ ਹਾਰ ਪੈਣੇ ਸ਼ੁਰੂ ਹੋ ਜਾਂਦੇ ਹਨ। ਉਸਦਾ ਖੈਰ ਮਕਦਮ ਕਰਨ ਲਈ ਲੋਕਾਂ ਦੇ ਤੰਤੇ ਲੱਗ ਜਾਂਦੇ ਹਨ।

ਸਿਆਸਤਦਾਨਾਂ ਤੋਂ ਬਾਅਦ ਯੂਨੀਵਰਸਿਟੀ ਦੇ ਸੈਨੇਟ ਤੇ ਸਿੰਡੀਕੇਟ ਦੇ ਮੈਂਬਰਾਂ ਦੀ ਵਾਰੀ ਆ ਜਾਂਦੀ ਏ। ਇਹ ਮੈਂਬਰ ਵੀ ਤਾਂ ਸਿਆਸਤਦਾਨ ਹੀ ਹਨ। ਇਹ ਵੀ ਲੋਕਤੰਤਰ ਦੀ ਹੀ ਦੇਣ ਹਨ। ਇਹ ਵੀ ਪੜ੍ਹਿਆਂ ਲਿਖਿਆਂ ਦੀਆਂ ਵੋਟਾਂ ਨਾਲ ਹੀ ਬਣਦੇ ਹਨ। ਇਨ੍ਹਾਂ ਦੀ ਵੀ ਯੂਨੀਵਰਸਿਟੀ ਵਿੱਚ ਪੂਰੀ ਸਿਫਾਰਸ਼ ਚਲਦੀ ਏ। ਮੇਰੇ ਇੱਕ ਦੋਸਤ ਪ੍ਰੋਫ਼ੈਸਰ ਦਾ ਨਵਾਂ-ਨਵਾਂ ਵਿਆਹ ਹੋਇਆ ਸੀ। ਉਸਨੂੰ ਯੂਨੀਵਰਸਿਟੀ ਦੇ ਸ਼ਿਮਲੇ ਵਾਲੇ ਹੌਲੀਡੇਅ ਹੋਮ ਵਿੱਚ ਹਨੀਮੂਨ ਤੇ ਜਾਣ ਲਈ ਰਿਹਾਇਸ਼ ਚਾਹੀਦੀ ਸੀ। ਉਸਨੇ ਆਪ ਰਿਹਾਇਸ਼ ਲੈਣ ਦੀ ਕੋਸ਼ਿਸ਼ ਕੀਤੀ ਲੇਕਿਨ ਰਿਹਾਇਸ਼ ਨਾ ਮਿਲੀ। ਜਦ ਉਹਨੇ ਕਿਸੇ ਸੈਨੇਟਰ ਰਾਹੀਂ ਸਿਫਾਰਸ਼ ਪੁਆ ਕੇ ਕੋਸ਼ਿਸ਼ ਕੀਤੀ ਤਾਂ ਆਰਾਮ ਨਾਲ ਮਿਲ ਗਈ।

ਪ੍ਰਸ਼ੋਤਮ ਤੇ ਕਾਂਤਾ ਵੀ ਅੱਜ ਇੱਥੇ ਪੇਪਰ ਮਾਰਕਿੰਗ ਲਈ ਪਹੁੰਚੇ ਹੀ ਸਨ। ਪਿੱਛਿਓਂ ਉਹ ਅਲੱਗ ਬੱਸਾਂ ਵਿੱਚ ਆਏ ਸਨ। ਚੰਡੀਗੜ੍ਹ ਉਹ ਇੱਕਠੇ ਹੋ ਗਏ ਸਨ। ਚੰਡੀਗੜ੍ਹ ਦੇ 17 ਸੈਕਟਰ ਦੇ ਬੱਸ ਅੱਡੇ ਤੇ ਉਤਰ ਕੇ ਉਹਨਾਂ ਨੇ ਆਟੋ ਫੜਿਆ ਤੇ ਯੂਨੀਵਰਸਿਟੀ ਪਹੁੰਚ ਗਏ।

"ਆਪਾਂ ਪਿੱਛਿਓਂ ਤਾਂ ਇੱਕਲੇ ਇੱਕਲੇ ਆ ਗਏ ਹਾਂ। ਹੁਣ ਇੱਥੇ ਚੰਡੀਗੜ੍ਹ ਨਾ ਕੋਈ ਭਸੂੜੀ ਖੜ੍ਹੀ ਹੋ ਜਾਵੇ। ਸ਼ਾਇਦ ਕੋਈ ਹੋਰ ਵੀ ਉਧਰੋਂ ਸਾਡੇ ਕਾਲਜਾਂ ਵਿੱਚੋਂ ਪੇਪਰ ਮਾਰਕ ਕਰਨ ਆਇਆ ਹੋਵੇ", ਕਾਂਤਾ ਨੇ ਆਟੋ ਵਿੱਚ ਬੈਠਦੇ ਸਾਰ ਹੀ ਥੋੜ੍ਹਾ ਡਰ ਜਾਹਰ ਕੀਤਾ।

"ਫੈਕਲਟੀ ਹਾਊਸ ਦੇ ਮੂਹਰੇ ਜਾ ਕੇ ਸਾਨੂੰ ਦੋਹਾਂ ਨੂੰ ਅੱਡ-ਅੱਡ ਹੋ ਜਾਣਾ ਚਾਹੀਦਾ ਏ। ਉਥੇ ਸਾਨੂੰ ਸਾਡਾ ਕੋਈ ਵਾਕਫ਼ ਵੀ ਮਿਲ ਸਕਦਾ ਏ। ਤੁਸੀਂ ਅੱਡ ਆਪਣੇ ਸੈਟ ਵਿੱਚ ਚਲੇ ਜਾਇਓ ਤੇ ਮੈਂ ਆਪਣੇ ਵਿੱਚ ਚਲਾ ਜਾਵਾਂਗਾ। ਸ਼ਾਮ ਨੂੰ ਕਿਸੇ ਪਾਸੇ ਘੁੰਮਣ ਨਿਕਲ ਜਾਵਾਂਗੇ।" ਪ੍ਰਸ਼ੋਤਮ ਨੇ ਕਾਂਤਾ ਨੂੰ ਸਲਾਹ ਦਿੱਤੀ।

"ਤੁਸੀਂ ਮੈਨੂੰ ਗ਼ਲਤ ਨਾ ਸਮਝੀ ਜਾਇਓ। ਮੈਂ ਤੁਹਾਡੇ ਨਾਲ ਕਿਤੇ ਵੀ ਘੁੰਮਣ ਜਾ ਸਕਦੀ ਹਾਂ, ਕਿਸੇ ਵੀ ਰੈਸਟੋਰੈਂਟ ਵਿੱਚ ਬੈਠ ਸਕਦੀ ਹਾਂ, ਈਵਨ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ 'ਚ ਵੀ ਬੈਠ ਕੇ ਗੱਲਾਂ ਕਰ ਸਕਦੀ ਹਾਂ ਲੇਕਿਨ ਮੈਂ ਤੁਹਾਡੇ ਨਾਲ ਸਿਨਮੇ ਨਹੀਂ ਜਾ ਸਕਦੀ। ਤੁਹਾਡੀ ਰਿਹਾਇਸ਼ ਵਿੱਚ ਨਹੀਂ ਜਾ ਸਕਦੀ ਤੇ ਨਾ ਹੀ ਤੁਸੀਂ ਮੇਰੀ ਰਿਹਾਇਸ਼ ਵਿੱਚ ਚੱਕਰ ਮਾਰ ਸਕਦੇ ਹੋ। ਮੇਰਾ ਤੁਹਾਡੇ ਨਾਲ ਇੱਥੇ ਹੋਣ ਦਾ ਮਕਸਦ ਇੱਕ ਹੀ ਏ।"

"ਉਹ ਕੀ?"

"ਮੈਂ ਸਿਰਫ਼ ਤੁਹਾਡੇ ਵਿਚਾਰ ਜਾਨਣੇ ਚਾਹੁੰਦੀ ਹਾਂ। ਮੈਂ ਤੁਹਾਡੇ ਸੁਭਾਅ ਨੂੰ ਤੇ ਤੁਹਾਡੀਆਂ ਆਦਤਾਂ ਨੂੰ ਨੇੜਿਓਂ ਤੱਕਣਾ ਚਾਹੁੰਦੀ ਹਾਂ। ਤੁਸੀਂ ਮੈਨੂੰ ਕਾਲਜ ਦੀ ਕਿਸੇ ਨਾਦਾਨ ਲੜਕੀ ਵਾਂਗ ਬਿਲਕੁਲ ਨਾ ਸਮਝਣਾ। ਮੈਂ ਮਰਦਾਂ ਦੀ ਮਨੋਬਿਰਤੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀ ਹਾਂ।"



"...", ਕਾਂਤਾ ਦੇ ਇੰਝ ਕਹਿਣ ਤੇ ਪ੍ਰਸ਼ੋਤਮ ਕੁਝ ਸੋਚਦਾ ਹੀ ਰਹਿ ਗਿਆ, ਬੋਲਿਆ ਕੁੱਝ ਨਾ।

"ਕਿਹੜੀਆਂ ਸੋਚਾਂ ਵਿੱਚ ਪੈ ਗਏ? ਮੈਂ ਜਾਣਦੀ ਹਾਂ ਜਦ ਕੋਈ ਇਸਤਰੀ ਮੇਰੇ ਵਾਂਗ ਕਿਸੇ ਮਰਦ ਨਾਲ ਕੋਰੀ ਕਰਾਰੀ ਗੱਲ ਕਰ ਦੇਵੇ ਤਾਂ ਉਹ ਸੋਚਾਂ ਵਿੱਚ ਪਵੇਗਾ ਹੀ। ਮੈਂ ਜਾਣਦੀ ਹਾਂ ਮਰਦ ਦੀ ਸਾਰੀ ਸੋਚ ਕਿੱਥੇ ਖੜ੍ਹੀ ਹੁੰਦੀ ਏ। ਮੈਂ ਜਾਣਦੀ ਹਾਂ ਤੁਹਾਨੂੰ ਸ਼ਾਇਦ ਪਿਛਲੀਆਂ ਇੱਕ ਦੋ ਰਾਤਾਂ ਨੀਂਦ ਨਾ ਆਈ ਹੋਵੇ। ਸੋਚਦੇ ਹੋਵੋਗੇ ਕਿ ਘੜੀ ਪਲ ਵਿੱਚ ਹੀ ਚੰਡੀਗੜ੍ਹ ਪਹੁੰਚ ਜਾਈਏ ਤੇ ਕਬੂਤਰੀ ਦਾ ਸ਼ਿਕਾਰ ਕਰ ਲਈਏ। ਸ਼ਿਕਾਰ ਤੋਂ ਬਾਅਦ ਜ਼ਖ਼ਮੀ ਕਬੂਤਰੀ ਆਪੇ ਅੱਧ ਝੜੇ ਖੰਭ ਲੈ ਕੇ ਮਗਰ-ਮਗਰ ਫਿਰਦੀ ਰਹੇਗੀ। ਮੈਂ ਦੋਸਤੀ ਤੇ ਪਿਆਰ ਦਾ ਫਰਕ ਚੰਗੀ ਤਰ੍ਹਾਂ ਜਾਣਦੀ ਹਾਂ। ਮੇਰੀਆਂ ਦੋ ਸਹੇਲੀਆਂ ਨਾਲ ਪਹਿਲਾਂ ਬੜੀਆਂ ਮਾੜੀਆਂ ਹੋ ਚੁੱਕੀਆਂ ਹਨ। ਕਹੋ ਤਾਂ ਇੱਕ ਕਵਿਤਾ ਦੀਆਂ ਸਤਰਾਂ ਵੀ ਸੁਣਾ ਸਕਦੀ ਹਾਂ।"

"ਜੋ ਮਰਜੀ ਸੁਣਾਓ, ਮੈਂ ਸੁਣਨ ਲਈ ਤਿਆਰ ਹਾਂ। ਇਸਦਾ ਮਤਲਬ ਇਹ ਹੁਣ ਇਤਿਹਾਸ ਦੇ ਨਾਲ ਨਾਲ ਕਵਿਤਾ ਵੀ ਪੜ੍ਹਨ ਲੱਗ ਪਏ ਹੋ?"

"ਹਿੰਦੂਆਂ ਦਾ ਮੁੰਡਾ ਸੀ ਸ਼ਿਵ। ਹਿੰਦੂ ਹੋ ਕੇ ਵੀ ਪੰਜਾਬੀ ਜਬਾਨ ਨੂੰ ਭਾਗ ਲਾ ਗਿਐ।"

"ਅਰਸ਼ਾਦ।"

**"ਇਹਨਾਂ ਮਰਦਾਂ ਦੀ ਜਾਤ ਦੀ ਭਲੀ ਪੁੱਛੀ**
**ਇਸ ਜਾਤ ਤੋਂ ਰਾਣੀਏ ਭਲੇ ਕੁੱਤੇ**
**ਬੇਹੀਆਂ ਖਾਇ ਕੇ ਰਾਖੀਆਂ ਕਰਨ ਜਿਹੜੇ**
**ਛੱਡਣ ਦਰ ਨਾ ਖਾਇ ਕੇ ਰੋਜ਼ ਕੁੱਤੇ।"**

"ਕਾਂਤਾ, ਮੈਂ ਤਾਂ ਆਪ ਸ਼ਿਵ ਦੀ ਕਵਿਤਾ ਦਾ ਸ਼ੋਦਾਈਂ ਹਾਂ। ਤੇਰਾ ਇਹ ਸ਼ੌਕ ਤਾਂ ਮੇਰੇ ਸ਼ੌਕ ਨਾਲ ਖੂਬ ਮੇਲ ਖਾਂਦਾ ਏ।"

"ਕਿਤੇ ਦੂਜਾ ਸ਼ੌਕ ਤਾਂ ਨਹੀਂ ਉਹਦੇ ਵਾਲਾ?"

"ਉਹ ਕਿਹੜਾ?"

"ਬੜੇ ਨਾਦਾਨ ਹੋ। ਉਹਦਾ ਸਭ ਤੋਂ ਵੱਡਾ ਸ਼ੌਕ ਵੀ ਨਹੀਂ ਜਾਣਦੇ?"

"ਮੈਂ ਸਮਝ ਗਿਆ। ਸ਼ਰਾਬ।"

"ਹਾਂ, ਜਲਦੀ ਹੀ ਸਮਝ ਗਏ। ਫੈਕਲਟੀ ਹਾਊਸ ਆ ਗਿਆ ਏ। ਬਾਕੀ ਗੱਲਾਂ ਸ਼ਾਮ ਨੂੰ ਕਰਾਂਗੇ ਜੇ ਇਰਾਦਾ ਹੈ ਤਾਂ। ਕੱਲ੍ਹ ਤੋਂ ਪਰਚੇ ਦੇਖਣੇ ਸ਼ੁਰੂ ਹੋ ਜਾਣੇ ਨੇ। ਫਿਰ ਤਾਂ ਬਾਤ ਕਰਨ ਲਈ ਤੇ ਮਿਲਣ ਲਈ ਸ਼ਾਮ ਨੂੰ ਹੀ ਮਾੜਾ ਮੋਟਾ ਵਕਤ ਮਿਲਿਆ ਕਰੂ। ਮੇਰੀ ਤਾਂ ਮਾਰਕਿੰਗ ਵੀ ਸਿਰਫ ਦੋ ਦਿਨ ਹੀ ਏ।"

"ਸ਼ਾਮ ਨੂੰ ਕਿੰਨੇ ਵਜੇ ਕਿੱਥੇ ਮਿਲਿਆ ਜਾਵੇ ?"

"ਪਹਿਲਾਂ ਫੈਕਲਟੀ ਹਾਊਸ ਦੇ ਅੰਦਰ ਦਾ ਜਾ ਕੇ ਜਾਇਜ਼ਾ ਲਿਆ ਜਾਵੇ। ਜੇ ਤਾਂ ਕੋਈ ਵਾਕਫ਼ ਨਜ਼ਰ ਆਇਆ ਫਿਰ ਤਾਂ ਬਹੁਤ ਹੀ ਚੁਕੰਨੇ ਰਹਿਣਾ ਪਊ। ਜੇ ਬਹੁਤੇ ਫ਼ਿਰੋਜ਼ਪੁਰੀਏ ਤੇ ਫਰੀਦਕੋਟੀਏ ਹੀ ਹੋਏ ਤਾਂ ਬਹੁਤੀ ਫ਼ਿਕਰ ਦੀ ਜ਼ਰੂਰਤ ਨਹੀਂ। ਸ਼ਾਮ ਨੂੰ 6 ਕੁ ਵਜੇ ਕੈਂਟੀਨ ਵਿੱਚ ਚਾਹ ਪੀਣ ਆ ਜਾਇਓ। ਤੁਹਾਨੂੰ ਮੇਰੇ ਹਾਵ ਭਾਵ ਤੋਂ ਹੀ ਪਤਾ ਲੱਗ ਜਾਊ ਕਿ ਫੈਕਲਟੀ ਹਾਊਸ ਦੇ ਅੰਦਰ ਦਾ ਮੌਸਮ ਕੈਸਾ ਏ। ਆਓ ਉਤਰ ਜਾਈਏ। ਇਸ ਵਾਰ ਆਟੋ ਵਾਲੇ ਨੂੰ ਪੈਸੇ ਮੈਂ ਹੀ ਦੇ ਦਿੰਦੀ ਹਾਂ। ਅਗਲੀ ਵਾਰ ਅਗਰ ਇੱਕਠੇ ਸਫ਼ਰ ਕੀਤਾ ਤਾਂ ਤੁਸੀਂ ਦੇ ਲਿਓ।"

ਦੋਨੋਂ ਆਟੋ ਤੋਂ ਇਵੇਂ ਉੱਤਰ ਕੇ ਤੁਰ ਪਏ ਜਿਵੇਂ ਦੋ ਅਣਜਾਣ ਬੰਦਿਆਂ ਨੇ ਇੱਕ ਹੀ ਥਾਂ ਤੇ ਪਹੁੰਚਣ ਲਈ ਸਾਂਝਾ ਆਟੋ ਫੜਿਆ ਹੋਵੇ। ਫੈਕਲਟੀ ਹਾਊਸ ਦੇ ਦਫ਼ਤਰ 'ਚ ਜਾ ਕੇ ਆਪਣੀ ਬੁਕਿੰਗ ਦਿਖਾਈ। ਬਾਬੂ ਨੇ ਰਿਹਾਇਸ਼ਗਾਹਾਂ ਦੀਆਂ ਚਾਬੀਆਂ ਦੇ ਦਿੱਤੀਆਂ। ਕਾਂਤਾ ਨੂੰ ਜ਼ਮੀਨ ਤੇ 4 ਨੰਬਰ ਰਿਹਾਇਸ਼ ਮਿਲੀ ਤੇ ਪ੍ਰਸ਼ੋਤਮ ਨੂੰ ਦੂਸਰੀ ਮੰਜ਼ਿਲ ਦੇ 22 ਨੰਬਰ।

ਸਮਾਨ ਅੰਦਰ ਰੱਖਕੇ ਪ੍ਰਸ਼ੋਤਮ ਨੇ ਦਰਵਾਜ਼ਾ ਬੰਦ ਕਰ ਲਿਆ। ਪੱਖਾ ਛੱਡ ਲਿਆ। ਕੱਪੜੇ ਬਦਲਿਆਂ ਬਗੈਰ ਹੀ ਉਹ ਆਰਾਮਦਾਇਕ ਬੈਡ ਤੇ ਲੇਟ ਗਿਆ। ਪੈਰ ਅਜੇ ਹੇਠਾਂ ਨੂੰ ਹੀ ਲਮਕਾਏ ਹੋਏ ਸਨ। ਖਿਆਲਾਂ ਵਿੱਚ ਗੁਆਚ ਗਿਆ...।

ਬੜੀ ਕੁਰਖਤ ਔਰਤ ਏ...ਸੋਚਿਆ ਕੀ ਸੀ, ਹੋ ਕੀ ਰਿਹਾ ਏ...ਸਭ ਔਰਤਾਂ ਪਹਿਲਾਂ ਏਦਾਂ ਹੀ ਕਹਿੰਦੀਆਂ ਹੁੰਦੀਆਂ ਨੇ...ਔਰਤਾਂ ਜ਼ਿਆਦਾ ਪੜ੍ਹ ਲਿਖ ਕੇ ਵੱਧ ਸੋਚਵਾਨ ਹੋ ਜਾਂਦੀਆਂ ਨੇ...ਤਾਂ ਹੀ ਕਈ ਕੰਵਾਰੀਆਂ ਹੀ ਰਹਿ ਜਾਂਦੀਆਂ ਨੇ...ਕਈ ਤਾਂ ਪ੍ਰੋਫ਼ੈਸਰ ਆਈ. ਏ. ਐਸ. ਅਫ਼ਸਰ ਲੱਭਦੀਆਂ ਬੁੱਢੀਆਂ ਹੋ ਜਾਂਦੀਆਂ ਨੇ ਉਹ ਡੀ. ਏ. ਵੀ. ਕਾਲਜ ਵਾਲੀ ਅਨੀਤਾ ਕੋਈ ਵੱਡਾ ਅਫ਼ਸਰ ਲੱਭਦੀ ਰਹੀ ਹੁਣ ਚਾਲ੍ਹੀ ਦੀ ਹੋ ਗਈ ਏਜਦ ਹੁਣ ਛੜੀ ਰਹਿ ਗਈ ਏ ਤਾਂ ਆਪਣੇ ਆਪ ਨੂੰ ਬ੍ਰਹਮਕੁਮਾਰੀ ਕਹਿਣ ਲੱਗ ਪਈ। ਕਿਸੇ ਨੇ ਕਿਹਾ ਏ..............

**ਤੇਰੇ ਸਾਸੋਂ ਕੀ ਥਕਨ ਤੇਰੀ ਨਿਗਾਹੋਂ ਕਾ ਸਕੂਤ**
**ਦਰਹਕੀਕਤ ਕੋਈ ਰੰਗੀਨ ਸ਼ਰਾਰਤ ਹੀ ਨਾ ਹੋ**
**ਜਿਸੇ ਪਿਆਰ ਦਾ ਅੰਦਾਜ਼ ਮੈਂ ਸਮਝ ਬੈਠਾ**
**ਬੋਹ ਤਕੱਲਮ ਬੋਹ ਤਵੱਸਮ ਕਹੀਂ ਤੇਰੀ ਆਦਤ ਹੀ ਨਾ ਹੋ।**

ਨਹੀਂ, ਇੰਝ ਨਹੀਂ ਹੋ ਸਕਦਾ...ਅਗਰ ਚੰਡੀਗੜ੍ਹ ਆ ਕੇ ਵੀ ਪ੍ਰੀਖਿਆ ਹੀ ਲੈਣੀ ਹੁੰਦੀ ਤਾਂ ਪਹਿਲਾਂ ਉਥੇ ਕੀ ਕਰ ਰਹੀ ਸੀ?...ਬੱਸਾਂ ਵਿੱਚ ਬਥੇਰੀਆਂ ਗੱਲਾਂ ਮਾਰਦੀ ਰਹੀ...ਪ੍ਰੀਖਿਆ ਕੇਂਦਰ ਵਿੱਚ ਬਥੇਰੀ ਮੂੰਹ ਨਾਲ ਮੂੰਹ ਜੋੜ ਕੇ ਖੜ੍ਹਦੀ ਰਹੀ...ਸ਼ਾਮ ਨੂੰ ਸ਼ਾਇਦ ਕਿੱਧਰੇ ਬਾਹਰ ਦੂਰ ਨਿਕਲ ਪਵੇ...ਦਿਨ ਦੇ ਸੁਪਨੇ ਲੈਂਦੇ ਲੈਂਦੇ ਦੀ ਪ੍ਰਸ਼ੋਤਮ ਦੀ ਘੰਟਾ ਕੁ ਅੱਖ ਲੱਗ ਗਈ ਸੀ। ਅੱਖ ਲੱਗਣ ਤੇ ਵੀ ਸੁਪਨਿਆਂ ਦੀ ਲੜੀ ਚਲਦੀ ਰਹੀ। ਫਿਰ ਉਹ ਉਭੜ ਕੇ ਉਠਿਆ। ਧੁੱਪ ਨੀਵੀਂ ਹੋ ਰਹੀ ਸੀ। ਸ਼ਾਮ ਚਲ ਰਹੀ ਸੀ। ਉਸ ਘੜੀ ਵੱਲ ਤੱਕਿਆ। ਪੰਜ ਵੱਜਣ ਵਾਲੇ



ਸਨ। ਛੇ ਵਜੇ ਕੈਂਟੀਨ ਵਿੱਚ ਜਾਣਾ ਸੀ। ਕਾਂਤਾ ਨੇ ਛੇ ਵਜੇ ਦਾ ਸਮਾਂ ਦਿੱਤਾ ਸੀ।

ਪ੍ਰਸ਼ੋਤਮ ਨੇ ਸੋਚਿਆ ਕਿ ਕੈਂਟੀਨ ਵਿੱਚ ਜਾਣ ਤੋਂ ਪਹਿਲਾਂ ਨਹਾਇਆ ਜਾਵੇ। ਫਿਰ ਕੱਪੜੇ ਬਦਲੇ ਜਾਣ। ਪਹਿਨੇ ਹੋਏ ਕੱਪੜੇ ਸਫ਼ਰ ਵਿੱਚ ਕੁੱਝ ਮੈਲੇ ਲੱਗਦੇ ਸਨ। ਅਗਰ ਮੈਲੇ ਵੀ ਨਹੀਂ ਸਨ ਤਾਂ ਵੀ ਬਦਲਣੇ ਹੀ ਚਾਹੀਦੇ ਸਨ। ਪਿਆਰ ਵਿੱਚ ਮਦਮਸਤ ਮਨ ਤਨ ਨੂੰ ਵਾਰ-ਵਾਰ ਆਪਣੇ ਨਵੇਂ ਰੂਪ ਵਿੱਚ ਦੇਖਣਾ ਚਾਹੁੰਦਾ ਹੁੰਦਾ ਏ। ਪ੍ਰੇਮੀ ਦੇ ਮਨ ਦਾ ਤਰੰਗ ਹੁੰਦਾ ਏ ਸ਼ਾਇਦ ਮਸ਼ੂਕ ਉਸਦਾ ਕੋਈ ਨਵਾਂ ਰੂਪ ਵਧ ਪਸੰਦ ਕਰ ਲਵੇ। ਨਹਾਉਣ ਤੋਂ ਬਾਅਦ ਪ੍ਰਸ਼ੋਤਮ ਨੇ ਆਪਣੇ ਨਾਲ ਲਿਆਂਦਾ ਹੋਇਆ ਪ੍ਰੈਸ ਕੀਤਾ ਸੂਟ ਪਹਿਨ ਲਿਆ। ਬੂਟਾ ਨੂੰ ਵੀ ਥੋੜ੍ਹਾ ਲਿਸ਼ਕਾ ਲਿਆ। ਕਮੀਜ਼ ਦਾ ਸਭ ਤੋਂ ਉਪਰਲਾ ਬਟਨ ਖੁੱਲ੍ਹਾ ਰੱਖ ਕੇ ਧੌਣ ਤੇ ਥੋੜ੍ਹਾ ਪਾਉਡਰ ਵੀ ਭੁੱਕ ਲਿਆ। ਨਾਲ ਲਿਆਂਦੀ ਹੋਈ ਪਰਫਿਊਮ ਦੀ ਪਿਚਕਾਰੀ ਵੀ ਸਰੀਰ ਦੇ ਕੁੱਝ ਹਿੱਸਿਆਂ 'ਤੇ ਮਾਰ ਲਈ।

**"ਤੂੰ ਹੈ ਮੁਹੀਤੇ ਬੇਕਰਾਂ, ਮੈ ਹੂੰ ਜ਼ਰਾ ਸੀ ਆਬਜੂ**
**ਯਾ ਮੁਝੇ ਹਮਕਿਨਾਰ ਕਰ ਯਾ ਮੁਝੇ ਬੇਕਿਨਾਰ ਕਰ।**
**ਮੈਂ ਹੂੰ ਸਦਫ਼ ਤੋਂ ਤੇਰੇ ਹਾਥ ਮੇਰੇ ਗੁਹਰ ਕੀ ਆਬਰੂ।**
**ਮੈਂ ਹੂੰ ਖਜ਼ਫ਼ ਤੋਂ ਤੂੰ ਮੁਝੇ ਗੌਹਰੇ ਸ਼ਾਹਵਾਰ ਕਰ।"**
**ਉਹ ਇੱਕਬਾਲ ਦਾ ਸ਼ੇਅਰ ਗੁਣਗੁਣਾ ਰਿਹਾ ਸੀ।**

ਜਦ ਉਹ ਛੇ ਵਜੇ ਕੈਂਟੀਨ ਵਿੱਚ ਪਹੁੰਚਿਆ ਤਾਂ ਦੇਖਿਆ ਕਾਂਤਾ ਉਥੇ ਅਜੇ ਨਹੀਂ ਪਹੁੰਚੀ ਸੀ। ਉਹ ਥੋੜ੍ਹਾ ਫਿਕਰਮੰਦ ਹੋ ਗਿਆ। ਸੋਚਦਾ ਕਾਂਤਾ ਨੇ ਐਵੇਂ ਝੂਠਾ ਹੀ ਵਾਅਦਾ ਨਾ ਕੀਤਾ ਹੋਵੇ। ਉੱਥੇ ਕੁੱਝ ਹੋਰ ਪ੍ਰੋਫ਼ੈਸਰ ਤੇ ਮੈਡਮਾਂ ਵੀ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਉਸਨੇ ਨਜ਼ਰ ਘੁਮਾ ਕੇ ਦੇਖ ਲਿਆ ਕਿ ਉਹਨਾਂ ਵਿੱਚ ਉਸਦਾ ਕੋਈ ਵੀ ਵਾਕਫ਼ ਨਹੀਂ ਸੀ। ਪੇਪਰ ਮਾਰਕਿੰਗ ਅਜੇ ਦੂਜੇ ਦਿਨ ਸਵੇਰੇ ਸ਼ੁਰੂ ਹੋਣੀ ਸੀ। ਵੈਸੇ ਵੀ ਟੇਬਲ ਮਾਰਕਿੰਗ ਦਾ ਉਸਦਾ ਇਹ ਪਹਿਲਾਂ ਤਜ਼ਰਬਾ ਸੀ। ਇਸਤੋਂ ਪਹਿਲਾਂ ਪਰਚੇ ਦੇਖਣ ਲਈ ਪ੍ਰੋਫ਼ੈਸਰਾਂ ਦੇ ਘਰਾਂ ਨੂੰ ਆਇਆ ਕਰਦੇ ਸਨ। ਪੰਜਾਬ ਦੇ ਹਾਲਾਤ ਖ਼ਰਾਬ ਹੋ ਜਾਣ ਕਰਕੇ ਯੂਨੀਵਰਸਿਟੀ ਨੇ ਦੋ ਕੁ ਸਾਲ ਪਹਿਲਾਂ ਹੀ ਟੇਬਲ ਮਾਰਕਿੰਗ ਦਾ ਤਰੀਕਾ ਸ਼ੁਰੂ ਕੀਤਾ ਸੀ। ਪਿਛਲੇ ਸਾਲ ਉਹ ਇਸ ਨਵੇਂ ਪ੍ਰੋਗਰਾਮ ਤਹਿਤ ਪਰਚੇ ਦੇਖਣ ਚੰਡੀਗੜ੍ਹ ਨਹੀਂ ਆਇਆ ਸੀ। ਉਸ ਸਮੇਂ ਉਸਦੀ ਡਿਊਟੀ ਆਪਣੇ ਜ਼ਿਲ੍ਹੇ ਦੇ ਪੇਪਰ ਮਾਰਕਿੰਗ ਸੈਂਟਰ ਵਿੱਚ ਹੀ ਲੱਗ ਗਈ ਸੀ। ਇਸ ਵਾਰ ਉਸਨੇ ਇਹ ਡਿਊਟੀ ਕਾਂਤਾ ਨੂੰ ਚੰਡੀਗੜ੍ਹ ਮਿਲਣ ਦੀ ਖਾਤਰ ਸਪੈਸ਼ਲ ਚੰਡੀਗੜ੍ਹ ਦੇ ਸੈਂਟਰ ਵਿੱਚ ਲੁਆਈ ਸੀ। ਉਹ ਬੜੀ ਉਤਸੁਕਤਾ ਨਾਲ ਕਾਂਤਾ ਦੀ ਉਡੀਕ ਹੀ ਕਰ ਰਿਹਾ ਸੀ ਕਿ ਉਸਦੇ ਸੁਪਨਿਆਂ ਦੀ ਪਰੀ ਆ ਟਪਕੀ। ਕਾਂਤਾ ਨੇ ਵੀ ਆਪਣਾ ਪਹਿਰਾਵਾ ਬਦਲਿਆ ਹੋਇਆ ਸੀ। ਹਰੇ ਰੰਗ ਦੀ ਸਾੜ੍ਹੀ ਵਿੱਚ ਉਹ ਪੂਰੀ ਸਿੱਪ ਦਾ ਮੋਤੀ ਲਗ ਰਹੀ ਸੀ। ਸਲੀਵਲੈਸ ਬਲਾਊਜ਼

ਉਸਨੂੰ ਬਹੁਤ ਫਬਿਆ ਸੀ। ਉਸਦੀ ਲੰਬੀ ਗਰਦਨ ਵਧ ਦਰਸ਼ਨੀ ਲਗਦੀ ਸੀ। ਥੋੜ੍ਹਾ ਥੋੜ੍ਹਾ ਹੇਅਰ ਕੱਟ ਉਸਨੇ ਪਹਿਲਾਂ ਹੀ ਕਰਵਾ ਰੱਖਿਆ ਸੀ। ਪੰਜਾਬ ਵਿੱਚ ਉਹ ਵਾਲਾਂ ਦੀ ਪੋਨੀ ਟੇਲ ਬਣਾ ਲੈਂਦੀ ਸੀ। ਅੱਜ ਚੰਡੀਗੜ੍ਹ ਵਿੱਚ ਉਸਨੇ ਕੱਟੇ ਹੋਏ ਵਾਲ ਖੁੱਲ੍ਹੇ ਛੱਡੇ ਹੋਏ ਸਨ। ਦੋਹਾਂ ਬਾਹਾਂ ਵਿੱਚ ਇੱਕ-ਇੱਕ ਸੁਨਹਿਰੀ ਚੂੜੀ ਉਸਦੀਆਂ ਬਾਹਾਂ ਦੇ ਸੁਹੱਪਣ ਨੂੰ ਚਾਰ ਚੰਨ ਲਾ ਰਹੀ ਸੀ। ਜਦ ਕਲ਼ਫ ਕਰੀਮ ਨਾਲ ਮਹਿਕਾਂ ਛੱਡਦੀ ਉਹ ਪ੍ਰਸ਼ੋਤਮ ਦੇ ਕੋਲ ਆ ਖੜ੍ਹੀ ਹੋਈ ਤਾਂ ਪ੍ਰਸ਼ੋਤਮ ਦੇ ਮਨ ਵਿੱਚ ਇੱਕ ਉਰਦੂ ਦਾ ਸ਼ੇਅਰ ਆ ਗਿਆ।

ਤੇਰੇ ਪੈਰਾਹਨੇ ਰੰਗੀਨ ਕੀ ਜ਼ੁਨੂਖੇਜ਼ ਮਹਿਕ
ਖ਼ੁਆਵ ਬਨ ਕਰ ਮੇਰੇ ਜ਼ਹਿਨ ਮੇਂ ਲਹਿਰਾਤੀ ਹੈ।
ਜੂੰ ਅਚਾਨਕ ਤੇਰੇ ਆਰਿਜ਼ ਕਾ ਖਿਆਲ ਆਤਾ ਹੈ
ਜੈਸੇ ਜ਼ੁਲਮਤ ਮੇ ਕੋਈ ਸ਼ਮਾਂ ਭੜਕ ਉਠਤੀ ਹੈ।

ਉਸਨੇ ਇਹ ਸ਼ੇਅਰ ਬੋਲਿਆ ਨਹੀਂ। ਅਜੇ ਕਾਂਤਾ ਉਸ ਨਾਲ ਇੰਨੀ ਜ਼ਿਆਦਾ ਨਹੀਂ ਸੀ ਖੁੱਲ੍ਹੀ ਕਿ ਉਹ ਉਸ ਨਾਲ ਸ਼ੈਅਰੋ ਸ਼ਾਇਰੀ ਕਰ ਸਕਦਾ। ਉਹ ਅਜੇ ਪ੍ਰਸ਼ੋਤਮ ਵਾਸਤੇ ਗੁੰਝਲ ਸੀ। ਭਾਵੇਂ ਉਹਨੂੰ ਲਗਦਾ ਸੀ ਕਿ ਉਹ ਇਸ਼ਕ ਦੀ ਪੌੜੀ ਪੌਡਾ ਦਰ ਪੌਡਾ ਚੜ੍ਹਦਾ ਜਾ ਰਿਹਾ ਸੀ ਪਰ ਉਸਨੂੰ ਇਹ ਵੀ ਡਰ ਸੀ ਕਿ ਕਿਤੇ ਕਾਂਤਾ ਉਸਨੂੰ ਟੀਸੀ ਤੇ ਚੜ੍ਹਾ ਕੇ ਹੇਠਾਂ ਤੋਂ ਪੌੜੀ ਚੁੱਕ ਹੀ ਨਾ ਦੇਵੇ। ਉਸ ਲਈ ਵਾਪਸ ਹੇਠਾਂ ਉਤਰਨਾ ਔਖਾ ਹੀ ਨਾ ਹੋ ਜਾਵੇ। ਭਾਵੇਂ ਉਹ ਕਾਹਲਾ ਸੀ ਫਿਰ ਵੀ ਕੁੱਝ ਸੰਭਲ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਕਾਂਤਾ ਮੈਂ ਚਾਹ ਦਾ ਆਰਡਰ ਦਿੱਤਾ ਹੋਇਆ ਏ।"

"ਮੇਰੇ ਆਉਣ ਤੋਂ ਪਹਿਲਾਂ ਇੰਝ ਕਿਵੇਂ ਕਰ ਦਿੱਤਾ।
ਤੁਹਾਨੂੰ ਕੀ ਪਤਾ ਸੀ ਮੈਂ ਜ਼ਰੂਰ ਆਵਾਂਗੀ ?"

"ਅਗਰ ਨਾ ਵੀ ਆਉਂਦੀ ਤਾਂ ਚਾਹ ਕਿਹੜੀ ਸੈਂਕੜੇ ਰੁਪਿਆਂ ਦੀ ਏ। ਪਰ ਮੈਨੂੰ ਸੌ ਫੀਸਦੀ ਪਤਾ ਸੀ ਕਿ ਤੁਸੀਂ ਜ਼ਰੂਰ ਆਵੋਗੇ।"

"ਹੁਣ ਵਾਪਸ ਮੁੜ ਜਾਵਾਂ?"

"ਮੈਨੂੰ ਪਤਾ ਏ ਤੁਸੀਂ ਵਾਪਸ ਨਹੀਂ ਜਾਵੋਗੇ।"

"ਅੱਛਾ ! ਤਾਂ ਇਹ ਗੱਲ ਏ। ਤੁਸੀਂ ਮੇਰੇ ਤੇ ਇੰਨਾ ਜ਼ਿਆਦਾ ਯਕੀਨ ਕਰਦੇ ਹੋ?"

ਯਕੀਨ ਤਾਂ ਮੈਂ ਕਰਦਾ ਹੀ ਹਾਂ। ਇਹ ਕਿਹੜੀ ਸਾਡੀ ਪਹਿਲੀ ਮਿਲਣੀ ਏ। ਅਸੀਂ ਪਹਿਲਾਂ ਵੀ ਤਾਂ ਮਿਲਦੇ ਹੀ ਰਹੇ ਹਾਂ।

"ਉਥੇ ਮਿਲਣ ਨੂੰ ਤੁਸੀਂ ਹੋਰ ਤਰ੍ਹਾਂ ਸਮਝਦੇ ਹੁੰਦੇ ਸੀ ਅੱਜ ਦੀ ਮਿਲਣੀ ਤੁਹਾਡੇ ਲਈ ਹੋਰ ਕਿਸਮ ਦੀ ਲੱਗਦੀ ਏ । ਕਿਧਰ ਜਾਣਾ ਪਸੰਦ ਕਰੋਗੇ?"

"ਜਿਧਰ ਤੁਸੀਂ ਚਾਹੋ"

"ਝੀਲ ਵੱਲ ਚੱਲੀਏ?"



"ਮੈਂ ਐਨੀ ਦੂਰ ਜਾਣਾ ਪਸੰਦ ਨਹੀਂ ਕਰਦੀ।"

"ਆਟੋ 'ਤੇ ਜਾਣਾ ਤੇ ਆਟੋ 'ਤੇ ਹੀ ਵਾਪਸ ਆ ਜਾਣਾ। ਬਹੁਤ ਜ਼ਿਆਦਾ ਸਮਾਂ ਨਹੀਂ ਲੱਗੇਗਾ। ਘੰਟਾ ਕੁ ਉਥੇ ਫਿਰ ਤੁਰ ਲਵਾਂਗੇ। ਨਾਲੇ ਬਾਹਰ ਹੀ ਖਾਣਾ ਖਾ ਆਵਾਂਗੇ।"

"ਨਹੀਂ, ਮੈਨੂੰ ਇਹ ਪ੍ਰੋਗਰਾਮ ਪਸੰਦ ਨਹੀਂ।"

"ਤਾਂ ਫਿਰ 17 ਸੈਕਟਰ ਵਿੱਚ ਚੱਲੀਏ? ਇੰਡੀਅਨ ਕਾਫ਼ੀ ਹਾਊਸ ਬੈਠ ਲਵਾਂਗੇ। ਫ਼ਿਲਮ ਤੋਂ ਤਾਂ ਤੁਸੀਂ ਪਹਿਲਾਂ ਹੀ ਨਾਂਹ ਕਰ ਦਿੱਤੀ ਸੀ।"

"ਮੈਂ ਤਾਂ ਸਿਰਫ ਯੂਨੀਵਰਸਿਟੀ ਵਿੱਚ ਹੀ ਰਹਿਣਾ ਪਸੰਦ ਕਰਾਂਗੀ। ਬਾਹਰ ਕਿਧਰੇ ਵੀ ਨਹੀਂ ਜਾਵਾਂਗੀ। ਦੇਖੋ, ਯੂਨੀਵਰਸਿਟੀ ਦਾ ਵਾਤਾਵਰਨ ਕਿੰਨਾ ਸੋਹਣਾ ਏ। ਸ਼ਾਮ ਦੇ ਮੂੰਹ ਹਨੇਰੇ ਵਿੱਚ ਚੰਦਰਮਾ ਦੀ ਰੌਸਨੀ ਸੜਕ ਦੇ ਇਰਦ ਗਿਰਦ ਖੜ੍ਹੇ ਦਰੱਖ਼ਤਾਂ ਦੇ ਪੱਤਿਆਂ 'ਚੋਂ ਛਣ ਕੇ ਆਉਂਦੀ ਕਿੰਨੀ ਸੁਹਾਵਣੀ ਲੱਗਦੀ ਏ। ਪੇੜ ਇਸ ਰੌਸ਼ਨੀ ਨੂੰ ਫੜਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਇਹ ਉਹਨਾਂ ਤੋਂ ਫੜ ਨਹੀਂ ਹੋ ਰਹੀ। ਰੌਸ਼ਨੀ ਦੀ ਸਪਰਸ਼ ਪੇੜਾਂ ਨੂੰ ਛੂੰਹਦੀ ਲੱਗਦੀ ਏ ਪਰ ਫਿਰ ਵੀ ਇਹ ਇਹਨਾਂ ਦੇ ਕਾਬੂ ਵਿੱਚ ਨਹੀਂ ਏ। ਇਸਨੂੰ ਡਰ ਏ ਕਿ ਪੇੜ ਇਸਨੂੰ ਮਸਲ ਹੀ ਨਾ ਦੇਣ। ਇਹ ਪੇੜਾਂ ਦੀ ਪ੍ਰੀਖਿਆ ਲੈ ਰਹੀ ਏ। ਵੈਸੇ ਵੀ ਵਾਤਾਵਰਨ ਬੜਾ ਈ ਸ਼ਾਂਤ ਤੇ ਸਵੱਛ ਏ। ਦਿਨ ਭਰ ਗਰਮੀ ਨੇ ਬੁਰਾ ਹਾਲ ਕਰ ਛੱਡਿਆ। ਚੰਡੀਗੜ੍ਹ ਫਿਰ ਵੀ ਬਾਕੀ ਸ਼ਹਿਰਾਂ ਨਾਲੋਂ ਵਧੀਆ ਏ। ਸੜਕ ਦੇ ਕਿਨਾਰੇ ਲੰਬੀ ਸੈਰ ਕਰਨੀ ਵਧੀਆ ਰਹੇਗੀ। ਹਾਂ, ਇੱਕ ਹੋਰ ਤਜਵੀਜ਼ ਦੇ ਸਕਦੀ ਹਾਂ। ਸਟੂਡੈਂਟ ਸੈਂਟਰ ਵਿੱਚ ਬੈਠਿਆ ਜਾ ਸਕਦਾ ਏ।"

"ਇਹ ਤਜਵੀਜ਼ ਸੱਚਮੁੱਚ ਹੀ ਬੜੀ ਵਧੀਆ ਏ। ਬੈਠ ਵੀ ਹੋ ਜਾਊ ਤੇ ਨਾਲ-ਨਾਲ ਸੈਰ ਵੀ ਹੋ ਜਾਊ।"

ਫਿਰ ਦੋਨੋਂ ਫੈਕਲਟੀ ਹਾਊਸ ਤੋਂ ਬਾਹਰ ਸੜਕ ਤੇ ਟਹਿਲਦੇ ਸੈਂਟਰ ਵੱਲ ਨੂੰ ਚੱਲ ਪਏ।

"ਇਹ ਸਟੂਡੈਂਟ ਸੈਂਟਰ 74-75 ਵਿੱਚ ਬਣਿਆ ਸੀ। ਉਸ ਸਮੇਂ ਅਸੀਂ ਇੱਥੇ ਐੱਮ. ਏ. ਕਰਦੀਆਂ ਹੁੰਦੀਆਂ ਸਾਂ। ਇਹ ਬਹੁਤ ਪੁਰਾਣਾ ਨਹੀਂ ਸੀ ਹੁੰਦਾ। ਅਸੀਂ ਉਸ ਸਮੇਂ ਇੱਥੇ ਅਕਸਰ ਬੈਠਦੀਆਂ ਹੁੰਦੀਆਂ ਸਾਂ?"

"ਬੈਠਦੇ ਹੁੰਦੇ ਸਾਂ ਜਾਂ ਬੈਠਦੀਆਂ ਹੁੰਦੀਆਂ ਸਾਂ?"

"ਇੰਝ ਕਹਿ ਕੇ ਆਪਣੇ ਮਨ ਦੀ ਹਾਲਤ ਵੱਧ ਬਿਆਨ ਕਰ ਰਹੇ ਲੱਗਦੇ ਹੋ। ਕਿੰਨੀਆਂ ਕੁ ਸਹੇਲੀਆਂ ਸਨ ਤੁਹਾਡੀਆਂ?"

"ਮੈਂ ਤਾਂ ਐਵੇਂ ਸ਼ੁਗਲ ਕਰ ਰਿਹਾ ਸੀ। ਮੈਂ ਜ਼ਿੰਦਗੀ ਵਿੱਚ ਕਦੀ ਵੀ ਕੋਈ ਸਹੇਲੀ ਨੀ ਬਣਾਈ।"

"ਸਭ ਮਰਦ ਇਵੇਂ ਹੀ ਕਹਿੰਦੇ ਹੁੰਦੇ ਨੇ। ਆਪ ਭਾਵੇਂ ਜੋ ਮਰਜ਼ੀ ਕਰਦੇ ਫਿਰਨ, ਔਰਤਾਂ ਦੀ ਐਵੇਂ ਛਾਣਬੀਨ ਕਰੀ ਜਾਣਗੇ। ਮੈਂ ਵੀ ਪੱਕਾ ਠਾਣ ਰੱਖਿਆ ਏ ਕਿ ਮਰਦ

ਦੀ ਪੂਰੀ ਛਾਣਬੀਨ ਕਰਕੇ ਹੀ ਵਿਆਹ ਦਾ ਕਦਮ ਚੁੱਕਾਂਗੀ।"

"ਇਸਦਾ ਮਤਲਬ ਇਹ ਕਿ ਇਥੇ ਚੰਡੀਗੜ੍ਹ ਆ ਕੇ ਛਾਣਬੀਨ ਹੀ ਚੱਲੀ ਜਾਊ। ਮੇਰੇ ਨਾਲ ਵਾਕਫ਼ੀਅਤ ਕਰਨ ਲਈ ਤੁਹਾਨੂੰ ਸਭ ਤੋਂ ਵੱਧ ਮੇਰੀ ਕਿਸ ਚੀਜ਼ ਨੇ ਪ੍ਰਭਾਵਿਤ ਕੀਤਾ ਸੀ?"

"ਤੁਹਾਡੇ ਨਾਮ ਨੇ"

"ਕੀ ਭਾਵ?"

"ਮਰਯਾਦਾ ਪ੍ਰਸ਼ੋਤਮ! ਵੈਸੇ ਵੀ ਪ੍ਰਸ਼ੋਤਮ ਦਾ ਸ਼ਬਦ ਜੋੜ ਉੱਤਮ ਪੁਰਸ਼ ਤੋਂ ਬਣਿਆਂ ਏ। ਮੈਂ ਸੋਚਿਆ ਸ਼ੋਹਰਾ ਤਾਂ ਬੜਾ ਸਮਾਰਟ ਏ, ਨਾਮ ਵੀ ਬੜਾ ਵਧੀਆ ਏ, ਪੜ੍ਹ ਵੀ ਚੰਗਾ ਗਿਆ ਏ, ਨੌਕਰੀ 'ਤੇ ਵੀ ਚੰਗੀ ਤੇ ਲੱਗਾ ਹੋਇਆ ਏ ਮੇਲ ਮਿਲਾਪ ਵੀ ਆਪਣੇ ਕਾਲਜ ਤੇ ਸ਼ਹਿਰ ਤੋਂ ਪਰ੍ਹੇ ਦੂਰ ਹੋ ਰਿਹਾ ਏ। ਕਿਉਂ ਨਾ ਵਾਕਫ਼ੀਅਤ ਵਧਾ ਕੇ ਦੇਖ ਲਈ ਜਾਵੇ।"

"ਇਸਦਾ ਮਤਲਬ ਮੈਂ ਤੁਹਾਨੂੰ ਸਮਾਰਟ ਛੋਹਰਾ ਲੱਗਿਆ ਸੀ? ਮੈਂ ਅਜੇ ਛੋਹਰਾ ਹੀ ਹਾਂ? 28 ਸਾਲ ਦਾ ਹੋ ਚੱਲਿਆ ਹਾਂ।"

ਇਨੇ ਚਿਰ ਵਿੱਚ ਸਟੂਡੈਂਟ ਸੈਂਟਰ ਆ ਗਿਆ। ਉਹ ਗੋਲ ਮਟੋਲ ਰੈਂਪ ਚੜ੍ਹਦੇ ਉਪਰ ਚਲੇ ਗਏ। ਇਕ ਕੋਨੇ ਵਿੱਚ ਇੱਕ ਟੇਬਲ ਤੇ ਬੈਠ ਗਏ।

"ਕੀ ਖਾਣਾ ਪਸੰਦ ਕਰੋਗੇ?" ਪ੍ਰਸ਼ੋਤਮ ਨੇ ਪੁੱਛਣ ਦੀ ਪਹਿਲ ਕੀਤੀ।

"ਜੋ ਤੁਸੀਂ ਖੁਆ ਦਿਓਗੇ।"

"ਮੈਂ ਤਾਂ ਡੋਸਾ ਖੁਆਣਾ ਚਾਹਾਂਗਾ। ਸੁਣਿਐ ਇੱਥੋ ਡੋਸਾ ਤੇ ਵੜਾ ਬਹੁਤ ਵਧੀਆ ਬਣਦਾ ਏ। ਤੁਹਾਨੂੰ ਤਾਂ ਪਹਿਲਾਂ ਦਾ ਵੀ ਤਜ਼ਰਬਾ ਹੋਵੇਗਾ?"

"ਮੈਨੂੰ ਤੁਹਾਡਾ ਤਜ਼ਰਬਾ ਵੱਧ ਲੱਗਦਾ ਏ। ਸੁਣਿਆ ਇੱਥੇ ਚੰਡੀਗੜ੍ਹ ਵਿੱਚ ਲੋਕ ਭੇਲ ਪੂੜੀ ਦੇ ਬੜੇ ਸ਼ੌਂਕੀਨ ਨੇ। ਜੇ ਭੇਲ ਪੂੜੀ ਨਹੀਂ ਤਾਂ ਦਾਲ ਮੱਖਣੀ ਤਾਂ ਜ਼ਰੂਰ ਖਾਂਦੇ ਰਹੇ ਹੋਵੋਗੇ?

"ਤੁਸੀਂ ਐਵੇਂ ਢੁੱਚਰਾਂ ਭੇੜ ਰਹੇ ਹੋ। ਮੈਂ ਮੱਖਣੀ ਕਦੀ ਨਹੀਂ ਖਾਧੀ।"

"ਕਾਂਤਾ ਜੀ, ਕਿਉਂ ਸ਼ਰਮਿੰਦਾ ਕਰੀ ਜਾ ਰਹੇ ਹੋ ? ਸਾਰੇ ਇੱਕੋ ਜਿਹੇ ਨਹੀਂ ਹੁੰਦੇ। ਸਾਰੇ ਭੇਲ ਪੂੜੀ ਨਹੀਂ ਖਾਂਦੇ।"

"ਇਸਦਾ ਮਤਲਬ ਇਹ ਕਿ ਤੁਸੀਂ ਅੱਲਗ ਕਿਸਮ ਦੇ ਮਰਦ ਹੋ?"

"ਔਫ਼ ਕੋਰਸ! ਹੁਣ ਤੁਸੀਂ 'ਲੋਕ' ਦੀ ਥਾਂ ਤੇ 'ਮਰਦ' ਸ਼ਬਦ ਪ੍ਰਯੋਗ ਕਰਨ ਲੱਗ ਪਏ ਹੋ। ਕਾਲੀਦਾਸ ਨੇ ਤਾਂ ਇਸਤਰੀਆਂ ਬਾਰੇ ਵੀ ਕੁੱਝ ਲਿਖ ਦਿੱਤਾ।"

"ਵੱਹਟ ਡੂ ਯੂ ਮੀਨ?"

"ਢੋਲ ਗਵਾਰ, ਸ਼ੂਦਰ ਨਾਰੀ
ਯੇਹ ਸਭ ਤਾੜਨ ਕੇ ਅਧਿਕਾਰੀ।"



"ਤੁਸੀਂ ਕਾਲੀ ਦਾਸ ਦੇ ਵੱਡੇ ਹੀ ਭਗਤ ਲੱਗਦੇ ਹੋ ? ਇਸਦਾ ਮਤਲਬ ਇਹ ਕਿ ਤੁਸੀਂ ਆਪਣੀ ਹੋਣ ਵਾਲੀ ਪਤਨੀ ਤੇ ਪੂਰਾ ਰੋਹਬ ਰੱਖਿਆ ਕਰੋਗੇ ?"

"ਅੱਜ ਦੇ ਯੁੱਗ ਵਿੱਚ ਬਹੁਤੇ ਰੋਅਬ ਦਾਅਬ ਨਹੀਂ ਚਲਦੇ। ਜਿੱਥੇ ਦੋਨੋਂ ਬਰਾਬਰ ਪੜ੍ਹੇ ਲਿਖੇ ਹੋਣ, ਬਰਾਬਰ ਕਮਾਈ ਵੀ ਕਰਦੇ ਹੋਣ ਉਥੇ ਕੋਈ ਕਿਸੇ ਦਾ ਰੋਅਬ ਨਹੀਂ ਝੱਲਦਾ। ਕਾਲੀਦਾਸ ਦਾ ਯੁੱਗ ਹੋਰ ਕਿਸਮ ਦਾ ਯੁੱਗ ਸੀ।"

"ਗੱਲ ਨੂੰ ਮੋੜ ਦੇਣ ਵਿੱਚ ਵੀ ਪੂਰੇ ਮਾਹਰ ਲੱਗਦੇ ਹੋ। ਅੱਜ ਕੱਲ੍ਹ ਕਿਤੇ ਮੈਕੀਆਵਲੀ ਤਾਂ ਨਹੀਂ ਪੜ੍ਹ ਰਹੇ ?"

"ਕਾਂਤਾ ਜੀ, ਛੱਡੋ ਇਸ ਤਰ੍ਹਾਂ ਦੀਆਂ ਗੱਲਾਂ ਨੂੰ। ਸਿੱਧੇ ਸਾਦੇ ਸ਼ਬਦਾਂ ਵਿੱਚ ਆਪਣਾ ਇਰਾਦਾ ਦੱਸੋ। ਤੁਹਾਡਾ ਵਿਆਹ ਬਾਰੇ ਕੀ ਖ਼ਿਆਲ ਏ?"

"ਦੇਖੋ, ਪ੍ਰਸ਼ੋਤਮ ਜੀ, ਮੇਰੇ ਤਿੰਨ ਸਵਾਲ ਹਨ।"

"ਕੀ, ਕੀ ?"

"ਪਹਿਲੀ ਗੱਲ ਇਹ ਹੈ ਕਿ ਮੇਰੀ ਭੈਣ ਅਜੇ ਵਿਆਹੁਣ ਵਾਲੀ ਏ। ਉਹ ਜ਼ਿਆਦਾ ਪੜ੍ਹੀ ਲਿਖੀ ਨਹੀਂ। ਮੈਟ੍ਰਿਕ ਕਰਕੇ ਸਿਰਫ਼ ਸਿਲਾਈ ਦਾ ਕੋਰਸ ਹੀ ਕੀਤਾ ਹੋਇਆ ਏ। ਉਸ ਵਾਸਤੇ ਕੋਈ ਲੜਕਾ ਲੱਭ ਰਹੇ ਹਾਂ। ਵਿਆਹ 'ਤੇ ਚੋਖਾ ਖ਼ਰਚਾ ਵੀ ਮੈਨੂੰ ਹੀ ਕਰਨਾ ਪਵੇਗਾ। ਤੁਹਾਨੂੰ ਪਤਾ ਹੀ ਏ ਮੇਰੀ ਮਾਂ ਘਰੇਲੂ ਇਸਤਰੀ ਹੀ ਏ। ਬਾਪ ਸ਼ਰਾਬ ਪੀਣ ਨਾਲ ਪੂਰਾ ਹੋ ਚੁੱਕਾ ਏ। ਦੂਜੀ ਗੱਲ ਇਹ ਕਿ ਮੇਰਾ ਪਤੀ ਕਿਸੇ ਪੱਕੀ ਨੌਕਰੀ 'ਤੇ ਹੋਣਾ ਚਾਹੀਦਾ ਏ। ਤੁਸੀਂ ਅਜੇ ਕਾਲਜ ਵਿੱਚ ਕੱਚੇ ਹੋ। ਮੈਂ ਹੁਣ ਪੱਕੀ ਹੋ ਗਈ ਹਾਂ। ਵੈਸੇ ਤੁਸੀਂ ਮੈਨੂੰ ਪਸੰਦ ਹੋ। ਜਿੰਨੀ ਜਲਦੀ ਹੋ ਸਕਦਾ ਏ ਪੱਕੇ ਹੋਣ ਦੀ ਕੋਸ਼ਿਸ਼ ਕਰੋ। ਤੁਸੀਂ ਵੀ ਪ੍ਰਾਈਵੇਟ ਕਾਲਜ ਵਿੱਚ ਪੜ੍ਹਾਉਂਦੇ ਹੋ ਤੇ ਮੈਂ ਵੀ ਪ੍ਰਾਈਵੇਟ ਵਿੱਚ ਹੀ ਹਾਂ। ਅਸੀਂ ਜਾਣਦੇ ਹਾਂ ਕਿ ਪ੍ਰਾਈਵੇਟ ਕਾਲਜ ਵੀ ਗੌਰਮਿੰਟ ਕਾਲਜਾਂ ਜਿਹੇ ਹਨ ਕਿਉਂਕਿ ਤਨਖ਼ਾਹ ਹਰ ਜਗ੍ਹਾ ਇੱਕੋ ਜਿਹੀ ਹੀ ਮਿਲਦੀ ਏ। ਸਕਿਊਰਟੀ ਆਫ ਸਰਵਿਸ ਪ੍ਰਾਈਵੇਟ ਕਾਲਜਾਂ ਵਿੱਚ ਵੀ ਬੜੀ ਮਜ਼ਬੂਤ ਏ। ਤੀਸਰੀ ਗੱਲ ਇਹ ਕਿ ਮੇਰਾ ਪਤੀ ਸ਼ਰਾਬ ਤੋਂ ਹਮੇਸ਼ਾ ਹੀ ਦੂਰ ਰਹੇ। ਮੈਨੂੰ ਲੱਗਦਾ ਏ ਤੁਸੀਂ ਸ਼ਰਾਬ ਵੀ ਪੀ ਲੈਂਦੇ ਹੋ। ਜਦ ਦਾ ਮੇਰਾ ਬਾਪ ਵੱਧ ਸ਼ਰਾਬ ਪੀ-ਪੀ ਕੇ ਮਰਿਆ ਏ ਉਦੋਂ ਤੋਂ ਹੀ ਮੈਂ ਤੇ ਮੇਰੀ ਮੰਮੀ ਸ਼ਰਾਬ ਨਾਲ ਅੰਤਾਂ ਦੀ ਘ੍ਰਿਣਾ ਕਰਨ ਲੱਗ ਪਏ ਹਾਂ। ਅਗਰ ਤੁਸੀਂ ਮੇਰਾ ਜੀਵਨ ਸਾਥੀ ਬਣਨਾ ਚਾਹੁੰਦੇ ਹੋ ਤਾਂ ਇਨ੍ਹਾਂ ਤਿੰਨਾਂ ਹੀ ਸ਼ਰਤਾਂ ਵੱਲ ਗੰਭੀਰਤਾ ਨਾਲ ਧਿਆਨ ਦਿਓ। ਮੈਂ ਆਪਣੇ ਵਾਅਦੇ ਤੇ ਚੱਟਾਨ ਵਾਂਗ ਪੱਕੀ ਤਰ੍ਹਾਂ ਖੜ੍ਹੀ ਰਹਾਂਗੀ। ਅਗਰ ਮੈਨੂੰ ਦੋ ਤਿੰਨ ਸਾਲ ਇੰਤਜ਼ਾਰ ਵੀ ਕਰਨਾ ਪਵੇ ਤਾਂ ਅਰਾਮ ਨਾਲ ਕਰ ਲਵਾਂਗੀ। ਪਹਿਲੀ ਸ਼ਰਤ ਦਾ ਤੁਹਾਡੇ ਨਾਲ ਕੋਈ ਤੁਅੱਲਕ ਨਹੀਂ ਦੂਜੀਆਂ ਦੋਵਾਂ ਸ਼ਰਤਾਂ ਦਾ ਪੂਰੇ ਦਾ ਪੂਰਾ ਤੁਅੱਲਕ ਤੁਹਾਡੇ ਨਾਲ ਹੈ। ਅਗਰ ਇਹ ਤੁਹਾਨੂੰ ਸਭ ਕੁੱਝ ਮਨਜ਼ੂਰ ਏ ਤਾਂ ਸਾਨੂੰ ਸਭ ਚੋਲ੍ਹ ਮੋਹਲ ਛੱਡ ਕੇ ਆਪਣੇ ਕੰਮ ਵਿੱਚ ਜੁਟ ਜਾਣਾ ਚਾਹੀਦਾ ਏ। ਤੁਸੀਂ ਵਾਪਸ ਆਪਣੇ ਸੈਟ ਵਿੱਚ ਚਲੇ ਜਾਓ ਤੇ ਮੈਂ ਆਪਣੇ ਸੈਟ ਵਿੱਚ ਚਲੀ

ਜਾਵਾਂਗੀ। ਕੱਲ੍ਹ ਤੇ ਪਰਸੋਂ ਪਰਚੇ ਦੇਖਾਂਗੀ। ਕੱਲ੍ਹ ਸ਼ਾਮ ਨੂੰ ਹੀ ਫੈਕਲਟੀ ਹਾਊਸ ਛੱਡ ਦਿਆਂਗੀ। ਇਥੇ ਮੁਹਾਲੀ ਆਪਣੀ ਮਾਸੀ ਪਾਸ ਪਰਸੋਂ ਸ਼ਾਮ ਨੂੰ ਜਾ ਕੇ ਇੱਕ ਰਾਤ ਰਹਿ ਕੇ ਦੂਸਰੇ ਦਿਨ ਵਾਪਸ ਚਲੀ ਜਾਵਾਂਗੀ। ਅਗਰ ਤੁਹਾਨੂੰ ਇਹ ਸਭ ਕੁੱਝ ਮਨਜ਼ੂਰ ਏ ਤਾਂ ਮੈਂ ਇੰਤਜ਼ਾਰ ਕਰਨ ਨੂੰ ਤਿਆਰ ਹਾਂ। ਅੱਜ ਦੀ ਇਸ ਮਿਲਣੀ ਨੂੰ ਮੰਗਣੀ ਤੇ ਵਿਆਹ ਵਾਸਤੇ ਰੋਕ ਸਮਝ ਲੈਣਾ। ਮੈਂ ਫੋਕੇ ਰੋਮਾਂਸ ਵਿੱਚ ਬਹੁਤਾ ਯਕੀਨ ਨਹੀਂ ਰੱਖਦੀ। ਸਾਡੇ ਸਮਾਜ ਵਿੱਚ ਇਸਤਰੀ ਦੀ ਬੜੀ ਜਲਦੀ ਬਦਨਾਮੀ ਹੋਣੀ ਸ਼ੁਰੂ ਹੋ ਜਾਂਦੀ ਹੈ। ਆਫਟਰ ਆਲ, ਭਾਰਤੀ ਨਾਰੀ ਹਾਂ। ਕਦੀ ਕਦਾਈਂ ਫ਼ੋਨ ਕਰਦੇ ਰਹਿਣ ਨੂੰ ਮੈਂ ਬੁਰਾ ਨਹੀਂ ਸਮਝਦੀ। ਬਾਕੀ ਤੁਸੀਂ ਆਪਣੇ ਵਿਚਾਰ ਦੇ ਸਕਦੇ ਹੋ?"

"ਕਾਂਤਾ ਜੀ, ਮੈਨੂੰ ਤੁਹਾਡੀਆਂ ਸ਼ਰਤਾਂ ਮਨਜ਼ੂਰ ਹਨ। ਮੈਂ ਈਮਾਨਦਾਰੀ ਨਾਲ ਤੁਹਾਨੂੰ ਸਹਿਯੋਗ ਦੇਵਾਂਗਾ।"

"ਇੱਕ ਹੋਰ ਗੱਲ ਦਾ ਵੀ ਖ਼ਿਆਲ ਰੱਖਣਾ।"

"ਉਹ ਕੀ?"

ਮੈਨੂੰ ਵੈਲੇਨਟਾਈਨ ਡੇਅ 'ਤੇ ਵੀ ਐਵੇਂ ਫੁੱਲ ਭੇਂਟ ਕਰਨ ਦੀ ਬਹੁਤੀ ਕੋਸ਼ਿਸ਼ ਨਾ ਕਰਿਓ, ਪਲੀਜ਼। ਇਸ ਪ੍ਰਕਾਰ ਦੇ ਅਡੰਬਰ ਵੀ ਸਾਡੇ ਸਮਾਜ ਵਿੱਚ ਇਸਤਰੀ ਨੂੰ ਐਵੇਂ ਬਦਨਾਮ ਹੀ ਕਰ ਦਿੰਦੇ ਹਨ। ਸਾਨੂੰ ਭਾਰਤੀ ਸਮਾਜ ਦੇ ਹਾਣ ਦੇ ਬਣਕੇ ਰਹਿਣਾ ਚਾਹੀਦਾ ਏ। ਪੱਛਮ ਦੀਆਂ ਨਕਲਾਂ ਸਾਨੂੰ ਨਿਰ੍ਹਾ ਹਾਸੋਹੀਣਾ ਹੀ ਬਣਾ ਦਿੰਦੀਆਂ ਹਨ। ਮੈਂ ਭਾਰਤੀ ਕਦਰਾਂ ਕੀਮਤਾਂ ਨੂੰ ਪੱਛਮੀ ਕਦਰਾਂ ਕੀਮਤਾਂ ਤੋਂ ਹਮੇਸ਼ਾਂ ਉੱਚਾ ਅਤੇ ਸੁੱਚਾ ਸਮਝਦੀ ਹਾਂ।"

"ਬਹੁਤ ਖ਼ੂਬ!"

"ਆਓ ਹੁਣ ਵਾਪਸ ਫੈਕਲਟੀ ਹਾਊਸ ਚੱਲੀਏ।"

ਇੰਨੇ ਨੂੰ ਬਹਿਰਾ ਬਿੱਲ ਲੈ ਕੇ ਆ ਗਿਆ।

ਪ੍ਰਸ਼ੋਤਮ ਨੇ ਬਿੱਲ ਦੇ ਨਾਲ 10 ਰੁਪਏ ਟਿੱਪ ਵੀ ਪਲੇਟ ਵਿੱਚ ਰੱਖ ਦਿੱਤੀ। ਕਾਂਤਾ ਨੇ ਟਿੱਪ ਦੇ 10 ਰੁਪਏ ਆਪਣੇ ਵਲੋਂ ਵੀ ਰੱਖ ਦਿੱਤੇ। ਬਹਿਰਾ ਚਲਾ ਗਿਆ।

"ਬਿੱਲ ਪੇਅ ਕਰਕੇ ਕੱਲ੍ਹ ਦਾ ਮੋੜਾ ਮੋੜਿਆ ਲਗਦਾ ਏ?"

"ਇੰਝ ਤਾਂ ਮੈਨੂੰ ਕਰਨਾ ਹੀ ਚਾਹੀਦਾ ਸੀ। ਤੁਸੀਂ ਵੀ ਕੱਲ੍ਹ ਆਟੋ ਦਾ ਬਿੱਲ ਪੇਅ ਕੀਤਾ ਹੀ ਸੀ।"

"ਮੇਰੇ ਮਨ ਦੀ ਹਾਲਤ ਤੋਂ ਪੂਰੇ ਜਾਣੂ ਹੋ ਗਏ ਲਗਦੇ ਹੋ?"

"ਅੱਗੇ ਲਈ ਵੀ ਇੰਝ ਹੀ ਜਾਣੂ ਰਹਾਂਗਾ। ਆਖਰਕਾਰ ਤਾਂ ਤੁਹਾਨੂੰ ਪ੍ਰਾਪਤ ਕਰਕੇ ਹੀ ਰਹਾਂਗਾ।"

"ਬਹੁਤ ਬਹੁਤ ਮਿਹਰਬਾਨੀ, ਮੇਰੇ ਹੋਣ ਵਾਲੇ...।"

**ਸਮਾਪਤ**